
TANYA'S BEAUTY SALON
HERBAL FACIAL $40 $20 !!!
Threading/Waxing, Facial(Men & Women)
Anti-Aging Facial, Bleach
Hair Cut, Color and Style
40-39 75 St. Jackson Heights, NY 11373
718-478-9009
137-40 Jamaica Avenue Jamaica, NY 11435
718-297-1019
85-03 Roosevelt Avenue Jackson Heights, NY 11373
718-205-7832

Ad Space Available
Please Call
Ph:847-359-0746


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।



Fourteenth Year of Publication ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com


# ਪੰਜਾਬ ਟਾਈਮਜ਼


Punjab Times, Vol 14, Issue 42, October 12th, 2013 20451 N Plum Grove Rd., Palatine, IL 60074 Ph:847-359-0746, Fax:847-705-9388


### ਸ਼ਰੇਆਮ ਬੇਨੇਮੀਆਂ

## ਕਾਂਗਰਸੀ ਅਤੇ ਅਕਾਲੀ ਆਗੂਆਂ ਦੇ ਸਿੰਗ ਫਸੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਨੇੜੇ ਆਉਂਦੀਆਂ ਦੇਖ ਪੰਜਾਬ ਦੀਆਂ ਦੋਹਾਂ ਮੁੱਖ ਸਿਆਸੀ ਧਿਰਾਂ-ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੇ ਇਕ-ਦੂਜੇ ਨੂੰ ਠਿੱਬੀ ਲਾਉਣ ਲਈ ਸਰਗਰਮੀ ਤੇਜ਼ ਕਰ ਦਿੱਤੀ ਹੈ। ਦੋਵੇਂ ਧਿਰਾਂ ਇਕ-ਦੂਜੇ ਦੇ ਪੋਤੜੇ ਫਰੋਲਣ ਵਿਚ ਲੱਗੀਆਂ ਹੋਈਆਂ ਹਨ। ਅਕਾਲੀ-ਭਾਜਪਾ ਸਰਕਾਰ ਵੱਲੋਂ ਜਿੱਥੇ ਮੀਡੀਆ ਰਾਹੀਂ ਵਿਕਾਸ ਦੇ ਏਜੰਡੇ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਥੇ ਮੁੱਖ ਵਿਰੋਧੀ ਧਿਰ ਕਾਂਗਰਸ ਵੱਲੋਂ ਸੱਤਾ ਧਿਰ ਦੇ ਆਗੂਆਂ ਵੱਲੋਂ ਕੀਤੀਆਂ ਜਾ ਰਹੀਆਂ ਬੇਨੇਮੀਆਂ ਨੂੰ ਜੱਗ ਜ਼ਾਹਿਰ ਕਰ ਕੇ ਸਰਕਾਰ ਦਾ ਅਸਲੀ ਚਿਹਰਾ ਬੇਨਕਾਬ ਕੀਤਾ ਜਾ ਰਿਹਾ ਹੈ।

ਰੇਤਾ-ਬਜਰੀ, ਕੇਬਲ ਨੈਟਵਰਕ ਤੇ ਟਰਾਂਸਪੋਰਟ ਦੇ ਕਾਰੋਬਾਰ 'ਤੇ ਕਬਜ਼ੇ ਦੇ ਦੋਸ਼ਾਂ ਤੋਂ ਬਾਅਦ ਹੁਣ ਅਕਾਲੀ-ਭਾਜਪਾ ਸਰਕਾਰ ਰੀਅਲ ਅਸਟੇਟ ਦੇ ਕਾਰੋਬਾਰ ਵਿਚ ਬੇਨੇਮੀਆਂ ਦੇ ਮਾਮਲੇ ਵਿਚ ਘਿਰਦੀ ਨਜ਼ਰ ਆ ਰਹੀ ਹੈ। ਸੂਤਰਾਂ ਅਨੁਸਾਰ ਪੰਜਾਬ ਦੇ ਕਈ ਮੰਤਰੀਆਂ ਸਣੇ ਸੀਨੀਅਰ ਲੀਡਰ ਸਿੱਧੇ ਰੂਪ ਵਿਚ ਰੀਅਲ ਅਸਟੇਟ ਦੇ ਕਾਰੋਬਰ ਨਾਲ ਜੁੜੇ ਹੋਏ ਹਨ ਜਿਹੜੇ ਸੱਤਾ ਦੀ ਤਾਕਤ ਨਾਲ ਲਾਹਾ ਲੈ ਕੇ ਸਰਕਾਰੀ ਖਜ਼ਾਨੇ ਨੂੰ ਅਰਬਾਂ ਰੁਪਏ ਦਾ ਚੂਨਾ ਲਾ ਰਹੇ ਹਨ। ਬਾਦਲ ਪਰਿਵਾਰ ਦਾ ਨਾਂ ਵੀ ਪ੍ਰਾਪਰਟੀ ਦੇ ਕਾਰੋਬਾਰ ਵਿਚ ਗੂੰਜਦਾ ਹੈ।

ਚੰਡੀਗੜ੍ਹ ਤੇ ਨਾਲ ਲੱਗਦੇ ਪੰਜਾਬ ਦੇ ਖੇਤਰਾਂ ਜ਼ੀਰਕਪੁਰ, ਮੁਹਾਲੀ, ਖਰੜ, ਨਵਾਂ ਗਾਓਂ ਤੇ ਮੁੱਲਾਂਪੁਰ ਦੀ ਜ਼ਮੀਨ ਵੱਡੇ ਲੋਕਾਂ ਲਈ 'ਸੋਨੇ ਦੀ ਖਾਣ' ਬਣੀ ਪਈ ਹੈ ਤੇ ਇਥੇ ਵੱਡੇ ਪੱਧਰ 'ਤੇ ਕਲੋਨੀਆਂ ਤੇ ਹੋਰ ਪ੍ਰੋਜੈਕਟ ਬਣਨ ਸਮੇਤ ਪੰਜਾਬ ਸਰਕਾਰ ਵੱਲੋਂ ਨਵਾਂ ਚੰਡੀਗੜ੍ਹ ਉਸਾਰਨ ਦੇ ਕੀਤੇ ਐਲਾਨ ਤੋਂ ਬਾਅਦ ਜ਼ਮੀਨਾਂ ਦੀ ਵੱਡੇ ਪੱਧਰ 'ਤੇ ਚੱਕ-ਥੱਲ ਹੋ ਰਹੀ ਹੈ।

### ਸਰਕਾਰੀ ਖਜ਼ਾਨੇ ਨੂੰ ਰਗੜੇ ਲਾਉਣ ਦੇ ਦੋਸ਼

ਦਰਅਸਲ ਸਿਆਸਤਦਾਨਾਂ ਵੱਲੋਂ ਸਰਕਾਰੀ ਖਜ਼ਾਨੇ ਨੂੰ ਕਿਵੇਂ ਚੂਨਾ ਲਾਇਆ ਜਾ ਰਿਹਾ ਹੈ, ਇਸ ਦਾ ਖੁਲਾਸਾ ਉਦੋਂ ਹੋਇਆ ਜਦੋਂ ਪੰਜਾਬ ਕਾਂਗਰਸ ਤੇ ਅਕਾਲੀ ਦਲ ਦੇ ਆਗੂਆਂ ਨੇ ਇਕ-ਦੂਜੇ 'ਤੇ ਜ਼ਮੀਨਾਂ ਦੀ ਖਰੀਦ ਵਿਚ ਵਿਤੀ ਬੇਨਿਯਮੀਆਂ ਦੇ ਦੋਸ਼ ਲਾਏ। ਇਕ ਪਾਸੇ ਪੰਜਾਬ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨਚੀ ਤੇ ਮੁੱਖ ਪਾਰਲੀਮਾਨੀ ਸਕੱਤਰ ਐਨ.ਕੇ. ਸ਼ਰਮਾ 'ਤੇ 11 ਏਕੜ ਜ਼ਮੀਨ ਖਰੀਦਣ ਵੇਲੇ ਸਰਕਾਰ ਨੂੰ ਸਟੈਂਪ ਡਿਊਟੀ ਦੇ ਰੂਪ ਵਿਚ 10 ਕਰੋੜ ਰੁਪਏ ਦਾ ਚੂਨਾ ਲਾਉਣ ਦੇ ਦੋਸ਼ ਲਾਏ ਅਤੇ ਦੂਜੇ ਪਾਸੇ ਸ੍ਰੀ ਸ਼ਰਮਾ ਨੇ ਸ. ਖਹਿਰਾ ਸਮੇਤ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਪਰਿਵਾਰ ਉਪਰ ਜ਼ਮੀਨ ਖਰੀਦਣ ਤੇ ਵੇਚਣ ਦੇ ਮਾਮਲੇ ਵਿਚ ਗੜਬੜ ਕਰਨ ਦੇ ਦੋਸ਼ ਲਾ ਕੇ ਮਾਮਲੇ ਨੂੰ ਹੋਰ ਗੰਭੀਰ ਬਣਾ ਦਿੱਤਾ।

ਕਾਂਗਰਸੀ ਆਗੂ ਖਹਿਰਾ ਨੇ ਆਰ.ਟੀ.ਆਈ. ਤਹਿਤ ਹਾਸਲ ਕੀਤੀ ਜਾਣਕਾਰੀ ਪੇਸ਼ ਕਰਦਿਆਂ ਦੱਸਿਆ ਕਿ ਐਨ.ਕੇ. ਸ਼ਰਮਾ ਨੇ ਪਿੰਡ ਬਿਸ਼ਨਪੁਰਾ (ਜ਼ੀਰਕਪੁਰ) ਵਿਚ 11 ਏਕੜ ਜ਼ਮੀਨ ਖਰੀਦਣ ਵੇਲੇ 10 ਕਰੋੜ ਰੁਪਏ ਦੀ ਸਟੈਂਪ ਡਿਊਟੀ ਦੀ ਚੋਰੀ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਸ਼ਰਮਾ ਨੇ ਆਪਣੀ ਕੰਪਨੀ ਵੀ.ਐਨ. ਸ਼ਰਮਾ ਬਿਲਡਰਜ਼ ਪ੍ਰਾਈਵੇਟ

*(ਬਾਕੀ ਸਫਾ 6 'ਤੇ)*

### ਜਸਟਿਸ ਕੁਲਦੀਪ ਸਿੰਘ ਰਿਪੋਰਟ ਦਾ ਖੁਲਾਸਾ

ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਜਸਟਿਸ (ਸੇਵਾਮੁਕਤ) ਕੁਲਦੀਪ ਸਿੰਘ ਦੀ ਅਗਵਾਈ ਹੇਠ ਬਣਾਏ ਟ੍ਰਿਬਿਊਨਲ ਵੱਲੋਂ ਪਹਿਲਾਂ ਹੀ ਆਪਣੀ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਚੰਡੀਗੜ੍ਹ ਪੈਰੀਫੇਰੀ ਵਿਚਲੀ ਜ਼ਮੀਨ ਨੂੰ ਵੱਖ-ਵੱਖ ਰਾਜਾਂ ਤੇ ਸਿਆਸੀ ਪਾਰਟੀਆਂ ਦੇ ਆਗੂਆਂ, ਸਿਵਲ ਤੇ ਪੁਲਿਸ ਅਫਸਰਾਂ ਨੇ ਟੇਢੇ-ਮੇਢੇ ਢੰਗ ਨਾਲ ਖਰੀਦ ਕੇ ਮੋਟੇ ਮੁਨਾਫੇ ਕਮਾਏ ਹਨ। ਇਸ ਰਿਪੋਰਟ ਵਿਚ ਇਹ ਵੀ ਸਾਫ ਕਰ ਦਿੱਤਾ ਗਿਆ ਸੀ ਕਿ ਮਾਲ ਵਿਭਾਗ ਸਮੇਤ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੇ ਕਈ ਗੈਰ-ਕਾਨੂੰਨੀ ਹੁਕਮ ਜਾਰੀ ਕਰ ਕੇ ਨਾਜਾਇਜ਼ ਵੇਚ-ਵੱਟਤ ਕਰਵਾਈ ਹੈ। ਸੀ.ਪੀ.ਆਈ. ਪੰਜਾਬ ਦੇ ਸਕੱਤਰ ਬੰਤ ਬਰਾੜ ਨੇ ਕਿਹਾ ਕਿ ਚੰਡੀਗੜ੍ਹ ਦੇ ਨਾਲ ਲੱਗਦੇ ਖੇਤਰ ਵਿਚ ਲੈਂਡ ਮਾਫੀਆ ਅਰਬਾਂ ਰੁਪਏ ਦੇ ਘਪਲੇ ਕਰ ਚੁੱਕਾ ਹੈ। ਅਕਾਲੀ ਦਲ, ਕਾਂਗਰਸ ਤੇ ਭਾਜਪਾ ਦੇ ਕਈ ਆਗੂ ਪ੍ਰਾਪਰਟੀ ਡੀਲਰਾਂ ਦੇ ਰੂਪ ਵਿਚ ਇਹ ਸਾਰਾ ਕਾਰੋਬਾਰ ਕਰ ਰਹੇ ਹਨ।

## ਤਿਲੰਗਾਨਾ ਮਾਮਲਾ ਸਿੱਖਾਂ ਉਤੇ ਭਾਰੀ ਪਿਆ

### ਹੁੱਲੜਬਾਜ਼ਾਂ ਵੱਲੋਂ ਗੁਰਦੁਆਰੇ ਦੀ ਭੰਨਤੋੜ




**ਨਵੀਂ ਦਿੱਲੀ:** ਭਾਰਤ ਸਰਕਾਰ ਵੱਲੋਂ ਆਂਧਰਾ ਪ੍ਰਦੇਸ਼ ਦੇ ਟੋਟੇ ਕਰ ਕੇ ਵੱਖਰਾ ਤਿਲੰਗਾਨਾ ਰਾਜ ਬਣਾਉਣ ਖ਼ਿਲਾਫ਼ ਹਿੰਸਕ ਸੰਘਰਸ਼ ਜਾਰੀ ਹੈ ਪਰ ਗ੍ਰਹਿ ਮੰਤਰੀ ਸੁਸ਼ੀਲ ਸ਼ਿੰਦੇ ਨੇ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਤੋਂ ਬਿਲਕੁਲ ਇਨਕਾਰ ਕਰ ਦਿੱਤਾ ਹੈ ਤੇ ਸੰਕੇਤ ਦਿੱਤੇ ਹਨ ਕਿ ਬਿਜਲੀ ਸਪਲਾਈ ਦੀ ਬਦਤਰ ਹੋ ਰਹੀ ਸਥਿਤੀ ਕਾਰਨ ਜ਼ਰੂਰੀ ਸੇਵਾਵਾਂ ਤੇ ਆਵਾਜਾਈ ਠੱਪ ਹੋਣ ਕਿਨਾਰੇ ਪੁੱਜਣ ਕਰ ਕੇ ਐਸਮਾ (ਈ.ਐਸ.ਐਮ.ਏ.) ਲਾਗੂ ਕੀਤਾ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਲੰਘੇ ਦਿਨੀਂ ਕੁਝ ਹੁੱਲੜਬਾਜ਼ਾਂ ਨੇ ਰਾਤ ਨੂੰ ਜ਼ਿਲ੍ਹਾ ਵਿਜਿਆਨਾਗਰਮ ਸਥਿਤ ਗੁਰਦੁਆਰਾ ਸਾਹਿਬ ਦੀ ਭੰਨਤੋੜ ਕੀਤੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਦੋ ਬੀੜਾਂ ਨੂੰ ਅਗਨਭੇਟ ਕਰ ਦਿੱਤਾ। ਇਸ ਦੌਰਾਨ ਹੁੱਲੜਬਾਜ਼ਾਂ ਨੇ ਦੱਖਣੀ ਸਿੱਖਾਂ ਦੇ ਘਰਾਂ ਤੇ ਵਾਹਨਾਂ ਨੂੰ ਵੀ ਅੱਗ ਲਾ ਕੇ ਦਹਿਸ਼ਤ ਮਚਾਈ ਜਿਸ ਦੌਰਾਨ ਸਿੱਖ ਪਰਿਵਾਰਾਂ ਨੇ ਭੱਜ ਕੇ ਜਾਨਾਂ ਬਚਾਈਆਂ ਤੇ ਗ੍ਰੰਥੀ ਦੇ ਮਾਮੂਲੀ ਸੱਟਾਂ ਵੀ ਲੱਗੀਆਂ।

ਇਸ ਦੌਰਾਨ ਹੈਦਰਾਬਾਦ ਤੇ ਸਿਕੰਦਰਾਬਾਦ ਸਥਿਤ 20 ਤੋਂ ਵੱਧ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਵਫ਼ਦ ਨੇ ਆਂਧਰਾ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਤੇ ਮੰਤਰੀ ਬਾਤਸਾ ਸੱਤਿਆ ਨਰਾਇਣਨ ਨੂੰ ਮਿਲ ਕੇ ਸਾਰੀ ਹਾਲਤ ਤੋਂ ਜਾਣੂ ਕਰਵਾਇਆ ਹੈ ਤੇ ਉਨ੍ਹਾਂ ਨੇ ਹਰ ਤਰ੍ਹਾਂ ਦੇ ਸੁਰੱਖਿਆ ਪ੍ਰਬੰਧ ਕਰਵਾਉਣ ਦਾ ਭਰੋਸਾ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਮੁਜ਼ਾਹਰਾਕਾਰੀਆਂ ਵੱਲੋਂ ਗੁਰਦੁਆਰੇ

*(ਬਾਕੀ ਸਫਾ 6 'ਤੇ)*



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਪੰਜਾਬੀ ਆਰਟਿਸਟ ਗੁਰਮੇਜ ਸਿੰਘ ਨੇ ਸਿਰਜਿਆ ਇਤਿਹਾਸ

## ਗਿੰਨੀਜ਼ ਬੁੱਕ 'ਚ ਕਰਾਇਆ ਨਾਂ ਦਰਜ

**ਦਲਬਾਰਾ ਸਿੰਘ ਮਾਂਗਟ**

ਜਲੰਧਰ ਨੇੜਲੇ ਪਿੰਡ ਕੰਗ ਖੁਰਦ ਵਿਚ ਜਨਮ ਲੈਣ ਵਾਲਾ ਆਰਟਿਸਟ ਗੁਰਮੇਜ ਸਿੰਘ ਅੱਜ ਕੱਲ੍ਹ ਅੰਬਰੀਂ ਉਡਾਣਾਂ ਭਰ ਰਿਹਾ ਹੈ। ਉਹ ਮਸਾਂ ਤਿੰਨ ਸਾਲ ਦਾ ਸੀ ਜਦੋਂ ਆਰਟ ਨੇ ਉਸ ਦੇ ਦਿਲ ਦਾ ਬੂਹਾ ਆਣ ਖੜਕਾਇਆ ਸੀ। ਛੋਟੀ ਉਮਰ ਵਿਚ ਕੁਦਰਤ ਦੇ ਬਾਗ-ਬਗੀਚਿਆਂ, ਫੁੱਲਾਂ, ਮੋਰ ਤੇ ਹੋਰ ਪੰਛੀ ਦੇਖ ਕੇ ਉਹ ਆਪਣੇ ਮਨ ਵਿਚ ਤਸਵੀਰ ਧਾਰ ਲੈਂਦਾ। ਮਾਤਾ ਪਿਤਾ ਗੁਰਦਾਸ ਸਿੰਘ ਤੇ ਹਰਬੰਸ ਕੌਰ ਨੂੰ ਦੁਬਈ ਵਿਚ ਨੌਕਰੀ ਮਿਲਣ ਕਰ ਕੇ ਉਸ ਨੇ ਸਕੂਲੀ ਵਿਦਿਆ ਉਥੋਂ ਹੀ ਸ਼ੁਰੂ ਕੀਤੀ ਅਤੇ ਵੱਡੇ ਹੋ ਕੇ ਆਰਟ ਕਲਾਸਾਂ ਵੀ ਲਾਈਆਂ। ਸਾਲ 1998 ਵਿਚ ਸਕਾਲਿਰਸ਼ਿਪ ਜ਼ਰੀਏ ਪੜ੍ਹਾਈ ਲਈ ਅਮਰੀਕਾ ਪੁੱਜ ਗਿਆ ਤੇ ਕੈਨਸਸ ਸਿਟੀ ਯੂਨੀਵਰਸਿਟੀ ਤੋਂ ਆਰਟ ਦੀ ਡਿਗਰੀ ਹਾਸਲ ਕੀਤੀ। ਗੱਡੀਆਂ, ਕਾਰਾਂ ਦੀ ਮੁਰੰਮਤ ਕਰ ਕੇ ਆਪਣੀ ਪੜ੍ਹਾਈ ਲਈ ਫੀਸ ਦਾ ਪ੍ਰਬੰਧ ਕਰਨ ਵਾਲੇ ਇਸ ਆਰਟਿਸਟ ਨੇ ਸਪਰਿੰਗ ਹਾਰਬਰ ਯੂਨੀਵਰਸਿਟੀ ਤੋਂ ਐਮ.ਬੀ.ਏ. ਕਰ ਲਈ। ਉਂਜ ਉਸ ਨੇ ਆਰਟ ਨੂੰ ਆਪਣੇ ਜੀਵਨ ਦਾ ਮੁੱਖ ਮਕਸਦ ਬਣਾਇਆ ਅਤੇ ਕੈਲਮਜ਼ੂ ਵਿਚ ਆਪਣੇ ਨਿਵਾਸ ਉਤੇ ਹੀ 'ਆਰਟਿਸਟ ਸਿੰਘ' ਦੇ ਨਾਂ ਤਹਿਤ ਕਾਰੋਬਾਰ ਖੋਲ੍ਹ ਲਿਆ।

ਆਪਣੇ ਘਰ ਦੇ ਬਾਹਰ 'ਆਰਟਿਸਟ ਸਿੰਘ' ਵਿਖੇ ਹੀ ਗੁਰਮੇਜ ਸਿੰਘ ਨੇ ਸ਼ੈਡ ਤਿਆਰ ਕਰ ਕੇ ਪਲੇਟਫਾਰਮ ਬਣਾਇਆ। ਸਪਾਂਸਰ ਦੀ ਮਦਦ ਨਾਲ 35000 ਡਾਲਰ ਦੀ ਕੈਨਵਸ, 27000 ਡਾਲਰ ਦਾ ਪੇਂਟ ਖਰੀਦ ਕੇ ਗਰੈਂਡ ਰੈਪਿਡਜ਼ ਵਿਚ



ਗੁਰਦੁਆਰਾ ਬੈਟਲ ਕਰੀਕ ਦੇ ਪ੍ਰਬੰਧਕ ਗੁਰਮੇਜ ਸਿੰਘ ਦਾ ਮਾਣ ਸਨਮਾਨ ਕਰਦੇ ਹੋਏ

ਹੋ ਰਹੇ 'ਆਰਟ ਪਰਾਈਜ਼ ਇੰਟਰਨੈਸ਼ਨਲ ਕੰਪੀਟੀਸ਼ਨ' ਲਈ ਪੇਂਟਿੰਗ ਦਾ ਕੰਮ ਸ਼ੁਰੂ ਕੀਤਾ। 38 ਦਿਨਾਂ ਵਿਚ ਹਰ ਰੋਜ਼ 20 ਘੰਟੇ ਕੰਮ ਕਰ ਕੇ 4500 ਪੇਂਟਿੰਗਾਂ ਤਿਆਰ ਕੀਤੀਆਂ। ਫਿਰ 9 ਬੰਦਿਆਂ ਦੀ ਟੀਮ ਨੇ 9 ਘੰਟੇ ਵਿਚ ਤਕਰੀਬਨ ਚਾਰ ਮੀਲ ਲੰਮੀ ਪੇਂਟਿੰਗ ਵਿਛਾ ਕੇ ਗਰੈਂਡ ਰੈਪਿਡਜ਼ ਸ਼ਹਿਰ ਨੂੰ ਰੰਗਾਂ ਵਿਚ ਰੰਗ ਦਿੱਤਾ। ਇੰਜ ਲਗਦਾ ਸੀ ਜਿਵੇਂ ਸਾਰਾ ਸ਼ਹਿਰ ਪੇਂਟਿੰਗ ਦੀ ਚਾਰ-ਦੀਵਾਰੀ ਅੰਦਰ ਵਸਿਆ ਹੋਵੇ। ਹੁਣ ਇਹ ਸਾਬਤ ਕਰਨਾ ਸੀ ਕਿ ਇਹ ਦੁਨੀਆਂ ਦੀ ਸਭ ਤੋਂ ਲੰਮੀ ਪੇਂਟਿੰਗ ਹੈ।

ਇਸ ਕੰਮ ਦੀ ਜ਼ਿੰਮੇਵਾਰੀ ਰੌਬਰਟ ਹੈਨਕੇਨ ਜੋ ਵਕੀਲ ਹਨ, ਨੂੰ ਸੌਂਪੀ ਗਈ ਅਤੇ ਗਿੰਨੀਜ਼ ਬੁੱਕ ਰਿਕਾਰਡ ਆਰਗੇਨਾਈਜੇਸ਼ਨ ਦੇ ਨੇਮਾਂ ਮੁਤਾਬਕ ਮਿਣਤੀ ਸ਼ੁਰੂ ਕੀਤੀ ਗਈ। ਇਹ ਮਿਣਤੀ ਮਨਜ਼ੂਰਸ਼ੁਦਾ ਔਜਾਰਾਂ ਨਾਲ ਕੀਤੀ ਜਾਂਦੀ ਹੈ। ਨਾਪਣ ਵਾਲੀ ਮਸ਼ੀਨ ਉਪਰ ਕੈਮਰਾਂ ਫਿੱਟ ਕਰ ਕੇ ਨਾਲ-ਨਾਲ ਵੀਡੀਓ ਵੀ ਬਣਾਈ ਗਈ। ਗਲੀਆਂ, ਮੁਹੱਲਿਆਂ ਵਿਚੋਂ ਗੁਜ਼ਰਦੇ ਹੋਏ ਜਦੋਂ ਇੰਸਪੈਕਟਰ ਰੌਬਰਟ ਹੈਨਕੇਨ ਆਖ਼ਰੀ ਪੜਾਅ 'ਤੇ ਪਹੁੰਚੇ ਤਾਂ ਦੇਖਿਆ ਕਿ ਗੁਰਮੇਜ ਸਿੰਘ ਨੇ 10652 ਫੁੱਟ ਲੰਮੀ ਪੇਂਟਿੰਗ ਬਣਾ ਕੇ ਸੰਸਾਰ ਰਿਕਾਰਡ ਕਾਇਮ ਕੀਤਾ ਹੈ। ਉਨ੍ਹਾਂ ਗੁਰਮੇਜ ਸਿੰਘ ਨੂੰ ਗਿੰਨੀਜ਼ ਬੁੱਕ ਵਿਚ ਨਾਂ ਦਰਜ ਕਰਵਾਉਣ ਦੀ ਮੁਬਾਰਕ ਆਖੀ।

ਇਹ ਪਹਿਲਾ ਮੌਕਾ ਹੈ ਕਿ ਕਿਸੇ ਇੰਡੀਅਨ ਤੇ ਪੰਜਾਬੀ ਨੇ, ਉਹ ਵੀ 30 ਸਾਲ ਦੀ ਉਮਰ ਵਿਚ ਦੁਨੀਆਂ ਦੀ ਸਭ ਤੋਂ ਲੰਮੀ ਪੇਂਟਿੰਗ ਬਣਾ ਕੇ ਇਤਿਹਾਸ ਸਿਰਜਿਆ ਹੈ। ਪੰਜਾਬੀ ਭਾਈਚਾਰੇ ਲਈ ਇਹ ਬੜੇ ਫ਼ਖਰ ਅਤੇ ਮਾਣ ਵਾਲੀ ਗੱਲ ਹੈ ਕਿ ਗੁਰਮੇਜ ਸਿੰਘ ਨੇ ਜਿਥੇ ਆਪਣਾ ਤੇ ਆਪਣੇ ਮਾਤਾ ਪਿਤਾ ਦਾ ਨਾਂ ਰੌਸ਼ਨ ਕੀਤਾ ਹੈ, ਉਥੇ ਪੰਜਾਬੀ ਭਾਈਚਾਰੇ ਦਾ ਸਿਰ ਵੀ ਉਚਾ ਕੀਤਾ ਹੈ। ਰੇਡੀਓ ਚੰਨ ਪਰਦੇਸੀ ਅਤੇ ਗਲੋਬਲ ਪੰਜਾਬ ਟੀ.ਵੀ. ਉਤੇ ਵੀ ਇਸ ਬਾਰੇ ਚਰਚਾ ਹੋ ਰਹੀ ਹੈ। ਸਿੱਖ ਰਿਲੀਜੀਅਸ ਸੁਸਾਇਟੀ ਆਫ਼ ਮਿਸ਼ੀਗਨ, ਬੈਟਲ ਕਰੀਕ ਗੁਰੂਘਰ ਵਲੋਂ ਉਸ ਦਾ ਸਿਰੋਪਾਉ ਅਤੇ ਮਮੈਂਟੋ ਦੇ ਕੇ ਸਨਮਾਨ ਕੀਤਾ ਗਿਆ। ਉਸ ਪੇਂਟਿੰਗ ਵਿਚੋਂ 'ਆਰਟ ਨੁਮਾਇਸ਼' ਲਾਈ ਗਈ ਤਾਂ ਕਿ ਨਵੀਂ ਪਨੀਰੀ ਨੂੰ ਉਤਸ਼ਾਹ ਮਿਲ ਸਕੇ। ਹੋ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਗੁਰਮੇਜ ਸਿੰਘ ਤੋਂ ਪ੍ਰੇਰਣਾ ਲੈ ਕੇ ਕੋਈ ਹੋਰ ਵੀ ਸਿਤਾਰਾ ਬਣ ਜਾਵੇ, ਐਨ ਜਿਵੇਂ ਇਥੋਂ ਦੀ ਅਮਨਦੀਪ ਕੌਰ ਨੇ ਪਿਛਲੇ ਸਾਲ ਆਰਟ ਮੁਕਾਬਲਿਆਂ ਵਿਚ ਸਿਲਵਰ ਮੈਡਲ ਜਿਤਿਆ ਸੀ।



ਗੁਰਮੇਜ ਸਿੰਘ ਦੇ ਤਿਆਰ ਕੀਤੇ ਹੋਏ ਚਿੱਤਰ, ਜਿਨ੍ਹਾਂ ਸਦਕਾ ਉਸ ਦਾ ਨਾਂ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵਿਚ ਦਰਜ ਹੋਇਆ

ਗੁਰਮੇਜ ਸਿੰਘ ਮੁਤਾਬਕ ਇਹ ਉਸ ਦੀ ਦੂਜੀ ਕੋਸ਼ਿਸ਼ ਸੀ। ਉਸ ਦਾ ਕਹਿਣਾ ਹੈ ਕਿ ਜਦ ਤਕ ਟੀਚਾ ਪ੍ਰਾਪਤ ਨਹੀਂ ਹੋ ਜਾਂਦਾ, ਹਰ ਇਨਸਾਨ ਨੂੰ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਉਸ ਨੇ ਗੁਰਦੁਆਰਾ ਬੈਟਲ ਕਰੀਕ ਦੇ ਪ੍ਰਬੰਧਕਾਂ ਦਾ ਦਿਤੇ ਮਾਣ-ਸਨਮਾਨ ਲਈ ਧੰਨਵਾਦ ਕੀਤਾ ਹੈ। ਗੁਰਮੇਜ ਸਿੰਘ ਨਾਲ ਸੰਪਰਕ ਫ਼ੋਨ (267-978-0808) ਰਾਹੀਂ ਕੀਤਾ ਜਾ ਸਕਦਾ ਹੈ।

# ਪੀ ਐਚ ਓ ਦੇ ਉਦਮ ਨਾਲ ਪਿੰਗਲਵਾੜੇ ਲਈ 50 ਹਜਾਰ ਡਾਲਰ ਇਕੱਤਰ

**ਸ਼ਿਕਾਗੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਹੈਰੀਟੇਜ਼ ਆਰਗੇਨਾਈਜੇਸ਼ਨ (ਪੀ ਐਚ ਓ) ਵਲੋਂ ਭਗਤ ਪੂਰਨ ਸਿੰਘ ਪਿੰਗਲਵਾੜਾ ਦੀ 21ਵੀਂ ਬਰਸੀ ਮੌਕੇ ਕੀਤੇ ਗਏ ਸਮਾਗਮ ਮੌਕੇ ਪਿੰਗਲਵਾੜੇ ਲਈ ਕਰੀਬ 50 ਹਜਾਰ ਡਾਲਰ ਇਕੱਤਰ ਹੋਇਆ ਹੈ। ਸੰਸਥਾ ਨੇ ਪਿੰਗਲਵਾੜੇ ਲਈ ਮਾਇਆ ਜੁਟਾਉਣ ਦੀਆਂ ਸੰਗਤਾਂ ਨੇ ਕਰੀਬ 3500 ਡਾਲਰ ਇਕੱਤਰ ਕਰ ਕੇ ਆਪਣਾ ਯੋਗਦਾਨ ਪਾਇਆ। ਸ੍ਰੀ ਕਾਹਲੋਂ ਨੇ ਵੇਰਵੇ ਦਿੰਦਿਆਂ ਦੱਸਿਆ ਕਿ ਕੁਲ 48,388 ਡਾਲਰ ਅਤੇ 73 ਹਜਾਰ 970 ਰੁਪਏ ਇਕੱਤਰ ਹੋਏ ਜੋ ਕਰੀਬ 50 ਹਜਾਰ ਡਾਲਰ ਦੀ ਰਕਮ ਬਣਦੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਭਗਤ ਪੂਰਨ ਸਿੰਘ ਜੀ ਵਲੋਂ ਅਰੰਭੇ ਗਏ ਲੋਕ ਸੇਵਾ ਦੇ



ਬੀਬੀ ਇੰਦਰਜੀਤ ਕੌਰ ਪਿੰਗਲਵਾੜੇ ਦੇ ਵਾਤਾਵਰਣ ਸੰਭਾਲ ਉਪਰਾਲੇ ਤਹਿਤ ਗੁਰਦੁਆਰਾ ਪੈਲਾਟਾਈਨ ਵਿਖੇ ਪੌਧਾ ਲਾਉਂਦੇ ਹੋਏ

ਦੇ ਇਸ ਉਪਰਾਲੇ ਵਿਚ ਹਿੱਸਾ ਪਾਉਣ ਵਾਲੇ ਸਮੂਹ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਹੈ। ਜ਼ਿਕਰਯੋਗ ਹੈ ਕਿ ਪੀ ਐਚ ਓ ਵਲੋਂ ਕਰਵਾਏ ਗਏ ਇਸ ਸਮਾਗਮ ਵਿਚ ਅਮਰੀਕਾ ਦੌਰੇ 'ਤੇ ਆਏ ਹੋਏ ਪਿੰਗਵਾੜੇ ਦੇ ਮੁਖੀ ਬੀਬੀ ਡਾ. ਇੰਦਰਜੀਤ ਕੌਰ ਅਤੇ ਪਿੰਗਲਵਾੜੇ ਦੇ ਟਰੱਸਟ ਮੈਂਬਰ ਰਾਜਬੀਰ ਸਿੰਘ ਉਚੇਚੇ ਤੌਰ 'ਤੇ ਸ਼ਾਮਲ ਹੋਏ।

ਪੀ ਐਚ ਓ ਦੇ ਇਕ ਬੁਲਾਰੇ ਜੈਰਾਮ ਸਿੰਘ (ਨੀਟੂ) ਕਾਹਲੋਂ ਨੇ ਦੱਸਿਆ ਕਿ ਆਪਣੀ ਸ਼ਿਕਾਗੋ ਫੇਰੀ ਦੌਰਾਨ ਡਾ. ਇੰਦਰਜੀਤ ਕੌਰ ਅਤੇ ਰਾਜਬੀਰ ਸਿੰਘ ਗੁਰਦੁਆਰਾ ਪੈਲਾਟਾਈਨ ਅਤੇ ਗੁਰਦੁਆਰਾ ਵ੍ਹੀਟਨ ਤੋਂ ਇਲਾਵਾ ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਅਤੇ ਗੁਰਦੁਆਰਾ ਬਰੁਕਫੀਲਡ ਵੀ ਗਏ ਜਿਥੇ ਸੰਗਤਾਂ ਅਤੇ ਪ੍ਰਬੰਧਕਾਂ ਵਲੋਂ ਪਿੰਗਲਵਾੜੇ ਦੀ ਮਦਦ ਲਈ ਭਰਵੀਂ ਮਾਲੀ ਮਦਦ ਦਿਤੀ ਗਈ। ਇਸ ਤੋਂ ਇਲਾਵਾ ਬੀਬੀ ਜੀ ਭਾਵੇਂ ਗੁਰਦੁਆਰਾ ਦੀਵਾਨ ਨਹੀਂ ਜਾ ਸਕੇ ਪਰ ਉਥੋਂ ਇਸ ਮਹਾਨ ਕਾਰਜ ਲਈ ਦਾਨੀ ਸੱਜਣ ਅੱਗੇ ਤੋਂ ਵੀ ਆਪਣੀ ਕਿਰਤ ਕਮਾਈ ਵਿਚੋਂ ਯਥਾਯੋਗ ਹਿੱਸਾ ਪਾਉਂਦੇ ਰਹਿਣਗੇ। ਉਨ੍ਹਾਂ ਸਮੂਹ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਪੀ ਐਚ ਓ ਵਲੋਂ ਭਗਤ ਪੂਰਨ ਸਿੰਘ ਦੀ ਬਰਸੀ ਮਨਾਉਣ ਅਤੇ ਪਿੰਗਲਵਾੜੇ ਲਈ ਮਾਲੀ ਮਦਦ ਇਕੱਤਰ ਕਰਨ ਦਾ ਉਪਰਾਲਾ 2005 ਵਿਚ ਅਰੰਭਿਆ ਗਿਆ ਸੀ ਅਤੇ ਉਦੋਂ ਤੋਂ ਹੀ ਸਾਲ ਦਰ ਸਾਲ ਇਸ ਉਪਰਾਲੇ ਨੂੰ ਸੰਗਤ ਦਾ ਹੁੰਗਾਰਾ ਲਗਾਤਾਰ ਵਧਦਾ ਆਇਆ ਹੈ। ਇਥੇ ਇਹ ਦੱਸਣ ਦੀ ਲੋੜ ਨਹੀਂ ਕਿ ਭਗਤ ਪੂਰਨ ਸਿੰਘ ਵਲੋਂ ਕਾਇਮ ਕੀਤੀ ਗਈ ਸੰਸਥਾ ਸਰੀਰਕ ਤੌਰ 'ਤੇ ਅਪਾਹਜ ਅਤੇ ਲੋੜਵੰਦ ਲੋਕਾਂ ਦੀ ਸੰਭਾਲ ਲਈ ਇਕ ਆਦਰਸ਼ ਸੰਸਥਾ ਬਣ ਚੁਕੀ ਹੈ। ਇਸ ਤੋਂ ਇਲਾਵਾ ਇਹ ਵਾਤਾਵਰਣ ਸੰਭਾਲ ਲਈ ਵੀ ਸਰਗਰਮੀ ਨਾਲ ਕਾਰਜਸ਼ੀਲ ਹੈ।

# ਨਿਊ ਯਾਰਕ ਦੇ ਮੇਅਰ ਲਈ ਉਮੀਦਵਾਰ ਬਿਲ ਬਿਲਾਸੀਓ ਲਈ ਫੰਡਰੇਜ਼ਰ

**ਨਿਊ ਯਾਰਕ (ਅਮਰਜੀਤ ਸਿੰਘ ਮੁਲਤਾਨੀ):** ਨਿਊ ਯਾਰਕ ਸ਼ਹਿਰ ਦੇ ਮੇਅਰ ਲਈ ਡੈਮੋਕਰੈਟ ਪਾਰਟੀ ਦੇ ਉਮੀਦਵਾਰ ਬਿਲ ਬਿਲਾਸੀਓ ਲਈ ਇਕ ਫੰਡਰੇਜ਼ਰ ਪਿਛਲੇ ਦਿਨੀਂ ਫਲੋਰਲ ਪਾਰਕ ਦੇ ਸ਼ਾਹੀ ਦਰਬਾਰ ਬੈਂਕੁਇਟ ਹਾਲ ਵਿਚ ਕੀਤਾ ਗਿਆ ਜਿਸ ਦਾ ਪ੍ਰਬੰਧ ਜਗਜੀਤ ਸਿੰਘ (ਨਿਊ ਯਾਰਕ ਸਾਊਥ ਏਸ਼ੀਅਨ ਕਮਿਊਨਿਟੀ), ਸੰਜੀਵ ਜਿੰਦਲ, ਜਸਵਿੰਦਰ ਢਿੱਲੋਂ ਅਤੇ ਹਰਬੰਸ ਸਿੰਘ ਘੋਤੜਾ ਦੇ ਉਦਮ ਨਾਲ ਕੀਤਾ ਗਿਆ।

ਫੰਡੇਰਜ਼ਰ ਸਮਾਗਮ ਦੇ ਅਰੰਭ ਵਿਚ ਜਗਜੀਤ ਸਿੰਘ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ। ਜਸਵਿੰਦਰ ਸਿੰਘ ਢਿੱਲੋਂ ਨੇ ਬਿਲਾਸੀਓ ਬਾਰੇ ਸੰਖੇਪ ਜਾਣਕਾਰੀ ਦਿੱਤੀ। ਇਸ ਉਪਰੰਤ ਸਿੱਖ ਅਤੇ ਹੋਰ ਭਾਈਚਾਰਿਆਂ ਵਲੋਂ ਗੁਰਮੇਜ ਸਿੰਘ ਹਰਿਆਣਾ, ਬਾਵਾ ਰਾਜਿੰਦਰ ਸਿੰਘ ਲਾਲੀ, ਬਾਬੂ ਜੋਗਿੰਦਰ ਸਿੰਘ, ਕਸ਼ਮੀਰ ਸਿੰਘ ਘੋਤੜਾ, ਜਗਦੀਸ਼ ਸਿੰਘ ਮਿਆਣੀ, ਮਹਿੰਦਰ ਸਿੰਘ ਗਿਲਜ਼ੀਆਂ, ਮਾਸਟਰ ਮਹਿੰਦਰ ਸਿੰਘ, ਜਰਨੈਲ ਸਿੰਘ (ਅਟਲਾਂਟਿਕ ਫਾਰਮ), ਡਾ. ਤਿਵਾੜੀ, ਜਫਰ ਖੁਰਸ਼ੀਦ ਅਤੇ ਸ੍ਰੀ ਲੰਕਨ ਭਾਈਚਾਰੇ ਵਲੋਂ ਅੰਨਾ ਥਰਾਈ ਤੇ ਟੀ ਜੇ ਗਿੱਲ ਨੇ ਬੁੱਕੇ ਭੇਟ ਕੀਤੇ। ਉਘੇ ਬਿਜਨਸਮੈਨ ਤਜਿੰਦਰ ਸਿੰਘ ਗਿੱਲ ਨੇ ਬਿਲਾਸੀਓ ਨੂੰ ਸ੍ਰੀ ਸਾਹਿਬ ਭੇਟ ਕੀਤੀ ਜਦੋਂਕਿ ਧਰਮਵੀਰ ਸਿੰਘ (ਵੀਨਸ ਗਰੁਪ), ਬਾਵਾ ਰਾਜਿੰਦਰ ਸਿੰਘ ਲਾਲੀ ਅਤੇ ਹਰਬੰਸ ਸਿੰਘ ਘੋਤੜਾ ਨੇ ਸਿਰੋਪਾ ਭੇਟ ਕੀਤਾ।



ਬਿਲ ਬਿਲਾਸੀਓ

ਸਮਾਗਮ ਨੂੰ ਸੰਬੋਧਨ ਕਰਦਿਆਂ ਬਿਲ ਬਿਲਾਸੀਓ ਨੇ ਸਿੱਖ ਭਾਈਚਾਰੇ ਦਾ ਅਤੇ ਹਾਜ਼ਰ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸਮੇਂ ਨਿਊ ਯਾਰਕ ਦੇ ਸਿਆਸੀ ਤੇ ਪ੍ਰਬੰਧਕੀ ਕੰਮਾਂ ਵਿਚ ਸਾਊਥ ਏਸ਼ੀਅਨ ਕਮਿਊਨਿਟੀ ਦਾ ਬਹੁਤ ਵੱਡਾ ਪ੍ਰਭਾਵ ਹੈ ਅਤੇ ਇਹ ਭਾਈਚਾਰਾ ਮੇਅਰ ਦੀ ਚੋਣ ਵਿਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਉਨ੍ਹਾਂ ਆਖਿਆ ਕਿ ਸਾਊਥ ਏਸ਼ੀਅਨ ਕਮਿਊਨਿਟੀ ਦੇ ਲੋਕ ਆਮ ਕਰਕੇ ਛੋਟੇ ਬਿਜਨਸਾਂ ਵਿਚ ਲੱਗੇ ਹੋਏ ਹਨ ਅਤੇ ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਦੇ ਰਹੇ ਹਨ। ਇਨ੍ਹਾਂ ਲੋਕਾਂ ਨੂੰ ਅਕਸਰ ਟਿਕਟਾਂ ਮਿਲਦੀਆਂ ਰਹਿੰਦੀਆਂ ਹਨ ਜੋ ਉਨ੍ਹਾਂ ਲਈ ਪ੍ਰੇਸ਼ਾਨੀ ਦਾ ਸਬੱਬ ਬਣਦੀਆਂ ਹਨ। ਉਨ੍ਹਾਂ ਭਰੋਸਾ ਦਿਵਾਇਆ ਕਿ ਉਹ ਸਿੱਖਿਆ ਪ੍ਰਬੰਧ ਵਿਚ ਆਈਆਂ ਤਰੁਟੀਆਂ ਨੂੰ ਦੂਰ ਕਰਨ ਲਈ ਹਰ ਕੋਸ਼ਿਸ਼ ਕਰਨਗੇ। ਸਿੱਖ ਭਾਈਚਾਰੇ ਦੀ ਤਾਰੀਫ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਮੇਅਰ ਬਣਨ ਦੀ ਸੂਰਤ ਵਿਚ ਉਨ੍ਹਾਂ ਦੀਆਂ ਸਮੱਸਿਆਵਾਂ ਵੱਲ ਵਿਸ਼ੇਸ਼ ਧਿਆਨ ਦੇਣਗੇ।

ਇਸ ਫੰਡਰੇਜ਼ਰ ਵਿਚ ਸਿੱਖ ਭਾਈਚਾਰੇ ਵਲੋਂ ਹਾਜ਼ਰ ਵਿਅਕਤੀਆਂ ਵਿਚ ਹੋਰਨਾਂ ਤੋਂ ਇਲਾਵਾ ਦਲਬੀਰ ਸਿੰਘ ਆਲਮਪੁਰ, ਦਿਲਬਾਰਾ ਸਿੰਘ ਮਿਆਣੀ, ਰਘਬੀਰ ਸਿੰਘ ਬੱਬੀ, ਜਸਵਿੰਦਰ ਸਿੰਘ ਜੱਸੀ, ਜਗੀਰ ਸਿੰਘ ਖਲੀਲ, ਪ੍ਰਿਤਪਾਲ ਸਿੰਘ ਪੀਤਾ, ਮਨਮੋਹਨ ਸਿੰਘ, ਕਮਲੇਸ਼ ਸਿੰਘ, ਅਮਰੀਕ ਸਿੰਘ ਪਿਹੋਵਾ, ਸੂਰਤ ਸਿੰਘ, ਸੁਰਿੰਦਰ ਸਿੰਘ, ਕੈਪਟਨ ਮਨਜੀਤ ਸਿੰਘ, ਕੁਲਵੰਤ ਸਿੰਘ, ਪਰਮਜੀਤ ਸਿੰਘ ਪੰਮਾ, ਗੁਰਦੀਪ ਸਿੰਘ ਰਾਣਾ ਅਤੇ ਗੁਰਮੀਤ ਸਿੰਘ ਇੰਸਪੈਕਟਰ ਵਿਸ਼ੇਸ਼ ਸਨ।

# ਗੁਰਬੀਰ ਗਰੇਵਾਲ ਬਣੇ ਨਿਊ ਜਰਸੀ ਵਿਚ ਸਰਕਾਰੀ ਵਕੀਲ

**ਨਿਊ ਯਾਰਕ:** ਇਕ ਭਾਰਤੀ-ਅਮਰੀਕੀ ਸਿੱਖ ਵਕੀਲ ਗੁਰਬੀਰ ਗਰੇਵਾਲ ਨੂੰ ਅਮਰੀਕਾ ਵਿਚ ਨਿਊਜਰਸੀ ਵਿਚ ਇਕ ਕਾਊਂਟੀ ਦਾ ਸਰਕਾਰੀ ਵਕੀਲ ਨਿਯੁਕਤ ਕੀਤਾ ਗਿਆ ਹੈ। ਮੁਕਾਮੀ ਮੀਡੀਆ ਦੀ ਰਿਪੋਰਟ ਮੁਤਾਬਕ ਸ. ਗਰੇਵਾਲ ਨੂੰ ਗਵਰਨਰ ਕ੍ਰਿਸ ਕ੍ਰਿਸਟੀ ਨੇ ਬਾਰਜਨ ਕਾਊਂਟੀ ਦਾ ਅਗਲਾ ਪ੍ਰਾਸੀਕਿਊਟਰ ਨਾਮਜ਼ਦ ਕਰ ਦਿੱਤਾ ਹੈ।

ਗਲੈਨ ਰੌਕ ਨੇ ਵਸਨੀਕ ਸ. ਗਰੇਵਾਲ 2010 ਤੋਂ ਨੇਵਾਰਕ ਵਿਚ ਅਮਰੀਕੀ ਅਟਾਰਨੀ ਦਫਤਰ ਵਿਚ ਆਰਥਿਕ ਜੁਰਮਾਂ ਤੇ ਕੰਪਿਊਟਰ ਹੈਕਿੰਗ ਤੇ ਆਈਪੀ ਜੁਰਮਾਂ ਬਾਰੇ ਯੂਨਿਟ ਦੇ ਉਪ ਮੁਖੀ ਚਲੇ ਆ ਰਹੇ ਸਨ।




# ਘੁਸਪੈਠ ਲਈ ਪਾਕਿਸਤਾਨੀ ਫੌਜ ਵੱਲ ਉਂਗਲ ਉਠੀ

**ਸ੍ਰੀਨਗਰ:** ਸ਼ੱਕੀ ਪਾਕਿਸਤਾਨੀ ਦਸਤਿਆਂ ਦੀ ਮਦਦ ਨਾਲ ਦਹਿਸ਼ਤਪਸੰਦਾਂ ਵੱਲੋਂ ਵੱਡੇ ਪੱਧਰ 'ਤੇ ਕੀਤੀ ਘੁਸਪੈਠ ਦੀ ਕੋਸ਼ਿਸ਼ ਭਾਰਤੀ ਫੌਜ ਨੇ ਨਾਕਾਮ ਬਣਾ ਦਿੱਤੀ। ਇਸ ਦੇ ਨਾਲ ਹੀ ਕਸ਼ਮੀਰ ਵਿਚ ਅਸਲ ਕੰਟਰੋਲ ਰੇਖਾ ਲਾਗਲੇ ਕੇਰਨ ਸੈਕਟਰ ਵਿਚ 15 ਦਿਨਾਂ ਤੋਂ ਚੱਲ ਰਿਹਾ ਅਪਰੇਸ਼ਨ ਖਤਮ ਹੋ ਗਿਆ ਹੈ। 1999 ਵਿਚ ਕਾਰਗਿਲ ਖੇਤਰ ਵਿਚ ਹੋਈ ਘੁਸਪੈਠ ਤੋਂ ਬਾਅਦ ਇਹ ਹੁਣ ਤਕ ਦੀ ਘੁਸਪੈਠ ਦੀ ਸਭ ਤੋਂ ਵੱਡੀ ਕੋਸ਼ਿਸ਼ ਸੀ।

ਥਲ ਸੈਨਾ ਦੀ ਉੱਤਰੀ ਕਮਾਂਡ ਦੇ ਜਨਰਲ ਆਫੀਸਰ ਕਮਾਂਡਿੰਗ-ਇਨ-ਚੀਫ਼ ਲੈਫਟੀਨੈਂਟ ਜਨਰਲ ਸੰਜੀਵ ਚਾਚਰਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕੇਰਨ ਸੈਕਟਰ ਵਿਚ ਤਲਾਸ਼ੀ ਮੁਹਿੰਮ ਬੰਦ ਕਰਨ ਦੀਆਂ ਹਦਾਇਤਾਂ ਦੇ ਦਿੱਤੀਆਂ ਗਈਆਂ ਹਨ, ਪਰ ਘੁਸਪੈਠ ਦੇ ਟਾਕਰੇ ਲਈ ਬਲਾਂ ਦੀ ਤਾਇਨਾਤੀ ਵਧਾਈ ਗਈ ਹੈ। ਇਸ ਤੋਂ ਪਹਿਲਾਂ ਥਲ ਸੈਨਾ ਦੇ ਮੁਖੀ ਜਨਰਲ ਬਿਕਰਮ ਸਿੰਘ ਨੇ ਵੀ ਦਾਅਵਾ ਕੀਤਾ ਕਿ ਕੇਰਨ ਸੈਕਟਰ ਵਿਚ ਘੁਸਪੈਠ ਦੀ ਵੱਡੀ ਕੋਸ਼ਿਸ਼ ਨਾਕਾਮ ਬਣਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਕੇਰਨ ਸੈਕਟਰ ਅਜਿਹਾ ਖੇਤਰ ਹੈ ਜਿਥੇ ਪਾਕਿਸਤਾਨੀ ਫੌਜ ਦੀ ਵਾਕਫ਼ੀ ਤੋਂ ਬਿਨਾਂ ਕੋਈ ਵੀ ਦਹਿਸ਼ਤਗਰਦ ਉਥੇ ਕਾਰਵਾਈ ਨਹੀਂ ਕਰ ਸਕਦਾ।

ਫੌਜ ਨੂੰ ਇਕ ਦਹਿਸ਼ਤਪਸੰਦ ਕੋਲੋਂ ਇਕ ਚਿੱਠੀ ਅਤੇ ਪੁਰਾਣੀ ਜਾਣਕਾਰੀ ਵੀ ਮਿਲੀ ਹੈ। ਦਹਿਸ਼ਤਪਸੰਦਾਂ ਨੂੰ ਕਵਰਿੰਗ ਫਾਇਰ ਪਾਕਿਸਤਾਨ ਦੀਆਂ ਚੌਕੀਆਂ ਤੋਂ ਮਿਲ ਰਹੀ ਸੀ। ਉਂਜ ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਭਾਰਤੀ ਖੇਤਰ 'ਤੇ ਕਾਬਜ਼ ਹੋਣ ਜਿਹੀ ਕਾਰਵਾਈ ਨਹੀਂ ਸੀ ਸਗੋਂ ਘੁਸਪੈਠ ਦੀ ਕੋਸ਼ਿਸ਼ ਸੀ। ਕੇਰਨ ਸੈਕਟਰ ਦੇ ਸ਼ਾਲ ਭੱਟੀ ਪਿੰਡ ਲਾਗੇ 30-40 ਅਤਿਵਾਦੀ ਪਹੁੰਚ ਗਏ ਸਨ। ਫੌਜ ਨੂੰ ਅੱਠ ਲਾਸ਼ਾਂ ਮਿਲੀਆਂ ਹਨ।



ਪ੍ਰਧਾਨ ਮੰਤਰੀ ਨਾਲ ਮੁਲਾਕਾਤ ਸਮੇਂ ਗੁਰਵੰਤ ਸਿੰਘ ਪੰਨੂ (ਐਨ ਖੱਬੇ) ਅਤੇ ਵਫਦ ਦੇ ਹੋਰ ਮੈਂਬਰ

# ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦੌਰਾਨ ਸਿੱਖਾਂ ਦੇ ਮਸਲੇ ਉਠਾਏ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਯੂਐਸਏ ਵੈਸਟ ਕੋਸਟ ਚੈਪਟਰ ਦੇ ਮੁਖੀ ਤੇ ਮੀਤ ਪ੍ਰਧਾਨ ਗੁਰਵੰਤ ਸਿੰਘ ਪੰਨੂ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਾਲ ਵਾਸ਼ਿੰਗਟਨ ਵਿਚ ਮੁਲਾਕਾਤ ਦੌਰਾਨ ਉਨ੍ਹਾਂ ਨੂੰ ਵੀਜ਼ਾ ਤੇ ਪਾਸਪੋਰਟ ਸੇਵਾਵਾਂ ਵਿਚ ਸੁਧਾਰ ਲਿਆਉਣ ਲਈ ਬੇਨਤੀ ਕੀਤੀ। ਉਹ ਜਥੇਬੰਦੀ ਦੇ ਉਸ 14 ਮੈਂਬਰੀ ਵਫਦ ਵਿਚ ਸ਼ਾਮਲ ਸਨ ਜਿਸਨੇ ਵਾਸ਼ਿੰਗਟਨ ਵਿਚ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ।

ਜਥੇਬੰਦੀ ਦੇ ਕੌਮੀ ਪ੍ਰਧਾਨ ਸ਼ੁਧ ਪ੍ਰਕਾਸ਼ ਸਿੰਘ ਦੀ ਅਗਵਾਈ ਹੇਠ ਮਿਲੇ ਇਸ ਵਫਦ ਨੇ ਮੀਟਿੰਗ ਦੌਰਾਨ ਅਮਰੀਕਾ ਵਿਚਲੇ ਭਾਰਤੀਆਂ ਨੂੰ ਅਪਣੇ ਮੁਲਕ ਆਉਣ ਜਾਣ ਸਬੰਧੀ ਮਸਲੇ ਉਠਾਏ। ਇਸ ਮੌਕੇ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੇ ਜਨਮ ਦਿਨ ਦੀ ਵਧਾਈ ਦਿੰਦਿਆਂ ਗੁਲਦਸਤੇ ਭੇਟ ਕੀਤੇ ਗਏ।

ਸੰਯੁਕਤ ਰਾਸ਼ਟਰ ਮਹਾਂ ਸਭਾ ਨੂੰ ਸੰਬੋਧਨ ਕਰਨ ਲਈ ਇਥੇ ਆਏ ਭਾਰਤੀ ਪ੍ਰਧਾਨ ਮੰਤਰੀ ਨਾਲ ਇਸ ਮੁਲਾਕਾਤ ਸਮੇਂ ਸਿਆਸੀ ਸ਼ਰਨ ਲੈਣ ਵਾਲੇ ਸਿੱਖਾਂ ਦੀ ਹਾਲਤ ਬਾਰੇ ਪ੍ਰਧਾਨ ਮੰਤਰੀ ਨੂੰ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਪਾਸਪੋਰਟ ਤੇ ਵੀਜ਼ਾ ਜਾਰੀ ਕਰਨ ਲਈ ਨਿਯਮ ਉਦਾਰ ਬਣਾਏ ਜਾਣੇ ਚਾਹੀਦੇ ਹਨ ਕਿਉਂਕਿ ਇਹ ਅਤਿਵਾਦੀ ਨਹੀਂ ਹਨ ਸਗੋਂ ਇਨ੍ਹਾਂ ਨੇ ਤਾਂ ਆਰਥਿਕ ਕਾਰਨਾਂ ਕਰਕੇ ਸ਼ਰਨ ਲਈ ਹੋਈ ਹੈ।

ਵਫਦ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਵਿਦੇਸ਼ਾਂ ਦੇ ਭਾਰਤੀ ਦੂਤਘਰਾਂ ਵਿਚ ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਨਾਲ ਸਹੀ ਵਤੀਰਾ ਨਹੀਂ ਕੀਤਾ ਜਾਂਦਾ। ਉਨ੍ਹਾਂ ਕਿਹਾ ਕਿ ਵੱਖ ਵੱਖ ਤਰ੍ਹਾਂ ਦੇ ਇਤਰਾਜ਼ ਲਾ ਕੇ ਦੂਤ ਘਰਾਂ ਵਲੋਂ ਉਨ੍ਹਾਂ ਨੂੰ ਵੀਜ਼ੇ ਅਤੇ ਪਾਸਪੋਰਟ ਬਾਰੇ ਪ੍ਰੇਸ਼ਾਨ ਕੀਤਾ ਜਾਂਦਾ ਹੈ।

ਪ੍ਰਧਾਨ ਮੰਤਰੀ ਨੇ ਇਸ ਗੱਲ ਦਾ ਗੰਭੀਰ ਨੋਟਿਸ ਲੈਂਦਿਆਂ ਆਪਣੇ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੂੰ ਕਿਹਾ ਕਿ ਸਾਰੀਆਂ ਸਮਸਿਆਵਾਂ ਨੂੰ ਦੂਰ ਕੀਤਾ ਜਾਵੇ ਖਾਸ ਕਰਕੇ ਆਊਟ ਸੋਰਸਿੰਗ ਕੰਪਨੀ ਬੀਐਲਐਸ ਪ੍ਰਤੀ ਸਮਸਿਆਵਾਂ ਹਲ ਕੀਤੀਆਂ ਜਾਣ। ਸ੍ਰੀ ਖੁਰਸ਼ੀਦ ਨੇ ਕਿਹਾ ਕਿ ਉਹ ਸਿਸਟਮ ਵਿਚ ਸੁਧਾਰ ਲਿਆਉਣ ਲਈ ਕਦਮ ਉਠਾ ਰਹੇ ਹਨ ਤਾਂ ਜੋ ਐਨ ਆਰ ਆਈ ਨੂੰ ਬਿਹਤਰ ਸੇਵਾਵਾਂ ਦਿੱਤੀਆਂ ਜਾ ਸਕਣ।

ਕੌਮੀ ਕਾਰਜਕਾਰਨੀ ਦੇ ਸੀਨੀਅਰ ਮੈਂਬਰ ਫੁੰਮਣ ਸਿੰਘ ਨੇ ਪੰਜਾਬ ਵਿਚ ਪਾਸਪੋਰਟ ਸਬੰਧੀ ਇਨਕੁਆਰੀ ਵਿਚ ਹੁੰਦੀ ਦੇਰੀ ਬਾਰੇ ਸ਼ਿਕਾਇਤ ਕੀਤੀ ਕਿ ਇਸ ਮਾਮਲੇ ਵਿਚ ਪੰਜਾਬ ਦਾ ਬਹੁਤ ਬੁਰਾ ਰਿਕਾਰਡ ਹੈ। ਇਕ ਹੋਰ ਮੈਂਬਰ ਰਵੀ ਚੋਪੜਾ ਨੇ ਵੀ ਮੁੱਦੇ ਉਠਾਏ। ਪ੍ਰਧਾਨ ਮੰਤਰੀ ਨੇ ਆਈ ਐਨ ਓ ਸੀ ਦੇ ਪ੍ਰਧਾਨ ਤੇ ਟੀਮ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਮੋਹਨ ਵਾਂਚੂ, ਕੰਵਲ ਸਰਾਂ ਅਤੇ ਅਨੰਦ ਅਹੂਜਾ ਨੇ ਵੀ ਵੱਖ ਵੱਖ ਮੁੱਦੇ ਉਠਾਏ।

## ਭਾਜਪਾ 3 ਅਤੇ ਅਕਾਲੀ ਦਲ 10 ਲੋਕ ਸਭਾ ਸੀਟਾਂ ਤੋਂ ਚੋਣ ਲੜਨਗੇ

**ਹੁਸ਼ਿਆਰਪੁਰ:** ਭਾਰਤੀ ਜਨਤਾ ਪਾਰਟੀ ਨੇ ਕਿਹਾ ਕਿ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਚ ਉਹ ਪੰਜਾਬ 'ਚ ਤਿੰਨ ਸੀਟਾਂ 'ਤੇ ਚੋਣ ਲੜੇਗੀ ਅਤੇ ਉਸ ਦੀ ਸਹਿਯੋਗੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ 10 ਸੀਟਾਂ 'ਤੇ ਚੋਣ ਲੜੇਗੀ। ਦੋਵੇਂ ਪਾਰਟੀਆਂ ਨੇ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਵੀ ਇੰਨੀਆਂ-ਇੰਨੀਆਂ ਸੀਟਾਂ ਤੋਂ ਹੀ ਸੂਬੇ 'ਚ ਚੋਣ ਲੜੀ ਸੀ।

ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਨੇ ਦੱਸਿਆ ਕਿ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾਲ ਕੁਝ ਸੀਟਾਂ ਦੀ ਅਦਲਾ-ਬਦਲੀ ਕਰਨ ਸਬੰਧੀ ਵਿਚਾਰ ਕਰ ਰਹੀ ਹੈ। ਉਨ੍ਹਾਂ ਦਾ ਇਹ ਬਿਆਨ ਅੰਮ੍ਰਿਤਸਰ ਤੋਂ ਤਿੰਨ ਵਾਰ ਲੋਕ ਸਭਾ ਮੈਂਬਰ ਬਣੇ ਨਵਜੋਤ ਸਿੰਘ ਸਿੱਧੂ ਦਾ ਪੰਜਾਬ ਸਰਕਾਰ ਖਿਲਾਫ਼ ਮੋਰਚਾ ਖੋਲਣ ਦੇ ਮੱਦੇਨਜ਼ਰ ਖਾਸ ਮਹੱਤਵ ਰੱਖਦਾ ਹੈ। ਫਿਲਹਾਲ ਪੰਜਾਬ ਤੋਂ ਭਾਜਪਾ ਦੇ ਇਕਮਾਤਰ ਲੋਕ ਸਭਾ ਮੈਂਬਰ ਅੰਮ੍ਰਿਤਸਰ ਤੋਂ ਨਵਜੋਤ ਸਿੰਘ ਸਿੱਧੂ ਹਨ।

## 'ਰੱਬੀ ਕਣ' ਦੇ ਵਿਗਿਆਨੀਆਂ ਨੂੰ ਨੋਬੇਲ ਪੁਰਸਕਾਰ

**ਸਟਾਕਹੋਮ:** ਬਰਤਾਨੀਆ ਦੇ ਪੀਟਰ ਹਿੱਗਜ਼ ਤੇ ਬੈਲਜੀਅਮ ਦੇ ਫਰੈਂਕੁਇਸ ਐਂਗਲਰਟ ਨੂੰ ਭੌਤਿਕ ਵਿਗਿਆਨ 'ਚ ਨੋਬੇਲ ਪੁਰਸਕਾਰ ਦਿੱਤੇ ਜਾਣ ਦਾ ਐਲਾਨ ਕੀਤਾ ਗਿਆ ਹੈ। ਇਨ੍ਹਾਂ ਨੇ 'ਗਾਡ ਪਾਰਟੀਕਲ' ਦੀ ਥਿਊਰੀ ਦਿੱਤੀ ਹੈ।

84 ਸਾਲਾ ਹਿੱਗਜ਼ ਤੇ 80 ਸਾਲਾ ਐਂਗਲਰਟ ਨੇ ਪਿਛਲੇ ਸਾਲ ਬੜੀ ਘਾਲਣਾ ਮਗਰੋਂ ਲੱਭੇ ਗਏ 'ਰੱਬੀ ਕਣ' ਦਾ ਸਿਧਾਂਤ ਪੇਸ਼ ਕੀਤਾ ਸੀ ਜੋ ਇਹ ਖੁਲਾਸਾ ਕਰਦਾ ਹੈ ਕਿ ਇਹ ਬ੍ਰਹਿਮੰਡ ਸਥੂਲ ਕਿਉਂ ਹੈ। ਇਸ ਦੇ ਨਾਲ ਹੀ ਦੋ ਅਮਰੀਕੀ ਵਿਗਿਆਨੀਆਂ ਜੇਮਸ ਰੋਥਮਨ ਤੇ ਰੈਂਡੀ ਸਕੇਕਮਨ ਅਤੇ ਜਰਮਨੀ ਦੇ ਥਾਮਸ ਸੂਈਡਫ ਨੂੰ ਮੈਡੀਸਨ/ਫਿਜਾਲੋਜੀ ਵਿਚ ਇਹ ਖੋਜ ਕਰਨ ਲਈ ਨੋਬੇਲ ਪੁਰਸਕਾਰ ਦੇਣ ਦਾ ਫ਼ੈਸਲਾ ਕੀਤਾ ਹੈ ਕਿ ਸੈੱਲ ਆਪਣੀ ਸੰਚਾਰ ਪ੍ਰਣਾਲੀ ਕਿਵੇਂ ਬਣਾਉਂਦੇ ਹਨ। ਰੋਥਮਨ ਯਾਲੇ ਯੂਨੀਵਰਸਿਟੀ ਅਤੇ ਸਕੇਕਮਨ ਬਰਕਲੇ ਵਿਚ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਪ੍ਰੋਫੈਸਰ ਹੈ।

## ਗੁਰੂ ਸਾਹਿਬਾਨ ਦੀਆਂ ਤਸਵੀਰਾਂ ਵਾਲੀ ਛਤਰੀ ਨਿਲਾਮ

**ਲੰਡਨ:** ਦਸ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਵਾਲੀ ਚਾਂਦੀ ਦੀ ਬਣੀ ਛਤਰੀ ਲੰਡਨ ਦੇ ਲੋਕਹੋਮਸ ਨਿਲਾਮੀ ਘਰ ਵਿਚ 11250 ਪਾਡ ਦੀ ਨਿਲਾਮ ਹੋਈ ਹੈ। ਨਿਲਾਮੀ ਘਰ ਵੱਲੋਂ ਇਸ ਦਾ ਅੰਦਾਜ਼ਨ ਮੁੱਲ 5 ਤੋਂ 7 ਹਜ਼ਾਰ ਪੌਂਡ ਮੰਨਿਆ ਜਾ ਰਿਹਾਸੀ।

24 ਸੈਂਟੀਮੀਟਰ ਉਚਾਈ ਅਤੇ 362 ਗ੍ਰਾਮ ਭਾਰ ਵਾਲੀ ਇਹ ਛਤਰੀ ਪੰਜਾਬ ਦੇ ਸਾਬਕਾ ਲੈਫਟੀਨੈਂਟ ਜਨਰਲ ਸਰ ਚਾਰਲਸ ਅਮਪਰਸਟਨ ਐਟਚੈਸਕ ਦੇ ਸੰਗ੍ਰਹਿ ਵਿਚੋਂ ਹੈ। ਸਰ ਚਾਰਲਸ 1882 ਤੋਂ 1887 ਤੱਕ ਪੰਜਾਬ ਦੇ ਲੈਫਟੀਨੈਂਟ ਜਨਰਲ ਰਹੇ ਸਨ।

*To Advertise with Punjab Times*
***Call: 847-359-0746***
***punjabtimesusa.com***

# ਫਿਲੀਪੀਨਜ਼ ਵਿਚ ਦੋ ਪੰਜਾਬੀ ਨੌਜਵਾਨਾਂ ਦੀ ਹੱਤਿਆ

**ਜਲੰਧਰ:** ਜਲੰਧਰ ਜ਼ਿਲ੍ਹੇ ਦੇ ਦੋ ਪਿੰਡਾਂ ਦੇ ਦੋ ਨੌਜਵਾਨਾਂ ਦੀ ਫਿਲੀਪੀਨਜ਼ ਵਿਚ ਹੱਤਿਆ ਕਰ ਦਿੱਤੀ ਗਈ। ਇਨ੍ਹਾਂ ਵਿਚੋਂ ਇਕ ਲਾਂਬੜਾ ਕਸਬੇ ਨੇੜਲੇ ਪਿੰਡ ਲੱਲੀਆਂ ਖੁਰਦ ਦਾ ਅਮਰੀਕ ਸਿੰਘ (24 ਸਾਲ) ਹੈ ਜਿਸ ਨੂੰ ਮਨੀਲਾ ਵਿਚ ਗੋਲੀ ਮਾਰ ਦਿਤੀ ਗਈ। ਦੂਜੀ ਘਟਨਾ ਵਿਚ ਆਦਮਪੁਰ ਨਾਲ ਲੱਗਦੇ ਪਿੰਡ ਹਰੀਪੁਰ ਦੇ ਜਸਵਿੰਦਰ ਸਿੰਘ (38 ਸਾਲ) ਦੀ ਹੱਤਿਆ ਕੀਤੀ ਗਈ।

ਅਮਰੀਕ ਸਿੰਘ ਪਿਛਲੇ ਤਿੰਨ ਸਾਲਾਂ ਤੋਂ ਮਨੀਲਾ ਵਿਚ ਸ਼ਾਹੂਕਾਰਾ ਕਰ ਰਿਹਾ ਸੀ। ਉਹ ਜਦੋਂ ਆਪਣੇ ਮੋਟਰਸਾਈਕਲ ਉਪਰ ਕਿਧਰੇ ਜਾ ਰਿਹਾ ਸੀ ਤਾਂ ਤਿੰਨ ਬਾਈਕ ਸਵਾਰਾਂ ਨੇ ਉਸ ਨੂੰ ਗੋਲੀ ਮਾਰ ਦਿੱਤੀ। ਅਮਰੀਕ ਦੀ ਮਾਂ ਦਲਜੀਤ ਕੌਰ ਨੇ ਦੱਸਿਆ ਕਿ ਉਹ ਤਾਂ ਆਪਣੇ ਪੁੱਤਰ ਲਈ ਰਿਸ਼ਤੇ ਦੀ ਤਲਾਸ਼ ਕਰ ਰਹੀ ਸੀ। ਉਸ ਨੇ ਦਸੰਬਰ ਵਿਚ ਆਉਣਾ ਸੀ। ਉਧਰ, ਪਿੰਡ ਹਰੀਪੁਰ ਦੇ ਜਸਵਿੰਦਰ ਦਾ ਸਸਕਾਰ ਕਰ ਦਿੱਤਾ ਗਿਆ। ਉਸ ਦੀ ਕੁਝ ਦਿਨ ਪਹਿਲਾਂ ਹੀ ਦੋ ਬਾਈਕ ਸਵਾਰਾਂ ਨੇ ਫਿਲੀਪੀਨਜ਼ ਦੇ ਬਾਰਾਕ ਸਿਟੀ ਵਿਚ ਉਸ ਸਮੇਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ ਜਦੋਂ ਉਹ ਆਪਣੇ ਪਿੰਡ ਨੇੜਲੇ ਪਿੰਡ ਉਦੇਸੀਆਂ ਦੇ ਇੱਕ ਨੌਜਵਾਨ ਨਾਲ ਕਾਰ ਵਿਚ ਕਿਤੇ ਜਾ ਰਿਹਾ ਸੀ।

ਗੌਰਤਲਬ ਹੈ ਕਿ ਪਿਛਲੇ ਇੱਕ ਦਹਾਕੇ ਦੌਰਾਨ ਫਿਲੀਪੀਨਜ਼ ਵਿਚ ਕਰੀਬ ਢਾਈ ਸੌ ਪੰਜਾਬੀਆਂ ਦੀ ਹੱਤਿਆ ਹੋ ਚੁੱਕੀ ਹੈ। ਇਨ੍ਹਾਂ ਵਿਚੋਂ ਤਿੰਨ ਚੌਥਾਈ ਦੋਆਬੇ ਦੇ ਚਾਰ ਜ਼ਿਲ੍ਹਿਆਂ ਜਲੰਧਰ, ਕਪੂਰਥਲਾ, ਨਵਾਂ ਸ਼ਹਿਰ ਤੇ ਹੁਸ਼ਿਆਰਪੁਰ ਨਾਲ ਸਬੰਧਤ ਹਨ। ਫਿਲੀਪੀਨਜ਼ ਵਿਚ ਰਹਿੰਦੇ ਬਹੁਤੇ ਪੰਜਾਬੀ ਗੈਰ-ਕਾਨੂੰਨੀ ਸ਼ਾਹੂਕਾਰੇ ਦਾ ਧੰਦਾ ਕਰਦੇ ਹਨ। ਫਿਲੀਪੀਨਜ਼ ਵਿਚ ਭਾਰਤੀ ਰਾਜਦੂਤ ਨਵਰੇਖਾ ਸ਼ਰਮਾ ਨੇ ਇਹ ਮਾਮਲਾ ਕੇਂਦਰ ਸਰਕਾਰ ਦੇ ਧਿਆਨ ਵਿਚ ਲਿਆਂਦਾ ਸੀ। ਇੱਥੋਂ ਤੱਕ ਕਿ ਪੰਜਾਬ ਦੇ ਕਮਿਸ਼ਨਰ (ਐਨ.ਆਰ.ਆਈ. ਮਾਮਲੇ) ਐਨ.ਐਸ. ਕਲਸੀ ਨੇ ਵੀ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਲਿਖਿਆ ਸੀ ਕਿ ਪੰਜਾਬੀਆਂ ਨੂੰ ਫਿਲੀਪੀਨਜ਼ ਜਾਣ ਤੋਂ ਨਿਰਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

## ਜਬਰ ਜਨਾਹ ਮਗਰੋਂ ਲੜਕੀ ਦਾ ਕਤਲ

**ਅਮਰਗੜ੍ਹ:** ਨਜ਼ਦੀਕੀ ਪਿੰਡ ਗੁਆਰਾ ਵਿਖੇ 12-13 ਸਾਲ ਦੀ ਨਾਬਾਲਗ ਲੜਕੀ ਨਾਲ ਜਬਰ ਜਨਾਹ ਮਗਰੋਂ ਉਸ ਦੀ ਇੱਟਾਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਜਾਣਕਾਰੀ ਅਨੁਸਾਰ ਲੜਕੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੁਆਰਾ ਵਿਖੇ ਸੱਤਵੀਂ ਸ਼੍ਰੇਣੀ ਵਿਚ ਪੜ੍ਹਦੀ ਸੀ।

ਸੋਮਵਾਰ ਸ਼ਾਮੀਂ ਉਹ ਆਪਣੀ ਸਹੇਲੀ ਦੇ ਘਰ ਗਈ ਸੀ ਜੋ ਫਿਰ ਘਰ ਨਹੀਂ ਪਹੁੰਚੀ। ਜਦੋਂ ਉਸ ਦੀ ਭਾਲ ਕੀਤੀ ਤਾਂ ਰਸਤੇ ਵਿਚ ਲੜਕੀ ਦਾ ਸਾਈਕਲ ਡਿੱਗਿਆ ਪਿਆ ਮਿਲਿਆ। ਨੇੜੇ ਹੀ ਲੜਕੀ ਦੇ ਕੱਪੜੇ ਤੇ ਚੱਪਲਾਂ ਪਈਆਂ ਸਨ। ਅੱਗੇ ਇਕ ਮੋਟਰ ਕੋਲ ਲੜਕੀ ਦੀ ਲਾਸ਼ ਪਈ ਸੀ। ਉਸ ਦੇ ਸਿਰ ਤੇ ਮੂੰਹ 'ਤੇ ਸੱਟਾਂ ਦੇ ਨਿਸ਼ਾਨ ਸਨ। ਗਲ 'ਚ ਚੁੰਨੀ ਪਾ ਕੇ ਗਲਾ ਘੁਟਿਆ ਹੋਇਆ ਸੀ।

**ਤੰਦੂਰੀਏ ਕੁਕ ਅਤੇ ਹੈਲਪਰ ਦੀ ਲੋੜ ਹੈ**

ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ
ਤੰਦੂਰੀਏ ਕੁਕ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ, ਰਿਹਾਇਸ਼ ਮੁਫਤ
**ਸੰਪਰਕ ਕਰੋ: 316-708-9896**

**ਰੈਸਟੋਰੈਂਟ ਲਈ ਲੋੜ ਹੈ**

ਫਲੋਰਿਡਾ ਵਿਚ ਭਾਰਤੀ ਰੈਸਟੋਰੈਂਟ ਲਈ
ਕੁਕ ਅਤੇ ਡਿਸ਼ਵਾਸ਼ਰ ਦੀ ਲੋੜ ਹੈ
*ਜ਼ਿੰਮੇਵਾਰ ਵਿਅਕਤੀ ਨੂੰ ਗਰੀਨ ਕਾਰਡ ਲਈ ਸਪਾਂਸਰ ਵੀ ਕਰ ਸਕਦੇ ਹਾਂ*
ਹੋਰ ਜਾਣਕਾਰੀ ਲਈ ਸੰਪਰਕ ਕਰੋ:
**ਫੋਨ: 850-510-3466**

**ਇੰਡੀਅਨ ਰੈਸਟੋਰੈਂਟ ਲਈ ਸਟਾਫ ਦੀ ਲੋੜ ਹੈ**

ਅਟਲਾਂਟਾ, ਜਾਰਜੀਆ ਵਿਚ ਖੁਲ੍ਹ ਰਹੇ ਨਵੇਂ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕੁਕ, ਹੈਲਪਰ, ਵੇਟਰ ਅਤੇ ਹੋਰ ਸਟਾਫ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼
*ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ*
**ਫੋਨ: 757-240-9348**
NW-41,42

# ਯੂਬਾ ਸਿਟੀ ਵਿਚ ਬਣੇਗਾ ਸਿੱਖ ਗਲੋਬਲ ਸੈਂਟਰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਹਿਲੀ ਵਾਰ ਵਿਦੇਸ਼ੀ ਧਰਤੀ ਅਮਰੀਕਾ ਵਿਚ ਪੈਰ ਪਸਾਰਨ ਦੀ ਤਿਆਰੀ ਕਰ ਰਹੀ ਹੈ। ਕਮੇਟੀ ਵੱਲੋਂ ਅਮਰੀਕਾ ਦੀ ਯੂਬਾ ਸਿਟੀ ਵਿਚ ਸਾਢੇ 13 ਏਕੜ ਰਕਬੇ ਵਿਚ ਸਿੱਖ ਗਲੋਬਲ ਕੇਂਦਰ ਕਾਇਮ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਲਈ ਲੋੜੀਂਦੀ ਜਥੇਬੰਦੀ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਯੂ.ਐਸ.ਏ. ਇਨ ਕਾਰਪੋਰੇਟ' ਬਣਾਈ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਅਨੁਸਾਰ ਅਮਰੀਕਾ ਦੀ ਯੂਬਾ ਸਿਟੀ ਵਿਚ ਇਹ ਜ਼ਮੀਨ ਧਨਾਢ ਸਿੱਖ ਦੀਦਾਰ ਸਿੰਘ ਬੈਂਸ ਵੱਲੋਂ ਭੇਟ ਕੀਤੀ ਗਈ ਹੈ। ਇਸ ਉਪਰ ਸਿੱਖ ਗਲੋਬਲ ਕੇਂਦਰ ਕਾਇਮ ਕੀਤਾ ਜਾਵੇਗਾ ਜਿਸ ਦਾ ਮੁੱਖ ਮੰਤਵ ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਹੋਵੇਗਾ ਤੇ ਖਾਸ ਕਰਕੇ ਸਿੱਖਾਂ ਦੀ ਪਛਾਣ ਬਾਰੇ ਪਾਏ ਜਾ ਰਹੇ ਭਰਮ ਭੁਲੇਖੇ ਦੂਰ ਕਰਨਾ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਦੀ ਚਾਰ ਮੈਂਬਰੀ ਟੀਮ ਨੇ ਅਮਰੀਕਾ ਦਾ ਦੌਰਾ ਕੀਤਾ। ਟੀਮ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਅੰਤ੍ਰਿੰਗ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ ਤੇ ਵਧੀਕ ਸਕੱਤਰ ਪਰਮਜੀਤ ਸਿੰਘ ਸਰੋਆ ਸ਼ਾਮਲ ਸਨ।

ਇਸ ਟੀਮ ਨੇ ਯੂਬਾ ਸਿਟੀ ਵਿਚ ਭੇਟ ਕੀਤੀ ਜ਼ਮੀਨ ਦਾ ਜਾਇਜ਼ਾ ਲਿਆ ਹੈ। ਇਹ ਜ਼ਮੀਨ ਕਾਨੂੰਨੀ ਤੌਰ 'ਤੇ ਸੰਸਥਾ ਨੂੰ ਸੌਂਪਣ ਲਈ ਲੋੜੀਂਦੀ ਕਾਨੂੰਨੀ ਕਾਰਵਾਈ ਮੁਕੰਮਲ ਹੋ ਚੁੱਕੀ ਹੈ। ਨਵੀਂ ਬਣਾਈ ਜਥੇਬੰਦੀ ਨੂੰ ਚਲਾਉਣ ਲਈ ਪ੍ਰਬੰਧਕੀ ਕਮੇਟੀ ਵੀ ਕਾਇਮ ਕੀਤੀ ਗਈ ਹੈ। ਇਹ ਪ੍ਰਬੰਧਕੀ ਕਮੇਟੀ ਸ਼੍ਰੋਮਣੀ ਕਮੇਟੀ ਦੇ ਅਧੀਨ ਕੰਮ ਕਰੇਗੀ। ਇਸ ਕਮੇਟੀ ਵਿਚ ਫਿਲਹਾਲ ਜਥੇਦਾਰ ਅਵਤਾਰ ਸਿੰਘ, ਰਘੂਜੀਤ ਸਿੰਘ ਵਿਰਕ, ਸੁਖਦੇਵ ਸਿੰਘ ਭੌਰ, ਰਜਿੰਦਰ ਸਿੰਘ ਮਹਿਤਾ, ਮੋਹਨ ਸਿੰਘ ਬੰਗੀ ਤੇ ਅਮਰੀਕਾ ਵਾਸੀ ਦੀਦਾਰ ਸਿੰਘ ਬੈਂਸ ਤੇ ਉਨ੍ਹਾਂ ਦਾ ਬੇਟਾ ਸ਼ਾਮਲ ਹੈ।

ਯੂਬਾ ਸਿਟੀ ਵਿਚ ਪ੍ਰਾਪਤ ਕੀਤੀ ਇਸ ਜ਼ਮੀਨ 'ਤੇ ਇਕ ਇਮਾਰਤ ਉਸਾਰੀ ਜਾਵੇਗੀ ਜਿਸਦਾ ਨੀਂਹ ਪੱਥਰ ਅਗਲੇ ਵਰ੍ਹੇ ਫਰਵਰੀ ਵਿਚ ਰੱਖਿਆ ਜਾਵੇਗਾ। ਇਥੇ ਹੀ ਗੁਰਦੁਆਰਾ ਵੀ ਉਸਾਰਿਆ ਜਾਵੇਗਾ। ਇਸ ਇਮਾਰਤ ਵਿਚ ਕਾਇਮ ਸਿੱਖ ਗਲੋਬਲ ਕੇਂਦਰ ਵਿਚ ਉਥੋਂ ਦੇ ਸਿੱਖ ਬੱਚਿਆਂ ਲਈ ਗੁਰਮਤਿ ਕਲਾਸਾਂ ਤੇ ਪੰਜਾਬੀ ਭਾਸ਼ਾ ਸਿੱਖਣ ਲਈ ਕਲਾਸਾਂ ਲਾਈਆਂ ਜਾਣਗੀਆਂ ਤੇ ਧਾਰਮਿਕ ਪ੍ਰੀਖਿਆਵਾਂ ਸ਼ੁਰੂ ਕੀਤੀਆਂ ਜਾਣਗੀਆਂ। ਸ਼੍ਰੋਮਣੀ ਕਮੇਟੀ ਵੱਲੋਂ ਸ਼ੁਰੂ ਕੀਤੇ ਪੱਤਰ ਵਿਹਾਰ ਕੋਰਸ ਨੂੰ ਆਨਲਾਈਨ ਕੀਤਾ ਜਾਵੇਗਾ ਤੇ ਇਸ ਨੂੰ ਅੰਗਰੇਜ਼ੀ ਭਾਸ਼ਾ ਵਿਚ ਅਮਰੀਕਾ ਵਿਚ ਵੀ ਸ਼ੁਰੂ ਕੀਤਾ ਜਾਵੇਗਾ ਜਿਸ ਨਾਲ ਉਥੇ ਸਿੱਖ ਧਰਮ ਦਾ ਹੋਰ ਪ੍ਰਚਾਰ ਤੇ ਪ੍ਰਸਾਰ ਹੋਵੇਗਾ।

ਕੇਂਦਰ ਵਿੱਚ ਸਿੱਖ ਬੱਚਿਆਂ ਲਈ ਦਸਤਾਰ ਸਿਖਲਾਈ ਦੀਆਂ ਕਲਾਸਾਂ ਵੀ ਲਾਈਆਂ ਜਾਣਗੀਆਂ। ਉਨ੍ਹਾਂ ਨੂੰ ਪਾਠ ਬੋਧ ਦਾ ਗਿਆਨ ਦਿੱਤਾ ਜਾਵੇਗਾ। ਅਮਰੀਕਾ ਵਿਚ ਗੁਰੂ ਗ੍ਰੰਥ ਸਾਹਿਬ ਤੇ ਧਾਰਮਿਕ ਸਾਹਿਤ ਦੀ ਪ੍ਰਕਾਸ਼ਨਾ ਬਾਰੇ ਗੱਲ ਕਰਦਿਆਂ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਫਿਲਹਾਲ ਇਹ ਮਾਮਲਾ ਵਿਚਾਰ ਅਧੀਨ ਹੈ ਪਰ ਭਵਿੱਖ ਵਿਚ ਪਾਵਨ ਸਰੂਪਾਂ ਔ ਹੋਰ ਧਾਰਮਿਕ ਸਾਹਿਤ ਦੀ ਸਪਲਾਈ ਯੂਬਾ ਸਿਟੀ ਸਥਿਤ ਇਸ ਕੇਂਦਰ ਤੋਂ ਹੀ ਹੋਇਆ ਕਰੇਗੀ।



## ਜਥੇਦਾਰ ਅਵਤਾਰ ਸਿੰਘ ਦੇ ਪੁੱਤਰ ਦਾ ਦੇਹਾਂਤ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੇ ਸਭ ਤੋਂ ਛੋਟੇ ਪੁੱਤਰ ਤੇਜਿੰਦਰਪਾਲ ਸਿੰਘ ਸੋਨੀ (38 ਸਾਲ) ਦੀ ਸੱਤ ਅਕਤੂਬਰ ਨੂੰ ਪੀ.ਜੀ.ਆਈ. ਵਿਚ ਮੌਤ ਹੋ ਗਈ ਹੈ। ਉਹ 30 ਸਤੰਬਰ ਤੋਂ ਹਸਪਤਾਲ ਵਿਚ ਦਾਖਲ ਸਨ।

ਸ. ਸੋਨੀ ਨੂੰ ਪਿਛਲੇ ਦੋ ਸਾਲਾਂ ਤੋਂ ਜਿਗਰ ਦੀ ਤਕਲੀਫ਼ ਸੀ ਪਰ ਦਸ ਦਿਨ ਤੋਂ ਸਿਹਤ ਜ਼ਿਆਦਾ ਖਰਾਬ ਹੋ ਗਈ। ਉਨ੍ਹਾਂ ਦੀ ਹਾਲਤ ਹੋਰ ਵਿਗੜਣ ਤੋਂ ਬਾਅਦ ਪੰਜ ਅਕਤੂਬਰ ਨੂੰ ਵੈਂਟੀਲੇਟਰ 'ਤੇ ਲਾ ਦਿੱਤਾ ਗਿਆ ਸੀ। ਉਹ ਆਪਣੇ ਪਿੱਛੇ ਪਤਨੀ, ਇਕ ਬੇਟਾ ਤੇ ਬੇਟੀ ਛੱਡ ਗਏ ਹਨ। ਉਹ ਤਿੰਨ ਭਰਾਵਾਂ ਵਿਚੋਂ ਸਭ ਤੋਂ ਛੋਟੇ ਤੇ ਪ੍ਰਾਪਰਟੀ ਡੀਲਰ ਸਨ।

ਜਥੇਦਾਰ ਅਵਤਾਰ ਸਿੰਘ ਨੇ ਆਖਰੀ ਵਾਰ ਪੰਜ ਅਕਤੂਬਰ ਨੂੰ ਗੱਲਬਾਤ ਕੀਤੀ ਸੀ। ਉਨ੍ਹਾਂ ਨੇ ਆਪਣੇ ਪੁੱਤਰ ਨੂੰ ਦਾਨੀ ਤੇ ਦਲੇਰ ਸੁਭਾਅ ਵਾਲਾ ਦੱਸਿਆ। ਇਸੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ. ਸੋਨੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਜਥੇਦਾਰ ਮੱਕੜ ਨਾਲ ਹਮਦਰਦੀ ਜਤਾਈ ਹੈ।

# ਪਰਵਾਸੀ ਭਾਰਤੀ ਨੂੰ ਰਿਸ਼ਤੇਦਾਰਾਂ ਨੇ ਹੀ ਠੱਗਿਆ

**ਤਰਨ ਤਾਰਨ:** ਇਥੋਂ 30 ਕਿਲੋਮੀਟਰ ਦੂਰ ਪਿੰਡ ਜੱਲੇਵਾਲ ਦੇ ਪਰਿਵਾਰ ਨੇ ਆਪਣੇ ਹੀ ਇੰਗਲੈਂਡ ਤੋਂ ਆਏ ਰਿਸ਼ਤੇਦਾਰ ਨਾਲ ਧੋਖਾਧੜੀ ਕਰਕੇ ਉਸ ਦੀ ਸਾਢੇ ਪੰਜ ਏਕੜ ਜ਼ਮੀਨ ਆਪਣੇ ਨਾਂ ਕਰਵਾ ਲਈ। ਥਾਣਾ ਸਿਟੀ ਵਿਚ ਮੁਲਜ਼ਮਾਂ ਖ਼ਿਲਾਫ਼ ਦਫ਼ਾ 420, 342, 120-ਬੀ ਅਧੀਨ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮਾਂ ਵਿਚ ਦੋ ਸਕੇ ਭਰਾ ਜਗਦੀਸ਼ ਸਿੰਘ ਤੇ ਬਖਸ਼ੀਸ਼ ਸਿੰਘ, ਜਗਦੀਸ਼ ਦੀ ਪਤਨੀ ਗੁਰਮੀਤ ਕੌਰ ਤੇ ਉਸ ਦੇ ਇਕ ਹੋਰ ਭਰਾ ਜਸਬੀਰ ਸਿੰਘ ਜੋ ਇੰਗਲੈਂਡ ਰਹਿ ਰਿਹਾ ਹੈ ਤੋਂ ਇਲਾਵਾ ਸਰਹਾਲੀ ਕਲਾਂ ਦਾ ਨੰਬਰਦਾਰ ਸੁਲੱਖਣ ਸਿੰਘ ਤੇ ਦੋ ਹੋਰ ਵਿਅਕਤੀ ਅਮਰੀਕ ਸਿੰਘ ਤੇ ਗੁਰਮੇਲ ਸਿੰਘ ਜਿਨ੍ਹਾਂ ਝੂਠੀ ਗਵਾਹੀ ਦਰਜ ਕੀਤੀ, ਸ਼ਾਮਲ ਹਨ। ਇਸ ਮਾਮਲੇ ਦਾ ਸ਼ਿਕਾਰ ਹੋਇਆ ਬਿਰਧ ਵਿਅਕਤੀ ਸੰਤੋਖ ਸਿੰਘ ਇੰਗਲੈਂਡ ਦਾ ਨਾਗਰਿਕ ਹੈ। ਉਸ ਨੇ ਆਪਣੇ ਪਿੰਡ ਜੱਲੇਵਾਲ (ਨਜ਼ਦੀਕ ਸਰਹਾਲੀ) ਵਿਚ ਇਹ ਸਾਢੇ ਪੰਜ ਏਕੜ ਜ਼ਮੀਨ ਖਰੀਦੀ ਸੀ। ਸੰਤੋਖ ਸਿੰਘ ਇਸ ਸਾਲ ਜੂਨ-ਜੁਲਾਈ ਮਹੀਨੇ ਇੰਗਲੈਂਡ ਤੋਂ ਇਧਰ ਆਇਆ ਤਾਂ ਉਸ ਨੇ ਆਪਣੀ ਜ਼ਮੀਨ ਆਪਣੇ ਉਧਰ ਰਹਿੰਦੇ ਲੜਕੇ ਸਕੱਤਰ ਸਿੰਘ ਦੇ ਨਾਂ ਕਰਾਉਣ ਲਈ ਚੋਹਲਾ ਸਾਹਿਬ ਵਿਚ ਤਹਿਸੀਲਦਾਰ ਕੋਲ ਪਹੁੰਚ ਕੀਤੀ। ਤਹਿਸੀਲਦਾਰ ਨੇ ਉਸ ਨੂੰ ਆਪਣਾ ਮੈਡੀਕਲ ਸਰਟੀਫਿਕੇਟ ਲਿਆਉਣ ਲਈ ਆਖਿਆ। ਜਦੋਂ ਸੰਤੋਖ ਸਿੰਘ ਇਸ ਬਾਰੇ ਹਸਪਤਾਲ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਅਜਿਹਾ ਕੋਈ ਮੈਡੀਕਲ ਸਰਟੀਫਿਕੇਟ ਜਾਰੀ ਕਰਨ ਤੋਂ ਅਸਮਰਥਾ ਜ਼ਾਹਰ ਕੀਤੀ ਤੇ ਉਹ ਪ੍ਰੇਸ਼ਾਨ ਹੋ ਗਿਆ। ਬਿਰਧ ਸੰਤੋਖ ਸਿੰਘ 'ਤੇ ਉਸ ਦੇ ਭਤੀਜੇ ਦੋਸ਼ੀ ਜਗਦੀਸ਼ ਸਿੰਘ ਤੇ ਬਖਸ਼ੀਸ਼ ਸਿੰਘ ਵੱਲੋਂ ਨਿਗ੍ਹਾ ਰੱਖੀ ਜਾ ਰਹੀ ਸੀ। ਉਹ ਸੰਤੋਖ ਸਿੰਘ ਨੂੰ ਇਥੇ ਸ਼ਹਿਰ ਆ ਕੇ ਉਸ ਦੀ ਰਿਹਾਇਸ਼ 'ਤੇ ਮਿਲੇ ਜਿਥੇ ਉਸ ਨੇ ਆਪਣੀ ਪ੍ਰੇਸ਼ਾਨੀ ਉਨ੍ਹਾਂ ਨਾਲ ਸਾਂਝੀ ਕੀਤੀ। ਮੁਲਜ਼ਮ ਜਾਣਦੇ ਸਨ ਕਿ ਸੰਤੋਖ ਸਿੰਘ ਨੇ 6 ਜੁਲਾਈ, 2013 ਨੂੰ ਵਾਪਸ ਇੰਗਲੈਂਡ ਜਾਣਾ ਹੈ ਜਿਸ ਵਿਚ ਕੁਝ ਹੀ ਦਿਨ ਬਾਕੀ ਰਹਿੰਦੇ ਹਨ।

ਉਨ੍ਹਾਂ ਸੰਤੋਖ ਸਿੰਘ ਨੂੰ ਉਸ ਦੇ ਕੰਮ ਵਿਚ ਮਦਦ ਦੇਣ ਦਾ ਯਕੀਨ ਦਿੱਤਾ ਤੇ ਉਸ ਨੂੰ ਕਾਰ ਵਿਚ ਬਿਠਾ ਕੇ ਚੋਹਲਾ ਸਾਹਿਬ ਤਹਿਸੀਲ ਦਫ਼ਤਰ ਲੈ ਗਏ। ਇਥੇ ਸੰਤੋਖ ਸਿੰਘ ਦੀ ਜ਼ਮੀਨ ਦੀ ਰਜਿਸਟਰੀ ਉਸ ਦੇ ਲੜਕੇ ਸਕੱਤਰ ਸਿੰਘ ਦੇ ਨਾਂ 'ਤੇ ਕਰਵਾਉਣ ਦੀ ਬਜਾਏ ਆਪਣੀਆਂ ਹੀ ਔਰਤਾਂ ਗੁਰਮੀਤ ਕੌਰ ਪਤਨੀ ਜਗਦੀਸ਼ ਸਿੰਘ ਤੇ ਗੁਰਮੀਤ ਕੌਰ ਉਰਫ ਰਿੰਕੀ ਦੇ ਨਾਂ 'ਤੇ ਕਰਵਾ ਲਈ। ਨੰਬਰਦਾਰ ਸੁਲੱਖਣ ਸਿੰਘ ਦੇ ਇਲਾਵਾ ਅਮਰੀਕ ਸਿੰਘ ਤੇ ਗੁਰਮੇਜ ਸਿੰਘ ਨੇ ਇਸ ਮੌਕੇ ਆਪਣੀ ਗਵਾਹੀ ਪਾਈ।

ਇਸ ਉਪਰੰਤ ਮੁਲਜ਼ਮਾਂ ਨੇ ਸੰਤੋਖ ਸਿੰਘ ਨੂੰ ਇਥੇ ਲਿਆ ਕੇ ਇਕ ਕਮਰੇ ਵਿਚ ਬੰਦ ਕਰ ਦਿੱਤਾ ਤੇ ਉਸ ਦਾ ਮੋਬਾਈਲ ਘਰ ਦੇ ਦੂਸਰੇ ਕਮਰੇ ਵਿਚ ਰੱਖ ਦਿੱਤਾ। ਉਧਰ ਸੰਤੋਖ ਸਿੰਘ ਦਾ ਲੜਕੇ ਸਕੱਤਰ ਸਿੰਘ ਦਾ ਜਦੋਂ ਇੰਗਲੈਂਡ ਤੋਂ ਸੰਪਰਕ ਨਾ ਹੋਇਆ ਤਾਂ ਉਸ ਨੇ ਇਥੋਂ ਦੇ ਡੀਐਸਪੀ ਦਲਜੀਤ ਸਿੰਘ ਢਿੱਲੋਂ ਦਾ ਮੋਬਾਈਲ ਨੰਬਰ ਇੰਟਰਨੈਟ ਰਾਹੀਂ ਹਾਸਲ ਕਰਕੇ ਅਧਿਕਾਰੀ ਨਾਲ ਸੰਪਰਕ ਕੀਤਾ। ਡੀਐਸਪੀ ਨੇ ਮਾਮਲੇ ਬਾਰੇ ਏਐਸਆਈ ਤਰਲੋਚਨ ਸਿੰਘ ਨੂੰ ਜਾਂਚ ਕਰਨ ਲਈ ਕਿਹਾ ਜਿਸ ਨੇ ਬਿਰਧ ਸੰਤੋਖ ਸਿੰਘ ਨੂੰ ਕਮਰੇ ਵਿਚੋਂ ਬਾਹਰ ਕੱਢਿਆ।

ਸੰਤੋਖ ਸਿੰਘ ਵਾਪਸ ਇੰਗਲੈਂਡ ਚਲਾ ਗਿਆ। ਉਸ ਨੇ ਆਪਣੀ ਰਜਿਸਟਰੀ ਬਾਰੇ ਇੰਤਕਾਲ ਕਰਾਉਣ ਲਈ ਆਪਣੇ ਕੁੜਮ ਹਰਭਜਨ ਸਿੰਘ ਨੂੰ ਵਾਸੀ ਨੌਸ਼ਹਿਰਾ ਪੰਨੂਆਂ ਨੂੰ ਉਧਰੋਂ ਫੋਨ ਕਰਕੇ ਪਤਾ ਕਰਨ ਲਈ ਆਖਿਆ। ਜਦੋਂ ਹਰਭਜਨ ਸਿੰਘ ਨੇ ਤਹਿਸੀਲ ਦਫ਼ਤਰ ਨਾਲ ਸੰਪਰਕ ਕੀਤਾ ਤਾਂ ਉਸ ਨੂੰ ਦੱਸਿਆ ਗਿਆ ਕਿ ਇਹ ਜ਼ਮੀਨ ਦੋ ਔਰਤਾਂ ਗੁਰਮੀਤ ਕੌਰ ਤੇ ਗੁਰਮੀਤ ਕੌਰ ਉਰਫ ਰਿੰਕੀ ਦੇ ਨਾਂ 'ਤੇ ਹੋ ਚੁੱਕੀ ਹੈ। ਸੰਤੋਖ ਸਿੰਘ ਨੇ ਇਸ ਜ਼ਿਲ੍ਹਾ ਪੁਲਿਸ ਨੂੰ ਇੰਗਲੈਂਡ ਦੀ ਅੰਬੈਸੀ ਰਾਹੀਂ ਸ਼ਿਕਾਇਤ ਕੀਤੀ। ਪੁਲਿਸ ਨੇ ਮਾਮਲੇ ਦੀ ਜਾਂਚ ਕਰਕੇ ਮੁਲਜ਼ਮਾਂ ਖ਼ਿਲਾਫ਼ ਸਥਾਨਕ ਥਾਣਾ ਸਿਟੀ ਵਿਚ ਕੇਸ ਦਰਜ ਕਰ ਲਿਆ ਤੇ ਜਗਦੀਸ਼ ਸਿੰਘ, ਗੁਰਮੀਤ ਕੌਰ ਤੇ ਗੁਰਮੀਤ ਕੌਰ ਰਿੰਕੀ ਨੂੰ ਗ੍ਰਿਫ਼ਤਾਰ ਕਰ ਲਿਆ।

# ਕੁਲਵਿੰਦਰ ਉਪਲ ਨੂੰ ਬਰਤਾਨੀਆ ਹਵਾਲੇ ਕਰਨ ਦੀ ਸਿਫ਼ਾਰਸ਼

**ਨਵੀਂ ਦਿੱਲੀ:** ਅਦਾਲਤ ਨੇ ਭਾਰਤੀ ਲੜਕੀ ਨੂੰ ਅਗਵਾ ਕਰਕੇ ਬੰਦੀ ਬਣਾਉਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਭਾਰਤੀ ਨਾਗਰਿਕ ਨੂੰ ਬਰਤਾਨੀਆ ਦੇ ਹਵਾਲੇ ਕਰਨ ਦੀ ਸਿਫਾਰਸ਼ ਕੀਤੀ ਹੈ। ਕੁਲਵਿੰਦਰ ਸਿੰਘ ਉੱਪਲ ਵੱਲੋਂ ਇਸ ਕੇਸ ਦੀ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨ ਦੀ ਹਾਮੀ ਭਰਨ 'ਤੇ ਅਦਾਲਤ ਨੇ ਕੇਂਦਰ ਨੂੰ ਉਸ ਦੀ ਬਰਤਾਨੀਆ ਨੂੰ ਸਪੁਰਦਗੀ ਦੇਣ ਦੀ ਸਿਫਾਰਸ਼ ਕੀਤੀ ਹੈ। ਉੱਪਲ ਬਰਤਾਨੀਆ ਵਿਚੋਂ ਭੱਜ ਕੇ ਆ ਗਿਆ ਸੀ ਤੇ ਉਸ ਨੂੰ 26 ਅਗਸਤ ਨੂੰ ਚੰਡੀਗੜ੍ਹ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਬਰਤਾਨੀਆ ਦੀ ਸਪੁਰਦਗੀ ਬਿਨੈ ਵਿਚ ਕਿਹਾ ਗਿਆ ਸੀ ਕਿ ਲੈਸਟਰ ਦੀ ਕਰਾਊਨ ਕੋਰਟ ਵੱਲੋਂ ਇਕ ਕੇਸ ਵਿਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਉੱਪਲ ਤੇ ਉਸ ਦੇ ਕੁਝ ਸਾਥੀ ਉਥੋਂ ਭੱਜ ਗਏ ਸਨ। ਵੈਸਟ-ਮਿੰਸਟਰ ਦੀ ਅਦਾਲਤ ਵੱਲੋਂ 29 ਜਨਵਰੀ ਨੂੰ ਉੱਪਲ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਗਏ ਸਨ।

**ਲੜਕੀ ਅਗਵਾ ਕਰਨ ਦਾ ਮਾਮਲਾ**

ਅਦਾਲਤ ਨੇ ਸਪੁਰਦਗੀ ਦੀ ਸਿਫਾਰਸ਼ ਕਰਦਿਆਂ ਲੈਸਟਰ-ਸ਼ਾਇਰ ਪੁਲਿਸ ਦੇ ਡਿਟੈਕਟਿਵ ਸਾਰਜੈਂਟ ਨਰਿੰਦਰ ਸਿੰਘ ਸੌਂਦ ਦੇ ਉਸ ਬਿਆਨ ਦਾ ਵੀ ਹਵਾਲਾ ਦਿੱਤਾ ਜਿਸ ਵਿਚ ਕਿਹਾ ਗਿਆ ਹੈ ਕਿ ਉੱਪਲ ਦੀ ਜਲੰਧਰ ਵਿਚ ਇਕ ਵਿਆਹ ਦੌਰਾਨ ਲੜਕੀ ਨਾਲ ਮੁਲਾਕਾਤ ਹੋਈ ਸੀ ਤੇ ਉਸ ਨੇ ਲੜਕੀ ਨੂੰ ਬਰਤਾਨੀਆ ਵਿਚ ਡਾਂਸਰ ਵਜੋਂ ਕੰਮ ਕਰਨ ਲਈ ਆਖਿਆ। ਲੜਕੀ ਮਾਰਚ 2010 ਵਿਚ ਉਥੇ ਪਹੁੰਚ ਗਈ ਤੇ ਉਹ ਉੱਪਲ ਨਾਲ ਮਿਲ ਕੇ ਇਲਫੋਰਡ ਤੇ ਬੋਲਟਨ ਵਿਚ ਡਾਂਸਰ ਵਜੋਂ ਕੰਮ ਕਰਦੀ ਰਹੀ। ਬਾਅਦ ਵਿਚ ਉੱਪਲ ਨੇ ਲੜਕੀ ਨੂੰ ਉਸ ਤੇ ਉਸ ਦੇ ਗਾਹਕਾਂ ਲਈ ਜਿਨਸੀ ਸੇਵਾਵਾਂ ਦੇਣ ਲਈ ਮਜਬੂਰ ਕੀਤਾ। ਲੜਕੀ ਜਸਵਿੰਦਰ ਸਿੰਘ ਨਾਂ ਦੇ ਵਿਅਕਤੀ ਨਾਲ 18 ਜੂਨ, 2010 ਨੂੰ ਬੋਲਟਨ ਛੱਡ ਕੇ ਲੈਸਟਰਸ਼ਾਇਰ ਆ ਗਈ। ਨੌਂ ਜੁਲਾਈ ਨੂੰ ਉੱਪਲ ਤੇ ਕੁਝ ਹੋਰ ਬੰਦੇ ਉਥੇ ਪੁੱਜ ਗਏ ਤੇ ਲੜਕੀ ਨੂੰ ਜਬਰੀ ਕਾਰ ਵਿਚ ਪਾ ਕੇ ਚੁੱਕ ਲਿਆਏ ਤੇ ਦਿਨ ਭਰ ਉਸ ਨੂੰ ਆਪਣੇ ਘਰ ਵਿਚ ਬੰਦੀ ਬਣਾ ਕੇ ਰੱਖਿਆ। ਅਗਲੇ ਦਿਨ ਜਦੋਂ ਉਸ ਨੂੰ ਬਰਮਿੰਘਮ ਦੇ ਹਵਾਈ ਅੱਡੇ 'ਤੇ ਲਿਜਾਇਆ ਜਾ ਰਿਹਾ ਸੀ ਤਾਂ ਉਸ ਨੇ ਕਿਸੇ ਵਿਅਕਤੀ ਦੀ ਮਦਦ ਨਾਲ ਪੁਲਿਸ ਬੁਲਾ ਲਈ।

## ਭਗੌੜਾ ਸਿੱਖ ਨੌਜਵਾਨ ਆਤਮ ਸਮਰਪਣ ਲਈ ਤਿਆਰ

**ਲੰਡਨ:** ਸਿੱਖ ਨੌਜਵਾਨ ਗੁਰਮੀਤ ਸਿੰਘ ਕਾਲੀਰਾਏ ਜੋ ਅਦਾਲਤੀ ਸੁਣਵਾਈ ਤੋਂ ਪਹਿਲਾਂ ਭੱਜ ਗਿਆ ਸੀ, ਹੁਣ ਪੁਲਿਸ ਅੱਗੇ ਆਤਮ-ਸਮਰਪਣ ਲਈ ਤਿਆਰ ਹੈ। ਇੰਗਲਿਸ਼ ਡਿਫੈਂਸ ਲੀਗ (ਈ.ਡੀ.ਐਲ.) ਦਾ ਕਾਰਕੁਨ ਗੁਰਮੀਤ ਸਿੰਘ ਕਾਲੀਰਾਏ (31), ਨੌਟਿੰਘਮ ਦੀ ਕਰਾਊਨ ਕੋਰਟ ਵਿਚ ਜਾਣ ਸਮੇਂ ਪੁਲਿਸ ਹਿਰਾਸਤ ਵਿਚੋਂ ਭੱਜ ਗਿਆ ਸੀ। ਉਸ ਨੂੰ ਡਕੈਤੀ ਦੀ ਕੋਸ਼ਿਸ਼ ਦੇ ਦੋਸ਼ ਵਿਚ ਅਦਾਲਤ ਨੇ ਸਾਢੇ ਛੇ ਸਾਲ ਕੈਦ ਦੀ ਸਜ਼ਾ ਸੁਣਾਈ ਸੀ। ਇਹ ਪ੍ਰਗਟਾਵਾ 'ਇੰਟਰਨੈਸ਼ਨਲ ਬਿਜ਼ਨਸ ਟਾਈਮਜ਼' ਦੀ ਰਿਪੋਰਟ ਵਿਚ ਕੀਤਾ ਗਿਆ ਹੈ। ਰਿਪੋਰਟ ਅਨੁਸਾਰ ਗੁਰਮੀਤ ਸਿੰਘ ਨੇ ਆਪਣੇ ਦੋ ਸਾਥੀਆਂ ਐਂਡਰਿਊ ਵੀਲਹਾਊਸ (31) ਤੇ ਡੇਵਿਡ ਮੁਰ੍ਹਾ ਨਾਲ ਮਿਲ ਕੇ ਨੌਟਿੰਘਮ ਵਿਚ ਇਕ ਦੁਕਾਨ 'ਤੇ ਲੁੱਟਮਾਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਲੁੱਟਮਾਰ ਦੀ ਘਟਨਾ ਵਿਚ ਦੋਸ਼ੀ ਠਹਿਰਾਏ ਜਾਣ ਬਾਅਦ ਉਸ ਨੇ ਫੇਸਬੁੱਕ 'ਤੇ ਆਪਣੇ ਬੇਕਸੂਰ ਹੋਣ ਦੀ ਦੁਹਾਈ ਦਿੱਤੀ ਤੇ ਕਿਹਾ ਕਿ ਉਸ ਨੂੰ ਪੁਲਿਸ ਵੱਲੋਂ ਫਸਾਇਆ ਗਿਆ ਹੈ ਤੇ ਉਹ ਉਦੋਂ ਹੀ ਅਦਾਲਤ ਅੱਗੇ ਪੇਸ਼ ਹੋਵੇਗਾ ਜਦੋਂ ਉਸ ਨੂੰ ਨਵਾਂ ਵਕੀਲ ਮਿਲ ਗਿਆ। ਉਸ ਮੁਤਾਬਕ ਉਹ ਪੁਲਿਸ ਨਾਲ ਸੰਪਰਕ ਵਿਚ ਹੈ ਤੇ ਆਤਮ-ਸਮਰਪਣ ਕਰਨ ਲਈ ਸਹਿਮਤ ਹੈ।

# ਅਮਰੀਕਾ ਦੇ ਕਾਨੂੰਨੀ ਸ਼ਿਕੰਜੇ ਵਿਚ ਆਇਆ ਭਗੌੜਾ ਭਾਰਤੀ

**ਨਿਊਯਾਰਕ:** ਚਾਰ ਸਾਲ ਪਹਿਲਾਂ ਇਕ ਅਮਰੀਕੀ ਸਕੂਲ ਵਿਦਿਆਰਥਣ ਨਾਲ ਬਲਾਤਕਾਰ ਦੇ ਦੋਸ਼ਾਂ ਦਾ ਸਾਹਮਣਾ ਕਰਨ ਲਈ ਇਕ 32 ਸਾਲਾ ਭਾਰਤੀ ਨਾਗਰਿਕ ਨੂੰ ਅਮਰੀਕੀ ਅਧਿਕਾਰੀਆਂ ਦੇ ਸਪੁਰਦ ਕੀਤਾ ਗਿਆ ਹੈ। ਅਮਿਤ ਸਿੰਘ ਨੂੰ ਪਿਛਲੇ ਹਫਤੇ ਭਾਰਤ ਤੋਂ ਅਮਰੀਕਾ ਦੇ ਹਵਾਲੇ ਕੀਤਾ ਗਿਆ ਸੀ ਤੇ ਉਸ ਨੂੰ ਗਰੈਂਡ ਜਿਊਰੀ ਸਾਹਮਣੇ ਪੇਸ਼ ਕੀਤਾ ਗਿਆ ਜਿਥੇ ਉਸ 'ਤੇ ਜਿਨਸੀ ਸ਼ੋਸ਼ਣ ਤੇ ਬੱਚੇ ਦਾ ਭਵਿੱਖ ਬਰਬਾਦ ਕਰਨ ਜਿਹੇ ਅੱਵਲ ਤੇ ਦੋਇਮ ਦਰਜੇ ਦੇ ਦੋਸ਼ ਆਇਦ ਕੀਤੇ ਗਏ ਹਨ।

ਨੈਸਾਓ ਕਾਊਂਟੀ ਦੀ ਜ਼ਿਲ੍ਹਾ ਅਟਾਰਨੀ ਕੈਥਲੀਨ ਰਾਈਸ ਨੇ ਦੱਸਿਆ ਕਿ ਜੱਜ ਐਂਜਲੋ ਡੈਲੀਗੇਟੀ ਨੇ ਮੁਲਜ਼ਮ ਦਾ ਰਿਮਾਂਡ ਦੇ ਦਿੱਤਾ ਹੈ ਤੇ ਹੁਣ ਉਸ ਨੂੰ 11 ਅਕਤੂਬਰ ਨੂੰ ਮੁੜ ਪੇਸ਼ ਕੀਤਾ ਜਾਵੇਗਾ। 11 ਮਾਰਚ, 2009 ਦੇ ਦਿਨ ਅਮਿਤ ਨੇ ਆਪਣੇ ਘਰ ਕੋਲੋਂ ਲੰਘ ਰਹੀ 14 ਸਾਲਾ ਲੜਕੀ ਨੂੰ ਆਪਣੇ ਘਰ ਅੰਦਰ ਲਿਜਾਣਾ ਚਾਹਿਆ ਪਰ ਜਦੋਂ ਉਹ ਨਾ ਮੰਨੀ ਤਾਂ ਉਹ ਉਸ ਨੂੰ ਫੜ ਕੇ ਜ਼ਬਰਦਸਤੀ ਅੰਦਰ ਲੈ ਗਿਆ ਤੇ ਉਸ ਨਾਲ ਬਲਾਤਕਾਰ ਕੀਤਾ ਤੇ ਫੇਰ ਆਪਣੀ ਗੱਡੀ ਵਿਚ ਬਿਠਾ ਕੇ ਸਕੂਲ ਛੱਡ ਆਇਆ। ਵਿਦਿਆਰਥਣ ਨੇ ਅਧਿਆਪਕਾ ਨੂੰ ਸਾਰੀ ਗੱਲ ਦੱਸ ਦਿੱਤੀ।



ਘਟਨਾ ਤੋਂ ਪੰਜ ਦਿਨਾਂ ਬਾਅਦ ਜਦੋਂ ਪੀੜਤ ਲੜਕੀ ਨੇ ਪੁਲਿਸ ਵੱਲੋਂ ਪੇਸ਼ ਕੀਤੀਆਂ ਤਸਵੀਰਾਂ ਤੋਂ ਉਸ ਦੀ ਪਛਾਣ ਕਰ ਲਈ ਤਾਂ ਅਮਿਤ ਸਿੰਘ ਅਮਰੀਕਾ ਵਿਚੋਂ ਫਰਾਰ ਹੋ ਗਿਆ ਤੇ ਉਸ ਨੂੰ ਵਾਪਸ ਅਮਰੀਕਾ ਲਿਆਉਣ ਲਈ ਕੌਮਾਂਤਰੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ।

ਯੂਐਸ ਮਾਰਸ਼ਲ ਸਰਵਿਸ ਦੇ ਮੈਂਬਰ ਪਿਛਲੇ ਹਫਤੇ ਭਾਰਤ ਆਏ ਸਨ ਤੇ ਅਮਿਤ ਸਿੰਘ ਨੂੰ ਨਾਲ ਲੈ ਕੇ ਨਿਊਯਾਰਕ ਦੇ ਜੈਐਫਕੇ ਕੌਮਾਂਤਰੀ ਹਵਾਈ ਅੱਡੇ 'ਤੇ ਜਿਉਂ ਹੀ ਉਤਰੇ ਤਾਂ ਨੈਸਾਓ ਕਾਊਂਟੀ ਪੁਲਿਸ ਵਿਭਾਗ ਦੀ ਪੀੜਤਾਂ ਬਾਰੇ ਵਿਸ਼ੇਸ਼ ਯੂਨਿਟ ਨੇ ਉਸ ਨੂੰ ਹਿਰਾਸਤ ਵਿਚ ਲੈ ਲਿਆ। ਬੀਬੀ ਰਾਈਸ ਨੇ ਕਿਹਾ ਕਿ ਦੁਨੀਆਂ ਦੇ ਦੂਜੇ ਬੰਨ੍ਹੇ ਭੱਜ ਜਾਣ ਤੋਂ ਪਹਿਲਾਂ ਅਮਿਤ ਸਿੰਘ ਨੇ ਨਿਰਦੋਸ਼ ਲੜਕੀ ਨੂੰ ਜਿਸਮਾਨੀ ਤੇ ਭਾਵੁਕ ਤੌਰ 'ਤੇ ਅਕਹਿ ਖੌਫ਼ ਵਿਚੋਂ ਲੰਘਣ ਲਈ ਮਜਬੂਰ ਕੀਤਾ ਸੀ।

ਡੀਐਨਏ ਜਾਂਚ ਤੋਂ ਉਸ ਦੀ ਕਰਤੂਤ ਦੇ ਪੁਖਤਾ ਸਬੂਤ ਮਿਲੇ ਹਨ। ਅਮਰੀਕੀ ਨਿਆਂ ਵਿਭਾਗ ਨੇ ਜੁਲਾਈ ਵਿਚ ਨੈਸਾਓ ਦੇ ਅਧਿਕਾਰੀਆਂ ਨੂੰ ਇਤਲਾਹ ਦਿੱਤੀ ਸੀ ਕਿ ਥਾਈਲੈਂਡ ਲਈ ਉਡਾਣ ਵਿਚ ਸਵਾਰ ਹੋਣ ਜਾ ਰਹੇ ਅਮਿਤ ਸਿੰਘ ਨੂੰ ਨਵੀਂ ਦਿੱਲੀ ਵਿਚ ਹਿਰਾਸਤ ਵਿਚ ਲੈ ਲਿਆ ਗਿਆ ਤੇ ਉਦੋਂ ਤੋਂ ਹੀ ਉਸ ਨੂੰ ਅਮਰੀਕਾ ਵਾਪਸ ਲਿਆਉਣ ਦੀ ਚਾਰਾਜੋਈ ਸ਼ੁਰੂ ਹੋ ਗਈ। ਇਸ ਮਹੀਨੇ ਦੇ ਸ਼ੁਰੂ ਵਿਚ ਭਾਰਤੀ ਅਧਿਕਾਰੀਆਂ ਨੇ ਉਸ ਨੂੰ ਅਮਰੀਕਾ ਦੇ ਸਪੁਰਦ ਕਰਨ ਦੀ ਸਹਿਮਤੀ ਦੇ ਦਿੱਤੀ।

# ਯੂਥ ਅਕਾਲੀ ਆਗੂ ਵੱਲੋਂ ਖਤਰਨਾਕ ਅਪਰਾਧੀਆਂ ਨੂੰ ਪਨਾਹ

**ਤਲਵੰਡੀ ਸਾਬੋ:** ਸ਼੍ਰੋਮਣੀ ਅਕਾਲੀ ਦਲ ਨੂੰ ਇਕ ਵਾਰ ਫਿਰ ਨਿਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਇਕ ਅਕਾਲੀ ਆਗੂ ਦੇ ਘਰੋਂ ਖਤਰਨਾਕ ਅਪਰਾਧੀ ਅਸਲੇ ਸਣੇ ਫੜੇ ਗਏ। ਲੰਘੇ ਦਿਨੀਂ ਤਲਵੰਡੀ ਸਾਬੋ ਨਜ਼ਦੀਕੀ ਪਿੰਡ ਜਗਾ ਰਾਮ ਤੀਰਥ ਦੇ ਖੇਤਾਂ ਵਿਚ ਵਸੀ ਜੰਬਰ ਬਸਤੀ ਦੀ ਸਰਪੰਚ ਦੇ ਪਤੀ ਤੇ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਜ਼ਿਲ੍ਹਾ ਮੀਤ ਪ੍ਰਧਾਨ ਹਰਜਿੰਦਰ ਸਿੰਘ ਬਿੱਟੂ ਦੇ ਘਰੋਂ ਪੁਲਿਸ ਨੇ ਤਿੰਨ ਬਦਮਾਸ਼ਾਂ ਨੂੰ ਗ੍ਰਿਫਤਾਰ ਕਰ ਲਿਆ।

ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਆਖਿਆ ਕਿ ਬਠਿੰਡਾ ਪੁਲਿਸ ਵਲੋਂ ਫੜੇ ਗਰੋਹ ਤੋਂ ਗੱਲ ਸਾਫ ਹੋ ਗਈ ਹੈ ਕਿ ਇਹ ਸਿਆਸੀ ਸਰਪ੍ਰਸਤੀ ਹੇਠ ਕੰਮ ਕਰ ਰਿਹਾ ਸੀ। ਉਨ੍ਹਾਂ ਆਖਿਆ ਕਿ ਪੀਪਲਜ਼ ਪਾਰਟੀ ਦੇ ਆਗੂ ਲੱਖਾ ਸਧਾਣਾ 'ਤੇ ਵੀ ਇਸ ਗਰੋਹ ਦੇ ਮੈਂਬਰਾਂ ਨੇ ਹਮਲਾ ਕੀਤਾ ਸੀ ਤੇ ਉਦੋਂ ਵੀ ਉਨ੍ਹਾਂ ਨੇ ਇਹ ਗੱਲ ਆਖੀ ਸੀ ਕਿ ਸਿਆਸੀ ਸਾਜ਼ਿਸ਼ ਤਹਿਤ ਹਮਲਾ ਹੋਇਆ ਹੈ।

## ਪਾਰਟੀ ਦੇ ਅਕਸ ਨੂੰ ਲੱਗਾ ਧੱਕਾ



ਉਨ੍ਹਾਂ ਆਖਿਆ ਕਿ ਐਮਪੀ ਹਰਸਿਮਰਤ ਕੌਰ ਬਾਦਲ ਦੇ ਪ੍ਰੋਗਰਾਮਾਂ ਵਿਚ ਯੂਥ ਨੇਤਾ ਹਰਜਿੰਦਰ ਬਿੱਟੂ ਅੱਗੇ ਅੱਗੇ ਹੁੰਦਾ ਸੀ। ਸ. ਬਾਦਲ ਨੇ ਹਰਸਿਮਰਤ ਕੌਰ ਬਾਦਲ ਨੂੰ ਸਵਾਲ ਕੀਤਾ ਕਿ ਉਨ੍ਹਾਂ ਨੂੰ ਅਜਿਹੇ ਬੰਦਿਆਂ ਦੀ ਕੀ ਲੋੜ ਹੈ। ਉਨ੍ਹਾਂ ਆਖਿਆ ਕਿ ਸਿਆਸੀ ਨੇਤਾ ਇਨ੍ਹਾਂ ਗਰੋਹ ਮੈਂਬਰਾਂ ਦੇ ਸਿਰਾਂ ਤੋਂ ਆਪਣਾ ਹੱਥ ਚੁੱਕਣ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਹੀ ਪੰਜਾਬ ਹਰ ਫਰੰਟ 'ਤੇ ਬਰਬਾਦ ਹੋਇਆ ਹੈ।

ਸੂਤਰਾਂ ਅਨੁਸਾਰ ਫੜੇ ਗਏ ਵਿਅਕਤੀਆਂ ਵਿਚ ਜਗਸੀਰ ਸਿੰਘ ਸੀਰਾ ਸੁਧਾਣਾ, ਯੋਧਾ ਸਿੰਘ ਕੋਠਾਗੁਰੂ, ਅਣਪਛਾਤਾ ਵਿਅਕਤੀ ਤੇ ਘਰ ਦਾ ਮਾਲਕ ਬਿੱਟੂ ਸ਼ਾਮਲ ਹਨ। ਪੁਲਿਸ ਨੇ ਮੌਕੇ 'ਤੇ ਭਾਰੀ ਅਸਲਾ ਤੇ ਦਰਜਨ ਦੇ ਕਰੀਬ ਮੋਬਾਈਲ ਵੀ ਬਰਾਮਦ ਕੀਤੇ ਹਨ। ਸੂਤਰਾਂ ਅਨੁਸਾਰ ਅਕਾਲੀ ਆਗੂ ਦੇ ਘਰੋਂ ਫੜੇ ਗਏ ਨੌਜਵਾਨ ਪੁਲਿਸ ਨੂੰ ਡਕੈਤੀਆਂ, ਸੁਪਾਰੀ ਲੈ ਕੇ ਕਤਲ ਤੇ ਲੰਘੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀ ਚੋਣਾਂ ਦੌਰਾਨ ਰਾਮਪੁਰਾ ਫੂਲ ਹਲਕੇ ਨਾਲ ਸਬੰਧਤ ਪੀਪਲਜ਼ ਪਾਰਟੀ ਆਫ ਪੰਜਾਬ ਦੇ ਆਗੂ ਲੱਖਾ ਸੁਧਾਣਾ ਤੇ ਉਸ ਦੇ ਸਾਥੀਆਂ ਉਪਰ ਹੋਏ ਜਾਨਲੇਵਾ ਹਮਲੇ ਦੇ ਮਾਮਲੇ ਵਿਚ ਲੋੜੀਂਦੇ ਸਨ।

ਅਕਾਲੀ ਆਗੂ ਵੱਲੋਂ ਗੈਂਗਸਟਾਰ ਨੂੰ ਪਨਾਹ ਦੇਣ ਕਾਰਨ ਇਸ ਹਲਕੇ ਅੰਦਰ ਸ਼੍ਰੋਮਣੀ ਅਕਾਲੀ ਦਲ (ਬ) ਦੇ ਅਕਸ ਨੂੰ ਹੋਰ ਧੱਕਾ ਲੱਗਾ ਹੈ ਕਿਉਂਕਿ ਇਥੇ ਅਕਾਲੀ ਦਲ ਅੰਦਰ ਪਹਿਲਾਂ ਹੀ ਸਭ ਕੁਝ ਅੱਛਾ ਨਹੀਂ ਚੱਲ ਰਿਹਾ। ਕੁਝ ਦਿਨ ਪਹਿਲਾਂ ਹੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਪਿੰਡ ਜਗਾ ਰਾਮ ਤੀਰਥ ਵਿਚ ਉਕਤ ਅਕਾਲੀ ਯੂਥ ਆਗੂ ਤੇ ਉਸ ਦੀ ਸਰਪੰਚ ਪਤਨੀ ਨੂੰ ਜੰਬਰ ਬਸਤੀ ਦੇ ਵਿਕਾਸ ਕਾਰਜਾਂ ਲਈ ਲੱਖਾਂ ਰੁਪਏ ਦੀਆਂ ਗਰਾਂਟਾਂ ਦੇ ਚੈੱਕ ਦਿੱਤੇ ਸਨ।

ਬਠਿੰਡਾ ਦੇ ਐਸਐਸਪੀ ਰਵਚਰਨ ਸਿੰਘ ਬਰਾੜ ਅਨੁਸਾਰ ਉਨ੍ਹਾਂ ਨੇ ਵੱਡਾ ਅਪਰੇਸ਼ਨ ਕਰਕੇ ਪਿੰਡ ਜਗਾ ਰਾਮ ਤੀਰਥ (ਜੰਬਰ ਬਸਤੀ) ਵਿਚੋਂ ਹਰਜਿੰਦਰ ਸਿੰਘ ਬਿੱਟੂ ਦੇ ਘਰੋਂ ਛੁਪੇ ਚਾਰ ਅਪਰਾਧੀ ਫੜੇ ਹਨ ਜਿਨ੍ਹਾਂ 'ਤੇ ਪੰਜਾਬ, ਹਰਿਆਣਾ ਤੇ ਰਾਜਸਥਾਨ ਵਿਚ ਦਰਜਨਾਂ ਪੁਲਿਸ ਕੇਸ ਦਰਜ ਹਨ। ਐਸਐਸਪੀ ਨੇ ਦੱਸਿਆ ਕਿ ਹਰਜਿੰਦਰ ਸਿੰਘ ਬਿੱਟੂ ਗਰੋਹ ਮੈਂਬਰਾਂ ਨੂੰ ਆਪਣੇ ਘਰ ਵਿਚ ਪਨਾਹ ਦਿੰਦਾ ਸੀ। ਗਰੋਹ ਦੇ ਮੈਂਬਰ ਜਗਸੀਰ ਸਿੰਘ ਸੀਰਾ 'ਤੇ ਥਾਣਾ ਦਿਆਲਪੁਰਾ ਵਿਚ ਪੰਚਾਇਤੀ ਚੋਣਾਂ ਤੋਂ ਤਿੰਨ ਦਿਨ ਪਹਿਲਾਂ 16 ਮਈ ਨੂੰ ਪੀਪਲਜ਼ ਪਾਰਟੀ ਦੇ ਆਗੂ ਲੱਖਾ ਸਧਾਣਾ 'ਤੇ ਪਿੰਡ ਆਦਮਪੁਰਾ ਵਿਚ ਹਮਲਾ ਕਰਨ ਦਾ ਕੇਸ ਦਰਜ ਸੀ।

ਇਸ ਗਰੋਹ ਕੋਲੋਂ ਦੋ ਬਾਰਾਂ ਬੋਰ ਰਾਈਫਲਾਂ, ਦੋ ਚੀਨ ਦੇ ਬਣੇ ਵਿਦੇਸ਼ੀ ਪਿਸਤੌਲ, ਦੋ 32 ਬੋਰ ਦੇ ਪਿਸਤੌਲ, ਵਿਦੇਸ਼ੀ ਰਿਵਾਲਵਰ, ਦਰਜਨਾਂ ਕਾਰਤੂਸ ਤੇ ਫਰਜ਼ੀ ਨੰਬਰ ਵਾਲੀ ਇਨੋਵਾ ਗੱਡੀ ਬਰਾਮਦ ਕੀਤੀ ਹੈ। ਪਤਾ ਲੱਗਾ ਹੈ ਕਿ ਇਸ ਗਰੋਹ ਨੇ ਥੋੜੇ ਦਿਨ ਪਹਿਲਾਂ ਕੋਟੇ ਵਿਚ ਵੀ ਬੈਂਕ ਡਕੈਤੀ ਕੀਤੀ ਹੈ। ਇਹ ਗੈਂਗ ਕਾਫੀ ਵੱਡਾ ਬਣ ਚੁੱਕਾ ਹੈ ਜਿਸ ਦਾ ਇਹੋ ਤਰੀਕਾ ਸੀ ਕਿ ਉਹ ਛੋਟੇ ਗੈਂਗਾਂ ਨੂੰ ਵੀ ਨਾਲੋ-ਨਾਲ ਖਤਮ ਕਰ ਰਿਹਾ ਸੀ।

# ਪਰਵਾਸੀ ਪੰਜਾਬੀਆਂ ਦੇ ਕੇਸਾਂ ਬਾਰੇ ਰਿਪੋਰਟ ਤਲਬ

**ਚੰਡੀਗੜ੍ਹ:** ਪੰਜਾਬ ਪੁਲਿਸ ਦੀ ਐਨ.ਆਰ.ਆਈ. ਵਿੰਗ ਦੀ ਇੰਸਪੈਕਟਰ ਜਨਰਲ ਗੁਰਪ੍ਰੀਤ ਕੌਰ ਦਿਓ ਨੇ ਪਰਵਾਸੀ ਪੰਜਾਬੀਆਂ ਨਾਲ ਸਬੰਧਤ ਜਾਂਚ ਅਧੀਨ ਕੇਸਾਂ ਦੀਆਂ ਸੂਚੀਆਂ ਪ੍ਰਗਤੀ ਰਿਪੋਰਟ ਸਮੇਤ ਤਲਬ ਕੀਤੀਆਂ ਹਨ।

ਸੂਬੇ ਵਿਚ ਪਰਵਾਸੀ ਪੰਜਾਬੀਆਂ ਬਾਰੇ ਇਸ ਸਮੇਂ 120 ਦੇ ਕਰੀਬ ਕੇਸ ਜਾਂਚ ਅਧੀਨ ਹਨ। ਜਿਹੜੇ ਜ਼ਿਲ੍ਹਿਆਂ ਵਿਚ ਹਾਲੇ ਐਨ.ਆਰ.ਆਈ. ਥਾਣੇ ਕਾਇਮ ਨਹੀਂ ਕੀਤੇ ਗਏ, ਜੇ ਉਥੇ ਤਫਤੀਸ਼ ਤਸੱਲੀਬਖਸ਼ ਨਾ ਹੋਈ ਤਾਂ ਉਹ ਕੇਸ ਵੀ ਐਨ.ਆਰ.ਆਈ. ਥਾਣਿਆਂ ਦੇ ਸਪੁਰਦ ਕੀਤੇ ਜਾਣਗੇ। ਉਨ੍ਹਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਲਦ ਹੀ ਤਿੰਨ ਹੋਰ ਐਨ.ਆਰ.ਆਈ. ਥਾਣੇ ਬਣਾਉਣ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਰਿਹਾ ਹੈ ਜਿਸ ਨਾਲ ਇਨ੍ਹਾਂ ਥਾਣਿਆਂ ਦੀ ਗਿਣਤੀ 11 ਹੋ ਜਾਵੇਗੀ।

# ਫਿਲਮੀ ਸਿਤਾਰਿਆਂ ਤੋਂ ਪ੍ਰਚਾਰ ਕਰਾਏਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਦੀਆਂ ਨੀਤੀਆਂ ਦਾ ਪ੍ਰਚਾਰ ਕਰਨ ਲਈ ਉਘੇ ਫਿਲਮੀ ਸਿਤਾਰਿਆਂ ਲਈ ਸਰਕਾਰੀ ਖ਼ਜ਼ਾਨੇ ਦੇ ਮੂੰਹ ਖੋਲ੍ਹ ਦਿੱਤੇ ਗਏ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਮੰਤਰੀ ਮੰਡਲ ਵੱਲੋਂ ਇਕ ਤਜਵੀਜ਼ ਮਨਜ਼ੂਰ ਕੀਤੀ ਗਈ ਜਿਸ ਨਾਲ ਹੁਣ ਫਿਲਮੀ ਸਿਤਾਰਿਆਂ ਨੂੰ ਮੂੰਹੋਂ ਮੰਗੀ ਰਕਮ ਅਦਾ ਕੀਤਾ ਜਾ ਸਕੇਗੀ। ਸੂਤਰਾਂ ਮੁਤਾਬਕ ਸਰਕਾਰ ਦੀ ਮੌਜੂਦਾ ਨੀਤੀ ਤਹਿਤ ਲੋਕ ਸੰਪਰਕ ਵਿਭਾਗ ਵੱਲੋਂ ਜੇ ਕਿਸੇ ਫਿਲਮੀ ਸਿਤਾਰੇ ਨੂੰ ਪ੍ਰਚਾਰ ਲਈ ਚੁਣਿਆ ਜਾਂਦਾ ਹੈ ਤਾਂ 40 ਤੋਂ 50 ਹਜ਼ਾਰ ਰੁਪਏ ਦੀ ਅਦਾਇਗੀ ਹੀ ਕੀਤੀ ਜਾ ਸਕਦੀ ਸੀ।

ਹੁਣ ਸਰਕਾਰ ਵੱਲੋਂ ਅਜਿਹੇ ਪੰਜਾਬੀ ਅਦਾਕਾਰਾਂ ਦੀ ਤਲਾਸ਼ ਕੀਤੀ ਜਾ ਰਹੀ ਹੈ ਜਿਨ੍ਹਾਂ ਦੀ ਬਾਲੀਵੁੱਡ ਵਿੱਚ ਧਾਕ ਹੈ ਪਰ ਸਰਕਾਰ ਨੇ ਪਿਛਲੇ ਦਿਨਾਂ ਦੌਰਾਨ ਕੁਝ ਕਾਮੇਡੀਅਨਾਂ ਤੇ ਐਕਟਰਾਂ ਨਾਲ ਰਾਬਤਾ ਕੀਤਾ ਤਾਂ ਉਨ੍ਹਾਂ ਸਰਕਾਰੀ




ਨੀਤੀਆਂ ਦੇ ਪ੍ਰਚਾਰ ਲਈ ਲੱਖਾਂ ਰੁਪਏ ਦੀ ਮੰਗ ਕੀਤੀ। ਫਿਲਮ ਇੰਡਸਟਰੀ ਵਿਚ ਸਥਾਪਤ ਕਪੂਰ ਖਾਨਦਾਨ ਤੇ ਦੋ ਪੰਜਾਬੀ ਕਮੇਡੀਅਨਾਂ ਨਾਲ ਸਰਕਾਰ ਨੇ ਇਸ ਕੰਮ ਲਈ ਰਾਬਤਾ ਬਣਾਇਆ ਹੋਇਆ ਹੈ। ਆਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਰਕਾਰ ਦੀ ਫਿਲਮੀ ਸਿਤਾਰਿਆਂ ਦੇ ਸਹਾਰੇ ਪ੍ਰਚਾਰ ਮੁਹਿੰਮ ਸ਼ੁਰੂ ਹੋਣ ਜਾ ਰਹੀ ਹੈ।

ਸੂਤਰਾਂ ਅਨੁਸਾਰ ਸਰਕਾਰ ਵੱਲੋਂ ਹੋਰ ਸੂਬਿਆਂ ਦੇ ਮੁਕਾਬਲੇ ਪੰਜਾਬ ਨੂੰ ਫਿਲਮੀ ਸਿਤਾਰਿਆਂ ਰਾਹੀਂ ਸ਼ਾਂਤਮਈ ਸੂਬਾ ਕਰਾਰ ਦੇਣ, ਸੜਕਾਂ ਵਧੀਆ ਹੋਣ, ਭਲਾਈ ਸਕੀਮਾਂ ਵਿਚ ਮੋਹਰੀ ਤੇ ਫਿਰਕੂ ਸਦਭਾਵਨਾ ਦੇ ਮੁੱਦਿਆਂ ਨੂੰ ਪ੍ਰਚਾਰ ਦਾ ਕੇਂਦਰ ਬਣਾਇਆ ਜਾ ਰਿਹਾ ਹੈ। ਫਿਲਮੀ ਸਿਤਾਰੇ ਪ੍ਰਚਾਰ ਮੁਹਿੰਮ ਦਾ ਕਮਾਨ ਨਵੰਬਰ ਜਾਂ ਦਸੰਬਰ ਤੋਂ ਸੰਭਾਲਣਗੇ। ਇਸ ਕੰਮ ਲਈ ਸਰਕਾਰ ਨੇ ਦੋ ਵੱਡੀਆਂ ਕੰਪਨੀਆਂ ਦੀਆਂ ਸੇਵਾਵਾਂ ਲੈਣ ਦਾ ਵੀ ਫੈਸਲਾ ਕੀਤਾ ਹੈ। ਸਰਕਾਰ ਵੱਲੋਂ ਹਰ ਵਰ੍ਹੇ ਕਰਾਏ ਜਾਂਦੇ ਕਬੱਡੀ ਕੱਪ ਦੌਰਾਨ ਬਾਲੀਵੁੱਡ ਸਿਤਰਿਆਂ ਨੂੰ ਸੱਦਿਆ ਜਾਂਦਾ ਹੈ। ਸਾਲ 2012 ਵਿਚ ਅਕਸ਼ੇ ਖੰਨਾ, ਕੈਟਰੀਨਾ ਕੈਫ਼, ਗਿੱਪੀ ਗਰੇਵਾਲ ਤੇ ਗੁਰਪ੍ਰੀਤ ਘੁੱਗੀ ਨੂੰ ਬੁਲਾਇਆ ਗਿਆ ਸੀ। ਸਰਕਾਰ ਨੇ ਇਨ੍ਹਾਂ ਨਾਲ 6.11 ਕਰੋੜ ਰੁਪਏ ਦਾ ਇਕਰਾਰਨਾਮਾ ਕੀਤਾ ਸੀ। ਸਮਾਗਮ ਤੋਂ ਬਾਅਦ ਜਦੋਂ ਅਦਾਇਗੀ ਦਾ ਸਮਾਂ ਆਇਆ ਤਾਂ ਸਰਕਾਰ ਨੇ 2.14 ਕਰੋੜ ਰੁਪਏ ਦੀ ਅਦਾਇਗੀ ਰੋਕ ਲਈ ਸੀ।

ਸਮਾਜ ਭਲਾਈ ਦੀਆਂ ਯੋਜਨਾਵਾਂ ਤੇ ਹੋਰ ਸਕੀਮਾਂ ਦੇ ਪ੍ਰਚਾਰ ਲਈ ਵੱਖੋ ਵੱਖਰੇ ਅਦਾਕਾਰਾਂ ਦੀ ਚੋਣ ਕੀਤੀ ਜਾ ਰਹੀ ਹੈ। ਸਰਕਾਰ ਦਾ ਕਹਿਣਾ ਹੈ ਕਿ ਸਰਕਾਰੀ ਨੀਤੀਆਂ ਤੇ ਪ੍ਰੋਗਰਾਮਾਂ ਤੇ ਵਿਕਾਸ ਅਤੇ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਨੂੰ ਜ਼ਮੀਨੀ ਪੱਧਰ ਉਤੇ ਲੋਕਾਂ ਵਿਚ ਲਿਜਾਣ ਲਈ ਮੰਤਰੀ ਮੰਡਲ ਨੇ ਉਘੀਆਂ ਟੀਵੀ ਤੇ ਫਿਲਮ ਸ਼ਖ਼ਸੀਅਤਾਂ ਦੀ ਬਰਾਂਡ ਅੰਬੈਸਡਰਾਂ ਵਜੋਂ ਸੇਵਾ ਲੈਣ ਦੀ ਵੀ ਪ੍ਰਵਾਨਗੀ ਦਿੱਤੀ ਹੈ। ਇਨ੍ਹਾਂ ਨੀਤੀਆਂ ਤੇ ਪ੍ਰੋਗਰਾਮਾਂ ਨੂੰ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਏ ਵਿੱਚ ਇਸ਼ਤਿਹਾਰਾਂ ਰਾਹੀਂ ਪੇਸ਼ ਕੀਤਾ ਜਾਵੇਗਾ। ਸੁਪਰ ਸਟਾਰ ਅਮਿਤਾਭ ਬਚਨ ਨੇ ਪਹਿਲਾਂ ਉਤਰ ਪ੍ਰਦੇਸ਼ ਤੇ ਫਿਰ ਗੁਜਰਾਤ ਦੇ ਬਰਾਂਡ ਅੰਬੈਸਡਰ ਵਜੋਂ ਦੋਵਾਂ ਸੂਬਿਆਂ ਦੀਆਂ ਸਰਕਾਰੀ ਨੀਤੀਆਂ ਤੇ ਸੈਲਾਨੀ ਕੇਂਦਰਾਂ ਦਾ ਪ੍ਰਚਾਰ ਕੀਤਾ ਸੀ। ਪੰਜਾਬ ਸਰਕਾਰ ਨੇ ਵੀ ਉਸੇ ਤਰਜ਼ 'ਤੇ ਪ੍ਰਚਾਰ ਦੀ ਯੋਜਨਾ ਬਣਾਈ ਹੈ। ਚੋਣ ਕਮਿਸ਼ਨ ਵੱਲੋਂ ਵੀ ਕਈ ਫਿਲਮੀ ਅਦਾਕਾਰਾਂ ਨੂੰ ਬਰਾਂਡ ਅੰਬੈਸਡਰ ਚੁਣਿਆ ਗਿਆ ਹੈ।

# ਸੁਖਬੀਰ ਬਾਦਲ ਨੂੰ ਸਿਨਮੇ ਖੋਲ੍ਹਣ ਦਾ ਐਲਾਨ ਮਹਿੰਗਾ ਪਿਆ

**ਅੰਮ੍ਰਿਤਸਰ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਸਿਨਮੇ ਖੋਲ੍ਹਣ ਦਾ ਐਲਾਨ ਮਹਿੰਗਾ ਪਿਆ ਹੈ। ਇਸ ਬਿਆਨ ਦੀ ਚੁਫੇਰਿਓਂ ਅਲੋਚਨਾ ਹੋਈ ਹੈ ਤੇ ਹੁਣ ਉਨ੍ਹਾਂ ਇਸ ਬਾਰੇ ਚੁੱਪੀ ਧਾਰ ਲਈ ਹੈ। ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਮੀਤ ਪ੍ਰਧਾਨ ਬਲਦੇਵ ਸਿੰਘ ਸਿਰਸਾ ਨੇ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਛੋਟੇ ਸਿਨਮੇ ਹਾਲ ਖੋਲ੍ਹਣ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਇੱਕ ਪਾਸੇ ਤਾਂ ਸਾਰਾ ਪੰਜਾਬ ਮੁੱਢਲੀਆਂ ਸਹੂਲਤਾਂ ਨੂੰ ਤਰਸ ਰਿਹਾ ਹੈ ਤੇ ਦੂਸਰੇ ਪਾਸੇ ਪਿੰਡਾਂ ਵਿਚ ਸਿਨਮੇ ਹਾਲ ਖੋਲ੍ਹ ਕੇ ਸਰਕਾਰ ਪੇਂਡੂ ਸੱਭਿਆਚਾਰ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਚਾਹੁੰਦੀ ਹੈ।



ਪਾਰਟੀ ਦੇ ਮੀਤ ਪ੍ਰਧਾਨ ਸ. ਸਿਰਸਾ ਨੇ ਪੰਜਾਬ ਦੇ ਪਿੰਡਾਂ ਵਿਚ ਉਪ ਮੁੱਖ ਮੰਤਰੀ ਸ੍ਰੀ ਸੁਖਬੀਰ ਸਿੰਘ ਬਾਦਲ ਵੱਲੋਂ ਛੋਟੇ ਸਿਨਮੇ ਖੋਲ੍ਹਣ ਦੇ ਦਿੱਤੇ ਬਿਆਨ ਨੂੰ ਹਾਸੋਹੀਣਾ ਕਰਾਰ ਦਿੰਦਿਆਂ ਕਿਹਾ ਕਿ ਪਿੰਡਾਂ ਵਿਚ ਸਰਕਾਰੀ ਸਿਹਤ ਸਹੂਲਤਾਂ ਪੂਰੀ ਤਰ੍ਹਾਂ ਖਤਮ ਕਰ ਦਿੱਤੀਆਂ ਗਈਆਂ ਹਨ ਤੇ ਸਿੱਖਿਆ ਦੇਣ ਵਾਲੇ ਬਹੁਤ ਸਾਰੇ ਸਕੂਲ ਬੰਦ ਹੋ ਗਏ ਹਨ ਜਾਂ ਫਿਰ ਬੰਦ ਹੋਣ ਦੇ ਕੰਢੇ 'ਤੇ ਖੜ੍ਹੇ ਹਨ।

ਉਨ੍ਹਾਂ ਕਿਹਾ ਕਿ ਪਿੰਡਾਂ ਵਿਚ ਸਿਹਤ ਤੇ ਸਿੱਖਿਆ ਨੂੰ ਉਤਸ਼ਾਹਤ ਕਰਨ ਦੀ ਬਜਾਏ ਸ. ਬਾਦਲ ਵੱਲੋਂ ਸਿਨਮਾ ਉਦਯੋਗ ਦੀ ਤਰੱਕੀ ਦੀ ਗੱਲ ਕਰਦਿਆਂ ਚੰਗੀਆਂ ਫਿਲਮਾਂ ਨੂੰ ਇਕ ਕਰੋੜ ਰੁਪਏ ਇਨਾਮ ਦੇਣ ਦੀ ਗੱਲ ਕੀਤੀ ਗਈ ਹੈ ਜੋ ਸਰਕਾਰ ਦਾ ਸਰਾਸਰ ਗਲਤ ਫੈਸਲਾ ਹੈ।

ਉਨ੍ਹਾਂ ਕਿਹਾ ਕਿ ਸੁਪਨਿਆਂ ਦੇ ਸੌਦਾਗਰ ਸ. ਸੁਖਬੀਰ ਸਿੰਘ ਬਾਦਲ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਪਿੰਡਾਂ ਵਿਚ ਤਾਂ ਗਰੀਬ ਲੋਕਾਂ ਕੋਲ ਰੋਟੀ ਖਾਣ ਲਈ ਆਟਾ ਵੀ ਨਹੀਂ ਤੇ ਫਿਰ ਫਿਲਮਾਂ ਦਾ ਨਸ਼ਾ ਲਾ ਕੇ ਸਰਕਾਰ ਕੀ ਸਾਬਤ ਕਰਨਾ ਚਾਹੁੰਦੀ ਹੈ ਜਦੋਂਕਿ ਨਸ਼ੇ ਤਾਂ ਪਹਿਲਾਂ ਹੀ ਪੰਜਾਬ ਦੇ ਨੌਜਵਾਨਾਂ ਨੂੰ ਬੁਰੀ ਤਰ੍ਹਾਂ ਨਿਗਲ ਰਹੇ ਹਨ ਤੇ ਹਰ ਘਰ ਵਿਚ ਸਰਕਾਰ ਦੀਆਂ ਨੀਤੀਆਂ ਕਾਰਨ ਕੋਈ ਨਾ ਕੋਈ ਅਮਲੀ ਜ਼ਰੂਰ ਹੈ।

ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੂੰ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਪਿੰਡਾਂ ਵਿਚ ਬਿਜਲੀ ਦੀ ਤਾਂ ਪਹਿਲਾਂ ਹੀ ਘਾਟ ਪਾਈ ਜਾ ਰਹੀ ਹੈ ਤੇ ਬਿਜਲੀ ਸਿਰਫ ਪੰਜ ਸੱਤ ਘੰਟੇ ਹੀ ਆਉਂਦੀ ਹੈ ਅਤੇ ਜਿਹੜੀ ਆਉਂਦੀ ਹੈ, ਉਸ ਦੀ ਵੋਲਟੇਜ ਬਹੁਤ ਘੱਟ ਹੁੰਦੀ ਹੈ। ਫਿਰ ਕੀ ਸਿਨਮੇ ਪਾਥੀਆਂ ਨਾਲ ਬਿਜਲੀ ਪੈਦਾ ਕਰਕੇ ਚਲਾਉਣੇ ਹਨ। ਉਨ੍ਹਾਂ ਕਿਹਾ ਕਿ ਸ. ਸੁਖਬੀਰ ਸਿੰਘ ਬਾਦਲ ਨੂੰ ਆਪਣੇ ਇਸ ਫੈਸਲੇ 'ਤੇ ਮੁੜ ਵਿਚਾਰ ਕਰਨੀ ਚਾਹੀਦੀ ਹੈ ਤੇ ਪਹਿਲਾਂ ਪਿੰਡਾਂ ਵਿਚ ਰੋਟੀ, ਕੱਪੜਾ ਤੇ ਮਕਾਨ ਤੋਂ ਇਲਾਵਾ ਸਿਹਤ ਸਹੂਲਤਾਂ ਤੇ ਸਿੱਖਿਆ ਦੇ ਪ੍ਰਬੰਧ ਕਰਨੇ ਚਾਹੀਦੇ ਹਨ।

# ਰਾਮਦੇਵ ਦੀ ਫਰਮ ਵੱਲੋਂ 20 ਕਰੋੜ ਦੀ ਕਰ ਚੋਰੀ

**ਦੇਹਰਾਦੂਨ:** ਕਰ ਵਿਭਾਗ ਨੇ ਯੋਗ ਗੁਰੂ ਰਾਮਦੇਵ ਦੀਆਂ ਉਤਰਾਖੰਡ ਦੀਆਂ ਫਰਮਾਂ 'ਤੇ ਛਾਪਾ ਮਾਰਿਆ ਜਿਸ ਵਿਚ ਪਾਇਆ ਗਿਆ ਕਿ ਫਰਮਾਂ ਨੇ ਕੁਝ ਸਮੇਂ ਤੋਂ ਕਰ ਨਹੀਂ ਭਰਿਆ ਹੈ। ਕਰ ਵਿਭਾਗ ਨੇ ਰਾਮਦੇਵ ਦੀਆਂ ਉਤਰਾਖੰਡ ਦੀਆਂ ਫਰਮਾਂ 'ਤੇ ਬੀਤੇ ਦਿਨੀਂ ਛਾਪਾ ਮਾਰਿਆ ਤੇ ਪਾਇਆ ਕਿ ਉਹ ਕਰ ਨਹੀਂ ਜਮ੍ਹਾ ਕਰਵਾ ਰਹੇ ਸਨ।

ਸੂਤਰਾਂ ਅਨੁਸਾਰ ਉਨ੍ਹਾਂ ਨੇ 20 ਤੋਂ 22 ਕਰੋੜ ਰੁਪਏ ਦਾ ਕਰ ਚੋਰੀ ਕੀਤਾ ਹੈ। ਉਨ੍ਹਾਂ ਦੀਆਂ ਫਰਮਾਂ ਵਿਚ ਜੋ ਹੱਥ ਤੇ ਮੂੰਹ ਧੋਣ ਲਈ ਸਾਬਣ ਬਣਾਇਆ ਜਾਂਦਾ ਹੈ, ਕਥਿਤ ਤੌਰ 'ਤੇ ਕੁਝ ਸਮੇਂ ਤੋਂ ਇਸ ਦਾ ਕਰ ਨਹੀਂ ਭਰਿਆ ਤੇ ਵਿਭਾਗ ਪਤਾਂਜਲੀ ਯੋਗਪੀਠ ਨੂੰ ਇਸ ਬਾਰੇ ਨੋਟਿਸ ਕੱਢਣ ਦੀ ਤਿਆਰੀ ਕਰ ਰਿਹਾ ਹੈ।

# ਨੌਜਵਾਨ 'ਤੇ ਗੋਲੀ ਚਲਾਉਣ ਵਾਲਾ ਪੁਲਿਸ ਅਫਸਰ ਗ੍ਰਿਫਤਾਰ

**ਨਵੀਂ ਦਿੱਲੀ:** ਪੰਜਾਬ ਪੁਲਿਸ ਦੇ ਸੀਨੀਅਰ ਅਫਸਰ ਨੇ ਦਿੱਲੀ ਦੇ ਉੱਤਰ ਪੱਛਮੀ ਇਲਾਕੇ ਕੇਸ਼ਵ ਪੁਰਮ ਵਿਚ ਨੌਜਵਾਨਾਂ ਨਾਲ ਹੋਈ ਬਹਿਸ ਦੌਰਾਨ ਉਸ 'ਤੇ ਗੋਲੀਬਾਰੀ ਕਰ ਦਿੱਤੀ ਜਿਸ ਦੌਰਾਨ ਇਕ ਨੌਜਵਾਨ ਗੰਭੀਰ ਜ਼ਖਮੀ ਹੋ ਗਿਆ। ਇਸ ਤੋਂ ਬਾਅਦ ਪੰਜਾਬ ਪੁਲਿਸ ਦੇ ਇਸ ਅਧਿਕਾਰੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੰਜਾਬ ਪੁਲਿਸ ਵਿਚ ਪੰਜਵੀਂ ਆਈ.ਆਰ.ਬੀ.ਐਨ. ਕਮਾਂਡੈਂਟ ਦਾ ਇਹ ਅਧਿਕਾਰੀ ਨਰਿੰਦਰ ਇਥੇ ਪੰਜਾਬ ਭਵਨ ਵਿਚ ਤਾਇਨਾਤ ਹੈ।

ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਬੀਤੀ ਰਾਤ ਨਰਿੰਦਰ ਰਾਮਪੁਰਾ ਕਲੋਨੀ ਵਿਚੋਂ ਗੁਜ਼ਰ ਰਿਹਾ ਸੀ ਤੇ ਇਸ ਦੌਰਾਨ ਉਸ ਨੇ ਇਥੇ ਤਿੰਨ ਨੌਜਵਾਨ ਜੋ ਆਪਣੇ ਕੁੱਤਿਆਂ ਨੂੰ ਘੁਮਾ ਰਹੇ ਸਨ, ਤੋਂ ਕਿਸੇ ਦੇ ਪਤੇ ਬਾਰੇ ਜਾਣਕਾਰੀ ਮੰਗੀ। ਪੁਲਿਸ ਕੋਲ ਦਰਜ ਕਰਵਾਈ ਗਈ ਸ਼ਿਕਾਇਤ ਅਨੁਸਾਰ ਨੌਜਵਾਨਾਂ ਨੇ ਦੱਸਿਆ ਕਿ ਨਰਿੰਦਰ ਨੂੰ ਉਸ ਵੱਲੋਂ ਪੁੱਛੇ ਗਏ ਪਤੇ ਬਾਰੇ ਦੱਸ ਦਿੱਤਾ ਪਰ ਉਹ ਨਸ਼ੇ ਵਿਚ ਸੀ ਤੇ ਬੁਰਾ-ਭਲਾ ਕਹਿਣ ਲੱਗਾ। ਇਸੇ ਦੌਰਾਨ ਨਰਿੰਦਰ ਨੇ ਆਪਣੇ ਸਰਵਿਸ ਪਿਸਤੌਲ ਨਾਲ ਨੌਜਵਾਨਾਂ 'ਤੇ ਫਾਇਰ ਕਰ ਦਿੱਤੇ ਜਿਸ ਵਿਚ ਇਕ ਨੌਜਵਾਨ ਦੀ ਛਾਤੀ 'ਤੇ ਗੋਲੀ ਲੱਗੀ। ਅਰੁਣ ਨਾਂ ਦਾ ਇਹ ਨੌਜਵਾਨ ਹਸਪਤਾਲ ਵਿਚ ਗੰਭੀਰ ਹਾਲਤ ਵਿਚ ਹੈ।

# ਦਿੱਲੀ ਦੇ ਚੋਰਾਂ ਨੇ ਪੰਜਾਬ ਪੁਲਿਸ ਦੀ ਗੱਡੀ ਉਡਾਈ

**ਨਵੀਂ ਦਿੱਲੀ:** ਇਕ ਕੇਸ ਸਬੰਧੀ ਦਿੱਲੀ ਵਿਚ ਛਾਪਾ ਮਾਰਨ ਗਈ ਪੰਜਾਬ ਪੁਲਿਸ ਦੀ ਟੀਮ ਰਾਜਧਾਨੀ ਦੇ ਚੋਰਾਂ ਦਾ ਸ਼ਿਕਾਰ ਹੋ ਗਈ। ਪੁਲਿਸ ਜਿਸ ਬਲੈਰੋ ਗੱਡੀ ਵਿਚ ਸਵਾਰ ਹੋ ਕੇ ਦਿੱਲੀ ਪਹੁੰਚੀ ਸੀ, ਉਹ ਚੋਰੀ ਹੋ ਗਈ। ਸੂਤਰਾਂ ਅਨੁਸਾਰ ਚੋਰਾਂ ਨੇ ਗੱਡੀ 'ਤੇ ਉਸ ਵਕਤ ਹੱਥ ਸਾਫ ਕੀਤਾ ਜਦੋਂ ਪੁਲਿਸ ਟੀਮ ਹੋਟਲ ਵਿਚ ਆਪਣਾ ਥਕੇਵਾਂ ਲਾਹ ਰਹੀ ਸੀ।

ਬਲੈਰੋ ਗੱਡੀ ਤੇ ਉਸ ਵਿਚ ਪਈ ਹੱਥਕੜੀ ਦੀ ਰਖਵਾਲੀ ਲਈ ਡਰਾਈਵਰ ਅੰਮ੍ਰਿਤਵੀਰ ਨੂੰ ਛੱਡਿਆ ਹੋਇਆ ਸੀ। ਰਾਤ ਨੂੰ ਜਦ ਅੰਮ੍ਰਿਤਵੀਰ ਥੋੜੇ ਸਮੇਂ ਲਈ ਇਧਰ ਉਧਰ ਹੋਇਆ ਹੀ ਸੀ ਕਿ ਚੋਰਾਂ ਨੇ ਬਲੈਰੋ ਗੱਡੀ ਉਡਾ ਲਈ। ਚੋਰਾਂ ਦੇ ਕਾਰਨਾਮੇ ਦਾ ਪਤਾ ਚਲਦਿਆਂ ਹੀ ਪੰਜਾਬ ਪੁਲਿਸ ਟੀਮ ਦੀ ਨੀਂਦ ਉੱਡ ਗਈ। ਪੰਜਾਬ ਪੁਲਿਸ ਵੱਲੋਂ ਇਸ ਮਾਮਲੇ ਦੀ ਰਿਪੋਰਟ ਰਾਜਿੰਦਰ ਨਗਰ ਥਾਣੇ ਵਿਚ ਕਰਵਾਈ ਗਈ। ਦਿੱਲੀ ਪੁਲਿਸ ਮੁਤਾਬਕ ਪੰਜਾਬ ਦੇ ਪਟਿਆਲਾ ਦੇ ਰਹਿਣ ਵਾਲੇ ਅੰਮ੍ਰਿਤਵੀਰ ਸਿੰਘ ਬਲੈਰੋ ਗੱਡੀ ਪੁਲਿਸ ਟੀਮ ਲਈ ਕਿਰਾਏ 'ਤੇ ਚਲਾਉਂਦਾ ਹੈ ਤੇ ਥਾਣਾ ਸ਼ੰਭੂ ਦੇ ਪੁਲਿਸ ਟੀਮ ਨੂੰ ਕੇਸ ਦੇ ਸਿਲਸਿਲੇ ਲਈ ਛਾਪਾ ਮਾਰਨ ਲਈ ਦਿੱਲੀ ਲੈ ਕੇ ਪਹੁੰਚਿਆ ਸੀ।

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**<u>Disclaimer</u>**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ‘ਓਬਾਮਾਕੇਅਰ’ ਮਾਮਲੇ ਬਾਰੇ ਦੋਵੇਂ ਧਿਰਾਂ ਅੜੀਆਂ

**ਵਾਸ਼ਿੰਗਟਨ:** ਅਮਰੀਕਾ ਵਿਚ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਂਗਰਸ (ਸੰਸਦ) ਨਾਲ ਜਾਰੀ ਬਜਟ ਬਾਰੇ ਰੇੜਕੇ ਕਾਰਨ ਸਰਕਾਰੀ ਕੰਮਕਾਜ ਲਗਾਤਾਰ ਦੂਜੇ ਹਫ਼ਤੇ ਵੀ ਠੱਪ ਹੈ ਤੇ ਹਾਲੇ ਵੀ ਇਸ ਸਿਆਸੀ ਸੰਕਟ ਦਾ ਕੋਈ ਹੱਲ ਨਿਕਲਦਾ ਦਿਖਾਈ ਨਹੀਂ ਦੇ ਰਿਹਾ। ਉਲਟਾ ਅਮਰੀਕਾ ਕਰਜ਼ ਬਾਰੇ ਡਿਫਾਲਟਰ ਹੋਣ ਵੱਲ ਵਧ ਰਿਹਾ ਹੈ। ਇਸ ਤੋਂ ਇਲਾਵਾ ਇਸ ਸੰਕਟ ਦਾ ਸਮੁੱਚੇ ਸੰਸਾਰ ‘ਤੇ ਵੀ ਮਾੜਾ ਅਸਰ ਪੈ ਸਕਦਾ ਹੈ।



ਕਾਂਗਰਸ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੇ ਸਪੀਕਰ ਜੌਹਨ ਬੌਇਨਰ ਜੋ ਰਿਪਬਲਿਕਨ ਪਾਰਟੀ ਨਾਲ ਸਬੰਧਤ ਹਨ, ਨੇ ਸਾਫ ਕਿਹਾ ਹੈ ਕਿ ਰੇੜਕਾ ਖ਼ਤਮ ਕਰਾਉਣ ਲਈ ਰਾਸ਼ਟਰਪਤੀ ਓਬਾਮਾ ਤੇ ਸੈਨੇਟ ਦੇ ਡੈਮੋਕਰੈਟਾਂ ਨੂੰ ਪ੍ਰਤੀਨਿਧ ਸਭਾ ਦੇ ਰਿਪਬਲਿਕਨਾਂ ਨਾਲ ਸਿਹਤ ਸੰਭਾਲ ਸੇਵਾਵਾਂ ਜਿਨ੍ਹਾਂ ਨੂੰ ‘ਓਬਾਮਾਕੇਅਰ’ ਵਜੋਂ ਜਾਣਿਆ ਜਾਂਦਾ ਹੈ, ਬਾਰੇ ਗੱਲਬਾਤ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਉਦੋਂ ਤਕ ਕਰਜ਼ ਦੀ ਹੱਦ ਨਹੀਂ ਵਧਾਈ ਜਾਵੇਗੀ।

ਸ੍ਰੀ ਬੌਇਨਰ ਨੇ ਕਿਹਾ ਕਿ ਓਬਾਮਾ ਨੇ ਜੇ ਰੇੜਕਾ ਖ਼ਤਮ ਕਰਨਾ ਹੈ ਤਾਂ ਗੱਲਬਾਤ ਕਰਨੀ ਹੀ ਪਵੇਗੀ, ਨਹੀਂ ਤਾਂ ਕਰਜ਼ ਡਿਫਾਲਟ ਤੋਂ ਬਚਣਾ ਮੁਸ਼ਕਿਲ ਹੈ। ਉਨ੍ਹਾਂ ਕਿਹਾ ਕਿ ਸਦਨ ਵਿਚ ਸਾਫ ਢੰਗ ਨਾਲ ਕਰਜ਼ ਹੱਦ ਨੂੰ ਪਾਸ ਕਰਨ ਲਈ (ਡੈਮੋਕਰੈਟਾਂ ਕੋਲ) ਵੋਟਾਂ ਨਹੀਂ ਹਨ। ਇਸ ਕਾਰਨ ਰਾਸ਼ਟਰਪਤੀ ਕਰਜ਼ ਡਿਫ਼ਾਲਟ ਦਾ ਖ਼ਤਰਾ ਮੁੱਲ ਲੈ ਰਹੇ ਹਨ ਤੇ ਉਨ੍ਹਾਂ ਨਾਲ ਗੱਲ ਨਹੀਂ ਕਰ ਰਹੇ।

ਦੂਜੇ ਪਾਸੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਉਹ ਸੰਕਟ ਦੇ ਹੱਲ ਲਈ ‘ਫਿਰੌਤੀ’ ਨਹੀਂ ਦੇਣਗੇ, ਭਾਵ ਸਮਝੌਤਾ ਨਹੀਂ ਕਰਨਗੇ। ਉਨ੍ਹਾਂ ਵਿਰੋਧੀ ਧਿਰ (ਰਿਪਬਲੀਕਨ ਪਾਰਟੀ) ਨੂੰ ਸੰਘੀ ਬਜਟ ਪਾਸ ਕਰਨ ਦੀ ਅਪੀਲ ਕੀਤੀ ਹੈ। ਸ੍ਰੀ ਓਬਾਮਾ ਨੇ ਆਪਣੇ ਹਫ਼ਤਾਵਾਰੀ ਭਾਸ਼ਣ ਵਿਚ ਸੰਸਦ ਮੈਂਬਰਾਂ ਨੂੰ ਖ਼ਬਰਦਾਰ ਕੀਤਾ ਹੈ ਕਿ ਪਹਿਲਾਂ ਹੀ ਕਰਜ਼ੇ ਵਿਚ ਜਕੜੇ ਹੋਏ ਦੇਸ਼ ਲਈ ਇਹ ਆਰਥਿਕ ਬੰਦੀ ਬੜੀ ਮਾਰੂ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਬੇਰਹਿਮ ਤੇ ਮਾਰੂ ਬੰਦੀ ਦਾ ਇਕੋ-ਇਕ ਹੱਲ ਹੈ ਕਿ ਬਜਟ ਪਾਸ ਕਰ ਦਿਓ ਤਾਂ ਕਿ ਸਰਕਾਰ ਨੂੰ ਫੰਡ ਮਿਲ ਸਕਣ ਤੇ ਇਸ ਲਈ ਕੋਈ ਸ਼ਰਤ ਨਾ ਲਾਈ ਜਾਵੇ।

ਉਨ੍ਹਾਂ ਸਾਫ਼ ਕੀਤਾ ਹੈ ਕਿ ਉਹ ਪਿੱਛੇ ਨਹੀਂ ਹਟਣਗੇ। ਉਨ੍ਹਾਂ ਕਿਹਾ ਕਿ ਸਰਕਾਰ ਦੇ ਠੱਪ ਹੋਣ ਤੋਂ ਮਾੜੀ ਹੋਰ ਕੋਈ ਗੱਲ ਨਹੀਂ ਹੋ ਸਕਦੀ ਪਰ ਆਰਥਿਕ ਬੰਦੀ ਦੇ ਨਾਲ ਜੇ ਕਰਜ਼ ਦਾ ਡਿਫਾਲਟ ਵੀ ਹੋਵੇ ਤਾਂ ਇਹ ਹੋਰ ਮਾਰੂ ਸਾਬਤ ਹੋਵੇਗੀ। ਉਨ੍ਹਾਂ ਵਿਰੋਧੀ ਧਿਰ ਨੂੰ ਰੇੜਕਾ ਮੁਕਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਬਜਟ ਪਾਸ ਕਰ ਦੇਵੇ। ਗ਼ੌਰਤਲਬ ਹੈ ਕਿ ਜੇ 17 ਅਕਤੂਬਰ ਤੱਕ ਬਜਟ ਪਾਸ ਨਹੀਂ ਹੁੰਦਾ ਤਾਂ ਸਰਕਾਰ ਕਰਜ਼ੇ ਦੀ ਕਿਸ਼ਤ ਅਦਾ ਨਹੀਂ ਕਰ ਸਕੇਗੀ ਤੇ ਡਿਫਾਲਟਰ ਹੋ ਜਾਵੇਗੀ। ਇਸ ਸਰਕਾਰੀ ਆਰਥਿਕ ਬੰਦੀ ਕਾਰਨ ਸੰਘੀ ਸਰਕਾਰ ਦੇ ਕਰੀਬ ਅੱਠ ਲੱਖ ਮੁਲਾਜ਼ਮਾਂ ਨੂੰ ਬਿਨਾਂ ਤਨਖਾਹ ਛੁੱਟੀਆਂ ਉੱਤੇ ਭੇਜ ਦਿੱਤਾ ਗਿਆ ਹੈ।

ਪਤਾ ਲੱਗਾ ਹੈ ਕਿ ਓਬਾਮਾ ਨੇ ਬਜਟ ਬਾਰੇ ਵਿਰੋਧ ਦੇ ਚਲਦਿਆਂ ਆਪਣਾ ਏਸ਼ੀਆ ਦੌਰਾ ਰੱਦ ਕਰ ਦਿੱਤਾ ਹੈ। ਰਾਸ਼ਟਰਪਤੀ ਨੇ ਆਪਣੀ ਚਾਰ ਦੇਸ਼ਾਂ ਦੀ ਯਾਤਰਾ ਨੂੰ ਸੰਖੇਪ ਕਰਕੇ ਦੋ ਦੇਸ਼ਾਂ ਤੱਕ ਸੀਮਤ ਕਰ ਦਿੱਤਾ ਹੈ। ਵ੍ਹਾਈਟ ਹਾਊਸ ਦੇ ਬਿਆਨ ਅਨੁਸਾਰ ਰਾਸ਼ਟਰਪਤੀ ਓਬਾਮਾ ਦਾ ਇੰਡੋਨੇਸ਼ੀਆ ਤੇ ਬਰਨੇਈ ਦੌਰਾ ਰੱਦ ਕਰ ਦਿੱਤਾ ਗਿਆ ਹੈ।

# ਤਿਲੰਗਾਨਾ ਮਾਮਲਾ ਸਿੱਖਾਂ ਉਤੇ ਭਾਰੀ ਪਿਆ

*(ਸਫਾ ਇਕ ਦੀ ਬਾਕੀ)*

ਉਪਰ ਹਮਲਾ ਕਰ ਕੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਤੇ ਪੀੜੇ ਨੂੰ ਸੜਕ ਵਿਚ ਰੱਖ ਕੇ ਅਗਨ ਭੇਟ ਕਰਨ ਦੀ ਨਿੰਦਾ ਕੀਤੀ ਤੇ ਇਸ ਨੂੰ ਕਾਇਰਤਾ ਪੂਰਨ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੰਗਾਕਾਰੀਆਂ ਵੱਲੋਂ ਪਹਿਲਾਂ ਉਥੇ ਵੱਸਦੇ ਘੱਟ-ਗਿਣਤੀ ਸਿਕਲੀਗਰ ਸਿੱਖ ਪਰਿਵਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਤੇ ਉਨ੍ਹਾਂ ਦੇ ਘਰਾਂ ਦੀ ਭੰਨ-ਤੋੜ ਕੀਤੀ ਗਈ।

ਉਧਰ ਆਂਧਰਾ ਪ੍ਰਦੇਸ਼ ਦੇ ਟੋਟੇ ਕਰਨ ਦੇ ਮੁੱਦੇ ਨੂੰ ਲੈ ਕੇ ਦਿੱਲੀ ਵਿਚ ਆਂਧਰਾ ਪ੍ਰਦੇਸ਼ ਭਵਨ ਵਿਚ ਅਣਮਿਥੇ ਸਮੇਂ ਦੀ ਭੁੱਖ ਹੜਤਾਲ ’ਤੇ ਬੈਠੇ ਸਾਬਕਾ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੂੰ ਭਵਨ ਖਾਲੀ ਕਰਨ ਦਾ ਨੋਟਿਸ ਜਾਰੀ ਕਰ ਦਿੱਤਾ ਗਿਆ ਪਰ ਉਨ੍ਹਾਂ ਨੇ ਉਥੋਂ ਹਿੱਲਣੋਂ ਇਨਕਾਰ ਕਰ ਦਿੱਤਾ। ਆਂਧਰਾ ਪ੍ਰਦੇਸ਼ ਦੀ ਵੰਡ ਖ਼ਿਲਾਫ਼ ਬਿਜਲੀ ਮੁਲਾਜ਼ਮਾਂ ਵੱਲੋਂ ਕੀਤੀ ਗਈ ਹੜਤਾਲ ਕਾਰਨ ਤੱਟੀ ਆਂਧਰਾ ਤੇ ਰਾਇਲਸੀਮਾ ਖੇਤਰਾਂ ਵਿਚ ਲੋਕ ਲਗਾਤਾਰ ਬਿਜਲੀ ਦੀ ਕਿੱਲਤ ਝੱਲ ਰਹੇ ਹਨ।

ਮੁੱਖ ਮੰਤਰੀ ਐਨ. ਕਿਰਨ ਕੁਮਾਰ ਰੈਡੀ ਨੇ ਮਸਲੇ ਦੇ ਹਾਲ ਲਈ ਮੀਟਿੰਗਾਂ ਦਾ ਸਿਲਸਿਲਾ ਵਿੱਢਿਆ ਹੋਇਆ ਹੈ ਪਰ ਅਜੇ ਤੱਕ ਕੋਈ ਸਫਲਤਾ ਨਹੀਂ ਮਿਲ ਰਹੀ। ਰਿਪੋਰਟਾਂ ਅਨੁਸਾਰ ਬਿਜਲੀ ਦੇ ਸੰਕਟ ਦਾ ਸਭ ਤੋਂ ਵੱਧ ਅਸਰ ਹਸਪਤਾਲ ਸੇਵਾਵਾਂ ’ਤੇ ਪਿਆ ਜਦਕਿ ਸੀਮਾਂਧਰਾ ਦੇ ਹਵਾਈ ਅੱਡੇ ਬੈਕਅੱਪ ਸਿਸਟਮ ਆਸਰੇ ਚੱਲਦੇ ਰਹੇ। ਰੇਲ ਸੇਵਾਵਾਂ ਦਾ ਵੀ ਮੰਦਾ ਹਾਲ ਰਿਹਾ ਤੇ ਪੂਰਬ ਤੱਟੀ ਰੇਲਵੇ ਨੂੰ ਜਾਂ ਤਾਂ ਆਪਣੀਆਂ ਕਈ ਅਹਿਮ ਰੇਲ ਗੱਡੀਆਂ ਰੱਦ ਕਰਨੀਆਂ ਪਈਆਂ ਜਾਂ ਫਿਰ ਉਨ੍ਹਾਂ ਦਾ ਸਮਾਂ ਬਦਲਿਆ ਗਿਆ।

ਸੂਬੇ ਵਿਚ ਸਭ ਤੋਂ ਵੱਡਾ ਸੰਕਟ ਬਿਜਲੀ ਦਾ ਹੈ। ਮੁੱਖ ਬਿਜਲੀ ਘਰਾਂ ਵਿਚ ਬਿਜਲੀ ਦਾ ਉਤਪਾਦਨ ਠੱਪ ਹੈ ਜਿਸ ਕਰ ਕੇ 3 ਤੋਂ 10 ਘੰਟੇ ਦੇ ਬਿਜਲੀ ਕੱਟ ਲਾਉਣੇ ਪਏ ਹਨ। ਸਰਕਾਰੀ ਸੂਤਰਾਂ ਅਨੁਸਾਰ ਸੂਬੇ ਵਿਚ ਬਿਜਲੀ ਦੀ ਕੁੱਲ ਮੰਗ 11000 ਮੈਗਾਵਾਟ ਹੈ ਪਰ ਸਪਲਾਈ 7500 ਮੈਗਾਵਾਟ ਰਹੀ। ਸੂਬੇ ਦੇ ਅਹਿਮ ਖੇਤਰਾਂ ਵਿਚ ਹਨੇਰਾ ਛਾਇਆ ਰਿਹਾ। ਰਾਜ ਦੀ ਵੰਡ ਦੇ ਖ਼ਿਲਾਫ਼ ਤੱਟੀ ਆਂਧਰਾ ਤੇ ਰਾਇਲਸੀਮਾ ਵਿਚ ਜ਼ੋਰ-ਸ਼ੋਰ ਨਾਲ ਰੋਸ ਪ੍ਰਦਰਸ਼ਨ ਹੋਏ।

ਕਾਂਗਰਸ ਦੇ ਜਨਰਲ ਸਕੱਤਰ ਦਿਗਵਿਜੈ ਸਿੰਘ ਨੇ ਪਾਰਟੀ ਵੱਲੋਂ ਸੀਮਾਂਧਰਾ ਦੇ ਲੋਕਾਂ ਨੂੰ ਅੰਦੋਲਨ ਦਾ ਰਾਹ ਛੱਡਣ ਦੀ ਅਪੀਲ ਕੀਤੀ ਹੈ। ਦਿੱਗਵਿਜੈ ਸਿੰਘ ਪਾਰਟੀ ਦੇ ਆਂਧਰਾ ਪ੍ਰਦੇਸ਼ ਮਾਮਲਿਆਂ ਦੇ ਇੰਚਾਰਜ ਹਨ।

ਉਨ੍ਹਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਸੀਮਾਂਧਰਾ ਦੇ ਲੋਕਾਂ ਦੇ ਸਾਰੇ ਫਿਕਰਾਂ ਵਿਚ ਭਾਈਵਾਲ ਹੈ ਤੇ ਤਿਲੰਗਾਨਾ ਵਿਚ ਰਹਿੰਦੇ ਉਨ੍ਹਾਂ ਲੋਕਾਂ, ਉਨ੍ਹਾਂ ਦੀ ਸਿੱਖਿਆ ਤੇ ਰੁਜ਼ਗਾਰ ਦੇ ਮੌਕਿਆਂ ਦੇ ਸਾਰੇ ਫ਼ਿਕਰਾਂ ਦਾ ਹੱਲ ਹਾਂਦਰੂ ਢੰਗ ਨਾਲ ਕੱਢਣ ਲਈ ਵਚਨਬੱਧ ਹੈ।

# ਕਾਂਗਰਸੀ ਅਤੇ ਅਕਾਲੀ ਆਗੂਆਂ ਦੇ ਸਿੰਗ ਫਸੇ

*(ਸਫਾ ਇਕ ਦੀ ਬਾਕੀ)*

ਲਿਮਟਿਡ ਲਈ ਇਸ ਵਰ੍ਹੇ 13 ਮਾਰਚ ਨੂੰ ਪਿੰਡ ਬਿਸ਼ਨਪੁਰਾ ਦੀ 11 ਏਕੜ ਦੇ ਕਰੀਬ ਜ਼ਮੀਨ ਦੀ ਤੱਥ ਛੁਪਾ ਕੇ ਰਜਿਸਟਰੀ ਕਰਵਾਈ ਹੈ। ਇਸ ਕੰਪਨੀ ਵਿਚ ਸ੍ਰੀ ਸ਼ਰਮਾ ਤੇ ਉਨ੍ਹਾਂ ਦੇ ਤਿੰਨ ਭਰਾਵਾਂ ਸਮੇਤ ਉਨ੍ਹਾਂ ਦੇ ਪਿਤਾ ਡਾਇਰੈਕਟਰ ਹਨ।

ਸ. ਖਹਿਰਾ ਨੇ ਦੋਸ਼ ਲਾਇਆ ਕਿ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਵਾਲੇ ਮਾਲ ਵਿਭਾਗ ਵਿਚ ਸਿਆਸਤਦਾਨਾਂ ਤੇ ਮਾਫੀਆ ਦੀਆਂ ਡੂੰਘੀਆਂ ਜੜ੍ਹਾਂ ਹਨ ਤੇ ਜੇ ਉਨ੍ਹਾਂ ਦਾ ਕਿਸੇ ਤਰ੍ਹਾਂ ਦਾ ਵੀ ਕੋਈ ਨੁਕਸਾਨ ਹੁੰਦਾ ਹੈ ਤਾਂ ਇਸ ਲਈ ਬਾਦਲ ਸਰਕਾਰ ਜ਼ਿੰਮੇਵਾਰ ਹੋਵੇਗੀ। ਉਨ੍ਹਾਂ ਇਸ ਮਾਮਲੇ ਦੀ ਉਚ ਪੱਧਰੀ ਜਾਂਚ ਕਰਵਾਉਣ ਅਤੇ ਸ੍ਰੀ ਸ਼ਰਮਾ ਤੋਂ ਤੁਰੰਤ ਅਸਤੀਫਾ ਦੇਣ ਦੀ ਮੰਗ ਕੀਤੀ। ਪਤਾ ਲੱਗਾ ਹੈ ਕਿ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਚੰਡੀਗੜ੍ਹ ਦੇ ਇਰਦ-ਗਿਰਦ ਵੱਡੇ ਪੱਧਰ ’ਤੇ ਜਾਇਜ਼-ਨਾਜਾਇਜ਼ ਢੰਗ ਨਾਲ ਖਰੀਦੀਆਂ ਜ਼ਮੀਨਾਂ ਦੇ ਅਗਲੇ ਦਿਨਾਂ ਵਿਚ ਹੋਰ ਵੱਡੇ ਖੁਲਾਸੇ ਹੋਣ ਦੇ ਆਸਾਰ ਹਨ।

ਸ. ਖਹਿਰਾ ਨੇ ਦੋਸ਼ ਲਾਇਆ ਕਿ ਸ੍ਰੀ ਸ਼ਰਮਾ ਦੀ ਕੰਪਨੀ ਵੱਲੋਂ ਇਸ ਜ਼ਮੀਨ ਦੀ 13 ਮਾਰਚ ਨੂੰ ਸਬ ਰਜਿਸਟਰਾਰ ਡੇਰਾਬਸੀ ਵਿਖੇ ਕਰਵਾਈ ਗਈ ਰਜਿਸਟਰੀ ਦੌਰਾਨ ਬਾਕਾਇਦਾ ਅੰਕਿਤ ਕੀਤਾ ਗਿਆ ਹੈ ਕਿ ਇਸ ਜ਼ਮੀਨ ਦੀ ਕਿਸਮ ਚਾਹੀ (ਖੇਤੀਬਾੜੀ) ਹੈ।

ਉਨ੍ਹਾਂ ਇਸ ਜ਼ਮੀਨ ਦੀ ਸਾਲ 2012-13 ਦੀ ਫਰਦ ਗਿਰਦਾਵਰੀ ਪੇਸ਼ ਕਰਦਿਆਂ ਦੱਸਿਆ ਕਿ ਖਰੀਦੀ ਗਈ ਜ਼ਮੀਨ ਉਪਰ ਸੈਂਕੜੇ ਰਿਹਾਇਸ਼ੀ ਫਲੈਟ ਬਣੇ ਦਿਖਾਏ ਗਏ ਹਨ ਜਦਕਿ ਸ੍ਰੀ ਸ਼ਰਮਾ ਦੀ ਕੰਪਨੀ ਨੇ ਖੇਤੀਬਾੜੀ ਵਾਲੀ ਜ਼ਮੀਨ ਦੇ ਆਧਾਰ ’ਤੇ ਸਿਰਫ 25 ਕਰੋੜ ਰੁਪਏ ਦੀ ਖਰੀਦ ਦਿਖਾ ਕੇ ਮਹਿਜ਼ ਦੋ ਕਰੋੜ ਰੁਪਏ ਦੀ ਹੀ ਸਟੈਂਪ ਡਿਊਟੀ ਅਦਾ ਕੀਤੀ ਹੈ।

ਉਨ੍ਹਾਂ ਕਿਹਾ ਕਿ ਅਸਲ ਵਿਚ ਇਸ ਜ਼ਮੀਨ ਉਪਰ 650 ਦੇ ਕਰੀਬ ਫਲੈਟ ਬਣੇ ਹਨ ਤੇ ਖਰੀਦਕਾਰ ਨੂੰ ਕੁਲੈਕਟਰ ਰੇਟ ਸੂਚੀ ਅਨੁਸਾਰ 15,500 ਰੁਪਏ ਪ੍ਰਤੀ ਵਰਗ ਗਜ਼ ਦੀ ਦਰ ਨਾਲ ਸਟੈਂਪ ਡਿਊਟੀ ਅਦਾ ਕਰਨ ਬਣਦੀ ਸੀ ਜਿਸ ਤਹਿਤ 6.5 ਕਰੋੜ ਰੁਪਏ ਸਟੈਂਪ ਡਿਊਟੀ ਬਣਦੀ ਸੀ ਪਰ ਇਸ ਦੀ ਥਾਂ ਸਿਰਫ ਦੋ ਕਰੋੜ ਰੁਪਏ ਹੀ ਅਦਾ ਕੀਤੇ ਗਏ ਹਨ।

ਉਧਰ, ਸ੍ਰੀ ਸ਼ਰਮਾ ਨੇ ਸਪਸ਼ਟ ਕੀਤਾ ਕਿ ਉਸ ਨੇ 10 ਏਕੜ ਦੇ ਕਰੀਬ ਜ਼ਮੀਨ 25 ਕਰੋੜ ਰੁਪਏ ਦੀ ਖਰੀਦੀ ਹੈ ਜੋ ਤੈਅ ਕੁਲੈਕਟਰ ਰੇਟ ਤੋਂ ਵੀ ਚਾਰ ਕਰੋੜ ਰੁਪਏ ਵਧ ਹੈ। ਇਸ ਕਾਰਨ ਸਟੈਂਪ ਡਿਊਟੀ ਚੋਰੀ ਕਰਨ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਕਾਂਗਰਸ ਦੇ ਪੋਤੜੇ ਫੋਲਦਿਆਂ ਕਿਹਾ ਕਿ ਖੁਦ ਸ. ਖਹਿਰਾ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਦੇ ਭਰਾ ਤੇ ਕਾਂਗਰਸ ਦੇ ਜਨਰਲ ਸਕੱਤਰ ਫਤਿਹ ਜੰਗ ਬਾਜਵਾ ਕੋਲੋਂ 25 ਮਈ, 2010 ਨੂੰ ਪਿੰਡ ਕਰੌਰਾਂ (ਮੁਹਾਲੀ) ਵਿਚ 13 ਕਨਾਲ ਨੌਂ ਮਰਲੇ ਜ਼ਮੀਨ ਕੁਲੈਕਟਰ ਰੇਟ ਦੇ ਬਰਾਬਰ ਮਹਿਜ਼ 52 ਲੱਖ ਰੁਪਏ ਦੀ ਖਰੀਦੀ ਸੀ ਜਦਕਿ ਉਥੇ ਮਾਰਕੀਟ ਰੇਟ ਡੇਢ ਤੋਂ ਢਾਈ ਕਰੋੜ ਰੁਪਏ ਪ੍ਰਤੀ ਏਕੜ ਹੈ।

ਇਸੇ ਤੋਂ ਇਲਾਵਾ ਫਤਿਹ ਜੰਗ ਦੀ ਪਤਨੀ ਹਨੀਲਾ ਬਾਜਵਾ ਨੇ ਪਿੰਡ ਭੜੌਂਜੀਆਂ (ਮੁਹਾਲੀ) ਵਿਚ ਨੌਂ ਵਿੱਘੇ 12 ਵਿਸਵੇ ਜ਼ਮੀਨ 5 ਜੁਲਾਈ, 2011 ਨੂੰ 3.13 ਕਰੋੜ ਰੁਪਏ ਦੀ ਵੇਚੀ ਸੀ ਜਦਕਿ ਇਸੇ ਥਾਂ ’ਤੇ ਹੀ ਪੀ.ਸੀ.ਬੀ. ਰੀਅਲ ਅਸਟੇਟ ਕੰਪਨੀ ਜਿਸ ਦੇ ਡਾਇਰੈਕਟਰ ਪ੍ਰਤਾਪ ਸਿੰਘ ਬਾਜਵਾ ਤੇ ਉਨ੍ਹਾਂ ਦੀ ਵਿਧਾਇਕ ਪਤਨੀ ਚਰਨਜੀਤ ਕੌਰ ਬਾਜਵਾ ਹਨ, ਨੇ 9 ਨਵੰਬਰ, 2011 ਨੂੰ 25 ਏਕੜ ਦੇ ਕਰੀਬ ਜ਼ਮੀਨ ਮਹਿਜ਼ 2.98 ਕਰੋੜ ਰੁਪਏ ਦੀ ਖਰੀਦੀ ਹੈ।

ਇਸੇ ਦੌਰਾਨ ਪੰਜਾਬ ਸਰਕਾਰ ਨੇ ਕੁਝ ਸਿਆਸੀ ਆਗੂਆਂ ਵੱਲੋਂ ਮੁਹਾਲੀ ਜ਼ਿਲ੍ਹੇ ਵਿਚ ਖਰੀਦੀਆਂ ਜ਼ਮੀਨਾਂ ’ਤੇ ਅਸ਼ਟਾਮ ਫੀਸ ਦੀ ਚੋਰੀ ਦੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਮੁਹਾਲੀ ਦੇ ਡਿਪਟੀ ਕਮਿਸ਼ਨਰ ਟੀ.ਪੀ.ਐਸ. ਸਿੱਧੂ ਨੂੰ ਘੱਟ ਕੀਮਤ ਦਰਸਾ ਕੇ ਖਰੀਦੀਆਂ ਜ਼ਮੀਨਾਂ ਦੇ ਕੇਸਾਂ ਦੀ ਜਾਂਚ ਕਰਨ ਲਈ ਕਿਹਾ ਗਿਆ ਸੀ। ਵਿੱਤ ਕਮਿਸ਼ਨਰ (ਮਾਲ) ਐਨ.ਐਸ. ਕੰਗ ਨੂੰ ਜਾਂਚ ਦਾ ਜ਼ਿੰਮਾ ਸੌਂਪਿਆ ਗਿਆ ਹੈ।

## ਸਿੱਖਸ ਫਾਰ ਜਸਟਿਸ ਮਨਮੋਹਨ ਸਿੰਘ ਨੂੰ ਦਿੱਲੀ ਵਿਚ ਸੰਮਨ ਪਹੁੰਚਾਏਗੀ

**ਨਿਊ ਯਾਰਕ:** ਮਨੁੱਖੀ ਅਧਿਕਾਰ ਜਥੇਬੰਦੀ ਸਿੱਖ ਫਾਰ ਜਸਟਿਸ ਨੇ ਕਿਹਾ ਹੈ ਕਿ ਉਹ 1990 ਦੇ ਦਹਾਕੇ ਦੌਰਾਨ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ ਵਿਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਖਿਲਾਫ ਅਮਰੀਕੀ ਅਦਾਲਤ ਵੱਲੋਂ ਜਾਰੀ ਸੰਮਨ ਉਨ੍ਹਾਂ ਨੂੰ ਨਵੀਂ ਦਿੱਲੀ ਵਿਚ ਦੇਵੇਗੀ।

ਜਥੇਬੰਦੀ ਨੇ ਪਹਿਲਾਂ ਇਹ ਸੰਮਨ ਪ੍ਰਧਾਨ ਮੰਤਰੀ ਦੀ ਅਮਰੀਕਾ ਫੇਰੀ ਮੌਕੇ ਦੇਣ ਦੀ ਕੋਸ਼ਿਸ਼ ਕੀਤੀ ਸੀ ਪਰ ਸਖਤ ਸੁਰੱਖਿਆ ਬੰਦੋਬਸਤ ਕਾਰਨ ਉਹ ਅਜਿਹਾ ਨਾ ਕਰ ਸਕੀ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

## ਰਾਹੁਲ ਦੀ ਜ਼ਿੱਦ ਅੱਗੇ ਝੁਕੀ ਸਰਕਾਰ

**ਨਵੀਂ ਦਿੱਲੀ:** ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਕੀਤੀ ਤਿੱਖੀ ਆਲੋਚਨਾ ਮਗਰੋਂ ਦਬਾਅ ਵਧਣ ਕਾਰਨ ਕੇਂਦਰੀ ਮੰਤਰੀ ਮੰਡਲ ਨੇ ਦੋਸ਼ੀ ਕਾਨੂੰਨਸਾਜ਼ਾਂ ਬਾਰੇ ਵਿਵਾਦਗ੍ਰਸਤ ਆਰਡੀਨੈਂਸ ਤੇ ਇਸ ਨਾਲ ਸਬੰਧਤ ਬਿੱਲ ਵਾਪਸ ਲੈ ਲਿਆ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਕੇਂਦਰੀ ਮੰਤਰੀ ਮੰਡਲ ਨੇ ਆਪਣੇ 24 ਸਤੰਬਰ ਦੇ ਉਸ ਫੈਸਲੇ ਨੂੰ ਬਦਲ ਦਿੱਤਾ ਜਿਸ ਵਿਚ ਦੋਸ਼ੀ ਸੰਸਦ ਮੈਂਬਰਾਂ ਤੇ ਵਿਧਾਇਕਾਂ ਦੀ ਮੈਂਬਰੀ ਨੂੰ ਤੁਰੰਤ ਖਤਮ ਹੋਣ ਤੋਂ ਹੰਭਲਾ ਮਾਰਿਆ ਗਿਆ ਸੀ।

ਮੰਤਰੀ ਮੰਡਲ ਦੇ ਇਸ ਫੈਸਲੇ ਵਿਚ ਤਬਦੀਲੀ ਨੂੰ ਸਰਕਾਰ ਵੱਲੋਂ ਆਪਣਾ ਫੈਸਲਾ ਬਦਲਣ ਲਈ ਮਜਬੂਰ ਹੋਣ ਦੀ ਅਹਿਮ ਘਟਨਾ ਵਜੋਂ ਲਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਸੱਤਾਧਾਰੀ ਪਾਰਟੀ ਤੇ ਮੰਤਰੀ ਮੰਡਲ ਵਿਚ ਵਿਰੋਧ ਦੇ ਬਾਵਜੂਦ ਵਿਚਾਰ-ਵਟਾਂਦਰੇ ਮਗਰੋਂ ਆਰਡੀਨੈਂਸ ਨੂੰ ਮਨਜ਼ੂਰੀ ਦਿੱਤੀ ਗਈ ਸੀ। ਰਾਹੁਲ ਗਾਂਧੀ ਵੱਲੋਂ ਆਰਡੀਨੈਂਸ ਨੂੰ ਫਜ਼ੂਲ ਕਰਾਰ ਦਿੱਤੇ ਜਾਣ ਮਗਰੋਂ ਪੈਦਾ ਹੋਏ ਵਿਵਾਦ ਨੂੰ ਖਤਮ ਕਰਨ ਲਈ ਕਾਂਗਰਸ, ਸਹਿਯੋਗੀ ਦਲਾਂ ਤੇ ਸਰਕਾਰ ਵਿਚ ਸਿਖਰਲੇ ਪੱਧਰ ਤਕ ਵਿਚਾਰ ਚਰਚਾ ਹੋਈ।

## ਪੂਤਿਨ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ

**ਮਾਸਕੋ:** ਰੂਸੀ ਅਧਿਕਾਰਾਂ ਦੀ ਪੈਰਵਾਈ ਕਰਨ ਵਾਲੇ ਇਕ ਸਮੂਹ ਨੇ ਸੀਰੀਆ ਵਿਚ ਅਮਰੀਕੀ ਮਿਸਾਈਲ ਹਮਲਾ ਰੋਕਣ ਤੇ ਦਮਿਸ਼ਕ ਦੇ ਰਸਾਇਣਕ ਹਥਿਆਰਾਂ ਨੂੰ ਨਸ਼ਟ ਕਰਨ ਦੇ ਯਤਨਾਂ ਵਿਚ ਭੂਮਿਕਾ ਲਈ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ 2014 ਦੇ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ।

ਦੁਨੀਆ ਦੇ ਦੇਸ਼ਾਂ ਵਿਚਾਲੇ ਇੰਟਰਨੈਸ਼ਨਲ ਐਕੇਡਮੀ ਆਫ ਸਪਰਿਚੁਅਲ ਯੂਨਿਟੀ ਐਂਡ ਕੋ-ਆਪਰੇਸ਼ਨ ਨੇ ਰਾਸ਼ਟਰਪਤੀ ਪੂਤਿਨ ਨੂੰ 2014 ਨੋਬਲ ਪੁਰਸਕਾਰ ਲਈ ਉਮੀਦਵਾਰ ਵਜੋਂ ਨਾਮਜ਼ਦ ਕੀਤਾ ਹੈ।

# ਕੈਲੀਫੋਰਨੀਆ ਵਿਚ ਗੈਰ ਕਾਨੂੰਨੀ ਪਰਵਾਸੀਆਂ ਨੂੰ ਡਰਾਈਵਿੰਗ ਲਾਇਸੈਂਸ ਮਿਲ ਸਕਣਗੇ

**ਸੈਕਰਾਮੈਂਟੋ (ਬਿਊਰੋ):** ਕੈਲੀਫੋਰਨੀਆ ਦੇ ਗਵਰਨਰ ਜੈਰੀ ਬਰਾਊਨ ਨੇ ਲੰਘੀ 3 ਅਕਤੂਬਰ ਨੂੰ ਉਸ ਬਿਲ ਉਤੇ ਸਹੀ ਪਾ ਦਿੱਤੀ ਜਿਸ ਰਾਹੀਂ ਕੈਲੀਫੋਰਨੀਆ ਵਿਚ ਰਹਿੰਦੇ ਗੈਰ ਕਾਨੂੰਨੀ ਪਰਵਾਸੀਆਂ ਨੂੰ ਡਰਾਈਵਿੰਗ ਲਾਇਸੈਂਸ ਮਿਲ ਸਕਣਗੇ। ਪਰਵਾਸੀਆਂ ਦੇ ਹੱਕਾਂ ਦੀ ਪੈਰਵੀ ਕਰਨ ਵਾਲਿਆਂ ਵਲੋਂ ਲੰਮੇ ਸਮੇਂ ਤੋਂ ਲਾਬੀ ਕੀਤੀ ਜਾ ਰਹੀ ਸੀ ਕਿ ਦੇਸ਼ ਦੇ ਸਭ ਤੋਂ ਸੰਘਣੀ ਵਸੋਂ ਵਾਲੇ ਸੂਬੇ ਕੈਲੀਫੋਰਨੀਆ ਦੇ ਕਾਨੂੰਨ ਵਿਚ ਸੋਧ ਕੀਤੀ ਜਾਵੇ ਤਾਂ ਜੋ ਬਿਨਾ ਕਾਗਜ਼ਾਂ ਤੋਂ ਰਹਿੰਦੇ ਪਰਵਾਸੀ ਬਿਨਾ ਲਾਇਸੈਂਸ ਤੋਂ ਗੱਡੀ ਚਲਾਉਣ 'ਤੇ ਫੜੇ ਜਾਣ ਅਤੇ ਡਿਪੋਰਟ ਹੋਣ ਦੇ ਡਰ ਤੋਂ ਮੁਕਤੀ ਹਾਸਲ ਕਰ ਸਕਣ। ਇਸ ਬਿਲ 'ਤੇ ਸਹੀ ਪਾਉਣ ਉਪਰੰਤ ਗਵਰਨਰ ਬਰਾਊਨ ਨੇ ਕਿਹਾ ਕਿ ਕਰੀਬ 10 ਲੱਖ ਲੋਕਾਂ ਨੂੰ ਕਾਨੂੰਨ ਵਿਚ ਇਸ ਸੋਧ ਦਾ ਲਾਭ ਹਾਸਲ ਹੋ ਸਕੇਗਾ। ਉਨ੍ਹਾਂ ਆਸ ਪ੍ਰਗਟਾਈ ਕਿ ਜਲਦ ਹੀ ਦੇਸ਼ ਦੀਆਂ ਹੋਰਨਾਂ ਸਟੇਟਾਂ ਵਿਚ ਵੀ ਅਜਿਹੇ ਕਾਨੂੰਨ ਬਣਾਏ ਜਾਣਗੇ ਅਤੇ ਗੈਰ ਕਾਨੂੰਨੀ ਪਰਵਾਸੀਆਂ ਨੂੰ ਡਰ ਦੇ ਸਾਏ ਤੋਂ ਰਾਹਤ ਮਿਲੇਗੀ।

ਨੈਸ਼ਨਲ ਇਮੀਗ੍ਰੇਸ਼ਨ ਲਾਅ ਸੈਂਟਰ ਦੀ ਕਾਰਜਕਾਰੀ ਡਾਇਰੈਕਟਰ ਮੈਰੀਲੀਨਾ ਹਿਨਕੈਪੀ ਨੇ ਕਿਹਾ ਕਿ ਇਹ ਸੋਧ ਕੈਲੀਫੋਰਨੀਆ ਦੇ ਇਤਿਹਾਸ ਵਿਚ ਬਹੁਤ ਵੱਡਾ ਫੈਸਲਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦੋ ਦਹਾਕਿਆਂ ਤੋਂ ਇਹ ਮੰਗ ਕੀਤੀ ਜਾ ਰਹੀ ਸੀ ਕਿ ਕੈਲੀਫੋਰਨੀਆ ਵਿਚ ਗੈਰ ਕਾਨੂੰਨੀ ਪਰਵਾਸੀ ਨੂੰ ਡਰਾਈਵਿੰਗ ਲਾਇਸੈਂਸ ਲੈਣ ਦੇ ਯੋਗ ਬਣਾਉਣ ਲਈ ਕਾਨੂੰਨ ਵਿਚ ਸੋਧ ਕੀਤੀ ਜਾਵੇ। ਇਸ ਤੋਂ ਪਹਿਲਾਂ ਕਾਲੋਰਾਡੋ ਅਤੇ ਓਰੇਗਾਨ ਸਟੇਟਾਂ ਵਲੋਂ ਅਜਿਹੇ ਕਾਨੂੰਨ ਪਾਸ ਕੀਤੇ ਜਾ ਚੁਕੇ ਹਨ ਅਤੇ ਹੋਰ ਸਟੇਟਾਂ ਵਲੋਂ ਵੀ ਇਹ ਫੈਸਲਾ ਕੀਤੇ ਜਾਣ ਦੀ ਸੰਭਾਵਨਾ ਹੈ।

ਇਹ ਕਾਨੂੰਨ ਬਣਨ ਤੋਂ ਬਾਅਦ ਕੋਈ ਵੀ ਵਿਅਕਤੀ ਭਾਵੇਂ ਉਸ ਦਾ ਪਰਵਾਸੀ ਰੁਤਬਾ ਕੁਝ ਵੀ ਹੋਵੇ, ਲਿਖਤੀ ਅਤੇ ਰੋਡ ਟੈਸਟ ਪਾਸ ਕਰਨ ਉਪਰੰਤ ਡਰਾਈਵਿੰਗ ਲਾਇਸੈਂਸ ਲੈ ਸਕੇਗਾ। ਇਸ ਲਾਇਸੈਂਸ ਉਪਰ ਇਹ ਦਰਜ ਹੋਵੇਗਾ ਕਿ ਇਸ ਨੂੰ ਸਿਰਫ ਗੱਡੀ ਚਲਾਉਣ ਦੇ ਲਾਇਸੈਂਸ ਵਜੋਂ ਵਰਤਿਆ ਜਾ ਸਕਦਾ ਹੈ ਅਤੇ ਫੈਡਰਲ ਪਛਾਣ ਲਈ ਇਸ ਦੀ ਵਰਤੋਂ ਨਹੀਂ ਹੋ ਸਕਦੀ। ਪਰਵਾਸੀਆਂ ਦੇ ਹਿੱਤਾਂ ਦੀ ਪੈਰਵੀ ਕਰਨ ਵਾਲੇ ਵਿਅਕਤੀਆਂ ਨੇ ਪਹਿਲਾਂ ਇਹ ਚਿੰਤਾ ਜਾਹਰ ਕੀਤੀ ਸੀ ਕਿ ਇਸ ਤਰ੍ਹਾਂ ਨਿਸ਼ਾਨ ਲਾਏ ਜਾਣ ਨਾਲ ਨਸਲੀ ਭਿੰਨ-ਭੇਦ ਦੀ ਸੰਭਾਵਨਾ ਬਣੀ ਰਹੇਗੀ।

ਸਟੇਟ ਅਧਿਕਾਰੀਆਂ ਦਾ ਅੰਦਾਜ਼ਾ ਹੈ ਕਿ ਨਵੇਂ ਕਾਨੂੰਨ ਦਾ ਫਾਇਦਾ ਉਠਾਉਂਦਿਆਂ ਕਰੀਬ 14 ਲੱਖ ਡਰਾਈਵਰਾਂ ਵਲੋਂ ਲਾਇਸੈਂਸ ਲੈਣ ਲਈ ਅਰਜੀ ਦਿੱਤੀ ਜਾਵੇਗੀ। ਇਸ ਕਾਨੂੰਨ ਦੀ ਸੂਬੇ ਦੀ ਪੁਲਿਸ ਮੁਖੀ ਐਸੋਸੀਏਸ਼ਨ ਅਤੇ ਇੰਸ਼ੋਰੈਂਸ ਅਧਿਕਾਰੀਆਂ ਨੇ ਵੀ ਹਮਾਇਤ ਕੀਤੀ ਹੈ। ਇਸ ਸਪਸ਼ਟ ਹੈ ਕਿ ਸਰਕਾਰੀ ਦਫਤਰਾਂ, ਲਾਇਬਰੇਰੀਆਂ ਅਤੇ ਬੈਂਕਾਂ ਵਲੋਂ ਇਸ ਲਾਇਸੈਂਸ ਨੂੰ ਪਛਾਣ ਦੇ ਦਸਤਾਵੇਜ਼ ਵਜੋਂ ਸਵੀਕਾਰ ਕੀਤਾ ਜਾਏਗਾ। ਲਾਇਸੈਂਸ ਜਨਵਰੀ 2015 ਤੋਂ ਦਿੱਤੇ ਜਾਣ ਦੀ ਸੰਭਾਵਨਾ ਹੈ।

ਇਹ ਪਹਿਲੀ ਵਾਰ ਨਹੀਂ ਹੈ ਕਿ ਕੈਲੀਫੋਰਨੀਆ ਸਟੇਟ ਅਸੈਂਬਲੀ ਵਲੋਂ ਬਿਨਾ ਕਾਗਜ਼ਾਂ ਤੋਂ ਰਹਿ ਰਹੇ ਪਰਵਾਸੀਆਂ ਨੂੰ ਡਰਾਈਵਿੰਗ ਲਾਇਸੈਂਸ ਲੈਣ ਦੇ ਯੋਗ ਬਣਾਉਣ ਲਈ ਅਜਿਹਾ ਕਾਨੂੰਨ ਪਾਸ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਵੀ ਅਸੈਂਬਲੀ ਵਲੋਂ ਕਾਨੂੰਨ ਪਾਸ ਕੀਤੇ ਗਏ ਸਨ ਪਰ ਉਸ ਸਮੇਂ ਦੇ ਗਵਰਨਰ ਅਰਨਲਡ ਸ਼ਵਾਰਜਨੇਗਰ ਨੇ ਰੱਦ ਕਰ ਦਿੱਤੇ ਸਨ। ਮੌਜੂਦਾ ਬਿਲ ਅਸੈਂਬਲੀ ਵਲੋਂ ਇਸ ਵਰ੍ਹੇ ਦੌਰਾਨ ਪਰਵਾਸੀਆਂ ਦੇ ਹੱਕ ਵਿਚ ਲਏ ਗਏ ਕਈ ਫੈਸਲਿਆਂ ਵਿਚੋਂ ਇਕ ਹੈ। ਇਨ੍ਹਾਂ ਵਿਚ ਅਸੈਂਬਲੀ ਵਲੋਂ ਘਰੇਲੂ ਵਰਕਰਾਂ ਨੂੰ ਓਵਰ ਟਾਈਮ ਦੀ ਸਹੂਲਤ ਦੇਣ ਅਤੇ ਸਥਾਨਕ ਕਾਨੂੰਨ ਅਧਿਕਾਰੀਆਂ ਅਤੇ ਫੈਡਰਲ ਇਮੀਗ੍ਰੇਸ਼ਨ ਅਧਿਕਾਰੀਆਂ ਵਿਚਾਲੇ ਤਾਲਮੇਲ ਘਟਾਉਣਾ ਸ਼ਾਮਲ ਹੈ।

ਗਵਰਨਰ ਬਰਾਊਨ ਨੂੰ ਲਾਟੀਨੋ ਵੋਟਰਾਂ ਦੀ ਵੱਡੀ ਹਮਾਇਤ ਹਾਸਲ ਹੈ ਜਿਨ੍ਹਾਂ ਦੀ ਗਿਣਤੀ ਕੈਲੀਫੋਰਨੀਆ 'ਚ ਨਿਰੰਤਰ ਵਧਦੀ ਜਾ ਰਹੀ ਹੈ।

*To Advertise with Punjab Times*
***Call: 847-359-0746***

ਰੇਡੀਓ ਚੰਨ ਪ੍ਰਦੇਸੀ

ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ

ਹੋਰ ਜਾਣਕਾਰੀ ਲਈ ਕਾਲ ਕਰੋ

ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991
ਸਰਵਣ ਸਿੰਘ ਟਿਵਾਣਾ, ਫੋਨ:219-670-4579

## Matrimonial

### ਕੰਨਿਆਂ ਦੀ ਲੋੜ

Looking match for Saini Sikh turbaned boy, computer engineer, 5'-8", completed higher study in Canada recently, belongs to Dist. Hoshiapur. California girl preferred. Contact: 510-557-6988 or raj@gfbontime.com

ਜੱਟ ਸਿੱਖ ਇੰਡੀਅਨਐਪੋਲਿਸ ਰਹਿੰਦੇ, ਉਮਰ 29, ਕੱਦ 5'-6", ਗਰੀਨ ਕਾਰਡ ਹੋਲਡਰ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: 317-364-2016, ਈ-ਮੇਲ: nkra123@yahoo.com

ਕੰਬੋਜ ਸਿੱਖ ਥਿੰਦ, ਕੱਦ 6 ਫੁੱਟ, ਗਰੀਨ ਕਾਰਡ ਹੋਲਡਰ, ਆਟੋ ਮਕੈਨਿਕ ਲੜਕੇ ਲਈ ਅਮਰੀਕਾ ਰਹਿੰਦੀ ਗਰੀਨ ਕਾਰਡ ਹੋਲਡਰ ਜਾਂ ਵਿਜ਼ੀਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ: 916-470-5520

Kamboj Sikh boy 28, 6', clean shaven, teetotaler, doing MBA from US Top 20 Business School, seeks educated, pretty girl preferably settled in US. No siblings. Parents getting US PR by start of 2014. Uncle and other family members settled in US for more than 20 years. Caste No Bar. Contact, Ph: 281-451-2173, e-mail: matri9285@gmail.com.

*punjabtimesusa.com*

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

**Transportation Funding Group, Inc.**

Minneapolis , MN 55426

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

***National Truck Driving School***

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-419-5058**

**1816 Main Ave., Secramento CA, 95838**

# ਲੰਮਾ ਸਮਾਂ ਲਟਕੇਗਾ ਸ਼੍ਰੋਮਣੀ ਕਮੇਟੀ ਦਾ ਰੇੜਕਾ

## ਪ੍ਰਧਾਨ ਅਵਤਾਰ ਸਿੰਘ ਮੱਕੜ ਦੀ ਪ੍ਰਧਾਨਗੀ ਅਜੇ ਬਰਕਰਾਰ

**ਅੰਮ੍ਰਿਤਸਰ:** ਸੁਪਰੀਮ ਕੋਰਟ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਵਤਾਰ ਸਿੰਘ ਮੱਕੜ ਦੀ ਅਗਵਾਈ ਵਾਲੀ ਅੰਤ੍ਰਿੰਗ ਕਮੇਟੀ ਅਗਲੇ ਹੁਕਮਾਂ ਤਕ ਆਪਣੀ ਜ਼ਿੰਮੇਵਾਰੀ ਨਿਭਾਉਂਦੀ ਰਹੇਗੀ। ਇਹ ਹੁਕਮ ਸੁਪਰੀਮ ਕੋਰਟ ਦੇ ਜਸਟਿਸ ਆਰ.ਐਮ. ਲੋਢਾ ਤੇ ਜਸਟਿਸ ਸ਼ਿਵ ਕੀਰਤੀ ਸਿੰਘ ਦੇ ਬੈਂਚ ਨੇ ਜਾਰੀ ਕੀਤਾ। ਬੈਂਚ ਮਾਮਲੇ ਦੀ ਸੁਣਵਾਈ ਇਕ ਸਾਲ ਵਿਚਾਲੇ ਕਰੇਗਾ। ਇੰਜ ਸੁਪਰੀਮ ਕੋਰਟ ਦੇ ਹੁਕਮਾਂ ਮੁਤਾਬਕ ਕਾਨੂੰਨੀ ਘੁੰਮਣ ਘੇਰੀ ਵਿਚ ਫਸੇ ਸ਼੍ਰੋਮਣੀ ਕਮੇਟੀ ਦੇ ਨਵੇਂ ਚੁਣੇ ਹੋਏ ਸਦਨ (ਹਾਊਸ) ਨੂੰ ਹੋਂਦ ਵਿਚ ਆਉਣ ਲਈ ਹਾਲੇ ਇਕ ਸਾਲ ਹੋਰ ਉਡੀਕ ਕਰਨੀ ਪਵੇਗੀ। ਸਦਨ ਦੇ ਮੈਂਬਰਾਂ ਦੀ ਚੋਣ ਨੂੰ ਪਹਿਲਾਂ ਹੀ ਦੋ ਸਾਲ ਬੀਤ ਚੁੱਕੇ ਹਨ।

ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਦੇ ਮੈਂਬਰਾਂ ਦੀ ਚੋਣ 18 ਸਤੰਬਰ 2011 ਨੂੰ ਹੋਈ ਸੀ। ਨਵੇਂ ਸਦਨ ਵਾਸਤੇ 15 ਮੈਂਬਰ ਦਸੰਬਰ 2011 ਵਿਚ ਨਾਮਜ਼ਦ ਕੀਤੇ ਗਏ ਸਨ। ਇਸ ਬਾਰੇ ਕੇਂਦਰ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਸੀ ਪਰ ਉਸੇ ਵੇਲੇ ਹੀ ਹਾਈ ਕੋਰਟ ਵਲੋਂ 20 ਦਸੰਬਰ, 2011 ਨੂੰ ਦਿੱਤੇ ਗਏ ਫੈਸਲੇ ਨਾਲ ਸ਼੍ਰੋਮਣੀ ਕਮੇਟੀ ਦੇ ਨਵੇਂ ਸਦਨ ਦਾ ਭਵਿੱਖ ਵਿਚਾਲੇ ਲਟਕ ਗਿਆ ਸੀ। ਉਸ ਵੇਲੇ ਸਹਿਜਧਾਰੀ ਸਿੱਖਾਂ ਨੂੰ ਵੋਟ ਪਾਉਣ ਤੋਂ ਰੋਕਣ ਵਾਲਾ 2003 ਵਿਚ ਜਾਰੀ ਹੋਇਆ ਨੋਟੀਫਿਕੇਸ਼ਨ ਹਾਈ ਕੋਰਟ ਨੇ ਰੱਦ ਕਰ ਦਿੱਤਾ



ਸੀ। ਸ਼੍ਰੋਮਣੀ ਕਮੇਟੀ ਨੇ ਹਾਈ ਕੋਰਟ ਦੇ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ ਅਤੇ ਇਹ ਕੇਸ ਪਿਛਲੇ ਦੋ ਸਾਲਾਂ ਤੋਂ ਵਿਚਾਰ ਅਧੀਨ ਹੈ।

ਇਸ ਦੇ ਨਾਲ ਹੀ ਬੈਂਚ ਨੇ ਸ਼੍ਰੋਮਣੀ ਕਮੇਟੀ ਦੀ ਪਟੀਸ਼ਨ ਸੁਣਵਾਈ ਲਈ ਮਨਜ਼ੂਰ ਕਰ ਲਈ ਜਿਸ ਵਿਚ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਹਿਜਧਾਰੀਆਂ ਦਾ ਵੋਟ ਦਾ ਹੱਕ ਬਹਾਲ ਕਰਨ ਦੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ 20 ਦਸੰਬਰ, 2011 ਨੂੰ ਦਿੱਤੇ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ। ਮਾਮਲੇ ਦੀ ਅਹਿਮੀਅਤ ਨੂੰ ਤਸਲੀਮ ਕਰਦਿਆਂ ਅਦਾਲਤ ਨੇ ਕਿਹਾ ਕਿ ਇਸ ਵੱਲੋਂ ਪਟੀਸ਼ਨ ਦੀ ਵਿਸਥਾਰਤ ਸੁਣਵਾਈ ਇਕ ਸਾਲ ਵਿਚਾਲੇ ਸ਼ੁਰੂ ਹੋਵੇਗੀ।

ਅਦਾਲਤ ਨੇ ਕੇਸ ਨੂੰ ਆਮ ਕੇਸਾਂ ਵਾਲੀ ਕਤਾਰ ਵਿਚ ਨਹੀਂ ਲਾਇਆ ਜਿਸ ਨਾਲ ਇਸ ਦੀ ਸੁਣਵਾਈ ਹੋਰ ਪਛੜ ਜਾਵੇਗੀ। ਜਦੋਂ ਮਾਮਲਾ ਬੈਂਚ ਅੱਗੇ ਪੇਸ਼ ਹੋਇਆ ਤਾਂ ਸ਼੍ਰੋਮਣੀ ਕਮੇਟੀ, ਸਹਿਜਧਾਰੀ ਸਿੱਖ ਫੈਡਰੇਸ਼ਨ ਤੇ ਕੇਂਦਰ ਦੇ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੇ ਆਪੋ-ਆਪਣੇ ਲਿਖਤੀ ਦਾਅਵੇ ਇਕ-ਦੂਜੇ ਨਾਲ ਵਟਾ ਲਏ ਹਨ ਤੇ ਮਾਮਲੇ ਦੀ ਸੁਣਵਾਈ ਹੋ ਸਕਦੀ ਹੈ। ਇਸ ਉਤੇ ਅਦਾਲਤ ਨੇ ਅੰਤ੍ਰਿੰਗ ਕਮੇਟੀ ਦੇ ਜਾਰੀ ਰਹਿਣ ਤੇ ਅਗਲੀ ਸੁਣਵਾਈ ਬਾਰੇ ਹੁਕਮ ਜਾਰੀ ਕੀਤੇ।

ਇਸ ਤੋਂ ਪਹਿਲਾਂ ਬੀਤੀ 30 ਮਾਰਚ ਨੂੰ ਸੁਪਰੀਮ ਕੋਰਟ ਨੇ ਸ਼੍ਰੋਮਣੀ ਕਮੇਟੀ ਦੀ ਨਵੰਬਰ 2010 ਵਿਚ ਚੁਣੀ ਗਈ ਅੰਤ੍ਰਿੰਗ ਕਮੇਟੀ ਨੂੰ ਹੀ ਕੰਮ ਕਰਦੇ ਰਹਿਣ ਲਈ ਕਿਹਾ ਸੀ ਕਿਉਂਕਿ ਸਤੰਬਰ 2011 ਵਿਚ ਚੁਣੇ ਗਏ ਸ਼੍ਰੋਮਣੀ ਕਮੇਟੀ ਦੇ ਨਵੇਂ ਹਾਊਸ ਨੂੰ ਇਨ੍ਹਾਂ ਚੋਣਾਂ ਵਿਚ ਸਹਿਜਧਾਰੀਆਂ ਨੂੰ ਵੋਟਾਂ ਦਾ ਹੱਕ ਨਾ ਹਾਸਲ ਹੋਣ ਕਾਰਨ ਸੇਵਾ ਸੰਭਾਲ ਤੋਂ ਰੋਕ ਦਿੱਤਾ ਗਿਆ ਸੀ। ਸਾਰੀਆਂ ਧਿਰਾਂ ਨੇ ਹੋਰ ਕੋਈ ਚਾਰਾ ਨਾ ਹੋਣ ਕਾਰਨ ਬੈਂਚ ਦੇ ਇਨ੍ਹਾਂ ਅੰਤਰਿਮ ਹੁਕਮਾਂ ਨੂੰ ਮਨਜ਼ੂਰ ਕਰ ਲਿਆ ਸੀ।

ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਫੈਸਲੇ ਤੇ ਸੁਪਰੀਮ ਕੋਰਟ ਦੇ ਸਤੰਬਰ 2011 ਦੇ ਹੁਕਮਾਂ ਦੀ ਰੋਸ਼ਨੀ ਵਿਚ ਸ਼੍ਰੋਮਣੀ ਕਮੇਟੀ ਦੇ ਨਵੇਂ ਹਾਊਸ ਬਾਰੇ ਕਿਹਾ ਸੀ ਕਿ 'ਨਵੇਂ ਬੋਰਡ ਦੀ ਕਾਨੂੰਨੀ ਵਾਜਬੀਅਤ ਸ਼ੱਕੀ ਬਣ ਗਈ ਹੈ ਤੇ ਚੋਣਾਂ ਨੂੰ ਕਾਨੂੰਨ ਮੁਤਾਬਕ ਸਹੀ ਨਹੀਂ' ਮੰਨਿਆ ਗਿਆ।

## ਹਾਈ ਕੋਰਟ ਦੇ ਫੈਸਲੇ ਦਾ ਸਨਮਾਨ ਹੋਵੇ: ਰਾਣੂ

ਸਹਿਜਧਾਰੀ ਸਿੱਖ ਪਾਰਟੀ ਦੇ ਪ੍ਰਧਾਨ ਡਾ. ਪਰਮਜੀਤ ਸਿੰਘ ਰਾਣੂ ਨੇ ਆਖਿਆ ਕਿ ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਉਹ ਹਾਈ ਕੋਰਟ ਦੇ ਫੈਸਲੇ ਦਾ ਸਨਮਾਨ ਕਰੇ ਤੇ ਸੁਪਰੀਮ ਕੋਰਟ ਵਿਚ ਦਾਇਰ ਪਟੀਸ਼ਨ ਵਾਪਸ ਲੈ ਲਵੇ। ਇਸ ਨਾਲ ਨਵੀਂ ਚੋਣ ਹੋਵੇਗੀ ਤੇ ਸਹਿਜਧਾਰੀਆਂ ਨੂੰ ਵੋਟ ਪਾਉਣ ਦਾ ਹੱਕ ਮਿਲ ਜਾਵੇਗਾ ਜਿਸ ਲਈ ਹੁਣ ਤਕ ਪਾਰਟੀ ਵੱਲੋਂ ਜੱਦੋ ਜਹਿਦ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਮਾਮਲੇ ਨੂੰ ਹੱਲ ਕਰਨ ਦਾ ਇਹੋ ਇਕ ਤਰੀਕਾ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਸਹਿਜਧਾਰੀ ਸਿੱਖਾਂ ਦੀਆਂ ਭਾਵਨਾਵਾਂ ਦਾ ਸਨਮਾਨ ਕਰੇ। ਉਨ੍ਹਾਂ ਆਖਿਆ ਕਿ ਸਹਿਜਧਾਰੀ ਵੀ ਅੰਮ੍ਰਿਤਧਾਰੀ ਉਮੀਦਵਾਰਾਂ ਨੂੰ ਹੀ ਵੋਟਾਂ ਪਾਉਣਗੇ। ਉਹ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੂੰ ਅਜਿਹੀ ਅਪੀਲ ਕਰ ਚੁੱਕੇ ਹਨ ਜੋ ਰੱਦ ਕਰ ਦਿੱਤੀ ਗਈ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦੀ ਸਪੈਸ਼ਲ ਲੀਵ ਪਟੀਸ਼ਨ (ਐਸਐਲਪੀ) ਨੂੰ ਸੁਪਰੀਮ ਕੋਰਟ ਵਿਚ ਦਾਖਲ ਕਰ ਲਿਆ ਜਾਣਾ ਹੀ ਵੱਡੀ ਰਾਹਤ ਵਾਲੀ ਗੱਲ ਹੈ। ਸ਼੍ਰੋਮਣੀ ਕਮੇਟੀ ਦੀ ਸਾਬਕਾ ਜਨਰਲ ਸਕੱਤਰ ਬੀਬੀ ਕਿਰਨਜੋਤ ਕੌਰ ਨੇ ਆਖਿਆ ਕਿ ਸੁਪਰੀਮ ਕੋਰਟ ਨੇ ਸੁਣਵਾਈ ਇਕ ਸਾਲ ਵਿਚ ਕਰਨ ਦਾ ਹੁਕਮ ਸੁਣਾ ਕੇ ਮਾਮਲੇ ਨੂੰ ਅੱਗੇ ਪਾ ਦਿੱਤਾ ਹੈ। ਹੁਣ ਕਮੇਟੀ ਨੂੰ ਕੋਈ ਸਿਆਸੀ ਚਾਰਾਜੋਈ ਕਰਨੀ ਚਾਹੀਦੀ ਹੈ।

# ਖ਼ਾਲਸਾ ਫ਼ਿਲਮ ਪ੍ਰੋਡਕਸ਼ਨ ਵੱਲੋਂ ਸਿੱਖ ਰਵਾਇਤਾਂ ਬਾਰੇ ਲਘੂ ਫ਼ਿਲਮ ਤਿਆਰ

**ਜਲੰਧਰ:** ਖ਼ਾਲਸਾ ਫ਼ਿਲਮ ਪ੍ਰੋਡਕਸ਼ਨ ਵੱਲੋਂ ਸਿੱਖ ਰਵਾਇਤਾਂ ਨੂੰ ਪ੍ਰਚਾਰਨ ਤੇ ਪਤਿਤਪੁਣੇ ਨੂੰ ਠੱਲ੍ਹ ਪਾਉਣ ਲਈ ਲਘੂ ਫ਼ਿਲਮ 'ਕੌਰ' ਤਿਆਰ ਕੀਤੀ ਗਈ ਹੈ। 12 ਮਿੰਟ ਦੀ ਇਸ ਸੰਖੇਪ ਪਰ ਭਾਵਪੂਰਤ ਫ਼ਿਲਮ ਨੂੰ ਵੱਖ-ਵੱਖ ਧਾਰਮਿਕ ਸੰਗਠਨਾਂ ਦੇ ਆਗੂਆਂ ਤੇ ਖ਼ਾਲਸਾ ਫ਼ਿਲਮ ਪ੍ਰੋਡਕਸ਼ਨ ਦੇ ਸੰਚਾਲਕ ਪ੍ਰਮਿੰਦਰਪਾਲ ਸਿੰਘ ਖ਼ਾਲਸਾ ਵੱਲੋਂ ਜਾਰੀ ਕੀਤਾ ਗਿਆ।

ਖ਼ਾਲਸਾ ਫ਼ਿਲਮ ਪ੍ਰੋਡਕਸ਼ਨ ਵੱਲੋਂ ਪਹਿਲਾਂ ਵੀ ਸਿੱਖ ਨੌਜਵਾਨਾਂ ਬਾਰੇ 'ਫਤਹਿ' ਨਾਂ ਦੀ ਫ਼ਿਲਮ ਤਿਆਰ ਕੀਤੀ ਗਈ ਹੈ। ਸ. ਖ਼ਾਲਸਾ ਨੇ ਦੱਸਿਆ ਕਿ ਇਸ ਫ਼ਿਲਮ ਨੂੰ ਮਿਲੇ ਹੁੰਗਾਰੇ ਤੋਂ ਉਤਸ਼ਾਹਤ ਹੋ ਕੇ ਹੀ 'ਕੌਰ' ਨਾਂ ਦੀ ਲਘੂ ਫ਼ਿਲਮ ਬਣਾਉਣ ਬਾਰੇ ਉਨ੍ਹਾਂ ਫ਼ੈਸਲਾ ਲਿਆ ਹੈ। ਉਨ੍ਹਾਂ ਦੱਸਿਆ ਕਿ ਸ. ਰਜਿੰਦਰ ਸਿੰਘ ਪੁਰੇਵਾਲ ਚੇਅਰਮੈਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ (ਯੂ.ਕੇ.), ਹਰਜੀਤ ਸਿੰਘ ਐਡੀਟਰ ਸਿੱਖ ਫੁਲਵਾੜੀ, ਰਾਜਾ ਸਿੰਘ ਮਿਸ਼ਨਰੀ (ਦਿ ਸਿੱਖ ਹਾਊਸ ਅਮਰੀਕਾ), ਸੁਰਿੰਦਰਪਾਲ ਸਿੰਘ ਗੋਲਡੀ ਸੀਨੀਅਰ ਮੀਤ ਪ੍ਰਧਾਨ ਸਿੱਖ ਸੇਵਕ ਸੁਸਾਇਟੀ, ਪ੍ਰੋ. ਬਲਵਿੰਦਰਪਾਲ ਸਿੰਘ ਜਨਰਲ ਸਕੱਤਰ ਸਿੱਖ ਸੇਵਕ ਸੁਸਾਇਟੀ ਤੇ ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਦੀ ਪ੍ਰਬੰਧਕ ਕਮੇਟੀ ਤੇ ਸਮੂਹ ਸਟਾਫ ਵੱਲੋਂ ਭਰਪੂਰ ਸਹਿਯੋਗ ਮਿਲਿਆ ਹੈ।

ਫ਼ਿਲਮ ਦੇ ਨਿਰਦੇਸ਼ਕ ਗੁਰਤੇਜ ਸਿੰਘ ਠੁਕਰਾਲ ਹਨ ਤੇ ਫ਼ਿਲਮ ਵਿਚ ਕੰਮ ਕਰਨ ਵਾਲੇ ਕਲਾਕਾਰਾਂ ਵਿਚ ਬੀਬੀ ਹਰਪ੍ਰੀਤ ਕੌਰ, ਸੁਮਨ ਸ਼ਰਮਾ ਤੇ ਖਿਆਤੀ ਨਾਂ ਦੀ ਬੱਚੀ ਪ੍ਰਮੁੱਖ ਹਨ।

# ਸੱਜਣ ਕੁਮਾਰ ਖਿਲਾਫ ਮੁਕੱਦਮਾ ਜਾਰੀ ਰਹੇਗਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਪਸ਼ਟ ਕੀਤਾ ਹੈ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਛੇ ਵਿਅਕਤੀਆਂ ਦੀ ਹੱਤਿਆ ਲਈ ਕਾਂਗਰਸੀ ਆਗੂ ਸੱਜਣ ਕੁਮਾਰ ਤੇ ਹੋਰਾਂ ਵਿਰੁੱਧ ਚੱਲ ਰਿਹਾ ਕੇਸ ਜਾਰੀ ਰਹੇਗਾ ਤੇ ਉਨ੍ਹਾਂ 'ਤੇ ਲਾਏ ਦੋਸ਼ ਰੱਦ ਕਰਨ ਬਾਰੇ ਇਸੇ ਅਦਾਲਤ ਵਿਚ ਅਪੀਲ ਵਿਚਾਰ ਅਧੀਨ ਹੋਣ ਦੇ ਬਾਵਜੂਦ ਹੇਠਲੀ ਅਦਾਲਤ ਵਿਚ ਉਨ੍ਹਾਂ ਵਿਰੁੱਧ ਮੁਕੱਦਮੇ ਦੀ ਕਾਰਵਾਈ ਜਾਰੀ ਰਹੇਗੀ। ਜਸਟਿਸ ਏ.ਕੇ. ਪਟਨਾਇਕ ਆਧਾਰਤ ਡਿਵੀਜ਼ਨ ਬੈਂਚ ਨੇ ਕਿਹਾ ਕਿ ਸੱਜਣ ਕੁਮਾਰ ਤੇ ਹੋਰਾਂ ਵਿਰੁੱਧ ਹੱਤਿਆ ਦੇ ਉਪਰੋਕਤ ਕੇਸ ਵਿਚ ਚੱਲ ਰਹੀ ਕਾਰਵਾਈ 'ਤੇ ਰੋਕ ਨਹੀਂ ਲਾਈ ਜਾਵੇਗੀ।

ਬੈਂਚ ਨੂੰ ਦੱਸਿਆ ਗਿਆ ਸੀ ਕਿ ਸੱਜਣ ਕੁਮਾਰ ਤੇ ਹੋਰਾਂ ਨੂੰ ਇਸ ਆਧਾਰ 'ਤੇ ਟਰਾਇਲ ਕੋਰਟ ਵਿਚ ਵਾਰ-ਵਾਰ ਸੁਣਵਾਈ ਅੱਗੇ ਪਾਉਣ ਦੀ ਤਵੱਕੋ ਨਹੀਂ ਰੱਖਣੀ ਚਾਹੀਦੀ ਕਿ ਉਨ੍ਹਾਂ ਦੀ ਅਪੀਲ ਸੁਪਰੀਮ ਕੋਰਟ ਵਿਚ ਵਿਚਾਰ ਅਧੀਨ ਹੈ। ਬੈਂਚ ਨੇ ਮਾਮਲੇ ਦੀ ਸੁਣਵਾਈ 28 ਅਕਤੂਬਰ



'ਤੇ ਪਾ ਦਿੱਤੀ। ਸੱਜਣ ਕੁਮਾਰ, ਬ੍ਰਹਮਨੰਦ ਗੁਪਤਾ ਤੇ ਹੋਰ ਮੁਲਜ਼ਮਾਂ ਵੱਲੋਂ ਹੇਠਲੀ ਅਦਾਲਤ ਤੇ ਦਿੱਲੀ ਹਾਈ ਕੋਰਟ ਦੇ ਉਨ੍ਹਾਂ ਦੀਆਂ ਆਪਣੇ ਵਿਰੁੱਧ ਲੱਗੇ ਦੋਸ਼ ਰੱਦ ਕਰਨ ਦੀਆਂ ਅਪੀਲਾਂ ਖ਼ਾਰਜ ਕੀਤੇ ਜਾਣ ਦੇ ਫ਼ੈਸਲਿਆਂ ਵਿਰੁੱਧ ਅਪੀਲ 'ਤੇ ਸੁਪਰੀਮ ਕੋਰਟ ਵਿਚ ਸੁਣਵਾਈ ਚੱਲ ਰਹੀ ਸੀ।

ਸੱਜਣ ਦੀ ਅਪੀਲ ਖ਼ਾਰਜ ਕਰਦਿਆਂ, ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਹੁਕਮ ਬਹਾਲ ਰੱਖਦੇ ਹੋਏ ਕਿਹਾ ਸੀ ਕਿ ਦੋਸ਼ ਲਾਏ ਜਾ ਸਕਣ ਬਾਰੇ ਜੇਕਰ ਅਦਾਲਤ ਨੂੰ ਬਹੁਤ ਸ਼ੱਕ ਹੈ ਕਿ ਮੁਲਜ਼ਮਾਂ ਨੇ ਅਪਰਾਧ ਕੀਤੇ ਹਨ ਤੇ ਇਸ ਦੇ ਲਈ ਤਕੜਾ ਆਧਾਰ ਹੈ ਤਾਂ ਉਨ੍ਹਾਂ ਵਿਰੁੱਧ ਦੋਸ਼ ਖ਼ਾਰਜ ਨਹੀਂ ਕੀਤੇ ਜਾ ਸਕਦੇ। ਉਂਜ, ਹਾਈ ਕੋਰਟ ਨੇ ਸੱਜਣ ਤੇ ਉਸ ਦੇ ਸਹਿ-ਮੁਲਜ਼ਮਾਂ ਵੇਦ ਪ੍ਰਕਾਸ਼ ਪਿਆਲ ਤੇ ਗੁਪਤਾ ਵਿਰੁੱਧ ਸਾਜ਼ਿਸ਼ ਦੇ ਵਧੀਕ ਦੋਸ਼ ਲਾਏ ਜਾਣ ਤੋਂ ਇਹ ਕਹਿੰਦਿਆਂ ਨਾਂਹ ਕਰ ਦਿੱਤੀ ਕਿ ਇਸ ਦਾ ਕੋਈ ਪ੍ਰਮਾਣ ਨਹੀਂ ਹੈ।

ਅਦਾਲਤ ਨੇ ਪਿਆਲ ਤੇ ਗੁਪਤਾ ਦੀ ਆਪਣੇ 'ਤੇ ਦੋਸ਼ ਲਾਏ ਜਾਣ ਵਿਰੁੱਧ ਅਰਜ਼ੀ ਵੀ ਖ਼ਾਰਜ ਕਰ ਦਿੱਤੀ। ਹਾਈ ਕੋਰਟ ਨੇ ਕਿਹਾ ਸੀ ਕਿ ਇਹ ਤਾਂ ਤੈਅ ਹੈ ਕਿ ਮੁੱਢਲੇ ਪੜਾਅ ਵਿਚ ਜੇਕਰ ਪੱਕਾ ਸ਼ੱਕ ਹੋਵੇ ਜਿਸ ਤੋਂ ਅਦਾਲਤ ਨੂੰ ਜਾਪੇ ਕਿ ਮੁਲਜ਼ਮ ਵੱਲੋਂ ਗੁਨਾਹ ਕੀਤਾ ਗਿਆ ਮੰਨਿਆ ਜਾ ਸਕਦਾ ਹੈ ਤਾਂ ਉਸ ਵਿਰੁੱਧ ਦੋਸ਼ ਤੈਅ ਕੀਤੇ ਜਾਣਗੇ।

# ਮੁਗਲਾਂ ਵੇਲੇ ਦਾ ਗਲੀਚਾ ਨਿਲਾਮ

**ਲੰਡਨ:** ਭਾਰਤ ਦੇ ਮੁਗਲ ਸਾਮਰਾਜ ਵੇਲੇ ਦਾ ਬਹੁਤ ਹੀ ਖ਼ੂਬਸੂਰਤ ਗਲੀਚਾ ਲੰਡਨ ਦੇ ਕਰੈਸਟੀ ਹਾਊਸ ਵਿਚ ਨਿਲਾਮ ਹੋਇਆ। ਇਹ ਗਲੀਚਾ 17ਵੀਂ ਸਦੀ ਤੇ ਅਖੀਰ ਤੇ 18ਵੀਂ ਸਦੀ ਦੇ ਆਰੰਭ ਦਾ ਬਣਿਆ ਹੋਇਆ ਹੈ। ਬਹੁਤ ਹੀ ਵਧੀਆ ਹਾਲਤ ਦਾ ਇਹ ਗਲੀਚਾ ਪਿਛਲੀ ਇਕ ਸਦੀ ਤੋਂ ਅਮਰੀਕਾ ਦੇ ਉਦਯੋਗਪਤੀ ਕੌਰਨੀਲਿਸ ਵੈਨਦਰਬਿਲਟ ਦੂਜੇ ਦੇ ਪਰਿਵਾਰ ਕੋਲ ਹੈ।



ਭਾਰਤ ਦੇ ਮੁਗਲ ਸਾਮਰਾਜ ਦਾ ਇਹ 12 ਅਦਭੁਤ ਤੇ ਖ਼ੂਬਸੂਰਤ ਗਲੀਚਿਆਂ ਵਿਚੋਂ ਇਕ ਹੈ ਜਿਸ ਦੀ ਅੱਠ ਅਕਤੂਬਰ ਨੂੰ ਲੰਡਨ ਵਿਚ ਨਿਲਾਮੀ ਹੋਈ। ਨਿਲਾਮੀ ਘਰ ਅਨੁਸਾਰ ਇਹ ਗਲੀਚਾ 1989 ਵਿਚ ਨਿਊਯਾਰਕ ਅਮਰੀਕਾ ਵਿਚ 719000 ਡਾਲਰ ਦਾ ਤੇ 1995 ਵਿਚ ਮੁੜ 992000 ਡਾਲਰ ਦਾ ਵਿਕਿਆ ਸੀ ਜਦਕਿ ਹੁਣ ਇਸ ਦੀ ਬੋਲੀ 150 ਲੱਖ ਪੌਂਡ ਤੋਂ 200 ਲੱਖ ਪਾਡ ਤੱਕ ਜਾਣ ਦੀ ਸੰਭਾਵਨਾ ਸੀ ਜੋ ਭਾਰਤੀ ਕਰੰਸੀ ਅਨੁਸਾਰ 1.5 ਤੋਂ 2 ਅਰਬ ਰੁਪਏ ਤੱਕ ਬਣਦੀ ਹੈ।

# ਸੱਜਣ ਦੀ ਗਵਾਹਾਂ ਨੂੰ ਹਟਾਉਣ ਬਾਰੇ ਅਪੀਲ ਦਾ ਵਿਰੋਧ

**ਨਵੀਂ ਦਿੱਲੀ:** 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਨੇ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਸੀਬੀਆਈ ਦੇ ਨੌਂ ਗਵਾਹਾਂ ਨੂੰ ਹਟਾਉਣ ਦੀ ਦਿੱਲੀ ਅਦਾਲਤ ਵਿਚ ਪਾਈ ਬੇਨਤੀ ਦਾ ਵਿਰੋਧ ਕੀਤਾ ਤੇ ਕਿਹਾ ਕਿ ਉਹ ਬਹੁਤ ਮਹੱਤਵਪੂਰਨ ਗਵਾਹ ਹਨ ਤੇ ਉਨ੍ਹਾਂ ਨੂੰ ਸੂਚੀ ਵਿਚੋਂ ਕੱਢਣਾ ਵੱਡੀ ਬੇਇਨਸਾਫੀ ਹੋਵੇਗੀ। ਪੀੜਤਾਂ ਵੱਲੋਂ ਪੇਸ਼ ਸੀਨੀਅਰ ਐਡਵੋਕੇਟ ਐਚ.ਐਸ. ਫੂਲਕਾ ਨੇ ਦੱਸਿਆ ਕਿ ਸੀਬੀਆਈ ਨੇ ਤਿੰਨ ਵੱਖ-ਵੱਖ ਐਫਆਈਆਰਜ਼ ਤੇ ਨੌਂ ਸਰਕਾਰੀ ਗਵਾਹਾਂ ਨੂੰ ਲੈ ਕੇ ਇਕ ਸਮੁਚਿਤ ਚਾਰਜਸ਼ੀਟ ਦਾਇਰ ਕੀਤੀ ਸੀ।

ਇਸ ਵਿਚਲੇ ਨੌਂ ਗਵਾਹ ਇਸ ਮਾਮਲੇ ਵਿਚ ਬਹੁਤ ਮਹੱਤਵਪੂਰਨ ਹਨ ਤੇ ਉਨ੍ਹਾਂ ਨੂੰ ਲਾਂਭੇ ਨਹੀਂ ਕੀਤਾ ਜਾ ਸਕਦਾ। ਫੂਲਕਾ ਨੇ ਜ਼ਿਲ੍ਹਾ ਜੱਜ ਜੇ.ਆਰ. ਆਰਿਅਨ ਅੱਗੇ ਸੱਜਣ ਕੁਮਾਰ ਤੇ ਤਿੰਨ ਹੋਰਾਂ ਦੀ ਬੇਨਤੀ 'ਤੇ ਸੁਣਵਾਈ ਦੌਰਾਨ ਇਹ ਪੱਖ ਪੇਸ਼ ਕੀਤਾ। ਸੱਜਣ ਕੁਮਾਰ ਤੇ ਤਿੰਨ ਹੋਰ ਮੁਲਜ਼ਮਾਂ ਨੇ ਇਹ ਕਹਿ ਕੇ ਏਜੰਸੀ ਦੇ ਗਵਹਾਂ ਨੂੰ ਲਾਂਭੇ ਕਰਨ ਲਈ ਬੇਨਤੀ ਕੀਤੀ ਸੀ ਕਿ ਇਨ੍ਹਾਂ ਦੀ ਸ਼ਮੂਲੀਅਤ ਤਰਕਹੀਣ ਹੈ। ਪੀੜਤਾਂ ਦੇ ਵਕੀਲ ਨੇ ਦਲੀਲ ਦਿੱਤੀ ਕਿ ਜੇਕਰ ਇਹ ਗਵਾਹ ਹਟਾ ਦਿੱਤੇ ਗਏ ਤਾਂ ਇਹ ਵੱਡੀ ਬੇਇਨਸਾਫੀ ਹੋਵੇਗੀ।

ਇਸੇ ਦੌਰਾਨ ਸੀਬੀਆਈ ਨੇ ਸੱਜਣ ਕੁਮਾਰ ਤੇ ਹੋਰਾਂ ਦੀਆਂ ਉਨ੍ਹਾਂ ਅਰਜ਼ੀਆਂ 'ਤੇ ਆਪਣਾ ਜਵਾਬ ਪੇਸ਼ ਕੀਤਾ ਜਿਨ੍ਹਾਂ ਵਿਚ ਦੰਗਿਆਂ ਨਾਲ ਜੁੜੇ ਦੋ ਹੋਰ ਕੇਸਾਂ ਦਾ ਰਿਕਾਰਡ ਮੰਗਾਏ ਜਾਣ ਦੀ ਬੇਨਤੀ ਕੀਤੀ ਗਈ ਹੈ। ਇਨ੍ਹਾਂ ਦੋਵਾਂ ਕੇਸਾਂ ਦਾ ਫੈਸਲਾ ਪਹਿਲਾਂ ਹੀ ਹੋ ਚੁੱਕਿਆ ਹੈ।

ਫੂਲਕਾ ਨੇ ਅਦਾਲਤ ਨੂੰ ਦੱਸਿਆ ਕਿ ਦਿੱਲੀ ਹਾਈ ਕੋਰਟ ਵਿਚ ਵੱਡੀ ਗਿਣਤੀ ਅਪੀਲਾਂ ਬਕਾਇਆ ਪਈਆਂ ਹਨ ਤੇ ਇਸ ਹਾਲਾਤ ਵਿਚ ਮੁਲਜ਼ਮ ਲੋੜੀਂਦੇ ਦਸਤਾਵੇਜ਼ਾਂ ਦੀ ਤਸਦੀਕਸ਼ੁਦਾ ਕਾਪੀ ਦੇ ਸਕਦੇ ਹਨ। ਜਿਰਾਹ 19 ਅਕਤੂਬਰ ਤੱਕ ਜਾਰੀ ਰਹੇਗੀ।

# ਪੰਜਾਬ ਯੂਨੀਵਰਸਿਟੀ ਕੌਮਾਂਤਰੀ ਸੂਚੀ ਵਿਚ ਸ਼ੁਮਾਰ

**ਨਵੀਂ ਦਿੱਲੀ:** ਪੰਜਾਬ ਯੂਨੀਵਰਸਿਟੀ ਨੇ ਟਾਈਮਜ਼ ਵੱਲੋਂ ਜਾਰੀ 2013-14 ਦੀਆਂ ਸਰਬੋਤਮ ਯੂਨੀਵਰਸਿਟੀਆਂ ਦੀ ਸੂਚੀ ਵਿਚ ਆਪਣੀ ਜਗ੍ਹਾ ਬਣਾ ਲਈ ਹੈ। ਪਹਿਲੀ ਵਾਰ ਇਸ ਸੂਚੀ ਵਿਚ ਸ਼ਾਮਲ ਹੋਣ ਨਾਲ ਪੰਜਾਬ ਯੂਨੀਵਰਸਿਟੀ ਨੇ ਆਪਣੇ ਲਈ ਬਾਕੀ ਭਾਰਤੀ ਯੂਨੀਵਰਸਿਟੀਆਂ ਵਿਚੋਂ ਸਭ ਤੋਂ ਉਪਰਲੀ ਥਾਂ ਹਾਸਲ ਕੀਤੀ ਹੈ। ਇਸ ਸੂਚੀ ਵਿਚ ਪੰਜਾਬ ਯੂਨੀਵਰਸਿਟੀ ਨੂੰ 226-250 ਦੇ ਬੈਂਡ ਵਿਚ ਸਥਾਨ ਮਿਲਿਆ ਹੈ।

ਇਸ ਫ਼ੈਸਲੇ 'ਤੇ ਖ਼ੁਸ਼ੀ ਜ਼ਾਹਿਰ ਕਰਦਿਆਂ ਪੰਜਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਅਰੁਣ ਗਰੋਵਰ ਨੇ ਕਿਹਾ ਇਹ ਬਹੁਤ ਮਾਣ ਵਾਲੀ ਗੱਲ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਇਸ ਕੌਮਾਂਤਰੀ ਸਰਵੇਖਣ ਵਿਚ 380ਵਾਂ ਸਥਾਨ ਹਾਸਲ ਕੀਤਾ ਹੈ ਪਰ ਟਾਈਮਜ਼ ਦੀ ਰੈਂਕਿੰਗ ਲੋੜੀਂਦੇ ਦਸਤਾਵੇਜ਼ ਪਹਿਲੀ ਵਾਰੀ ਭਰੇ ਸਨ। ਉਨ੍ਹਾਂ ਕਿਹਾ ਕਿ ਸਰਬੋਤਮ 200 ਵਿਚ ਪਹੁੰਚਣ ਲਈ ਵਿਦੇਸ਼ੀ ਯੂਨੀਵਰਸਿਟੀਆਂ ਤੋਂ ਸਿੱਖਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਭਾਰਤੀ ਯੂਨੀਵਰਸਿਟੀਆਂ ਹਾਲੇ ਤੱਕ ਵੀ ਆਪਣਾ ਧਿਆਨ



ਮਾਸਟਰ ਡਿਗਰੀਆਂ 'ਤੇ ਹੀ ਕੇਂਦਰਤ ਕਰ ਰਹੀਆਂ ਹਨ ਪਰ ਹੁਣ ਯੂ.ਜੀ.ਸੀ. ਕੁਝ ਸੁਚੇਤ ਹੋਈ ਹੈ ਤੇ ਪੀ.ਐਚ.ਡੀ. ਪ੍ਰੋਗਰਾਮਾਂ 'ਤੇ ਧਿਆਨ ਦੇਣਾ ਸ਼ੁਰੂ ਕੀਤਾ ਹੈ। ਪੰਜਾਬ ਯੂਨੀਵਰਸਿਟੀ ਤੋਂ ਇਲਾਵਾ ਭਾਰਤੀ ਤਕਨੀਕੀ ਸੰਸਥਾ ਦਿੱਲੀ ਤੇ ਕਾਨਪੁਰ ਨੇ ਵੀ 351-400 ਬੈਂਡ ਵਿਚ ਸਥਾਨ ਹਾਸਲ ਕੀਤਾ ਹੈ। 2012 ਵਿਚ ਹੋਏ ਸਰਵੇਖਣ ਵਿਚ ਦੋ ਭਾਰਤੀ ਵਿਦਿਅਕ ਸੰਸਥਾਵਾਂ ਨੂੰ ਇਸ ਵਿਚ ਸਥਾਨ ਮਿਲਿਆ ਸੀ ਜਿਨ੍ਹਾਂ ਵਿਚ ਆਈ.ਆਈ.ਟੀ. ਖੜਕਪੁਰ ਨੇ ਪਿਛਲੇ ਸਾਲ ਦੇ 226-252 ਦੇ ਬੈਂਡ ਤੋਂ ਹੇਠਾਂ ਡਿੱਗ ਕੇ 351-400 ਬੈਂਡ ਪਹੁੰਚ ਗਈ ਹੈ ਜਦਕਿ ਆਈ. ਆਈ. ਟੀ. ਰੁੜਕੀ ਨੇ ਆਪਣੇ ਪਿਛਲੇ ਸਾਲ ਦੇ 351-400 ਦੇ ਬੈਂਡ ਵਿਚ ਜਗ੍ਹਾ ਬਣਾਈ ਹੋਈ ਹੈ।

## ਚੰਡੀਗੜ੍ਹ ਉਤੇ ਹੈ ਸਿਰਫ਼ ਪੰਜਾਬ ਦਾ ਹੱਕ: ਬਾਦਲ

**ਮੋਗਾ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਕੀਤੇ ਜਾ ਰਹੇ ਦਾਅਵਿਆਂ ਨੂੰ ਬੇਬੁਨਿਆਦ ਦੱਸਦਿਆਂ ਕਿਹਾ ਕਿ ਚੰਡੀਗੜ੍ਹ 'ਤੇ ਸਿਰਫ਼ ਪੰਜਾਬ ਦਾ ਹੱਕ ਹੈ ਤੇ ਉਹ ਇਸ ਨੂੰ ਹਰ ਹਾਲਤ ਵਿਚ ਹਾਸਲ ਕਰਕੇ ਹਟਣਗੇ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਉਪਰ ਹਰਿਆਣੇ ਦਾ ਕੋਈ ਹੱਕ ਨਹੀਂ ਬਣਦਾ। ਜਿੱਥੋਂ ਤੱਕ ਨਵੇਂ ਚੰਡੀਗੜ੍ਹ ਦਾ ਸਵਾਲ ਹੈ ਉਸ ਦਾ ਰਾਜਧਾਨੀ ਚੰਡੀਗੜ੍ਹ ਨਾਲ ਹਰਿਆਣੇ ਦੇ ਮੁੱਖ ਮੰਤਰੀ ਵੱਲੋਂ ਜੋੜਿਆ ਜਾ ਰਿਹਾ ਮੁੱਦਾ ਨਿਰਮੂਲ ਹੈ।

ਪੰਜਾਬ ਵਿਚ ਜੇ ਨਵੇਂ ਚੰਡੀਗੜ੍ਹ ਦੀ ਤਰਜ਼ ਉਪਰ ਕੋਈ ਸ਼ਹਿਰ ਵਸਾਇਆ ਜਾ ਰਿਹਾ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਅਕਾਲੀ ਦਲ ਨੇ ਚੰਡੀਗੜ੍ਹ ਤੋਂ ਆਪਣਾ ਹੱਕ ਵਾਪਸ ਲੈ ਲਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚਲੇ ਕਾਂਗਰਸੀ ਆਗੂ ਪੰਜਾਬ ਦੇ ਚੰਡੀਗੜ੍ਹ ਉਪਰਲੇ ਹੱਕ ਨੂੰ ਅਣਗੌਲਿਆਂ ਕਰਕੇ ਹਰਿਆਣਾ ਦੀ ਹੁੱਡਾ ਸਰਕਾਰ ਦੀ ਪਿੱਠ ਥਾਪੜ ਰਹੇ ਹਨ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਕਾਂਗਰਸ ਨੂੰ ਪੰਜਾਬ ਦੇ ਹਿੱਤ ਬਾਅਦ ਵਿਚ ਪਰ ਪਾਰਟੀ ਦੇ ਹਿੱਤ ਪਹਿਲਾਂ ਹਨ।

# ਬਾਦਲ ਸਰਕਾਰ ਨੇ ਵਿਆਹਾਂ 'ਤੇ ਵੀ ਠੋਕਿਆ ਟੈਕਸ

**ਜਲੰਧਰ:** ਕਦੇ ਜਾਇਦਾਦ ਟੈਕਸ ਲਾ ਕੇ ਲੋਕਾਂ ਨੂੰ ਆਪਣੇ ਹੀ ਘਰਾਂ ਵਿਚ ਕਿਰਾਏਦਾਰ ਬਣਾਉਣ ਵਾਲੀ ਤੇ ਕਦੇ ਮੈਰਿਜ ਪੈਲੇਸਾਂ 'ਤੇ ਟੈਕਸ ਲਾ ਕੇ ਵਿਆਹਾਂ ਦੇ ਖਰਚੇ ਵਿਚ ਵਾਧਾ ਕਰਨ ਵਾਲੀ ਮੌਜੂਦਾ ਪੰਜਾਬ ਸਰਕਾਰ ਨੇ ਹੁਣ ਵਿਆਹ ਦੀ ਰਜਿਸਟ੍ਰੇਸ਼ਨ ਲਈ ਫੀਸ 500 ਤੋਂ 3500 ਰੁਪਏ ਤੱਕ ਕਰ ਦੇਣ ਨਾਲ ਇਕ ਤਰ੍ਹਾਂ ਨਾਲ ਸਰਕਾਰ ਨੇ ਹੁਣ ਵਿਆਹਾਂ 'ਤੇ ਹੀ ਟੈਕਸ ਲਾ ਦਿੱਤਾ ਹੈ।



ਵਿਆਹ ਤੋਂ ਤਿੰਨ ਮਹੀਨੇ ਦੇ ਅੰਦਰ-ਅੰਦਰ ਵਿਆਹ ਦੀ ਰਜਿਸਟ੍ਰੇਸ਼ਨ ਲਈ ਸਰਕਾਰ ਵੱਲੋਂ 500 ਰੁਪਏ ਫੀਸ ਰੱਖੀ ਗਈ ਹੈ ਜਦਕਿ ਤਿੰਨ ਤੋਂ ਛੇ ਮਹੀਨੇ ਤੱਕ 1000 ਰੁਪਏ ਤੇ ਜੇਕਰ ਕੋਈ ਵਿਅਕਤੀ ਇਕ ਸਾਲ ਤੋਂ ਬਾਅਦ ਆਪਣੇ ਵਿਆਹ ਦੀ ਰਜਿਸਟ੍ਰੇਸ਼ਨ ਕਰਵਾਉਂਦਾ ਹੈ ਤਾਂ ਉਸ ਨੂੰ 3500 ਰੁਪਏ ਦੇਣੇ ਪੈਣਗੇ। ਦਿਲਚਸਪ ਗੱਲ ਹੈ ਕਿ ਪੰਜਾਬ ਵਿਚ ਵਿਆਹ ਸਰਟੀਫਿਕੇਟ ਸਿਰਫ ਵਿਦੇਸ਼ ਜਾਣ ਦੇ ਮਾਮਲਿਆਂ ਨੂੰ ਛੱਡ ਕੇ ਕਦੇ ਬਹੁਤਾ ਜ਼ਰੂਰੀ ਨਹੀਂ ਸਮਝਿਆ ਗਿਆ ਤੇ ਇਸੇ ਕਾਰਨ ਜ਼ਿਆਦਾਤਰ ਲੋਕਾਂ ਨੇ ਆਪਣੇ ਵਿਆਹ ਦੀ ਰਜਿਸਟ੍ਰੇਸ਼ਨ ਕਰਵਾਉਣ ਵੱਲ ਕਦੇ ਕੋਈ ਧਿਆਨ ਨਹੀਂ ਦਿੱਤਾ।

ਹੁਣ ਸਰਕਾਰ ਵੱਲੋਂ ਵਿਆਹ ਦੀ ਰਜਿਸਟ੍ਰੇਸ਼ਨ ਲਾਜ਼ਮੀ ਕਰ ਦੇਣ ਦਾ ਫੈਸਲਾ ਆਮ ਲੋਕਾਂ ਲਈ ਸਰਕਾਰੀ ਦਫਤਰਾਂ ਦੇ ਗੇੜੇ ਲਾਉਣ ਦਾ ਹੀ ਨਹੀਂ ਸਗੋਂ ਉਨ੍ਹਾਂ 'ਤੇ ਵਾਧੂ ਆਰਥਿਕ ਬੋਝ ਪਾਉਣ ਦਾ ਸਬੱਬ ਵੀ ਬਣੇਗਾ। ਪੰਜਾਬ ਵਿਚ ਪਹਿਲਾਂ ਕਦੇ ਵਿਆਹ ਸਰਟੀਫਿਕੇਟ ਜ਼ਰੂਰੀ ਨਾ ਸਮਝੇ ਜਾਣ ਕਾਰਨ ਜ਼ਿਆਦਾਤਰ ਲੋਕਾਂ ਦੇ ਵਿਆਹ ਨੂੰ ਇਕ ਸਾਲ ਤੋਂ ਉੱਪਰ ਦਾ ਸਮਾਂ ਬੀਤ ਚੁੱਕਾ ਹੈ ਤੇ ਇਸ ਤਰ੍ਹਾਂ ਉਨ੍ਹਾਂ ਨੂੰ ਘੱਟੋ-ਘੱਟ 3500 ਰੁਪਏ ਦੀ ਫੀਸ ਵਿਆਹ ਦੀ ਰਜਿਸਟ੍ਰੇਸ਼ਨ ਲਈ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਉਣੀ ਹੀ ਪਵੇਗੀ।

ਵੈਸੇ ਤਾਂ ਲੋਕ ਆਪਣੇ ਵਿਆਹ ਦੀ ਰਜਿਸਟਰੇਸ਼ਨ ਨਾ ਵੀ ਕਰਵਾਉਂਦੇ ਪਰ ਹੁਣ ਰਾਸ਼ਨ ਕਾਰਡ ਵਿਚ ਪਤਨੀ ਦਾ ਨਾਂ ਦਰਜ ਕਰਵਾਉਣ ਲਈ ਵਿਆਹ ਦਾ ਸਰਟੀਫਿਕੇਟ ਲਾਜ਼ਮੀ ਕਰ ਦੇਣ ਨਾਲ ਹਰ ਕਿਸੇ ਨੂੰ ਆਪਣੇ ਵਿਆਹ ਦੀ ਰਜਿਸਟ੍ਰੇਸ਼ਨ ਕਰਵਾਉਣੀ ਹੀ ਪਵੇਗੀ ਤੇ ਇਸ ਤਰ੍ਹਾਂ ਨਾਲ ਉਨ੍ਹਾਂ ਨੂੰ 3500 ਰੁਪਏ ਦੀ ਸਰਕਾਰੀ ਫੀਸ ਦੇਣੀ ਹੀ ਪਵੇਗੀ। ਪਹਿਲਾਂ ਪਤਨੀ ਜਾਂ ਕਿਸੇ ਹੋਰ ਮੈਂਬਰਾਂ ਦਾ ਨਾਂ ਰਾਸ਼ਨ ਕਾਰਡ ਵਿਚ ਦਰਜ ਕਰਵਾਉਣ ਲਈ ਵਿਆਹ ਸਰਟੀਫਿਕੇਟ ਦੀ ਸ਼ਰਤ ਨਹੀਂ ਸੀ ਤੇ ਲੋਕ ਮਾਮੂਲੀ ਜਿਹੀ ਕਾਰਵਾਈ ਦੇ ਉਪਰੰਤ ਆਪਣੀ ਰਾਸ਼ਨ ਕਾਰਡ ਵਿਚ ਨਵੇਂ ਪਰਿਵਾਰਕ ਮੈਂਬਰ ਦਾ ਨਾਂ ਦਰਜ ਕਰਵਾ ਲੈਂਦੇ ਸਨ ਪਰ ਹੁਣ ਉਨ੍ਹਾਂ ਲਈ ਰਾਸ਼ਨ ਕਾਰਡ ਵਿਚ ਨਾਂਅ ਦਰਜ ਕਰਵਾਉਣਾ ਕਾਫੀ ਮੁਸ਼ਕਲ ਹੋ ਜਾਵੇਗਾ।

ਰਾਸ਼ਨ ਕਾਰਡ ਅਜੇ ਵੀ ਕਿਸੇ ਵੀ ਵਿਅਕਤੀ ਦੀ ਪਛਾਣ ਲਈ ਅਹਿਮ ਦਸਤਾਵੇਜ਼ ਸਮਝਿਆ ਜਾਂਦਾ ਹੈ ਤੇ ਹੁਣ ਆਮ ਲੋਕਾਂ ਨੂੰ ਰਾਸ਼ਨ ਕਾਰਡ ਵਿਚ ਨਾਂ ਦਰਜ ਕਰਵਾਉਣ ਲਈ ਜਿੱਥੇ ਬੇਲੋੜੇ ਸਰਕਾਰੀ ਦਫਤਰਾਂ ਦੇ ਚੱਕਰ ਕੱਟਣੇ ਪੈਣਗੇ ਉਥੇ ਏਜੰਟਾਂ ਦੀ ਲੁੱਟ-ਖਸੁੱਟ ਦਾ ਸ਼ਿਕਾਰ ਹੋਣ ਦੇ ਨਾਲ-ਨਾਲ ਸਰਕਾਰੀ ਫੀਸ ਦਾ ਬੋਝ ਵੀ ਸਹਿਣਾ ਪਵੇਗਾ।

## ਦੁਰਗਿਆਨਾ ਮੰਦਰ ਕਮੇਟੀ ਨੂੰ ਧਮਕੀ

**ਅੰਮ੍ਰਿਤਸਰ:** ਸ੍ਰੀ ਦੁਰਗਿਆਨਾ ਮੰਦਰ ਪ੍ਰਬੰਧਕੀ ਕਮੇਟੀ ਨੂੰ ਖਾਲਿਸਤਾਨ ਕਮਾਂਡੋ ਫੋਰਸ ਵੱਲੋਂ ਭੇਜਿਆ ਧਮਕੀ ਪੱਤਰ ਪ੍ਰਾਪਤ ਹੋਇਆ ਹੈ। ਇਸ ਵਿਚ ਕਮੇਟੀ ਮੈਂਬਰਾਂ ਨੂੰ ਧਮਕੀ ਦਿੱਤੀ ਗਈ ਹੈ ਕਿ ਜੇ ਉਨ੍ਹਾਂ ਮੰਦਰ ਕੰਪਲੈਕਸ ਵਿਚ ਪੰਜਾਬ ਵਿਚ ਅਤਿਵਾਦ ਵੇਲੇ ਮਾਰੇ ਗਏ ਪੁਲਿਸ ਮੁਲਾਜ਼ਮਾਂ ਤੇ ਹੋਰਾਂ ਦਾ ਸਮਾਰਕ ਬਣਾਉਣ ਦਾ ਯਤਨ ਕੀਤਾ ਤਾਂ ਜਥੇਬੰਦੀ ਉਨ੍ਹਾਂ ਨੂੰ ਸੋਧ ਦੇਵੇਗੀ। ਪ੍ਰਬੰਧਕ ਕਮੇਟੀ ਦੇ ਬੁਲਾਰੇ ਹਰੀਸ਼ ਤਨੇਜਾ ਨੇ ਦੱਸਿਆ ਕਿ ਇਹ ਧਮਕੀ ਪੱਤਰ ਪੁਲਿਸ ਨੂੰ ਸੌਂਪ ਦਿੱਤਾ ਗਿਆ ਹੈ।

ਇਸ ਸਬੰਧੀ ਕਮੇਟੀ ਦਾ ਵਫਦ ਪੁਲਿਸ ਕਮਿਸ਼ਨਰ ਨੂੰ ਮਿਲਿਆ ਸੀ ਤੇ ਮੰਦਰ ਸਮੂਹ ਵਿਚ ਸੁਰੱਖਿਆ ਪ੍ਰਬੰਧ ਮਜ਼ਬੂਤ ਕਰਨ ਲਈ ਅਪੀਲ ਕੀਤੀ ਸੀ। ਵਫ਼ਦ ਵਿਚ ਸਰਪ੍ਰਸਤ ਰਾਮ ਪ੍ਰਕਾਸ਼ ਚੋਪੜਾ ਤੇ ਪ੍ਰਧਾਨ ਸਤਪਾਲ ਮਹਾਜਨ ਤੇ ਹੋਰ ਸ਼ਾਮਲ ਸਨ। ਦੂਜੇ ਪਾਸੇ ਇਸ ਧਮਕੀ ਪੱਤਰ ਦੀ ਪੁਸ਼ਟੀ ਕਰਦਿਆਂ ਪੁਲਿਸ ਕਮਿਸ਼ਨਰ ਜਤਿੰਦਰ ਸਿੰਘ ਔਲਖ ਨੇ ਆਖਿਆ ਕਿ ਮੰਦਰ ਕਮੇਟੀ ਨੂੰ ਇਹ ਪੱਤਰ ਦੋ ਹਫਤੇ ਪਹਿਲਾਂ ਮਿਲਿਆ ਸੀ ਜੋ ਕੇਸੀਐਫ ਦੇ ਲੈਟਰ ਪੈਡ 'ਤੇ ਲਿਖਿਆ ਹੋਇਆ ਹੈ। ਪੁਲਿਸ ਵੱਲੋਂ ਇਸ ਪੱਤਰ ਦੀ ਜਾਂਚ ਕਰਵਾਈ ਜਾ ਰਹੀ ਹੈ ਕਿ ਇਸ ਵਿਚ ਕਿੰਨੀ ਕੁ ਸੱਚਾਈ ਹੈ। ਇਸ ਦੌਰਾਨ ਪੁਲਿਸ ਨੇ ਮੰਦਰ ਸਮੂਹ ਦੀ ਸੁਰੱਖਿਆ ਲਈ ਕਰੜੇ ਪ੍ਰਬੰਧ ਕਰ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਬਣਾਏ ਜਾਣ ਮਗਰੋਂ ਮੰਦਰ ਕਮੇਟੀ, ਸ਼ਿਵ ਸੈਨਾ ਤੇ ਹੋਰਨਾਂ ਜਥੇਬੰਦੀਆਂ ਨੇ ਐਲਾਨ ਕੀਤਾ ਸੀ ਕਿ ਉਨ੍ਹਾਂ ਵੱਲੋਂ ਪੰਜਾਬ ਵਿਚ ਅਤਿਵਾਦ ਦੌਰਾਨ ਮਾਰੇ ਗਏ ਪੁਲਿਸ ਕਰਮਚਾਰੀ ਤੇ ਹੋਰਾਂ ਲੋਕਾਂ ਦੀ ਯਾਦ ਵਿਚ ਸਮਾਰਕ ਬਣਾਇਆ ਜਾਵੇਗਾ। ਇਹ ਸਮਾਰਕ ਸਾਕਾ ਨੀਲਾ ਤਾਰਾ ਸ਼ਹੀਦੀ ਸਮਾਰਕ ਦੇ ਬਰਾਬਰ ਹੋਵੇਗਾ।

## ਅਕਾਲੀ ਦਲ ਵੱਲੋਂ ਸਿਆਸਤ ਦਾ ਅਪਰਾਧੀਕਰਨ: ਮਨਪ੍ਰੀਤ

**ਜਲੰਧਰ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਬਠਿੰਡਾ ਜ਼ਿਲ੍ਹੇ ਵਿਚ ਅਕਾਲੀ ਦਲ ਦੇ ਜ਼ਿਲ੍ਹਾ ਉਪ ਪ੍ਰਧਾਨ ਦੇ ਘਰੋਂ ਪੀਪਲਜ਼ ਪਾਰਟੀ ਦੇ ਆਗੂ ਨੂੰ ਕਤਲ ਕਰਨ ਤੇ ਉਮੀਦਵਾਰ 'ਤੇ ਜਾਨਲੇਵਾ ਹਮਲਾ ਕਰਨ ਵਾਲੇ ਗਰੋਹ ਦੇ ਤਿੰਨ ਮੈਂਬਰਾਂ ਦੇ ਫੜੇ ਜਾਣ ਬਾਰੇ ਕਿਹਾ ਕਿ ਪੁਲਿਸ ਦੇ ਘੇਰੇ ਵਿਚ ਆਉਣ ਦੇ ਤੁਰੰਤ ਬਾਅਦ ਗਰੋਹ ਦੇ ਮੈਂਬਰਾਂ ਨੇ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਡਰਾਈਵਰ ਮੇਵਾ ਸਿੰਘ ਨੂੰ ਮੋਬਾਈਲ ਫੋਨ 'ਤੇ ਸੂਚਿਤ ਕੀਤਾ।

ਪੀਪਲਜ਼ ਪਾਰਟੀ ਦੇ ਆਗੂ ਨੇ ਕਿਹਾ ਕਿ ਇਹ ਸਾਰੇ ਤੱਥ ਸਾਬਤ ਕਰਦੇ ਹਨ ਕਿ ਅਕਾਲੀ ਦਲ ਸਿਆਸਤ ਦਾ ਅਪਰਾਧੀਕਰਨ ਦੇ ਰਾਹ ਪਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਗਰੋਹ ਦੇ ਮੈਂਬਰ ਹਰਸਿਮਰਤ ਕੌਰ ਦੇ ਜਲਸਿਆਂ ਦਾ ਸ਼ਿੰਗਾਰ ਵੀ ਬਣਦੇ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਤੇ ਗੁਜਰਾਤ ਵਿਚ ਮੋਦੀ ਅਜਿਹੇ ਵਿਅਕਤੀ ਹਨ ਜਿਨ੍ਹਾਂ ਦਾਗੀਆਂ ਵਿਰੁੱਧ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਨਹੀਂ ਕੀਤਾ। ਇਸ ਦਾ ਕਾਰਨ ਇਹ ਹੈ ਕਿ ਪਾਰਟੀ ਦੇ ਅਨੇਕਾਂ ਆਗੂਆਂ ਨੂੰ ਸਜ਼ਾਵਾਂ ਮਿਲ ਚੁੱਕੀਆਂ ਹਨ ਤੇ ਅਕਾਲੀ ਦਲ ਨੇ ਅਜੇ ਵੀ ਉਨ੍ਹਾਂ ਨੂੰ ਅਹੁਦੇ ਬਖ਼ਸ਼ੇ ਹੋਏ ਹਨ।

ਮੀਡੀਆ ਸਲਾਹਕਾਰਾਂ ਤੇ ਚੇਅਰਮੈਨਾਂ ਨੂੰ ਮੰਤਰੀ ਦਾ ਅਹੁਦਾ ਦੇਣ ਦੇ ਵਿਰੁੱਧ ਖੁਰਾਕ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਵੱਲੋਂ ਲਏ ਸਟੈਂਡ ਦੀ ਹਮਾਇਤ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਨੇ ਮੰਤਰੀਆਂ ਦੇ ਸੰਵਿਧਾਨਕ ਅਹੁਦਿਆਂ ਨੂੰ ਕੱਖੋਂ ਹੌਲੇ ਕਰ ਰੱਖਿਆ ਹੈ। ਕੇਂਦਰ ਸਰਕਾਰ ਵੱਲੋਂ ਕੇਂਦਰੀ ਟੈਕਸਾਂ ਵਿਚੋਂ ਪੰਜਾਬ ਦਾ ਹਿੱਸਾ ਘਟਾਏ ਜਾਣ ਦਾ ਸਖ਼ਤ ਵਿਰੋਧ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਤੁਰੰਤ ਆਰਥਿਕ ਮਾਹਿਰਾਂ ਦੀ ਕਮੇਟੀ ਬਣਾ ਕੇ ਰਘੂਰਾਮ ਰਾਜਨ ਕਮੇਟੀ ਦੇ ਫੈਸਲੇ ਨੂੰ ਰੱਦ ਕਰਨ ਲਈ ਆਵਾਜ਼ ਉਠਾਉਣੀ ਚਾਹੀਦੀ ਹੈ।

## ਸ਼੍ਰੋਮਣੀ ਅਕਾਲੀ ਦਲ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਲੜੇਗਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਦਿੱਲੀ ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਵੱਲੋਂ ਆਪਣੇ ਉਮੀਦਵਾਰ ਖੜ੍ਹੇ ਕੀਤੇ ਜਾਣਗੇ। ਸ. ਬਾਦਲ ਕਿਹਾ ਕਿ ਪੰਜਾਬ ਵਾਂਗ ਨਵੀਂ ਦਿੱਲੀ ਵਿਚ ਵੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਰਤੀ ਜਨਤਾ ਪਾਰਟੀ ਨਾਲ ਭਾਈਵਾਲੀ ਕਾਇਮ ਰੱਖਦਿਆਂ ਹੀ ਉਮੀਦਵਾਰ ਖੜ੍ਹੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਚੋਣਾਂ ਦਾ ਐਲਾਨ ਹੋ ਚੁੱਕਿਆ ਹੈ ਤੇ ਸੀਟਾਂ ਬਾਰੇ ਫ਼ੈਸਲਾ ਭਾਈਵਾਲ ਪਾਰਟੀ ਨਾਲ ਮੀਟਿੰਗ ਦੌਰਾਨ ਕੀਤਾ ਜਾਵੇਗਾ।

ਬਠਿੰਡਾ ਜ਼ਿਲ੍ਹੇ ਵਿਚ ਇਕ ਯੂਥ ਅਕਾਲੀ ਆਗੂ ਵੱਲੋਂ ਅਪਰਾਧੀਆਂ ਨੂੰ ਪਨਾਹ ਦੇਣ ਦੇ ਦੋਸ਼ ਹੇਠ ਫੜੇ ਜਾਣ ਦੇ ਮਾਮਲੇ 'ਤੇ ਸ. ਬਾਦਲ ਨੇ ਕਿਹਾ ਕਿ ਪੰਜਾਬ ਵਿਚ ਦੋ ਹੀ ਵੱਡੀਆਂ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਹਨ। ਇਸ ਲਈ ਕੋਈ ਨਾ ਕੋਈ ਮਾੜਾ ਅਨਸਰ ਕਿਸੇ ਵੀ ਪਾਰਟੀ ਵਿਚ ਆ ਸਕਦਾ ਹੈ ਪਰ ਪਾਰਟੀ ਕਿਸੇ ਵੀ ਅਪਰਾਧੀ ਦੀ ਮਦਦ ਨਹੀਂ ਕਰਦੀ।

## ਅਸ਼ਵਨੀ ਦੇ ਬਾਦਲ ਮੋਹ ਤੋਂ ਕਾਂਗਰਸੀ ਹੈਰਾਨ

**ਗੁਰਦਾਸਪੁਰ:** ਕਾਂਗਰਸ ਵਿਚਲੀ ਫੁੱਟ ਇਕ ਵਾਰ ਖੁੱਲ੍ਹ ਕੇ ਸਾਹਮਣੇ ਆ ਗਈ ਜਦੋਂ ਕਾਂਗਰਸ ਦੇ ਰਾਜ ਸਭਾ ਮੈਂਬਰ ਤੇ ਸਾਬਕਾ ਕੇਂਦਰੀ ਮੰਤਰੀ ਅਸ਼ਵਨੀ ਕੁਮਾਰ ਨੇ ਪਾਰਟੀ ਪ੍ਰਧਾਨ ਪ੍ਰਤਾਪ ਸਿੰਘ ਨੂੰ ਅੱਖੋਂ ਓਹਲੇ ਕਰਕੇ ਪਿੰਡ ਜੀਵਨਵਾਲ ਬੱਬਰੀ ਵਿਚ ਬਿਰਧ ਆਸ਼ਰਮ ਦਾ ਉਦਘਾਟਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਤੋਂ ਕਰਵਾ ਦਿੱਤਾ। ਉਨ੍ਹਾਂ ਅਜਿਹਾ ਕਰਕੇ ਸ. ਬਾਜਵਾ ਦੀ 'ਛਾਤੀ 'ਤੇ ਮੂੰਗ ਦਲ' ਦਿੱਤੇ ਹਨ ਕਿਉਂਕਿ ਉਹ ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਹਨ ਤੇ ਉਨ੍ਹਾਂ ਨੂੰ ਸੱਦਿਆ ਤੱਕ ਨਹੀਂ ਗਿਆ। ਸ੍ਰੀ ਅਸ਼ਵਨੀ ਕੁਮਾਰ ਨੇ ਇਸ ਨਾਲ ਹੀ ਜ਼ਿਲ੍ਹੇ ਦੇ ਸਾਰੇ ਪੰਜ ਕਾਂਗਰਸੀ ਵਿਧਾਇਕਾਂ ਨੂੰ ਵੀ ਅੰਗੂਠਾ ਦਿਖਾ ਦਿੱਤਾ। ਅਸ਼ਵਨੀ ਕੁਮਾਰ ਦੇ ਇਸ ਬਾਦਲ ਮੋਹ ਤੋਂ ਕਾਂਗਰਸੀ ਹੈਰਾਨ ਹਨ।



ਇਹ ਪਿੰਡ ਗੁਰਦਾਸਪੁਰ ਤੋਂ ਪੰਜ ਕਿਲੋਮੀਟਰ ਦੂਰ ਹੈ। ਬਿਰਧ ਆਸ਼ਰਮ ਦੀ ਉਸਾਰੀ ਉਪਰ 2.71 ਕਰੋੜ ਰੁਪਏ ਦਾ ਖਰਚਾ ਆਇਆ। ਇਸ ਵਾਸਤੇ ਤਿੰਨ ਏਕੜ ਜ਼ਮੀਨ ਰਾਜ ਸਰਕਾਰ ਨੇ ਦਿੱਤੀ ਸੀ। ਉਸਾਰੀ ਦਾ ਖਰਚਾ ਸ੍ਰੀ ਅਸ਼ਵਨੀ ਕੁਮਾਰ ਨੇ ਸੰਸਦ ਮੈਂਬਰ ਦੇ ਅਖਤਿਆਰੀ ਫੰਡ ਵਿਚੋਂ ਦਿੱਤਾ। ਸ. ਬਾਜਵਾ ਨੂੰ ਆਪਣੀ ਪਾਰਟੀ ਦੇ ਸੰਸਦ ਮੈਂਬਰ ਵੱਲੋਂ ਕੀਤੀ ਗਈ ਇਸ ਗੁਸਤਾਖੀ 'ਤੇ ਕਾਫ਼ੀ ਗੁੱਸਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸ੍ਰੀ ਅਸ਼ਵਨੀ ਕੁਮਾਰ ਇਸ ਦਾ ਉਦਘਾਟਨ ਆਪ ਕਰ ਦਿੰਦੇ ਜਾਂ ਕਿਸੇ ਕੇਂਦਰੀ ਮੰਤਰੀ ਤੋਂ ਕਰਵਾ ਲੈਂਦੇ। ਉਹ ਰਾਜਪਾਲ ਨੂੰ ਵੀ ਬੇਨਤੀ ਕਰ ਸਕਦੇ ਸਨ ਪਰ ਇਕ ਕਾਂਗਰਸੀ ਹੋਣ ਦੇ ਨਾਤੇ ਉਨ੍ਹਾਂ ਨੂੰ ਮੁੱਖ ਮੰਤਰੀ ਤੋਂ ਅਜਿਹਾ ਨਹੀਂ ਸੀ ਕਰਵਾਉਣਾ ਚਾਹੀਦਾ।

ਇਕ ਪਾਸੇ ਰਾਜ ਵਿਚ ਕਾਂਗਰਸ ਤੇ ਅਕਾਲੀਆਂ ਵਿਚਾਲੇ ਛੱਤੀ ਦਾ ਅੰਕੜਾ ਹੈ ਤੇ ਦੂਜੇ ਪਾਸੇ ਉਹ ਸ਼੍ਰੋਮਣੀ ਅਕਾਲੀ ਦਲ ਦੇ ਇਸ਼ਾਰਿਆਂ 'ਤੇ ਚੱਲ ਰਹੇ ਹਨ। ਬਲਦੀ 'ਤੇ ਹੋਰ ਤੇਲ ਉਦੋਂ ਪੈ ਗਿਆ ਜਦੋਂ ਰਾਜ ਸਭਾ ਮੈਂਬਰ ਨੇ ਆਪਣੀ ਪਾਰਟੀ ਦੇ ਵਿਧਾਇਕਾਂ ਨੂੰ ਵੀ ਮੂੰਹ ਨਹੀਂ ਲਾਇਆ। ਜ਼ਿਲ੍ਹੇ ਵਿਚ ਡੇਰਾ ਬਾਬਾ ਨਾਨਕ ਤੋਂ ਸੁਖਜਿੰਦਰ ਸਿੰਘ ਰੰਧਾਵਾ, ਫਤਹਿਗੜ੍ਹ ਚੂੜੀਆਂ ਤੋਂ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਦੀਨਾਨਗਰ ਤੋਂ ਅਰੁਨਾ ਚੌਧਰੀ, ਕਾਦੀਆਂ ਤੋਂ ਚਰਨਜੀਤ ਕੌਰ ਬਾਜਵਾ ਤੇ ਬਟਾਲਾ ਤੋਂ ਅਸ਼ਵਨੀ ਸ਼ੇਖੜੀ ਕਾਂਗਰਸੀ ਵਿਧਾਇਕ ਹਨ। ਸੂਤਰਾਂ ਅਨੁਸਾਰ ਸਮਾਗਮ ਲਈ 100 ਕਾਰਡ ਛਪਵਾਏ ਗਏ ਸਨ ਪਰ ਕਿਸੇ ਵਿਧਾਇਕ ਜਾਂ ਕਾਂਗਰਸ ਪ੍ਰਧਾਨ ਕੋਲ ਇਕ ਵੀ ਨਹੀਂ ਪੁੱਜਾ। ਹੈਰਾਨੀ ਦੀ ਗੱਲ ਹੈ ਕਿ ਸ. ਰੰਧਾਵਾ ਜੋ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਹਨ, ਨੂੰ ਬੀਤੀ ਰਾਤ ਸ੍ਰੀ ਅਸ਼ਵਨੀ ਕੁਮਾਰ ਨੇ ਭੋਜਨ 'ਤੇ ਸੱਦਿਆ ਸੀ ਪਰ ਉਹ ਵੀ ਸਮਾਗਮ ਲਈ ਅੱਖੋਂ-ਪਰੋਖੇ ਕਰ ਦਿੱਤੇ ਗਏ। ਜ਼ਿਲ੍ਹਾ ਪ੍ਰਸ਼ਾਸਨ ਉਦੋਂ ਕਸੂਤਾ ਫਸ ਗਿਆ ਜਦੋਂ ਸਥਾਨਕ ਅਕਾਲੀ ਵਿਧਾਇਕ ਜੀ.ਐਸ. ਬੱਬੇਹਾਲੀ ਨੂੰ ਵੀ ਸਮਾਗਮ ਲਈ ਸੱਦਾ ਨਾ ਦਿੱਤਾ ਗਿਆ। ਬਾਅਦ ਵਿਚ ਉਨ੍ਹਾਂ ਨੂੰ ਸੱਦਾ ਦੇ ਕੇ ਸਮਾਗਮ ਵਿਚ ਬੋਲਣ ਦਾ ਮੌਕਾ ਦਿੱਤਾ ਗਿਆ। ਇਸ ਸਾਰੇ ਸਮਾਗਮ ਬਾਰੇ ਮੁੱਖ ਮੰਤਰੀ ਪੱਤਰਕਾਰਾਂ ਦੇ ਸੁਆਲ ਦਾ ਕੋਈ ਜਵਾਬ ਦਿੱਤੇ ਬਗੈਰ ਹੀ ਚਲੇ ਗਏ।

## ਆਰਥਿਕ ਤੰਗੀ ਤੋਂ ਅੱਕੇ ਬਜ਼ੁਰਗ ਜੋੜੇ ਵੱਲੋਂ ਖੁਦਕੁਸ਼ੀ

**ਅਬੋਹਰ:** ਆਰਥਿਕ ਤੰਗੀ ਨਾਲ ਜੂਝਦਿਆਂ ਪਿੰਡ ਕਿੱਲਿਆਂਵਾਲੀ ਦੇ ਬਜ਼ੁਰਗ ਪਰਵਾਸੀ ਮਜ਼ਦੂਰ ਜੋੜੇ ਨੇ ਜੀਵਨ ਦੇ ਆਖ਼ਰੀ ਪੜਾਅ ਵਿਚ ਰਿਸ-ਰਿਸ ਕੇ ਮਰਨ ਨਾਲੋਂ ਕੀਟਨਾਸ਼ਕ ਦਵਾਈ ਪੀ ਕੇ ਆਪਣੀ ਜ਼ਿੰਦਗੀ ਦਾ ਅੰਤ ਕਰ ਲਿਆ। ਇਕੋ ਮੰਜੇ 'ਤੇ ਪਈਆਂ ਬਜ਼ੁਰਗ ਜੋੜੇ ਦੀਆਂ ਲਾਸ਼ਾਂ ਵੇਖ ਕੇ ਉਥੇ ਮੌਜੂਦ ਜਿਥੇ ਹਰੇਕ ਵਿਅਕਤੀਆਂ ਦੀਆਂ ਅੱਖਾਂ ਨਮ ਹੋ ਗਈਆਂ, ਉਥੇ ਸਰਕਾਰ ਵੱਲੋਂ ਗ਼ਰੀਬਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਦੀ ਵੀ ਪੋਲ ਖੁੱਲ੍ਹ ਗਈ। ਪਿੰਡ ਕਿੱਲਿਆਂਵਾਲੀ ਵਿਚ ਪਰਵਾਸੀ ਮਜ਼ਦੂਰ ਰਾਮ ਕੁਮਾਰ ਤੇ ਉਸ ਦੀ ਪਤਨੀ ਪਿਛਲੇ ਤਕਰੀਬਨ 30 ਸਾਲਾਂ ਤੋਂ ਰਹਿ ਰਹੇ ਸੀ ਤੇ ਦਿਹਾੜੀ ਕਰਕੇ ਆਪਣਾ ਪੇਟ ਪਾਲ ਰਹੇ ਸੀ। ਪਿਛਲੇ ਕੁਝ ਸਮੇਂ ਤੋਂ ਰਾਮ ਕੁਮਾਰ (85) ਦੀ ਪਤਨੀ ਲਕਵੇ ਦੀ ਬਿਮਾਰੀ ਤੋਂ ਪੀੜਤ ਤੇ ਅੱਖਾਂ ਤੋਂ ਅੰਨ੍ਹੀ ਹੋ ਗਈ ਸੀ ਤੇ ਜ਼ਿਆਦਾ ਬਜ਼ੁਰਗ ਹੋਣ ਕਾਰਨ ਉਸ ਤੋਂ ਨਾ ਮਜ਼ਦੂਰੀ ਹੁੰਦੀ ਸੀ ਤੇ ਨਾ ਹੀ ਕੋਈ ਹੋਰ ਰੋਜ਼ੀ-ਰੋਟੀ ਦਾ ਸਾਧਨ ਸੀ। ਆਰਥਿਕ ਤੰਗੀ ਤੋਂ ਪ੍ਰੇਸ਼ਾਨ ਹੋ ਕੇ ਬੀਤੀ ਰਾਤ ਬਜ਼ੁਰਗ ਜੋੜੇ ਨੇ ਕੀਟਨਾਸ਼ਕ ਦਵਾਈ ਪੀ ਕੇ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਬਜ਼ੁਰਗ ਜੋੜੇ ਨੂੰ ਨਾ ਕੋਈ ਬੁਢਾਪਾ ਪੈਨਸ਼ਨ ਮਿਲਦੀ ਸੀ ਤੇ ਨਾ ਹੀ ਕੋਈ ਹੋਰ ਸਰਕਾਰੀ ਸਹੂਲਤ। ਉਹ ਕਿਸੇ ਕਿਸਾਨ ਦੇ ਖੇਤ ਵਿਚ ਕੱਚੇ ਕੋਠੇ ਵਿਚ ਰਹਿੰਦੇ ਸਨ ਜਿਥੇ ਜੇਕਰ ਕੋਈ ਰਹਿਮ ਦਿਲ ਵਿਅਕਤੀ ਉਨ੍ਹਾਂ ਨੂੰ ਕੁਝ ਖਾਣ ਲਈ ਦੇ ਦਿੰਦਾ ਤਾਂ ਖਾ ਲੈਂਦੇ ਸੀ।

## ਈਸਾਈਆਂ ਬਾਰੇ ਕਿਤਾਬ ਲਿਖਣ ਵਾਲੇ ਸਿੱਖ ਨੂੰ ਧਮਕੀ

**ਅੰਮ੍ਰਿਤਸਰ:** ਦਿੱਲੀ ਵਾਸੀ ਲੇਖਕ ਕੈਪਟਨ ਯਸ਼ਪਾਲ ਸਿੰਘ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਉਸ ਵੱਲੋਂ ਲਿਖੀ ਗਈ ਈਸਾਈ ਮਿਸ਼ਨਰੀਆਂ ਬਾਰੇ ਪੁਸਤਕ ਵਿਚਲੇ ਵੇਰਵਿਆਂ ਬਾਰੇ ਸਪਸ਼ਟ ਕੀਤਾ ਜਾਵੇ ਕਿ ਕੀ ਉਹ ਠੀਕ ਹਨ ਜਾਂ ਨਹੀਂ। ਇਸ ਪੁਸਤਕ ਵਿਚ ਦਿੱਤੇ ਗਏ ਵੇਰਵਿਆਂ ਕਾਰਨ ਲੇਖਕ ਨੂੰ ਈਸਾਈ ਮਿਸ਼ਨਰੀਆਂ ਵੱਲੋਂ ਧਮਕਾਇਆ ਜਾ ਰਿਹਾ ਹੈ।

ਸਿੱਖ ਲੇਖਕ ਨੇ ਪੱਤਰ ਵਿਚ ਲਿਖਿਆ ਕਿ ਉਸ ਨੇ ਕੁਝ ਸਾਲ ਪਹਿਲਾਂ ਈਸਾਈ ਮਿਸ਼ਨਰੀਆਂ ਨਾਲ ਹੋਈਆਂ ਮੁਲਾਕਾਤਾਂ ਤੋਂ ਬਾਅਦ ਇਕ ਲੇਖ ਪ੍ਰਕਾਸ਼ਿਤ ਕੀਤਾ ਸੀ। ਮਗਰੋਂ ਕੁਝ ਹੋਰ ਲੇਖਾਂ ਦਾ ਸੰਗ੍ਰਹਿ ਕਰਕੇ 32 ਪੰਨਿਆਂ ਦੀ ਪੁਸਤਕ 'ਈਸਾਈ ਪ੍ਰਚਾਰਕਾਂ ਨਾਲ ਸਵਾਲ ਜਵਾਬ ਤੇ ਹੱਡਬੀਤੀਆਂ' ਛਾਪੀ ਸੀ। ਇਸ ਪੁਸਤਕ ਰਾਹੀਂ ਉਨ੍ਹਾਂ ਭੋਲੇ ਭਾਲੇ ਲੋਕਾਂ ਨੂੰ ਈਸਾਈ ਮਿਸ਼ਨਰੀਆਂ ਵੱਲੋਂ ਕੀਤੇ ਜਾ ਰਹੇ ਧਰਮ ਤਬਦੀਲ ਦੀ ਕਾਰਵਾਈ ਬਾਰੇ ਸੁਚੇਤ ਕੀਤਾ ਸੀ।

ਉਨ੍ਹਾਂ ਆਖਿਆ ਕਿ ਇਹ ਪੁਸਤਕ ਪ੍ਰਕਾਸ਼ਤ ਕਰਨ ਦਾ ਮੰਤਵ ਕਿਸੇ ਹੋਰ ਧਰਮ 'ਤੇ ਚਿੱਕੜ ਸੁੱਟਣਾ ਜਾਂ ਕਿਸੇ ਦਾ ਦਿਲ ਦੁਖਾਉਣਾ ਬਿਲਕੁਲ ਨਹੀਂ ਹੈ, ਸਗੋਂ ਇਹ ਧਰਮ ਤਬਦੀਲ ਕਰਨ ਵਾਲਿਆਂ ਨੂੰ ਸਿਰਫ ਸੁਚੇਤ ਕਰਨ ਮਾਤਰ ਕਾਰਵਾਈ ਹੈ। ਉਨ੍ਹਾਂ ਲਿਖਿਆ ਕਿ ਪਿਛਲੇ ਇਕ ਮਹੀਨੇ ਤੋਂ ਗੁਰਦਾਸਪੁਰ ਇਲਾਕੇ ਦੇ ਈਸਾਈ ਮਿਸ਼ਨਰੀਆਂ ਵੱਲੋਂ ਧਮਕੀ ਭਰੇ ਫੋਨ ਆ ਰਹੇ ਹਨ ਤੇ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਕਿਤਾਬ ਬਾਰੇ ਮੁਆਫੀ ਮੰਗਣ। ਲੇਖਕ ਨੇ ਪੱਤਰ ਵਿੱਚ ਲਿਖਿਆ ਕਿ ਜੇ ਉਨ੍ਹਾਂ ਦੀ ਪੁਸਤਕ ਨਾਲ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਤਾਂ ਉਹ ਮੁਆਫੀ ਮੰਗਣ ਤੇ ਇਤਰਾਜ਼ ਯੋਗ ਲੇਖਾਂ ਨੂੰ ਹਟਾਉਣ ਲਈ ਵੀ ਤਿਆਰ ਹਨ ਪਰ ਉਨ੍ਹਾਂ ਨੂੰ ਇਹ ਦੱਸਿਆ ਜਾਵੇ ਕਿ ਇਨ੍ਹਾਂ ਲੇਖਾਂ ਵਿਚ ਕੀ ਗਲਤ ਹੈ। ਉਨ੍ਹਾਂ ਇਸ ਮਾਮਲੇ ਵਿਚ ਅਕਾਲ ਤਖ਼ਤ ਦੇ ਜਥੇਦਾਰ ਕੋਲੋਂ ਅਗਵਾਈ ਮੰਗੀ ਹੈ ਕਿ ਉਹ ਇਸ ਪੁਸਤਕ ਨੂੰ ਪੜ੍ਹਣ ਮਗਰੋਂ ਆਦੇਸ਼ ਕਰਨ ਕਿ ਇਸ ਪੁਸਤਕ ਵਿਚ ਕੀ ਗਲਤ ਹੈ। ਉਨ੍ਹਾਂ ਆਖਿਆ ਕਿ ਅਕਾਲ ਤਖ਼ਤ ਵੱਲੋਂ ਇਸ ਪੁਸਤਕ ਵਿਚੋਂ ਜੋ ਵੀ ਕੱਟਣ ਬਾਰੇ ਆਖਿਆ ਜਾਵੇਗਾ, ਉਹ ਉਨ੍ਹਾਂ ਵੇਰਵਿਆਂ ਨੂੰ ਤੁਰੰਤ ਕੱਟ ਦੇਣਗੇ ਤੇ ਮੁਆਫੀ ਵੀ ਮੰਗ ਲੈਣਗੇ।

# ਜਗਜੀਤ ਸਿੰਘ ਫਾਊਂਡੇਸ਼ਨ ਨੂੰ ਨਸੀਬ ਨਹੀਂ ਹੋਈ ਛੱਤ

**ਅੰਮ੍ਰਿਤਸਰ:** ਮਰਹੂਮ ਗ਼ਜ਼ਲ ਗਾਇਕ ਜਗਜੀਤ ਸਿੰਘ ਦੀ ਯਾਦ ਵਿਚ ਬਣਾਈ ਗਈ 'ਜਗਜੀਤ ਸਿੰਘ ਫਾਊਂਡੇਸ਼ਨ' ਨੂੰ ਫਿਲਹਾਲ ਛੱਤ ਪ੍ਰਾਪਤ ਕਰਨ ਲਈ ਲੰਮੀ ਜੱਦੋ ਜਹਿਦ ਕਰਨੀ ਪੈ ਰਹੀ ਹੈ। ਇਹ ਫਾਊਂਡੇਸ਼ਨ ਦੇਸ਼ ਭਰ ਵਿਚੋਂ ਸੰਗੀਤ ਸਿੱਖਣ ਦੇ ਇਛੁੱਕ ਬੱਚਿਆਂ ਨੂੰ ਮੁਫ਼ਤ ਸਿਖਲਾਈ ਦੇ ਕੇ ਸੰਗੀਤ ਦੇ ਮਾਹਰ ਬਣਾਉਣਾ ਚਾਹੁੰਦੀ ਹੈ। ਇਹ ਖੁਲਾਸਾ ਜਗਜੀਤ ਸਿੰਘ ਦੀ ਪਤਨੀ ਚਿੱਤਰਾ ਸਿੰਘ ਨੇ ਕੀਤਾ ਜੋ ਆਪਣੇ ਪਤੀ ਦੀ ਦੂਜੀ ਬਰਸੀ ਸਬੰਧੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਕਰਨ ਲਈ ਆਏ ਸਨ।

ਗ਼ਜ਼ਲ ਗਾਇਕਾ ਚਿਤਰਾ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਤੀ ਦਾ ਸੁਪਨਾ ਸੀ ਕਿ ਉਹ ਸੰਗੀਤ ਸਿੱਖਣ ਦੇ ਇਛੁੱਕ ਬੱਚਿਆਂ ਨੂੰ ਸਿਖਲਾਈ ਦੇ ਕੇ ਸੰਗੀਤ ਦੇ ਖੇਤਰ ਵਿਚ ਉਭਰਦੇ ਤਾਰੇ ਬਣਾਉਣ ਪਰ ਉਹ ਦੋ ਸਾਲ ਪਹਿਲਾਂ ਅਚਨਚੇਤੀ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੇ ਇਸ ਸੁਪਨੇ ਨੂੰ ਪੂਰਾ ਕਰਨ ਲਈ ਹੁਣ 'ਜਗਜੀਤ ਸਿੰਘ ਫਾਊਂਡੇਸ਼ਨ' ਬਣਾਈ ਗਈ ਹੈ ਪਰ ਇਸ ਫਾਊਂਡੇਸ਼ਨ ਨੂੰ ਇਮਾਰਤ ਦੀ ਲੋੜ ਹੈ ਜਿਥੇ ਬੱਚਿਆਂ ਨੂੰ ਸੰਗੀਤ ਦੀ ਸਿਖਲਾਈ ਦਿੱਤੀ ਜਾ ਸਕੇ। ਫਾਊਂਡੇਸ਼ਨ ਲਈ ਇਮਾਰਤ ਸਥਾਪਤ ਕਰਨ ਵਾਸਤੇ ਲੋੜੀਂਦੀ ਜਗ੍ਹਾ ਪ੍ਰਾਪਤ ਕਰਨ ਲਈ ਚਿਤਰਾ ਸਿੰਘ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ, ਦੇਸ਼ ਦੇ ਪ੍ਰਧਾਨ ਮੰਤਰੀ ਤੇ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨੂੰ ਪੱਤਰ ਭੇਜਿਆ ਸੀ ਕਿ ਉਹ ਪਦਮ ਭੂਸ਼ਣ ਪ੍ਰਾਪਤ ਜਗਜੀਤ ਸਿੰਘ ਦੀ ਯਾਦ ਵਿਚ ਸਥਾਪਤ ਕੀਤੀ ਜਾਣ ਵਾਲੀ ਅਕੈਡਮੀ ਲਈ ਲੋੜੀਂਦੀ ਜਗ੍ਹਾ ਮੁਹੱਈਆ ਕਰਵਾਉਣ ਜਿਥੇ ਬੱਚਿਆਂ ਨੂੰ ਸੰਗੀਤ ਦੀ ਮੁਫ਼ਤ ਸਿੱਖਿਆ ਦਿੱਤੀ ਜਾ ਸਕੇ।



ਉਨ੍ਹਾਂ ਦੱਸਿਆ ਕਿ ਹੁਣ ਤੱਕ ਇਨ੍ਹਾਂ ਪੱਤਰਾਂ ਬਾਰੇ ਕਿਸੇ ਦਾ ਕੋਈ ਹੁੰਗਾਰਾ ਨਹੀਂ ਮਿਲਿਆ ਹੈ ਜਿਸ ਕਾਰਨ ਫਾਊਂਡੇਸ਼ਨ ਦਾ ਮੁੱਖ ਮੰਤਵ ਵਿਚਾਲੇ ਹੀ ਲਟਕਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਫਾਊਂਡੇਸ਼ਨ ਦਾ ਦੂਜਾ ਮੰਤਵ ਲੋੜਵੰਦ ਲੋਕਾਂ ਨੂੰ ਡਾਕਟਰੀ ਮਦਦ ਮੁਹੱਈਆ ਕਰਨਾ ਹੈ ਪਰ ਇਸ ਮੰਤਵ ਦੀ ਪੂਰਤੀ ਲਈ ਵੀ ਫੰਡਾਂ ਦੀ ਘਾਟ ਮਹਿਸੂਸ ਹੋ ਰਹੀ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਮੰਤਵਾਂ ਦੀ ਪੂਰਤੀ ਲਈ ਜਿਥੇ ਆਮ ਲੋਕਾਂ ਦੇ ਸਹਿਯੋਗ ਦੀ ਲੋੜ ਹੈ, ਉਥੇ ਸਰਕਾਰ ਦੇ ਵੀ ਸਹਿਯੋਗ ਦੀ ਲੋੜ ਹੈ।

ਆਪਣੇ ਪਤੀ ਨੂੰ ਯਾਦ ਕਰਦਿਆਂ ਚਿਤਰਾ ਸਿੰਘ ਨੇ ਦੱਸਿਆ ਕਿ ਜਗਜੀਤ ਸਿੰਘ ਨੂੰ ਲੋੜਵੰਦਾਂ ਨੂੰ ਮਦਦ ਦੇਣ ਦੀ ਆਦਤ ਸੀ ਪਰ ਉਨ੍ਹਾਂ ਆਪਣੇ ਲਈ ਕਦੇ ਕੋਈ ਮਦਦ ਪ੍ਰਾਪਤ ਨਹੀਂ ਕੀਤੀ। ਉਨ੍ਹਾਂ ਦੀ ਯਾਦ ਵਿਚ ਸਥਾਪਤ ਫਾਊਂਡੇਸ਼ਨ ਨੂੰ ਜਦੋਂ ਮਦਦ ਦੀ ਲੋੜ ਹੈ ਤਾਂ ਲੋਕ ਕੰਨੀਂ ਕਤਰਾ ਰਹੇ ਹਨ। ਉਨ੍ਹਾਂ ਆਖਿਆ ਕਿ ਉਹ ਆਪਣੇ ਸਾਧਨਾਂ ਰਾਹੀਂ ਇਨ੍ਹਾਂ ਮੰਤਵਾਂ ਦੀ ਪੂਰਤੀ ਲਈ ਯਤਨ ਜਾਰੀ ਰੱਖਣਗੇ।

ਇਸ ਮੌਕੇ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਕੋਲ ਵੀ ਜਗਜੀਤ ਸਿੰਘ ਦੇ ਗਾਏ ਹੋਏ ਗੀਤ ਹਨ ਤਾਂ ਉਹ ਇਨ੍ਹਾਂ ਨੂੰ ਐਲਬਮ ਦੇ ਰੂਪ ਵਿਚ ਸੰਭਾਲ ਕੇ ਰੱਖਣ ਲਈ ਫਾਊਂਡੇਸ਼ਨ ਨੂੰ ਸੌਂਪਣ ਤਾਂ ਜੋ ਇਹ ਸਦੀਵੀ ਯਾਦ ਦਾ ਹਿੱਸਾ ਬਣ ਸਕਣ। ਖ਼ੁਦ ਗਾਉਣਾ ਸ਼ੁਰੂ ਕਰਨ ਬਾਰੇ ਉਨ੍ਹਾਂ ਆਖਿਆ ਕਿ ਹੁਣ ਗਾਉਣ ਦੀ ਕੋਈ ਇੱਛਾ ਹੀ ਨਹੀਂ ਰਹਿ ਗਈ ਹੈ। ਉਨ੍ਹਾਂ ਨੇ ਤਕਰੀਬਨ 23 ਸਾਲ ਪਹਿਲਾਂ ਗਜ਼ਲ ਗਾਉਣਾ ਬੰਦ ਕਰ ਦਿੱਤਾ ਸੀ। ਪਤੀ ਦੀ ਮੌਤ ਮਗਰੋਂ ਤਾਂ ਇਹ ਸ਼ੌਕ ਵੀ ਮਰ ਗਿਆ ਹੈ। ਉਨ੍ਹਾਂ ਭਾਵਕ ਹੁੰਦਿਆਂ ਆਖਿਆ ਕਿ ਜਗਜੀਤ ਸਿੰਘ ਤੋਂ ਬਿਨਾਂ ਕੋਈ ਜ਼ਿੰਦਗੀ ਨਹੀਂ ਹੈ। ਉਨ੍ਹਾਂ ਦਾ ਇਕਲੌਤਾ ਮੰਤਵ ਆਪਣੇ ਪਤੀ ਦੇ ਮਿਸ਼ਨ ਨੂੰ ਪੂਰਾ ਕਰਨਾ ਹੀ ਹੈ ਪਰ ਅਜੋਕੇ ਹਾਲਾਤ ਵਿਚ ਇਹ ਮੰਤਵ ਦੀ ਪੂਰਤੀ ਵੀ ਦੂਰ ਦਿਖਾਈ ਦਿੰਦੀ ਹੈ।

## ਪਾਵਨ ਸਰੂਪ ਭੇਜਣ ਲਈ ਵਿਸ਼ੇਸ਼ ਬੱਸਾਂ

**ਅੰਮ੍ਰਿਤਸਰ:** ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਪੰਜਾਬ ਤੇ ਬਾਹਰਲੇ ਰਾਜਾਂ ਵਿਚ ਭੇਜਣ ਲਈ ਸ਼੍ਰੋਮਣੀ ਕਮੇਟੀ ਨੇ ਅਤਿ-ਆਧੁਨਿਕ ਸੁਵਿਧਾ ਭਰਪੂਰ ਦੋ ਬੱਸਾਂ ਤਿਆਰ ਕਰਵਾਈਆਂ ਹਨ ਜਿਨ੍ਹਾਂ ਦਾ ਨਿਰੀਖਣ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਤਸੱਲੀ ਪ੍ਰਗਟ ਕੀਤੀ। ਉਨ੍ਹਾਂ ਦੱਸਿਆ ਬੱਸਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲੈ ਕੇ ਜਾਣ ਸਮੇਂ ਮਰਿਯਾਦਾ ਨੂੰ ਮੁੱਖ ਰੱਖਦਿਆਂ ਇਕੱਲੇ-ਇਕੱਲੇ ਪਾਵਨ ਸਰੂਪ ਲਈ ਵੱਖ-ਵੱਖ ਕੈਬਿਨ ਤਿਆਰ ਕਰਵਾਏ ਗਏ ਹਨ ਜਿਨ੍ਹਾਂ ਉਪਰ ਗੱਦੇ ਲਵਾਏ ਗਏ ਹਨ। ਹਰੇਕ ਬੱਸ ਵਿਚ 350 ਪਾਵਨ ਸਰੂਪ ਇਕੋ ਸਮੇਂ ਲਿਜਾਣ ਦੀ ਸੁਵਿਧਾ ਹੈ। ਇਹ ਬੱਸਾਂ ਏਅਰ ਕੰਡੀਸ਼ਨ ਹਨ। ਇਨ੍ਹਾਂ ਬੱਸਾਂ ਵਿਚ ਪਾਵਨ ਸਰੂਪ ਲੈ ਕੇ ਜਾਣ ਵਾਲੇ ਸਟਾਫ਼ ਲਈ 10 ਸੀਟਾਂ ਦਾ ਵੱਖਰਾ ਯੋਗ ਪ੍ਰਬੰਧ ਹੈ।

ਇਨ੍ਹਾਂ ਬੱਸਾਂ ਨੂੰ ਸ੍ਰੀ ਗੁਰੂ ਰਾਮਦਾਸ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੱਠ ਅਕਤੂਬਰ ਨੂੰ ਨਗਰ ਕੀਰਤਨ ਵਾਲੇ ਦਿਨ ਗੁਰਦੁਆਰਾ ਰਾਮਸਰ ਸਾਹਿਬ ਤੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਰਵਾਨਾ ਕੀਤਾ ਗਿਆ।

# ਸਿੱਖ ਕਤਲੇਆਮ ਪੀੜਤਾਂ ਤੋਂ ਮੁਫ਼ਤ ਬਿਜਲੀ ਸਹੂਲਤ ਖੁੱਸੀ

**ਨਵੀਂ ਦਿੱਲੀ:** ਤਿਲਕ ਵਿਹਾਰ ਵਿਚ ਸਰਕਾਰ ਵੱਲੋਂ ਦਿੱਤੇ ਗਏ ਫਲੈਟਾਂ ਵਿਚ ਬੀਤੇ ਤਿੰਨ ਦਹਾਕਿਆਂ ਤੋਂ ਮੁਫਤ ਬਿਜਲੀ ਦੀ ਸਹੂਲਤ ਪ੍ਰਾਪਤ ਕਰ ਰਹੇ 1984 ਸਿੱਖ ਕਤਲੇਆਮ ਦੇ ਪੀੜਤਾਂ ਨੂੰ ਹੁਣ ਸਪਲਾਈ ਲਈ ਨਵੇਂ ਕੁਨੈਕਸ਼ਨਾਂ ਲਈ ਅਰਜ਼ੀਆਂ ਦੇਣ ਲਈ ਕਿਹਾ ਗਿਆ ਹੈ। ਇਥੇ ਰਹਿ ਰਹੇ 500 ਪਰਿਵਾਰਾਂ ਨੇ ਦੱਸਿਆ ਕਿ ਬਿਜਲੀ ਮੁਹੱਈਆ ਕਰਵਾਉਣ ਵਾਲੀ ਕੰਪਨੀ ਬੀ.ਐਸ.ਈ.ਸੀ. ਰਾਜਧਾਨੀ ਉਨ੍ਹਾਂ 'ਤੇ ਬਿਜਲੀ ਕੁਨੈਕਸ਼ਨ ਲੈਣ ਲਈ ਦਬਾਅ ਪਾ ਰਹੀ ਹੈ।

ਇਨ੍ਹਾਂ ਪਰਿਵਾਰਾਂ ਨੇ ਦਾਅਵਾ ਕੀਤਾ ਹੈ ਕਿ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ 1984 ਦੇ ਦੰਗਾ ਪੀੜਤਾਂ ਨੂੰ ਮੁੜਵਸੇਬਾ ਸਕੀਮ ਅਧੀਨ ਮੁਫਤ ਬਿਜਲੀ ਦਿੱਤੇ ਜਾਣ ਦਾ ਵਾਅਦਾ ਕੀਤਾ ਸੀ, ਬੇਸ਼ੱਕ ਇਸ ਦਾ ਕੋਈ ਸਰਕਾਰੀ ਰਿਕਾਰਡ ਨਹੀਂ। ਦੂਸਰੇ ਪਾਸੇ ਬੀ.ਐਸ.ਈ.ਐਸ. ਦਾ ਕਹਿਣਾ ਹੈ ਕਿ ਉਸ ਨੇ ਕਿਸੇ ਨਾਲ ਵੀ ਅਜਿਹਾ ਵਾਅਦਾ ਨਹੀਂ ਕੀਤਾ, ਲੋਕਾਂ ਨੂੰ ਨਿਰੰਤਰ ਬਿਜਲੀ ਲੈਣ ਲਈ ਨਵੇਂ ਕੁਨੈਕਸ਼ਨ ਲੈਣੇ ਹੀ ਪੈਣਗੇ।

ਇਸ ਇਲਾਕੇ ਵਿਚ 944 ਜਨਤਾ ਫਲੈਟਾਂ ਨੂੰ ਜਿਸ 1000 ਕੇ.ਵੀ. ਟਰਾਂਸਫਾਰਮਰ ਰਾਹੀਂ ਬਿਜਲੀ ਮੁਹੱਈਆ ਕਰਵਾਈ ਜਾਂਦੀ ਸੀ, ਉਹ ਛੇ ਸਤੰਬਰ ਨੂੰ ਸੜ ਗਿਆ ਸੀ। ਬੀ.ਐਸ.ਈ.ਸੀ. ਨੇ ਇਥੇ 600 ਕੇ. ਵੀ. ਦਾ ਮੋਬਾਈਲ ਟਰਾਂਸਫਾਰਮਰ ਲਾਇਆ ਹੈ ਤੇ ਕਿਹਾ ਕਿ ਇਸ ਇਲਾਕੇ ਵਿਚੋਂ ਉਸ ਨੂੰ ਕੋਈ ਮਾਲੀਆ ਪ੍ਰਾਪਤ ਨਹੀਂ ਹੁੰਦਾ।

ਇਸ ਲਈ ਇਥੇ ਸਥਾਈ ਟਰਾਂਸਫਾਰਮਰ ਨਹੀਂ ਲਾਇਆ ਜਾਵੇਗਾ। ਇਸ ਵੇਲੇ ਇਲਾਕਾ ਨਿਵਾਸੀਆਂ ਨੂੰ ਇਕ ਦਿਨ ਵਿਚ 16 ਘੰਟੇ ਬਿਜਲੀ ਕੱਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੀ.ਐਸ.ਈ.ਸੀ. ਦਾ ਕਹਿਣਾ ਹੈ ਕਿ ਉਸ ਨੂੰ ਇਥੋਂ ਦੇ ਖਪਤਕਾਰਾਂ ਕੋਲੋਂ ਕੋਈ ਪੈਸਾ ਵਸੂਲ ਨਹੀਂ ਹੋ ਰਿਹਾ ਜਿਸ ਕਾਰਨ ਇਸ ਨੂੰ ਸਾਲਾਨਾ ਪੰਜ ਕਰੋੜ ਦਾ ਘਾਟਾ ਝੱਲਣਾ ਪੈ ਰਿਹਾ ਹੈ।

# ਨੈਨੀਤਾਲ ਰੇਲ ਰਸਤਾ ਅੰਮ੍ਰਿਤਸਰ ਨਾਲ ਜੁੜਿਆ

**ਅੰਮ੍ਰਿਤਸਰ:** ਉਤਰਾਖੰਡ ਸੂਬੇ ਦੇ ਨੈਨੀਤਾਲ ਖੇਤਰ ਵਿਚ ਵਸਦੇ ਪੰਜਾਬੀਆਂ ਨੂੰ ਅੰਮ੍ਰਿਤਸਰ ਨਾਲ ਜੋੜਨ ਲਈ ਪਹਿਲੀ ਵਾਰ ਅੰਮ੍ਰਿਤਸਰ-ਲਾਲ ਕੂੰਆਂ ਏ.ਸੈ. ਐਕਸਪ੍ਰੈਸ ਸ਼ੁਰੂ ਹੋ ਗਈ। ਵਿਧਾਇਕ ਤੇ ਕੌਮੀ ਐਸ.ਸੀ./ਐਸ.ਟੀ. ਕਮਿਸ਼ਨ ਦੇ ਵਾਈਸ ਚੇਅਰਮੈਨ ਡਾ. ਰਾਜ ਕੁਮਾਰ ਵੇਰਕਾ ਨੇ ਹਰੀ ਝੰਡੀ ਵਿਖਾ ਕੇ ਗੱਡੀ ਨੂੰ ਰਵਾਨਾ ਕੀਤਾ। ਲਾਲ ਕੂੰਆਂ ਉਤਰਾਖੰਡ ਦੇ ਝੀਲ ਜ਼ਿਲ੍ਹੇ ਵਜੋਂ ਮਸ਼ਹੂਰ ਨੈਨੀਤਾਲ ਤੋਂ 25 ਕਿਲੋਮੀਟਰ ਦੂਰੀ 'ਤੇ ਸਥਿਤ ਹੈ। 120 ਮੁਸਾਫ਼ਰਾਂ ਨੂੰ ਲੈ ਕੇ ਗਈ ਇਹ ਗੱਡੀ ਚੰਡੀਗੜ੍ਹ ਰਾਹੀਂ ਆਪਣੇ ਟਿਕਾਣੇ 'ਤੇ ਪੁੱਜੇਗੀ।

ਅਠਾਰਾਂ ਡੱਬਿਆਂ ਵਾਲੀ ਇਸ ਟਰੇਨ ਵਿਚ 13 ਏ.ਸੀ. ਥਰੀ ਟਾਇਰ ਕੋਚ, ਤਿੰਨ ਏ.ਸੀ. ਚੇਅਰ ਕਾਰ ਤੇ ਦੋ ਜਨਰੇਟਰ ਕੋਚ ਹਨ। ਅੰਮ੍ਰਿਤਸਰ ਤੋਂ ਲਾਲ ਕੂੰਆਂ ਤਕ ਏ.ਸੀ. ਥਰੀ ਟਾਇਰ ਦਾ ਕਰਾਇਆ 850 ਰੁਪਏ ਤੇ ਚੇਅਰ ਕਾਰ ਲਈ 680 ਰੁਪਏ ਹੈ।

ਹਫ਼ਤਾਵਾਰੀ ਇਹ ਟਰੇਨ ਹਰ ਬੁੱਧਵਾਰ ਸਵੇਰੇ ਪੰਜ ਵਜ ਕੇ 55 ਮਿੰਟ 'ਤੇ ਚੱਲ ਕੇ ਚੰਡੀਗੜ੍ਹ 12.20 ਮਿੰਟ 'ਤੇ ਪੁੱਜੇਗੀ ਤੇ ਰਾਤੀਂ 8 ਵਜ ਕੇ 50 ਮਿੰਟ 'ਤੇ ਲਾਲ ਕੂੰਆਂ ਪੁੱਜੇਗੀ। ਇਹ ਟਰੇਨ ਬਿਆਸ, ਜਲੰਧਰ ਸ਼ਹਿਰ, ਫਗਵਾੜਾ, ਲੁਧਿਆਣਾ, ਨਿਊ ਮੋਰਿੰਡਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਚੰਡੀਗੜ੍ਹ, ਅੰਬਾਲਾ ਕੈਂਟ, ਜਗਾਧਰੀ, ਸਹਾਰਨਪੁਰ, ਰੁੜਕੀ, ਲਕਸਰ, ਨਜੀਬਾਬਾਦ, ਮੁਰਾਦਾਬਾਦ ਤੇ ਕਾਸ਼ੀਪੁਰ ਤੋਂ ਹੁੰਦੀ ਹੋਈ ਇਸੇ ਦਿਨ 8.50 ਮਿੰਟ 'ਤੇ ਲਾਲ ਕੂੰਆਂ ਪੁੱਜ ਕੇ ਰਾਤੀਂ ਸਵਾ ਗਿਆਰਾਂ ਵਜੇ ਲਾਲ ਕੂੰਆਂ ਤੋਂ ਅੰਮ੍ਰਿਤਸਰ ਲਈ ਰਵਾਨਾ ਹੋਵੇਗੀ। ਅਗਲੇ ਦਿਨ ਇਹ ਟਰੇਨ ਸਵੇਰੇ ਨੌਂ ਵਜੇ ਚੰਡੀਗੜ੍ਹ ਪੁੱਜੇਗੀ ਤੇ ਅੰਮ੍ਰਿਤਸਰ ਦੁਪਹਿਰ ਦੋ ਵਜ ਕੇ 45 ਮਿੰਟ 'ਤੇ ਪੁੱਜ ਜਾਵੇਗੀ।

## ਹੁਸ਼ਿਆਰਪੁਰੀਆਂ ਦੀ ਜੁੜੀ ਦਿੱਲੀ ਨਾਲ ਤਾਰ

**ਹੁਸ਼ਿਆਰਪੁਰ:** ਜ਼ਿਲ੍ਹਾ ਹੁਸ਼ਿਆਰਪੁਰ ਨੂੰ ਰੇਲਵੇ ਲਾਈਨ ਬਨਣ ਦੇ ਸੌ ਸਾਲ ਬਾਅਦ ਸਿੱਧੀ ਹੁਸ਼ਿਆਰਪੁਰ-ਦਿੱਲੀ ਰੇਲ ਸੇਵਾ ਪ੍ਰਾਪਤ ਹੋਈ ਹੈ ਜੋ ਹੁਸ਼ਿਆਰਪੁਰ ਲਈ ਮਾਣ ਵਾਲੀ ਗੱਲ ਹੈ। ਕੇਂਦਰੀ ਸਿਹਤ ਰਾਜ ਮੰਤਰੀ ਸ੍ਰੀਮਤੀ ਸੰਤੋਸ਼ ਚੌਧਰੀ ਨੇ ਰੇਲਵੇ ਸਟੇਸ਼ਨ 'ਤੇ 'ਹੁਸ਼ਿਆਰਪੁਰ ਐਕਸਪ੍ਰੈਸ' ਨੂੰ ਹਰੀ ਝੰਡੀ ਦਿਖਾਉਣ ਮੌਕੇ ਦੱਸਿਆ ਕਿ 1913 ਵਿਚ ਹੁਸ਼ਿਆਰਪੁਰ ਲਈ ਰੇਲ ਸੇਵਾ ਬਹਾਲ ਹੋਈ ਸੀ ਤੇ ਦੋ ਅਕਤੂਬਰ ਨੂੰ ਮਹਾਤਮਾ ਗਾਂਧੀ ਦੇ ਜਨਮ ਦਿਵਸ ਦੇ ਮੌਕੇ ਅਜ਼ਾਦੀ ਦੇ 66 ਸਾਲਾਂ ਬਾਅਦ ਹੁਸ਼ਿਆਰਪੁਰ ਦੀ ਜਨਤਾ ਲਈ ਦਿੱਲੀ ਲਈ ਸਿੱਧੀ ਰੇਲ ਸੇਵਾ ਬਹਾਲ ਕੀਤੀ ਗਈ ਹੈ।

ਸ੍ਰੀਮਤੀ ਚੌਧਰੀ ਨੇ ਦੱਸਿਆ ਕਿ ਹੁਸ਼ਿਆਰਪੁਰ ਤੋਂ ਪਹਿਲਾਂ ਜਲੰਧਰ ਤੱਕ ਹੀ ਰੇਲ ਸੇਵਾ ਚੱਲ ਰਹੀ ਸੀ ਜਿਸ ਨੂੰ ਅੰਮ੍ਰਿਤਸਰ ਤੇ ਫਿਰੋਜ਼ਪੁਰ ਤੱਕ ਵਧਾਇਆ ਗਿਆ ਤੇ ਇਹ ਰੇਲ ਸੇਵਾ ਦਿੱਲੀ ਤੱਕ ਮੁਹੱਈਆ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਫ਼ਿਲਹਾਲ ਇਹ ਰੇਲ ਸੇਵਾ ਹਫ਼ਤੇ ਵਿਚ ਇਕ ਦਿਨ ਲਈ ਹੈ ਪਰ ਜਲਦੀ ਹੀ ਇਸ ਨੂੰ ਰੋਜ਼ਾਨਾ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਦੇ ਚੱਲਣ ਨਾਲ ਦਿੱਲੀ ਤੇ ਹੁਸ਼ਿਆਰਪੁਰ ਵਿੱਚ ਵਪਾਰ ਵਧੇਗਾ।

# ਪੰਜਾਬ 'ਚ ਆਬਾਦੀ ਨਾਲੋਂ ਵੋਟਰ ਜ਼ਿਆਦਾ !

**ਚੰਡੀਗੜ੍ਹ:** ਚੋਣ ਕਮਿਸ਼ਨ ਵੱਲੋਂ ਪੰਜਾਬ ਦੇ ਵੋਟਰਾਂ ਬਾਰੇ ਜਾਰੀ ਅੰਕੜਿਆਂ ਵਿਚ 30 ਤੋਂ 69 ਸਾਲ ਦੀ ਉਮਰ ਗਰੁੱਪ ਦੇ ਵਿਅਕਤੀਆਂ ਦੀਆਂ ਵੋਟਾਂ ਇਸ ਉਮਰ ਗਰੁੱਪ ਦੀ ਆਬਾਦੀ ਨਾਲੋਂ 12 ਲੱਖ ਵੱਧ ਦਿਖਾਈਆਂ ਜਾ ਰਹੀਆਂ ਹਨ। ਪੰਜਾਬ ਵਿਚ ਇਸ ਸਮੇਂ ਇਕ ਕਰੋੜ 85 ਲੱਖ 92 ਹਜ਼ਾਰ 870 ਵੋਟਰ ਹਨ ਤੇ ਮਰਦਮਸ਼ੁਮਾਰੀ ਮੁਤਾਬਕ ਇਕ ਕਰੋੜ 92 ਲੱਖ 34 ਹਜ਼ਾਰ 68 ਵਿਅਕਤੀ ਵੋਟਾਂ ਦੇ ਯੋਗ ਮੰਨੇ ਜਾ ਰਹੇ ਹਨ।

ਇਸ ਤਰ੍ਹਾਂ ਨਾਲ ਸੂਬੇ ਵਿਚ ਸੱਤ ਲੱਖ ਤੋਂ ਵੱਧ ਵਿਅਕਤੀਆਂ ਦੀਆਂ ਹੀ ਵੋਟਾਂ ਨਹੀਂ ਬਣੀਆਂ ਜਦੋਂਕਿ ਕਮਿਸ਼ਨ ਨੌਂ ਲੱਖ ਤਾਂ ਅਜਿਹੇ ਨੌਜਵਾਨਾਂ ਨੂੰ ਵੋਟਾਂ ਬਣਾਉਣ ਲਈ ਤਲਾਸ਼ ਰਿਹਾ ਹੈ ਜਿਨ੍ਹਾਂ ਦੀ ਉਮਰ 18 ਤੋਂ 19 ਸਾਲ ਦੇ ਦਰਮਿਆਨ ਹੈ। ਇਸ ਤਰ੍ਹਾਂ ਨਾਲ ਕੁੱਲ ਵੋਟਾਂ ਦੇ ਤੱਥਾਂ ਵਿਚ ਵੀ ਭੁਲੇਖਾ ਪਾਊ ਹਾਲਤ ਹੈ। ਕਮਿਸ਼ਨ ਦੇ ਨੁਮਾਇੰਦਿਆਂ ਕੋਲ ਇਨ੍ਹਾਂ ਤੱਥਾਂ ਦਾ ਕੋਈ ਜਵਾਬ ਨਹੀਂ ਹੈ। ਕਮਿਸ਼ਨ ਵੱਲੋਂ ਡਿਪਟੀ ਕਮਿਸ਼ਨਰਾਂ ਨੂੰ ਇਹ ਤੱਥ ਸੁਧਾਰਨ ਦੀਆਂ ਹਦਾਇਤਾਂ ਦਿੱਤੀਆਂ ਹੋਈਆਂ ਹਨ।

ਚੋਣ ਕਮਿਸ਼ਨ ਦੀ ਤਾਜ਼ਾ ਮੁਹਿੰਮ ਤਹਿਤ ਪਹਿਲੀ ਜਨਵਰੀ 2014 ਤੱਕ 18 ਸਾਲ ਦੀ ਉਮਰ ਦੇ ਹੋਣ ਵਾਲੇ ਨੌਜਵਾਨ ਵੋਟਾਂ ਦੇ ਯੋਗ ਹਨ। ਪੰਜਾਬ ਵਿਚ ਅਜਿਹੇ ਨੌਜਵਾਨਾਂ ਨੂੰ ਵੋਟਾਂ ਬਣਾਉਣ ਲਈ ਉਤਸ਼ਾਹਤ ਕੀਤਾ ਜਾ ਰਿਹਾ ਹੈ ਤਾਂ ਜੋ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਨੌਜਵਾਨਾਂ ਦੀ ਸ਼ਮੂਲੀਅਤ ਨੂੰ ਵਧਾਇਆ ਜਾ ਸਕੇ। ਕਮਿਸ਼ਨ ਨੇ ਕਾਲਜਾਂ ਤੱਕ ਮੁਹਿੰਮ ਚਲਾਈ ਹੈ। ਇਸ ਸਮੇਂ 18 ਤੋਂ 19 ਸਾਲ ਦੇ ਵੋਟਰਾਂ ਦੀ ਗਿਣਤੀ 11 ਲੱਖ 91 ਹਜ਼ਾਰ 122 ਹੈ ਤੇ ਯੋਗ ਵੋਟਰਾਂ ਦੀ ਗਿਣਤੀ 23 ਲੱਖ ਤੋਂ ਵੀ ਜ਼ਿਆਦਾ ਮੰਨੀ ਜਾਂਦੀ ਹੈ।

ਕਮਿਸ਼ਨ ਦੇ ਤੱਥਾਂ ਮੁਤਾਬਕ 30 ਤੋਂ 39 ਸਾਲ ਦੇ ਉਮਰ ਗਰੁੱਪ ਦੇ ਯੋਗ ਵੋਟਰ 41 ਲੱਖ 63 ਹਜ਼ਾਰ 600 ਹਨ ਤੇ ਇਸ ਉਮਰ ਗਰੁੱਪ ਵਿਚ ਜਿਹੜੀਆਂ ਵੋਟਾਂ ਬਣੀਆਂ ਹੋਈਆਂ ਹਨ ਉਹ 45 ਲੱਖ 53 ਹਜ਼ਾਰ 392 ਹਨ। 40 ਤੋਂ 49 ਸਾਲ ਦੇ ਉਮਰ ਗਰੁੱਪ ਦੇ ਯੋਗ ਵੋਟਰ 34 ਲੱਖ 15 ਹਜ਼ਾਰ 565 ਤੇ ਵੋਟਾਂ ਬਣੀਆਂ 36 ਲੱਖ 80 ਹਜ਼ਾਰ 634, 50 ਤੋਂ 59 ਸਾਲ ਦੇ ਉਮਰ ਗਰੁੱਪ ਵਿਚ ਵੋਟਾਂ ਲਈ ਯੋਗ ਵੋਟਰ 22 ਲੱਖ 358 ਤੇ ਜਿਨ੍ਹਾਂ ਦੀਆਂ ਵੋਟਾਂ ਬਣੀਆਂ ਹੋਈ ਹਨ, ਦੀ ਗਿਣਤੀ 27 ਲੱਖ 17 ਹਜ਼ਾਰ 500, 60 ਤੋਂ 69 ਸਾਲ ਦੇ ਉਮਰ ਗਰੁੱਪ ਵਿਚ ਯੋਗ ਵੋਟਰਾਂ ਦੀ ਗਿਣਤੀ 14 ਲੱਖ 19 ਹਜ਼ਾਰ 383 ਤੇ ਜਿਨ੍ਹਾਂ ਦੀਆਂ ਵੋਟਾਂ ਬਣ ਚੁੱਕੀਆਂ ਹਨ, ਉਹ 16 ਲੱਖ 60 ਹਜ਼ਾਰ 485 ਹਨ।



ਪੰਜਾਬ ਵਿਚ 80 ਸਾਲ ਤੋਂ ਵਡੇਰੀ ਉਮਰ ਦੇ ਵੋਟਰਾਂ ਦੀ ਗਿਣਤੀ ਵੀ ਕਾਫ਼ੀ ਹੈ। ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਕ 80 ਸਾਲ ਤੋਂ ਵਧ ਉਮਰ ਦੇ ਵੋਟਰਾਂ ਦੀ ਗਿਣਤੀ ਤਿੰਨ ਲੱਖ 85 ਹਜ਼ਾਰ 749 ਹੈ ਤੇ ਇਸ ਉਮਰ ਦੇ ਯੋਗ ਵੋਟਰਾਂ ਦੀ ਗਿਣਤੀ ਕਮਿਸ਼ਨ ਪੰਜ ਲੱਖ 60 ਹਜ਼ਾਰ 640 ਮੰਨਦਾ ਹੈ। ਇਨ੍ਹਾਂ ਅੰਕੜਿਆਂ ਮੁਤਾਬਕ ਤਾਂ ਇਕ ਲੱਖ 74 ਹਜ਼ਾਰ 891 ਬਜ਼ੁਰਗਾਂ ਦੀਆਂ ਵੋਟਾਂ ਹੀ ਨਹੀਂ ਬਣੀਆਂ। ਚੋਣ ਕਮਿਸ਼ਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਮਿਸ਼ਨ ਵੱਲੋਂ ਯੋਗ ਵੋਟਰਾਂ ਤੇ ਮੌਜੂਦਾ ਵੋਟਰਾਂ ਦੇ ਅੰਕੜੇ ਮਰਦਮਸ਼ੁਮਾਰੀ ਤੋਂ ਹੀ ਲਏ ਜਾਂਦੇ ਹਨ। ਮਰਦਮਸ਼ੁਮਾਰੀ ਵਿਭਾਗ ਨੇ ਤਾਂ ਪਿੰਡ ਪੱਧਰ ਤੱਕ ਦੀ ਜਨਗਣਨਾ ਦੇ ਅੰਕੜੇ ਕਮਿਸ਼ਨ ਨੂੰ ਭੇਜ ਦਿੱਤੇ ਹਨ। ਕਮਿਸ਼ਨ ਦੇ ਅਧਿਕਾਰੀਆਂ ਨੂੰ ਇਨ੍ਹਾਂ ਤੱਥਾਂ ਬਾਰੇ ਜਦੋਂ ਪੁੱਛਿਆ ਗਿਆ ਤਾਂ ਉਨ੍ਹਾਂ ਨੂੰ ਆਬਾਦੀ ਤੇ ਮੌਜੂਦਾ ਵੋਟਰਾਂ ਦੇ ਅੰਕੜਿਆਂ ਵਿਚ ਗੜਬੜੀ ਦੀ ਸਮਝ ਨਹੀਂ ਆਈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਜਾਂ ਤਾਂ ਕਈ ਵਿਅਕਤੀਆਂ ਦੀਆਂ ਇਕ ਤੋਂ ਵਧੀਕ ਵੋਟਾਂ ਹਨ ਜਾਂ ਫਿਰ ਕਿਤੇ ਹੋਰ ਗੜਬੜ ਹੋ ਗਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਕਮਿਸ਼ਨ ਦੇ ਡਾਟਾ ਬੇਸ ਤੋਂ ਇਹ ਅੰਕੜੇ ਲਏ ਗਏ ਹਨ ਤੇ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਗਿਆ ਹੈ ਕਿ ਤੱਥਾਂ ਨੂੰ ਮਰਦਮਸ਼ੁਮਾਰੀ ਦੇ ਤੱਥਾਂ ਨਾਲ ਮਿਲਾ ਕੇ ਸੋਧਿਆ ਜਾਵੇ।

# ਪੰਜਾਬੀਆਂ ਦਾ ਖੱਦਰ ਦੇ ਕੱਪੜਿਆਂ ਤੋਂ ਮੋਹ ਭੰਗ

**ਚੰਡੀਗੜ੍ਹ:** ਪੰਜਾਬ ਦੇ ਲੋਕ ਹੁਣ ਖੱਦਰ ਦੇ ਕੱਪੜੇ ਨਹੀਂ ਪਾਉਂਦੇ ਹਨ। ਪੱਛਮੀ ਹਨੇਰੀ ਪੰਜਾਬ ਵਿਚੋਂ ਖਾਦੀ ਨੂੰ ਉਡਾ ਕੇ ਲੈ ਗਈ। ਹਾਲਾਂਕਿ ਦੂਸਰੇ ਸੂਬਿਆਂ ਦਾ ਇਸ ਪੱਖੋਂ ਥੋੜ੍ਹਾ ਬਚਾਅ ਹੈ। ਹੁਣ ਨੇਤਾ ਲੋਕ ਵੀ ਖਾਦੀ ਦੇ ਕੱਪੜੇ ਨਹੀਂ ਪਹਿਨਦੇ। ਉਂਜ ਉਨ੍ਹਾਂ ਦੇ ਕੱਪੜੇ ਖਾਦੀ ਦਾ ਪ੍ਰਭਾਵ ਜ਼ਰੂਰ ਦਿੰਦੇ ਹਨ। ਪੰਜਾਬ ਵਿਚ ਖਾਦੀ ਦਾ ਉਤਪਾਦਨ ਤੇ ਇਸ ਦੀ ਵਿਕਰੀ ਘਟੀ ਹੈ। ਉੱਤਰੀ ਭਾਰਤ ਦੇ ਬਾਕੀ ਰਾਜਾਂ ਵਿਚ ਖਾਦੀ ਦਾ ਉਤਪਾਦਨ ਪੰਜਾਬ ਨਾਲੋਂ ਜ਼ਿਆਦਾ ਹੈ।

ਵਿਕਰੀ ਤਾਂ ਉਤਪਾਦਨ ਨਾਲੋਂ ਵੀ ਜ਼ਿਆਦਾ ਹੈ। ਪੰਜਾਬ ਵਿਚ ਜੋ ਖਾਦੀ ਬੋਰਡ ਵੱਲੋਂ ਉਦਯੋਗ ਲਾਏ ਸਨ, ਉਨ੍ਹਾਂ ਦਾ ਵੀ ਬੁਰਾ ਹਾਲ ਹੀ ਹੈ। ਖਾਦੀ ਗਰਾਮ ਤੇ ਉਦਯੋਗ ਕਮਿਸ਼ਨ (ਭਾਰਤ ਸਰਕਾਰ) ਵੱਲੋਂ ਪੰਜਾਬ ਵਿਚ ਖਾਦੀ ਦੇ ਕਰੀਬ 20 ਸਟੋਰ ਖੋਲ੍ਹੇ ਹੋਏ ਹਨ। ਏਦਾਂ ਹੀ ਖਾਦੀ ਬੋਰਡ ਵੱਲੋਂ ਵੱਖ-ਵੱਖ ਮੌਕਿਆਂ 'ਤੇ ਨੁਮਾਇਸ਼ਾਂ ਵੀ ਲਾਈਆਂ ਜਾਂਦੀਆਂ ਹਨ। ਖਾਦੀ ਦੀ ਵਿਕਰੀ ਸਭ ਤੋਂ ਜ਼ਿਆਦਾ ਉੱਤਰ ਪ੍ਰਦੇਸ਼ ਵਿਚ ਹੈ।

ਛੋਟਿਆਂ ਤੇ ਦਰਮਿਆਨਿਆਂ ਸਨਅਤਾਂ ਬਾਰੇ ਮੰਤਰਾਲੇ ਤੋਂ ਪ੍ਰਾਪਤ ਸੂਚਨਾ ਅਨੁਸਾਰ ਪੰਜਾਬ ਵਿਚ ਖਾਦੀ ਦੀ ਵਿਕਰੀ ਘਟ ਰਹੀ ਹੈ। ਸਾਲ 2009-10 ਵਿਚ ਪੰਜਾਬ ਵਿਚ ਖਾਦੀ ਦੀ ਵਿਕਰੀ 10.18 ਕਰੋੜ ਰੁਪਏ ਦੀ ਸੀ ਜੋ ਸਾਲ 2011-12 ਵਿਚ ਘਟ ਕੇ 8.54 ਕਰੋੜ ਰੁਪਏ ਦੀ ਰਹਿ ਗਈ ਹੈ। ਉਤਪਾਦਨ ਵਧ ਰਿਹਾ ਹੈ। ਸਾਲ 2009-10 ਵਿਚ ਪੰਜਾਬ ਵਿਚ ਖਾਦੀ ਦਾ ਉਤਪਾਦਨ 11.02 ਕਰੋੜ ਰੁਪਏ ਦਾ ਸੀ ਜੋ ਸਾਲ 2010-11 ਵਿਚ ਇਹ 11.95 ਕਰੋੜ ਰੁਪਏ ਦਾ ਹੋ ਗਿਆ।

ਸਾਲ 2011-12 ਵਿਚ ਇਹ ਉਤਪਾਦਨ 12.10 ਕਰੋੜ ਰੁਪਏ ਦਾ ਤੇ ਸਾਲ 2012-13 ਵਿਚ ਇਹ 12.82 ਕਰੋੜ ਰੁਪਏ ਦਾ ਹੋ ਗਿਆ ਹੈ। ਵਿਕਰੀ ਵਿਚ ਕਮੀ ਹੋਈ ਹੈ। ਦੂਜੇ ਪਾਸੇ ਗੁਆਂਢੀ ਰਾਜ ਹਰਿਆਣਾ ਵਿਚ ਉਤਪਾਦਨ ਨਾਲੋਂ ਵਿਕਰੀ ਜ਼ਿਆਦਾ ਹੈ। ਹਰਿਆਣਾ ਵਿਚ ਖਾਦੀ ਦਾ ਉਤਪਾਦਨ ਸਾਲ 2009-10 ਵਿਚ 60.86 ਕਰੋੜ ਰੁਪਏ ਦਾ ਸੀ ਜਦੋਂਕਿ ਵਿਕਰੀ 76.28 ਕਰੋੜ ਰੁਪਏ ਦੀ ਸੀ। ਹਰਿਆਣਾ ਵਿਚ ਸਾਲ 2010-11 ਵਿਚ ਉਤਪਾਦਨ 62.34 ਕਰੋੜ ਰੁਪਏ ਦਾ ਸੀ ਜਦੋਂਕਿ ਵਿਕਰੀ 84.80 ਕਰੋੜ ਰੁਪਏ ਦੀ ਸੀ। ਸਾਲ 2011-12 ਵਿਚ ਹਰਿਆਣਾ ਵਿਚ ਵਿਕਰੀ 69.68 ਕਰੋੜ ਰੁਪਏ ਦੀ ਹੋਈ ਹੈ। ਪੇਂਡੂ ਕਲਚਰ ਦੇ ਮਾਹਿਰ ਡਾ. ਰਵੀ ਰਵਿੰਦਰ (ਪੰਜਾਬ ਯੂਨੀਵਰਸਿਟੀ ਰਿਜ਼ਨਲ ਸੈਂਟਰ ਮੁਕਤਸਰ) ਦਾ ਕਹਿਣਾ ਹੈ ਕਿ ਵਿਸ਼ਵੀਕਰਨ ਤੇ ਪੱਛਮੀ ਸਭਿਆਚਾਰ ਨੇ ਪੰਜਾਬ ਦੇ ਪਿੰਡਾਂ ਨੂੰ ਵੀ ਬਰਾਬਰ ਲਪੇਟ ਵਿਚ ਲਿਆ ਹੈ ਜਦੋਂਕਿ ਬਾਕੀ ਸੂਬਿਆਂ ਵਿਚ ਪੱਛਮੀ ਹੱਲਾ ਹਾਲੇ ਸ਼ਹਿਰਾਂ ਤੱਕ ਹੀ ਸੀਮਤ ਹੈ। ਪੰਜਾਬ ਵਿਚ ਕਰੀਬ 80 ਪ੍ਰਾਈਵੇਟ ਖਾਦੀ ਸਟੋਰ ਹਨ ਜੋ ਖਾਦੀ ਬੋਰਡ ਨਾਲ ਜੁੜੇ ਹੋਏ ਹਨ।

# ਭਾਰਤ-ਪਾਕਿ ਸਬੰਧਾਂ 'ਚ ਵੱਡਾ ਅੜਿੱਕਾ ਦਹਿਸ਼ਤਗਰਦੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਾਨੂੰ ਇਸ 'ਤੇ ਜ਼ਰਾ ਵੀ ਇਤਰਾਜ਼ ਨਹੀਂ ਕਿ ਗਵਾਂਢੀ ਹੋਣ ਕਰ ਕੇ ਪਾਕਿਸਤਾਨ ਨਾਲ ਸਬੰਧ ਸੁਧਰਨੇ ਵੀ ਚਾਹੀਦੇ ਹਨ ਤੇ ਸੁਧਾਰਨੇ ਵੀ ਚਾਹੀਦੇ ਹਨ। ਮੁਸ਼ਕਲ ਇਹ ਹੈ ਕਿ ਸਬੰਧ ਸੁਧਰ ਨਹੀਂ ਰਹੇ। ਦੋਵਾਂ ਪਾਸਿਆਂ ਤੋਂ ਕਈ ਲੋਕ ਅਜਿਹੇ ਹਨ, ਜਿਹੜੇ ਸਬੰਧ ਸੁਧਾਰਨ ਵਿਚ ਯੋਗਦਾਨ ਪਾਉਣ ਦੀ ਥਾਂ ਵਿਗਾੜਨ ਵਾਲੀਆਂ ਚਾਬੀਆਂ ਘੁੰਮਾਉਣ ਲੱਗੇ ਰਹਿੰਦੇ ਹਨ। ਇਹ ਕੋਸ਼ਿਸ਼ਾਂ ਹੁਣ ਵੀ ਜਾਰੀ ਹਨ ਤੇ ਜਾਪਦਾ ਹੈ ਜਾਰੀ ਰਹਿਣਗੀਆਂ ਵੀ।

ਸਭ ਤੋਂ ਵੱਡੀ ਮੁਸੀਬਤ ਇਹ ਹੈ ਕਿ ਭਾਰਤ ਵਿਚ ਦਹਿਸ਼ਤਗਰਦ ਵਾਰਦਾਤਾਂ ਹੋਣ ਤੋਂ ਨਹੀਂ ਰੁਕ ਰਹੀਆਂ ਤੇ ਹਰ ਵਾਰਦਾਤ ਦੀ ਪੈੜ ਅੰਤ ਨੂੰ ਪਾਕਿਸਤਾਨ ਵਿਚ ਜਾ ਕੇ ਨਿਕਲਦੀ ਹੈ। ਸਿਰਫ ਸਾਡੇ ਹੀ ਨਹੀਂ, ਕੀਨੀਆ ਦੇ ਇੱਕ ਸ਼ਾਪਿੰਗ ਮਾਲ ਵਿਚ ਵਾਰਦਾਤ ਹੋਈ ਤਾਂ ਓਥੇ ਵੀ ਜਿਹੜੇ ਲੋਕ ਦੋਸ਼ੀ ਨਿਕਲੇ, ਉਸ ਅਲ-ਸ਼ਬਾਬ ਨਾਂ ਦੇ ਧੜੇ ਦੀ ਸਿੱਧੀ ਤੰਦ ਪਾਕਿਸਤਾਨ ਨਾਲ ਜਾ ਜੁੜੀ ਹੈ। ਅਮਰੀਕਾ ਵਾਲੇ ਕਈ ਵਾਰੀ ਆਪਣੇ ਕਾਨੂੰਨ ਵਿਚ ਦੋਸ਼ੀ ਮੰਨੇ ਜਾਂਦੇ ਦਹਿਸ਼ਤਗਰਦਾਂ ਨੂੰ ਪਾਕਿਸਤਾਨ ਵਿਚੋਂ ਫੜ ਕੇ ਲਿਜਾ ਚੁੱਕੇ ਹਨ ਤੇ ਪਾਕਿਸਤਾਨ ਦੇ ਜਿਹੜੇ ਹਾਕਮ ਹਰ ਵੇਲੇ ਭਾਰਤ ਨੂੰ ਘੂਰੀਆਂ ਵੱਟ ਕੇ ਖੁਸ਼ ਹੁੰਦੇ ਹਨ, ਅਮਰੀਕੀ ਹਕੂਮਤ ਨੂੰ ਉਸ ਦੀ ਲੋੜ ਦੇ ਬੰਦੇ ਇਨ੍ਹਾਂ ਨੇ ਆਪ ਫੜ ਕੇ ਪੇਸ਼ ਕੀਤੇ ਹਨ। ਚੀਨ ਇਨ੍ਹਾਂ ਦਾ ਬੜੇ ਚਿਰਾਂ ਦਾ ਜੋਟੀਦਾਰ ਹੈ ਤੇ ਸ਼ਾਇਦ ਭਾਰਤ ਵਿਚ ਦਹਿਸ਼ਤਗਰਦੀ ਦੇ ਪਟਾਕੇ ਪੈਂਦੇ ਵੇਖ ਕੇ ਉਸ ਨੂੰ ਦੁੱਖ ਵੀ ਕਦੀ ਨਹੀਂ ਹੋਇਆ, ਹੁਣ ਉਸ ਦੇ ਆਪਣੇ ਪੱਛਮੀ ਸੂਬੇ ਵਿਚ, ਜਿਹੜਾ ਪਾਕਿਸਤਾਨ ਨਾਲ ਲੱਗਦਾ ਹੈ, ਇਹ ਕਹਾਣੀ ਸ਼ੁਰੂ ਹੋ ਗਈ ਹੈ ਤੇ ਉਸ ਨੂੰ ਵੀ ਪਾਕਿਸਤਾਨ ਵੱਲ ਅੱਖ ਕੌੜੀ ਕਰਨੀ ਪਈ ਹੈ। ਅਜੋਕੇ ਦੌਰ 'ਚ ਦਹਿਸ਼ਤਗਰਦੀ ਦਾ ਸਭ ਤੋਂ ਵੱਡਾ ਕੇਂਦਰ ਓਧਰ ਹੋਣਾ ਭਾਰਤ-ਪਾਕਿ ਸਬੰਧ ਵਿਚ ਵੱਡੀ ਰੁਕਾਵਟ ਹੈ।

ਪਾਕਿਸਤਾਨ ਦੀ ਸਰਕਾਰ ਚਲਾਉਣ ਵਾਲਿਆਂ ਦੀ ਕਿਸਮ ਬਦਲ ਜਾਂਦੀ ਹੈ, ਪਰ ਤਵਾ ਉਹ ਸਾਰੇ ਇਹੋ ਲਾਈ ਰੱਖਦੇ ਹਨ ਕਿ ਉਨ੍ਹਾਂ ਦਾ ਦੇਸ਼ ਤਾਂ ਖੁਦ ਦਹਿਸ਼ਤਗਰਦੀ ਦਾ ਸੇਕ ਹੰਢਾ ਰਿਹਾ ਹੈ। ਇਹ ਗੱਲ ਉਨ੍ਹਾਂ ਦੀ ਬਿਲਕੁਲ ਠੀਕ ਹੈ, ਪਰ ਭਾਰਤ ਦੇ ਤੇ ਉਨ੍ਹਾਂ ਦੇ ਹਾਲਾਤ ਵਿਚ ਇਕ ਫਰਕ ਹੈ। ਭਾਰਤ ਨੂੰ ਉਹ ਦਹਿਸ਼ਤਗਰਦੀ ਹੰਢਾਉਣ ਨੂੰ ਮਜਬੂਰ ਹੋਣਾ ਪੈਂਦਾ ਹੈ, ਜਿਹੜੀ ਗਵਾਂਢ ਤੋਂ ਪੈਦਾ ਕੀਤੀ ਜਾਂਦੀ ਹੈ, ਜਦ ਕਿ ਪਾਕਿਸਤਾਨ ਉਨ੍ਹਾਂ ਦਹਿਸ਼ਤਗਰਦਾਂ ਦੀ ਮਾਰ ਝੱਲ ਰਿਹਾ ਹੈ, ਜਿਹੜੇ ਉਸ ਨੇ ਆਂਢ-ਗਵਾਂਢ ਨੂੰ ਤੰਗ ਕਰਨ ਲਈ ਆਪ ਪੈਦਾ ਕੀਤੇ ਪਰ ਲੋੜ ਤੋਂ ਵੱਧ ਪੈਦਾ ਹੋ ਜਾਣ ਕਰ ਕੇ ਹੁਣ ਉਸ ਦੇ ਆਪਣੇ ਘਰ ਅੰਦਰ ਘਮਸਾਣ ਮੱਚਿਆ ਪਿਆ ਹੈ। ਇਸ ਵਿਚ ਕਿਸੇ ਹੋਰ ਦਾ ਕਸੂਰ ਨਹੀਂ ਨਿਕਲ ਸਕਦਾ। ਉਹ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਉਨ੍ਹਾਂ ਦੀ ਸਰਕਾਰ ਨਾਲ ਤਾਲਿਬਾਨ ਦੇ ਇਕ ਜਾਂ ਦੂਸਰੇ ਧੜੇ ਵੱਲੋਂ ਸੰਪਰਕ ਰੱਖਿਆ ਜਾਂਦਾ ਹੈ ਤੇ ਜਦੋਂ ਇਕ ਧੜਾ ਅਮਰੀਕਾ ਨਾਲ ਗੱਲਬਾਤ ਲਈ ਸਹਿਮਤ ਹੋ ਗਿਆ, ਉਸ ਦੇ ਲੀਡਰਾਂ ਨੂੰ ਬਿਨਾਂ ਪਾਸਪੋਰਟ ਤੋਂ ਕਤਰ ਵਿਚ ਪੁਚਾਉਣ ਲਈ ਟਰੈਵਲ ਡਾਕੂਮੈਂਟਸ ਪਾਕਿਸਤਾਨ ਦੀ ਸਰਕਾਰ ਵੱਲੋਂ ਦਿੱਤੇ ਗਏ ਸਨ।

ਅਫਗਾਨਿਸਤਾਨ ਸਰਕਾਰ ਜਦੋਂ ਤਾਲਿਬਾਨ ਦੇ ਇੱਕ ਧੜੇ ਨਾਲ ਗੱਲ ਕਰਨਾ ਚਾਹੁੰਦੀ ਸੀ ਤਾਂ ਪਾਕਿਸਤਾਨ ਨੇ ਉਸ ਧੜੇ ਦੇ ਆਗੂ ਨੂੰ ਫੜ ਕੇ ਸਾਰੀ ਕੋਸ਼ਿਸ਼ ਨੂੰ ਸਾਬੋਤਾਜ ਕਰ ਦਿੱਤਾ, ਪਰ ਜਿਸ ਵੇਲੇ ਅਫਗਾਨਿਸਤਾਨ ਦੇ ਸਦਰ ਹਾਮਿਦ ਕਰਜ਼ਾਈ ਨੇ ਆਪ ਆ ਕੇ ਤਰਲਾ ਮਾਰਿਆ ਤਾਂ ਉਸੇ ਤਾਲਿਬਾਨ ਲੀਡਰ ਨੂੰ ਜੇਲ੍ਹ ਤੋਂ ਛੱਡ ਕੇ



*ਨਵਾਜ਼ ਸ਼ਰੀਫ*

ਗੱਲਬਾਤ ਲਈ ਸਭ ਸਹੂਲਤਾਂ ਵੀ ਪਾਕਿਸਤਾਨ ਦੀ ਸਰਕਾਰ ਨੇ ਦਿੱਤੀਆਂ ਹਨ। ਇਸ ਤੋਂ ਸਾਫ ਹੈ ਕਿ ਪਾਕਿਸਤਾਨ ਦੀ ਸਰਕਾਰ ਦਹਿਸ਼ਤਗਰਦਾਂ ਦੇ ਕਮਾਂਡ ਕੇਂਦਰ ਦਾ ਕੰਮ ਕਰ ਰਹੀ ਹੈ।

ਪਿਛਲੇ ਐਤਵਾਰ ਅਮਰੀਕਾ ਵਿਚ ਜਾ ਕੇ ਭਾਰਤ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਮਿਲੇ ਸਨ। ਪਾਕਿਸਤਾਨ ਦਾ ਪ੍ਰਧਾਨ ਮੰਤਰੀ ਉਹੋ ਨਵਾਜ਼ ਸ਼ਰੀਫ ਸੀ, ਜਿਸ ਨੇ ਡੇਢ ਦਹਾਕਾ ਪਹਿਲਾਂ ਸਾਡੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨਾਲ ਲਾਹੌਰ ਵਿਚ ਜੱਫੀ ਪਾਈ ਸੀ। ਸਰਦੀਆਂ ਦੇ ਦਿਨਾਂ ਵਿਚ ਪਾਈ ਉਸ ਜੱਫੀ ਦਾ ਨਿੱਘ ਬਹੁਤੇ ਦਿਨ ਨਹੀਂ ਸੀ ਰਹਿ ਸਕਿਆ ਤੇ ਪਾਕਿਸਤਾਨ ਦੀ ਫੌਜ ਨੇ ਕਾਰਗਿਲ ਦੀਆਂ ਚੋਟੀਆਂ ਤੋਂ ਭਾਰਤ ਵੱਲ ਤੋਪਾਂ ਦਾਗਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਉਦੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵਜੋਂ ਨਵਾਜ਼ ਸ਼ਰੀਫ ਨੂੰ ਇਹ ਪਤਾ ਹੋਣ ਦੇ ਬਾਵਜੂਦ ਕਿ ਉਸ ਦੀ ਫੌਜ ਨੇ ਹਮਲਾ ਕੀਤਾ ਹੈ, ਉਸ ਨੇ ਆਪਣੀ ਫੌਜ ਦੇ ਮੁਖੀ ਨੂੰ ਕੁਝ ਨਹੀਂ ਸੀ ਕਿਹਾ ਤੇ ਭਾਰਤ ਦੇ ਵਿਰੋਧ ਵਿਚ ਦਬਕੜੇ ਛੱਡਣੇ ਜਾਰੀ ਰੱਖੇ ਸਨ। ਆਪਣੇ ਵਿਰੁਧ ਰਾਜ-ਪਲਟੇ ਤੋਂ ਕਈ ਸਾਲ ਬਾਅਦ ਜਦੋਂ ਨਵਾਜ਼ ਸ਼ਰੀਫ਼ ਦੀ ਦੰਦਲ ਟੁੱਟੀ ਤਾਂ ਉਸ ਨੇ ਮੰਨਿਆ ਸੀ ਕਿ ਜਨਰਲ ਪਰਵੇਜ਼ ਮੁਸ਼ੱਰਫ਼ ਨੇ ਇਹ ਜੰਗ ਭਾਰਤ ਉਤੇ ਠੋਸੀ ਸੀ। ਏਨੀ ਦੇਰ ਕਰ ਕੇ ਇਹ ਗੁਨਾਹ ਮੰਨਣ ਦਾ ਨਾ ਉਸ ਨੂੰ ਆਪ ਨੂੰ ਲਾਭ ਹੋਣਾ ਸੀ ਤੇ ਨਾ ਭਾਰਤ ਦੇ ਹੋ ਚੁੱਕੇ ਨੁਕਸਾਨ ਦੀ ਭਰਪਾਈ ਹੋ ਸਕਣੀ ਸੀ। ਜੇ ਉਹ ਇਹ ਗੱਲ ਜਾਣਦਾ ਸੀ ਤਾਂ ਉਸ ਨੂੰ ਉਦੋਂ ਹੀ ਮੁਸ਼ੱਰਫ਼ ਦਾ ਪੱਖ ਨਹੀਂ ਸੀ ਲੈਣਾ ਚਾਹੀਦਾ।

ਨਵਾਜ਼ ਸ਼ਰੀਫ ਦੀ ਸ਼ਰਾਫਤ ਦਾ ਇੱਕ ਨਮੂਨਾ ਇਹ ਵੀ ਹੈ ਕਿ ਹੁਣ ਵੀ ਭਾਰਤ ਦੇ ਖਿਲਾਫ ਕੰਟਰੋਲ ਰੇਖਾ ਉਤੇ ਗੋਲੀਬਾਰੀ ਹੋਈ ਜਾਂਦੀ ਹੈ ਤੇ ਉਹ ਆਪਣੀ ਫੌਜ ਦੇ ਕਮਾਂਡਰਾਂ ਨੂੰ ਜ਼ਬਤ ਵਿਚ ਰਹਿਣ ਲਈ ਕਹਿਣ ਜੋਗਾ ਨਹੀਂ। ਜੇ ਦਸ ਕੁ ਸਾਲ ਹੋਰ ਲੰਘਾ ਕੇ ਉਹ ਫਿਰ ਕਹਿ ਦੇਵੇ ਕਿ ਉਸ ਨੂੰ ਪਤਾ ਸੀ ਕਿ ਜਨਰਲ ਕਿਆਨੀ ਨੇ ਜਨਰਲ ਮੁਸ਼ੱਰਫ਼ ਵਾਂਗ ਜ਼ਿਆਦਤੀ ਕੀਤੀ ਸੀ ਤਾਂ ਇਸ ਦਾ ਉਸ ਨੂੰ ਅਤੇ ਭਾਰਤ ਨੂੰ ਕੀ ਲਾਭ ਹੋਵੇਗਾ?

ਦੂਸਰਾ ਪੱਖ ਉਸ ਦੇਸ਼ ਵਿਚ ਉਨ੍ਹਾਂ ਲੋਕਾਂ ਦੇ ਭਾਰੂ ਹੁੰਦੇ ਜਾਣ ਵਾਲਾ ਹੈ, ਜਿਹੜੇ ਜਨੂੰਨ ਨੂੰ ਰਾਜਨੀਤਕ ਲਾਭਾਂ ਲਈ ਹੱਥਕੰਡੇ ਦੇ ਤੌਰ ਉਤੇ ਵਰਤਦੇ ਹਨ। ਇਨ੍ਹਾਂ ਵਿਚ ਇਸ ਵੇਲੇ ਸਭ ਤੋਂ ਉਭਰਵਾਂ ਨਾਂ ਇਮਰਾਨ ਖਾਨ ਦਾ ਹੈ, ਜਿਹੜਾ ਕ੍ਰਿਕਟ ਦੀ ਖੇਡ ਤੋਂ ਰਾਜਨੀਤੀ ਵਿਚ ਆਇਆ ਹੈ। ਜਿਸ ਪਿਸ਼ਾਵਰ ਵਿਚ 22 ਸਤੰਬਰ ਦੇ ਦਿਨ ਈਸਾਈ ਭਾਈਚਾਰੇ ਦੇ ਸਵਾ ਸਦੀ ਤੋਂ ਵੱਧ ਪੁਰਾਣੇ ਚਰਚ ਵਿਚ ਐਤਵਾਰ ਦੀ ਪ੍ਰਾਰਥਨਾ ਦੇ ਵਕਤ ਆਤਮਘਾਤੀ ਬੰਬਾਰ ਹਮਲੇ ਵਿਚ 70 ਤੋਂ ਵੱਧ ਲੋਕ ਮਾਰੇ ਗਏ, ਉਹ ਸ਼ਹਿਰ ਖੈਬਰ ਪਖਤੂਨਖਵਾ ਵਿਚ ਪੈਂਦਾ ਹੈ, ਜਿੱਥੇ ਇਮਰਾਨ ਖਾਨ ਦੀ ਪਾਰਟੀ ਦੀ ਸਰਕਾਰ ਹੈ। ਸਿਰਫ 7 ਦਿਨ ਬਾਅਦ ਅਗਲੇ ਐਤਵਾਰ ਫਿਰ ਉਸੇ ਸ਼ਹਿਰ ਵਿਚ ਕਾਰ ਬੰਬ ਹਮਲਾ ਕਰ ਕੇ ਕਈ ਦਰਜਨਾਂ ਲੋਕ ਮਾਰ ਦਿੱਤੇ ਗਏ। ਇਸ ਤੋਂ ਕੁਝ ਦਿਨ ਪਹਿਲਾਂ ਉਸ ਖੇਤਰ ਵਿਚ ਫੌਜ ਦਾ ਇੱਕ ਮੇਜਰ ਜਨਰਲ ਮਾਰ ਦਿੱਤਾ ਗਿਆ ਸੀ। ਪਾਕਿਸਤਾਨ ਦੀ ਫੌਜ ਆਪਣੇ ਮੇਜਰ ਜਨਰਲ ਦੇ ਕਾਤਲਾਂ ਦੇ ਖਿਲਾਫ ਕਾਰਵਾਈ ਕਰਨ ਤੁਰੀ ਤਾਂ ਉਸ ਰਾਜ ਦਾ ਗਵਰਨਰ ਇਸ ਕਾਰਵਾਈ ਦੇ ਵਿਰੋਧ ਵਿਚ ਇਹ ਕਹਿ ਕੇ ਅਸਤੀਫ਼ਾ ਦੇ ਗਿਆ ਕਿ ਫੌਜੀ ਕਾਰਵਾਈ ਵਿਚ ਸਾਡੇ ਆਪਣੇ ਲੋਕਾਂ ਨੂੰ ਮਾਰਿਆ ਜਾਣ ਲੱਗਾ ਹੈ।



*ਪਾਕਿਸਤਾਨ 'ਚ ਚਰਚ ਉਤੇ ਹਮਲੇ ਤੋਂ ਪ੍ਰਭਾਵਿਤ ਕੁਝ ਲੋਕ*

ਹੁਣ ਇਮਰਾਨ ਖਾਨ ਨੇ ਵੀ ਇਸ ਕਾਰਵਾਈ ਦੇ ਵਿਰੁਧ ਲੰਮੀ-ਚੌੜੀ ਚਿੱਠੀ ਲਿਖ ਮਾਰੀ ਹੈ। ਉਹ ਕਹਿੰਦਾ ਹੈ ਕਿ ਫੌਜੀ ਕਾਰਵਾਈ ਦੇ ਨਾਲ ਅਸੀਂ ਪੂਰਬੀ ਪਾਕਿਸਤਾਨ ਗੁਆ ਲਿਆ ਸੀ, ਜਿੱਥੇ ਹੁਣ ਬੰਗਲਾ ਦੇਸ਼ ਬਣ ਗਿਆ ਹੈ, ਇਸ ਲਈ ਠੀਕ ਰਾਹ ਇਹ ਹੈ ਕਿ ਤਾਲਿਬਾਨ ਦੇ ਨਾਲ ਲੜਨ ਦੀ ਥਾਂ ਗੱਲਬਾਤ ਦਾ ਰਸਤਾ ਅਖਤਿਆਰ ਕੀਤਾ ਜਾਵੇ। ਜਿਹੜੀ ਗੱਲ ਇਮਰਾਨ ਖਾਨ ਨੇ ਕਹੀ ਹੈ, ਇਹ ਪਾਕਿਸਤਾਨ ਦੀ ਸਰਕਾਰ ਪਹਿਲਾਂ ਵੀ ਕਰ ਰਹੀ ਹੈ ਤੇ ਜਿਹੜਾ ਇੱਕ ਗਰੁਪ ਸਰਕਾਰ ਨਾਲ ਗੱਲਬਾਤ ਲਈ ਸਹਿਮਤ ਹੋਇਆ ਸੀ, ਦੂਸਰਿਆਂ ਨੇ ਉਸ ਨੂੰ ਨਿਗੂਣਾ ਸਾਬਤ ਕਰਨ ਵਾਸਤੇ ਉਸ ਦੇ ਅੱਡੇ ਉਤੇ ਹਮਲਾ ਕਰ ਕੇ ਵੀਹ ਤੋਂ ਵੱਧ ਬੰਦੇ ਮਾਰ ਦਿੱਤੇ ਸਨ। ਇਹੋ ਜਿਹੇ ਤਾਲਿਬਾਨੀ ਧੜਿਆਂ ਨੂੰ ਗੱਲ ਕਰਨ ਲਈ ਇਮਰਾਨ ਖਾਨ ਰਾਜ਼ੀ ਕਰ ਸਕੇ ਤਾਂ ਉਸ ਨੂੰ ਕਰਨਾ ਚਾਹੀਦਾ ਹੈ, ਪਰ ਇਸ ਬਹਾਨੇ ਦਹਿਸ਼ਤਗਰਦੀ ਦੇ ਵਿਰੋਧ ਦੀ ਮੁਹਿੰਮ ਨੂੰ ਚਾਲੀ ਸਾਲ ਪਹਿਲਾਂ ਦੇ ਪੂਰਬੀ ਪਾਕਿਸਤਾਨ ਤੋਂ ਬੰਗਲਾ ਦੇਸ਼ ਬਣਨ ਦੇ ਹਾਲਾਤ ਨਾਲ ਨਹੀਂ ਜੋੜਿਆ ਜਾ ਸਕਦਾ। ਪੂਰਬੀ ਪਾਕਿਸਤਾਨ ਦੇ ਲੋਕਾਂ ਦਾ ਸੱਭਿਆਚਾਰ ਦਾ ਵਖਰੇਵਾਂ ਸੀ, ਬੋਲੀ ਵੀ ਬਾਕੀ ਪਾਕਿਸਤਾਨ ਵਾਂਗ ਉਰਦੂ ਬੋਲਣ ਦੀ ਥਾਂ ਬੰਗਾਲੀ ਬੋਲਦੇ ਸਨ ਤੇ ਵੱਡੀ ਗੱਲ ਇਹ ਕਿ ਉਨ੍ਹਾਂ ਦੇ ਲੀਡਰ ਸ਼ੇਖ ਮੁਜੀਬ ਨੇ ਜਮਹੂਰੀ ਢੰਗ ਨਾਲ ਪਾਕਿਸਤਾਨੀ ਕੌਮੀ ਅਸੈਂਬਲੀ ਦੀ ਬਹੁ-ਸੰਮਤੀ ਜਿੱਤ ਲਈ ਸੀ। ਤਾਲਿਬਾਨ ਦੀ ਲੜਾਈ ਨਾ ਪਾਕਿਸਤਾਨ ਤੋਂ ਵੱਖਰੇ ਸੱਭਿਆਚਾਰ ਦੀ ਹੈ, ਨਾ ਕਿਸੇ ਖਾਸ ਬੋਲੀ ਨੂੰ ਬੋਲਣ ਦੇ ਹੱਕ ਦੀ ਤੇ ਨਾ ਉਨ੍ਹਾਂ ਕਦੀ ਪੰਚਾਇਤ ਦੀ ਚੋਣ ਵੀ ਲੜ ਕੇ ਜਿੱਤੀ ਹੈ, ਸਗੋਂ ਖੁੱਲ੍ਹਾ ਕਹਿੰਦੇ ਹਨ ਕਿ ਇਸਲਾਮ ਵਿਚ ਜਮਹੂਰੀ ਚੋਣਾਂ ਦੀ ਕੋਈ ਥਾਂ ਨਹੀਂ ਹੈ।

ਮਾੜੀ ਗੱਲ ਇਹ ਹੈ ਕਿ ਪਾਕਿਸਤਾਨ ਦਾ ਮੀਡੀਆ ਵੀ ਬਹੁਤਾ ਕਰ ਕੇ ਉਹ ਗੱਲਾਂ ਕਰਦਾ ਹੈ, ਜਿਨ੍ਹਾਂ ਦੀ ਉਸ ਦੇ ਕੰਨ ਵਿਚ ਕਿਸੇ ਪਾਸੇ ਤੋਂ ਫੂਕ ਮਾਰੀ ਜਾਂਦੀ ਹੈ। ਉਹ ਆਪਣੇ ਸਿਰ ਨਾਲ ਸਿਰਫ ਅੰਦਰੂਨੀ ਰਾਜਨੀਤੀ ਦੇ ਮਾਮਲੇ ਵਿਚ ਇੱਕ ਜਾਂ ਦੂਸਰੀ ਧਿਰ ਦਾ ਪੱਖ ਲੈਣ ਵੇਲੇ ਜਾਂ ਕ੍ਰਿਕਟ ਦੇ ਕੀੜੇ ਕੱਢਣ ਵੇਲੇ ਸੋਚਦਾ ਹੈ, ਭਾਰਤ ਨਾਲ ਸਬੰਧ ਸੁਧਾਰਨ ਵਿਚ ਉਸ ਦੀ ਕੋਈ ਦਿਲਚਸਪੀ ਨਹੀਂ ਜਾਪਦੀ, ਸਗੋਂ ਵਿਗਾੜ ਦੇ ਟੋਏ ਪੁੱਟਦਾ ਹੈ। ਇਸੇ ਸੋਚਣੀ ਦੇ ਨਾਲ ਪਾਕਿਸਤਾਨ ਦੇ ਇੱਕ ਪੱਤਰਕਾਰ ਨੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਨਵਾਜ਼ ਸ਼ਰੀਫ ਵੱਲੋਂ 'ਦਿਹਾਤੀ ਔਰਤ ਵਰਗਾ' ਆਖਣ ਦੀ ਉਹ ਮਨਘੜਤ ਟਿਪਣੀ ਪੇਸ਼ ਕਰ ਦਿੱਤੀ ਸੀ, ਜਿਹੜੀ ਓਥੇ ਬੈਠੀ ਭਾਰਤੀ ਪੱਤਰਕਾਰ ਵੀ ਕਹਿੰਦੀ ਹੈ ਕਿ ਨਵਾਜ਼ ਨੇ ਨਹੀਂ ਸੀ ਕਹੀ ਤੇ ਨਵਾਜ਼ ਨੇ ਵੀ ਇਸ ਦਾ ਖੰਡਨ ਕਰ ਦਿੱਤਾ ਹੈ। ਬਾਅਦ ਵਿਚ ਉਸ ਪੱਤਰਕਾਰ ਨੇ ਇਹ ਟਿਪਣੀ ਵਾਪਸ ਵੀ ਲੈ ਲਈ ਹੈ। ਇਸ ਤਰ੍ਹਾਂ ਦੀਆਂ ਗੱਲਾਂ ਕਰ ਕੇ ਭਾਰਤ ਤੇ ਪਾਕਿਸਤਾਨ ਦੇ ਸਬੰਧਾਂ ਨੂੰ ਵਿਗਾੜਨ ਦਾ ਯਤਨ ਕਰਨ ਵਾਲੇ ਇਨ੍ਹਾਂ ਪੱਤਰਕਾਰਾਂ ਨੇ ਉਦੋਂ ਕੌੜਾ ਸੱਚ ਪ੍ਰਵਾਨ ਨਹੀਂ ਸੀ ਕੀਤਾ, ਜਦੋਂ ਕਾਰਗਿਲ ਦੀਆਂ ਚੋਟੀਆਂ ਤੋਂ ਪਾਕਿਸਤਾਨ ਦੇ ਫੌਜੀ ਗੋਲੇ ਦਾਗ ਰਹੇ ਸਨ ਤੇ ਫੌਜ ਦਾ ਮੁਖੀ ਜਨਰਲ ਮੁਸ਼ੱਰਫ਼ ਇਹ ਕਹਿੰਦਾ ਸੀ ਕਿ ਉਹ ਸਾਡੇ ਫੌਜੀ ਨਹੀਂ, ਜਹਾਦੀ ਹਨ। ਜਦੋਂ ਜਹਾਦੀ ਆਖੇ ਗਏ ਉਨ੍ਹਾਂ ਫੌਜੀਆਂ ਵਿਚੋਂ ਬਹੁਤ ਸਾਰੇ ਮਾਰੇ ਗਏ ਤੇ ਉਨ੍ਹਾਂ ਦੀਆਂ ਲਾਸ਼ਾਂ ਭਾਰਤ ਨੇ ਪਾਕਿਸਤਾਨ ਨੂੰ ਸੌਂਪਣ ਦਾ ਯਤਨ ਕੀਤਾ ਤਾਂ ਪਾਕਿਸਤਾਨੀ ਫੌਜ ਨੇ ਇਹ ਕਹਿ ਕੇ ਲੈਣ ਤੋਂ ਇਨਕਾਰ ਕੀਤਾ ਸੀ ਕਿ ਸਾਡੇ ਬੰਦੇ ਨਹੀਂ ਹਨ। ਅਗਲੀ 14 ਅਗਸਤ ਨੂੰ ਜਦੋਂ ਪਾਕਿਸਤਾਨ ਦਾ ਆਜ਼ਾਦੀ ਦਿਨ ਮਨਾਇਆ ਜਾਣਾ ਸੀ, ਉਸ ਮੌਕੇ ਉਨ੍ਹਾਂ ਫੌਜੀਆਂ, ਜਿਨ੍ਹਾਂ ਦੀ ਕਬਰ ਭਾਰਤ ਵਿਚ ਬਣੀ ਸੀ, ਨੂੰ ਇਹ ਕਹਿ ਕੇ ਫੌਜੀ ਬਹਾਦਰੀ ਦੇ ਐਵਾਰਡ ਦਿੱਤੇ ਗਏ ਕਿ ਇਹ ਕਾਰਗਿਲ ਦੀ ਜੰਗ ਦੇ 'ਸ਼ਹੀਦ' ਹਨ। ਪਾਕਿਸਤਾਨ ਦਾ ਮੀਡੀਆ ਉਦੋਂ ਬੋਲਿਆ ਨਹੀਂ ਸੀ ਕਿ ਜੇ ਇਹ ਸਾਡੇ 'ਸ਼ਹੀਦ' ਸਨ ਤਾਂ ਇਨ੍ਹਾਂ ਦੀਆਂ ਲਾਸ਼ਾਂ ਲੈਣ ਤੋਂ ਇਨਕਾਰ ਕਿਉਂ ਕੀਤਾ ਸੀ? ਉਦੋਂ ਮੁਸ਼ੱਰਫ ਦਾ ਦੌਰ ਹਾਲੇ ਨਹੀਂ ਸੀ ਆਇਆ, ਨਵਾਜ਼ ਸ਼ਰੀਫ ਦਾ ਰਾਜ ਹੀ ਸੀ।

ਪਾਕਿਸਤਾਨ ਇਸ ਵਕਤ ਅੱਗ ਦੇ ਢੇਰ ਉਤੇ ਬੈਠਾ ਹੈ। ਓਥੋਂ ਕਦੀ ਵੀ ਕੋਈ ਮਾੜੀ ਖਬਰ ਆ ਸਕਦੀ ਹੈ। ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਜਾਂ ਤਾਂ ਬਹੁਤਾ ਸ਼ਰੀਫ ਤੇ ਨਿਤਾਣਾ ਹੈ ਤੇ ਕੁਝ ਕਰਨ ਜੋਗਾ ਨਹੀਂ ਰਿਹਾ, ਜਾਂ ਫਿਰ ਉਹ ਆਪ ਦੋ ਬੇੜੀਆਂ ਦਾ ਸਵਾਰ ਬਣਨ ਦੀ ਉਹ ਕੋਸ਼ਿਸ਼ ਕਰ ਰਿਹਾ ਹੈ, ਜਿਹੜੀ ਕਦੀ ਕਿਸੇ ਨੂੰ ਪਾਰ ਨਹੀਂ ਲਾ ਸਕਦੀ। ਫੌਜ ਦਾ ਮੁਖੀ ਜਨਰਲ ਕਿਆਨੀ ਆਪਣੀ ਜਨਰਲ ਮੁਸ਼ੱਰਫ਼ ਦੇ ਵੇਲੇ ਦੀ ਚੁਸਤੀ ਅਜੇ ਛੱਡਣ ਨੂੰ ਤਿਆਰ ਨਹੀਂ। ਸਾਰੀ ਟੀਮ ਪੁਰਾਣੀ ਤੇ ਕਪਤਾਨ ਆਸਿਫ ਅਲੀ ਜ਼ਰਦਾਰੀ ਦੀ ਥਾਂ ਨਵਾਜ਼ ਸ਼ਰੀਫ ਬਣ ਜਾਣ ਨਾਲ ਖੇਡਣ ਦਾ ਪੈਂਤੜਾ ਨਹੀਂ ਬਦਲ ਗਿਆ। ਇਹ ਪੈਂਤੜਾ ਅੱਜ ਵੀ ਉਹੋ ਹੈ, ਜਿਹੜਾ ਚਿਰਾਂ ਤੋਂ ਚੱਲ ਰਿਹਾ ਸੀ। ਜੇ ਪਾਕਿਸਤਾਨੀ ਆਗੂਆਂ ਨੇ ਅਜੇ ਵੀ ਭਾਰਤ ਦੇ ਵਿਰੋਧ ਤੇ ਦਹਿਸ਼ਤਗਰਦੀ ਨੂੰ ਰਾਜਨੀਤੀ ਬਣਾ ਕੇ ਚੱਲਣ ਦਾ ਪੈਂਤੜਾ ਨਾ ਛੱਡਿਆ ਤਾਂ ਬਿਨਾਂ ਸ਼ੱਕ ਭਾਰਤ ਵੀ ਭੁਗਤੇਗਾ, ਪਰ ਉਨ੍ਹਾਂ ਦਾ ਆਪਣਾ ਘਰ ਵੀ ਇਸ ਅੱਗ ਦੀਆਂ ਲਪਟਾਂ ਤੋਂ ਬਚਿਆ ਨਹੀਂ ਰਹਿਣ ਲੱਗਾ। ਫਰਕ ਇਸ ਦੇ ਬਾਅਦ ਵੀ ਇਹ ਰਹੇਗਾ ਕਿ ਭਾਰਤ ਆਪਣੇ ਗਵਾਂਢ ਵਿਚ ਕੁਪੱਤਿਆਂ ਦੇ ਟੱਬਰ ਦੀ ਹੋਂਦ ਨੂੰ ਭੁਗਤੇਗਾ ਤੇ ਪਾਕਿਸਤਾਨ ਦੇ ਆਗੂ ਆਪਣੇ ਹੱਥੀਂ ਜੰਮਿਆਂ ਦੇ ਕੁਟਾਪੇ ਦਾ ਕਹਿਰ ਝੱਲਦੇ ਦਿਖਾਈ ਦੇਣਗੇ।


# OKKJI Transfer LLC.

**15238 Radiance Dr., Noblesville, IN, 46060**

## ਓਨਰ ਅਪਰੇਟਰ ਚਾਹੀਦੇ ਹਨ

*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ



**ਟਰੱਕ ਪਾਰਕਿੰਗ ਮਾਸਿਕ ਰੈਂਟ 'ਤੇ ਉਪਲਬਧ ਹੈ**

**ਸੰਪਰਕ ਕਰੋ:**

**Toll Free: 1-855-966-5554**

**Manny Sandhu: 317-603-1000, Sam Bhullar: 732-486-9045**
**Fax: 317-774-9665**


# ਬਜਬਜ ਰੇਲਵੇ ਸਟੇਸ਼ਨ ਦਾ ਨਾਂ ਕਾਮਾਗਾਟਾਮਾਰੂ ਰੱਖਿਆ

**ਜਲੰਧਰ:** 1914 ਵਿਚ ਕੈਨੇਡਾ ਤੋਂ ਨਸਲੀ ਵਿਤਕਰੇ ਅਧੀਨ ਜਬਰੀ ਵਾਪਸ ਭੇਜੇ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਬੰਗਾਲ ਵਿਚ ਬਜਬਜਘਾਟ ਦੇ ਰੇਲਵੇ ਸਟੇਸ਼ਨ ਨੇੜੇ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰਨ ਦੀ ਹਿਰਦੇਵੇਦਕ ਇਤਿਹਾਸਕ ਘਟਨਾ ਨੂੰ ਹਮੇਸ਼ਾ ਯਾਦ ਰੱਖਣ ਲਈ ਰੇਲਵੇ ਸਟੇਸ਼ਨ ਦਾ ਨਾਂ ਕਾਮਾਗਾਟਾਮਾਰੂ ਬਜਬਜ ਰੱਖੇ ਜਾਣ ਦੀ ਮੰਗ ਉਠ ਰਹੀ ਸੀ ਤੇ ਸਿੱਖ ਸਿਆਸਤਦਾਨ ਤਰਲੋਚਨ ਸਿੰਘ ਦਿੱਲੀ ਇਸ ਮੰਗ ਲਈ ਲਗਾਤਾਰ ਯਤਨਸ਼ੀਲ ਸਨ।

ਕੇਂਦਰ ਸਰਕਾਰ ਨੇ ਆਖਰ ਕਈ ਸਾਲਾਂ ਦੇ ਯਤਨਾਂ ਬਾਅਦ ਇਸ ਮੰਗ ਨੂੰ ਸਵੀਕਾਰਦਿਆਂ ਰੇਲਵੇ ਸਟੇਸ਼ਨ ਦਾ ਨਾਂ ਕਾਮਾਗਾਟਾ-ਮਾਰੂ ਨਾਲ ਜੋੜ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਵੈਨਕੂਵਰ ਤੋਂ ਵਾਪਸ ਭੇਜੇ ਇਸ ਜਹਾਜ਼ ਦੇ ਮੁਸਾਫ਼ਰਾਂ ਨੂੰ ਪੰਜਾਬ ਭੇਜਣ ਲਈ ਰੇਲਵੇ ਸਟੇਸ਼ਨ ਉੱਪਰ ਰੇਲ ਗੱਡੀ ਖੜ੍ਹੀ ਕੀਤੀ ਗਈ ਸੀ ਪਰ ਆਜ਼ਾਦੀ ਲਈ ਸੰਗਰਾਮ ਦੀ ਤਾਂਘ ਰੱਖਣ ਵਾਲੇ ਮੁਸਾਫ਼ਰਾਂ ਨੇ ਸਰਕਾਰ ਦੇ ਇਸ ਕਦਮ ਦਾ ਵਿਰੋਧ ਕੀਤਾ।

ਚੇਤੇ ਰਹੇ ਕਿ ਪਹਿਲਾਂ ਤਾਂ ਸਰਕਾਰ ਨੇ ਇਨ੍ਹਾਂ ਯਾਤਰੀਆਂ ਨੂੰ ਦੇਸ਼ ਭਗਤ ਮੰਨਣ ਤੋਂ ਵੀ ਨਾਂਹ ਕਰ ਦਿੱਤੀ ਸੀ ਪਰ ਬਾਅਦ ਵਿਚ ਇਕ ਪਟੀਸ਼ਨ ਉਤੇ ਅਦਾਲਤ ਦੇ ਫੈਸਲੇ ਮਗਰੋਂ ਇਨ੍ਹਾਂ ਨੂੰ ਦੇਸ਼ ਭਗਤ ਮੰਨ ਲਿਆ ਗਿਆ।

ਸ. ਤਰਲੋਚਨ ਸਿੰਘ ਨੇ ਦੱਸਿਆ ਕਿ ਅਗਲੇ ਵਰ੍ਹੇ ਕਾਮਾਗਾਟਾਮਾਰੂ ਸਾਕੇ ਦੀ ਪਹਿਲੀ ਸ਼ਤਾਬਦੀ ਮਨਾਈ ਜਾਵੇਗੀ। ਜ਼ਿਕਰਯੋਗ ਹੈ ਕਿ ਸ. ਤਰਲੋਚਨ ਸਿੰਘ ਦੇ ਉਦਮ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਿਆਈ ਗੱਦੀ ਸੰਭਾਲਣ ਦੇ 300 ਸਾਲਾ ਸਮਾਗਮ ਮੌਕੇ ਰੇਲਵੇ ਸਟੇਸ਼ਨ ਤੇ ਹਵਾਈ ਅੱਡੇ ਦੇ ਨਾਂ ਨਾਲ ਹਜ਼ੂਰ ਸਾਹਿਬ ਜੋੜਿਆ ਗਿਆ ਸੀ।

## ਸੋਨੂੰ ਨਿਗਮ ਨੂੰ ਧਮਕੀ

**ਮੁੰਬਈ:** ਬਾਲੀਵੁੱਡ ਗਾਇਕ ਸੋਨੂੰ ਨਿਗਮ ਨੇ ਪਾਕਿਸਤਾਨ ਦੇ ਅੰਡਰ ਵਰਲਡ ਛੋਟਾ ਸ਼ਕੀਲ ਖ਼ਿਲਾਫ਼ ਉਸ ਨੂੰ ਧਮਕੀਆਂ ਦੇਣ ਦੀ ਸ਼ਿਕਾਇਤ ਸ਼ਹਿਰ ਦੀ ਪੁਲਿਸ ਨੂੰ ਲਿਖਤੀ ਤੌਰ 'ਤੇ ਕੀਤੀ ਹੈ।

ਪੁਲਿਸ ਅਨੁਸਾਰ ਸੋਨੂੰ ਨਿਗਮ ਨੇ ਦੱਸਿਆ ਕਿ ਛੋਟਾ ਸ਼ਕੀਲ ਨੇ ਉਨ੍ਹਾਂ ਨੂੰ ਫੋਨ 'ਤੇ ਧਮਕੀ ਦਿੱਤੀ ਕਿ ਜਿਸ ਕੰਪਨੀ ਨਾਲ ਉਨ੍ਹਾਂ ਨੇ ਕਰਾਰ ਕੀਤਾ ਹੈ, ਉਸ ਨੂੰ ਰੱਦ ਕਰ ਕੇ ਉਸ ਦੀ ਕੰਪਨੀ ਨਾਲ ਕਰਾਰ ਕਰੇ।

ਪੰਜਾਬ ਟਾਈਮਜ਼

*ਸਨਿਚਰਵਾਰ, 12 ਅਕਤੂਬਰ, 2013*

# ਆਵਾਮ, ਜੰਗ ਤੇ ਸਿਆਸਤ

ਕਸ਼ਮੀਰ ਦੇ ਕੇਰਨ ਸੈਕਟਰ 'ਚ ਦੋ ਹਫਤਿਆਂ ਤੋਂ ਚੱਲ ਰਹੀ 'ਲੜਾਈ' ਆਖਰਕਾਰ ਖਤਮ ਹੋ ਗਈ। ਭਾਰਤੀ ਫੌਜ ਦਾ ਦਾਅਵਾ ਹੈ ਕਿ ਕੇਰਨ ਸੈਕਟਰ ਵਿਚ ਤਲਾਸ਼ੀ ਮੁਹਿੰਮ ਹੁਣ ਖਤਮ ਹੋ ਗਈ ਹੈ। ਇਸ ਨੇ 8 ਦਹਿਸ਼ਤਪਸੰਦਾਂ ਦੇ ਹਲਾਕ ਹੋਣ ਅਤੇ ਵੱਡੀ ਮਾਤਰਾ ਵਿਚ ਹਥਿਆਰ ਤੇ ਅਸਲਾ ਫੜਨ ਦਾ ਦਾਅਵਾ ਵੀ ਕੀਤਾ ਹੈ। ਪਹਿਲਾਂ ਇਹੀ ਰਿਪੋਰਟਾਂ ਸਨ ਕਿ ਪਾਕਿਸਤਾਨ ਦੇ ਵਿਸ਼ੇਸ਼ ਦਸਤਿਆਂ ਵੱਲੋਂ 1999 ਦੇ ਕਾਰਗਿਲ ਹਮਲੇ ਦੀ ਤਰਜ਼ 'ਤੇ ਕੇਰਨ ਸੈਕਟਰ ਵਿਚ ਵੱਡੇ ਪੱਧਰ ਉਤੇ ਘੁਸਪੈਠ ਕੀਤੀ ਗਈ ਹੈ। ਇਸ ਮਾਮਲੇ ਬਾਰੇ ਭਾਰਤ ਅਤੇ ਪਾਕਿਸਤਾਨ ਨੇ ਵੱਖ-ਵੱਖ ਦਾਅਵੇ ਕੀਤੇ ਹਨ ਪਰ ਇਨ੍ਹਾਂ ਦਾਅਵਿਆਂ ਦੇ ਬਾਵਜੂਦ ਸੱਚ ਇਹ ਹੈ ਕਿ ਕਸ਼ਮੀਰ ਦੇ ਲੋਕ ਬਹੁਤ ਔਖੇ ਸਮਿਆਂ ਵਿਚੋਂ ਲੰਘ ਰਹੇ ਹਨ। ਤਲਾਸ਼ੀ ਮੁਹਿੰਮ ਹੁਣ ਕਸ਼ਮੀਰੀਆਂ ਲਈ ਕੋਈ ਨਵੀਂ ਗੱਲ ਨਹੀਂ। ਇਸ ਮੁਹਿੰਮ ਦਾ ਸਿੱਧਾ ਜਿਹਾ ਮਤਲਬ ਸਬੰਧਤ ਇਲਾਕੇ ਦੇ ਲੋਕਾਂ ਨੂੰ ਦਰੜਨਾ ਵੀ ਬਣਦਾ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਫੌਜ ਨੇ ਅਜਿਹੀ ਤਲਾਸ਼ੀ ਮੁਹਿੰਮ ਨੂੰ ਅੰਜਾਮ ਦਿੱਤਾ ਹੈ, ਆਵਾਮ ਦਾ ਤਨ-ਮਨ ਬੁਰੀ ਤਰ੍ਹਾਂ ਪੱਛਿਆ ਜਾਂਦਾ ਰਿਹਾ ਹੈ। ਕਨੁਨ ਪੌਸ਼ਪੁਰਾ ਵਾਲੀ ਘਟਨਾ ਦੀ ਤਲਾਸ਼ੀ ਮੁਹਿੰਮ ਨੂੰ ਕਸ਼ਮੀਰੀ ਸ਼ਾਇਦ ਹੀ ਕਦੀ ਭੁਲਾ ਸਕਣ। 23 ਫਰਵਰੀ 1991 ਦੀ ਠਰੀ ਰਾਤ ਨੂੰ ਭਾਰਤੀ ਫੌਜੀਆਂ ਨੇ ਇਨ੍ਹਾਂ ਜੌੜੇ ਪਿੰਡਾਂ ਦੀਆਂ ਔਰਤਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਸੀ। ਝੂਠੇ ਮੁਕਾਬਲਿਆਂ ਦੀ ਰੀਤ ਤਾਂ ਚਿਰਾਂ ਪੁਰਾਣੀ ਹੈ। ਇਥੇ ਇਹ ਚਰਚਾ ਉਥੋਂ ਦੇ ਆਵਾਮ ਦੇ ਮਨ ਵਿਚ ਉਬਲ ਰਹੇ ਲਾਵੇ ਦੀ ਥਾਹ ਪਾਉਣ ਲਈ ਕੀਤੀ ਜਾ ਰਹੀ ਹੈ। ਉਂਜ ਜੇ ਇਤਿਹਾਸ ਫਰੋਲਿਆ ਜਾਵੇ ਤਾਂ ਕਸ਼ਮੀਰ ਵਿਚ ਅਜਿਹੀਆਂ ਝੜਪਾਂ ਆਜ਼ਾਦੀ/ਵੰਡ ਤੋਂ ਤੁਰੰਤ ਬਾਅਦ ਹੀ ਸ਼ੁਰੂ ਹੋ ਗਈਆਂ ਸਨ। ਬੁਨਿਆਦੀ ਰੂਪ ਵਿਚ ਇਸ ਦੀਆਂ ਜੜ੍ਹਾਂ 1947 ਦੀ ਵੰਡ ਵਿਚ ਪਈਆਂ ਹਨ। ਇਸ ਵੰਡ ਬਾਰੇ ਬਹੁਤ ਸਾਰੇ ਵਿਦਵਾਨਾਂ, ਖੋਜੀਆਂ ਅਤੇ ਇਤਿਹਾਸਕਾਰਾਂ ਨੇ ਆਪੋ-ਆਪਣੀ ਰਾਏ ਪ੍ਰਗਟ ਕੀਤੀ ਹੈ। ਇਸ ਦੇ ਵੱਖ-ਵੱਖ ਪੱਖਾਂ ਨੂੰ ਪੁਣਿਆ-ਛਾਣਿਆ ਹੈ। ਪਾਕਿਸਤਾਨ ਲਈ ਇਹ ਵੰਡ ਵੱਖਰੇ ਦੇਸ਼ ਨਾਲ ਵੀ ਜੁੜੀ ਹੋਈ ਸੀ ਪਰ ਵੰਡ ਦਾ ਜੋ ਦਰਦ ਪੰਜਾਬੀਆਂ ਨੇ ਹੰਢਾਇਆ ਹੈ, ਉਸ ਦੀਆਂ ਚੀਸਾਂ ਅੱਜ ਤੱਕ ਪੈ ਰਹੀਆਂ ਹਨ। ਬਹੁਤੇ ਇਤਿਹਾਸਕਾਰਾਂ ਨੇ ਦੇਸ਼ ਦੀ ਵੰਡ ਨੂੰ ਅਸਲ 'ਚ ਪੰਜਾਬ ਦੀ ਵੰਡ ਵੀ ਕਰਾਰ ਦਿੱਤਾ ਹੈ ਕਿਉਂਕਿ ਉਸ ਵੇਲੇ ਜੋ ਫਿਰਕੂ ਹਿੰਸਾ ਅਤੇ ਕਤਲੋ-ਗਾਰਤ ਪੰਜਾਬ ਵਿਚ ਹੋਈ, ਦੇਸ਼ ਦੇ ਹੋਰ ਕਿਸੇ ਹਿੱਸੇ ਵਿਚ ਨਹੀਂ ਹੋਈ। ਇਸ ਕੋਣ ਤੋਂ ਕਸ਼ਮੀਰੀ ਭਾਗਾਂ ਵਾਲੇ ਸਾਬਤ ਹੋਏ ਸਨ ਪਰ ਵੰਡ ਪਿਛੋਂ ਸਰਹੱਦ ਦੇ ਆਰ-ਪਾਰ ਜਿਸ ਤਰ੍ਹਾਂ ਦੇ ਸਿਆਸੀ, ਸਮਾਜਕ, ਆਰਥਿਕ ਅਤੇ ਧਾਰਮਿਕ ਢਾਂਚੇ ਦੀ ਉਸਾਰੀ ਹੋਈ, ਉਸ ਨੇ ਪਾਕਿਸਤਾਨ ਅਤੇ ਭਾਰਤ-ਦੋਹਾਂ ਨੂੰ ਇਕ-ਦੂਜੇ ਦੇ ਖਿਲਾਫ ਲਿਆ ਖੜ੍ਹਾ ਕੀਤਾ। ਦੋਹਾਂ ਪਾਸਿਆਂ ਦਾ ਆਵਾਮ ਭਾਵੇਂ ਇਕ-ਦੂਜੇ ਲਈ ਤਾਂਘਦਾ ਰਿਹਾ ਪਰ ਦੋਹਾਂ ਪਾਸਿਆਂ ਦੀਆਂ ਸਰਕਾਰਾਂ ਤੇ ਸਟੇਟ ਵਿਚਾਲੇ ਸਦਾ ਪੇਚਾ ਪਿਆ ਰਿਹਾ ਤੇ ਇਹ ਦੋ ਜੰਗਾਂ ਦਾ ਸਬੱਬ ਵੀ ਬਣਿਆ।

ਅਸਲ ਵਿਚ ਸਰਹੱਦ ਦੇ ਆਰ-ਪਾਰ ਕੁਝ ਅਜਿਹੀਆਂ ਸਿਆਸੀ ਧਿਰਾਂ ਹਨ ਜਿਨ੍ਹਾਂ ਦੀ ਸਿਆਸਤ ਦਾ ਮੁੱਖ ਆਧਾਰ ਦੋਹਾਂ ਦੇਸ਼ਾਂ ਵਿਚ ਖਿੱਚੋਤਾਣ ਹੀ ਹੈ। ਇਹ ਸਿਆਸੀ ਧਿਰਾਂ ਸਦਾ ਵਿਰੋਧ ਦੀ ਸਿਆਸਤ ਵਿਚੋਂ ਆਪਣੀ ਸਿਆਸਤ ਚਲਾਉਂਦੀਆਂ ਰਹੀਆਂ ਹਨ ਅਤੇ ਹੁਣ ਵੀ ਚਲਾ ਰਹੀਆਂ ਹਨ। ਪਿਛਲੀਆਂ ਤੋਂ ਪਿਛਲੀਆਂ ਗੁਜਰਾਤ ਚੋਣਾਂ ਦੌਰਾਨ ਉਥੋਂ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੇ ਸੂਬੇ ਦੇ ਵੋਟਰਾਂ ਅੱਗੇ ਵੱਡਾ ਸਵਾਲ ਇਹੀ ਬਣਾ ਦਿੱਤਾ ਸੀ ਕਿ ਤੁਸੀਂ ਮੈਨੂੰ ਵੋਟਾਂ ਪਾਉਣੀਆਂ ਨੇ ਜਾਂ ਮੁਸ਼ੱਰਫ ਨੂੰ? ਉਦੋਂ ਪਾਕਿਸਤਾਨ ਵਿਚ ਫੌਜੀ ਸ਼ਾਸਕ ਪਰਵੇਜ਼ ਮੁਸ਼ੱਰਫ ਦਾ ਰਾਜ ਸੀ। ਇਕੱਲੇ ਪਾਕਿਸਤਾਨ ਦੀ ਗੱਲ ਨਹੀਂ, ਭਾਰਤੀ ਏਜੰਸੀਆਂ ਉਤੇ ਵੀ ਸਿੰਧ ਵਿਚ ਉਹੀ ਉਂਗਲ ਉਠਦੀ ਰਹੀ ਹੈ ਜੋ ਕੁਝ ਪਾਕਿਸਤਾਨੀ ਏਜੰਸੀਆਂ ਕਸ਼ਮੀਰ ਜਾਂ ਪੰਜਾਬ ਵਿਚ ਕਰਦੀਆਂ ਰਹੀਆਂ ਹਨ। ਫਰਕ ਸਿਰਫ ਇੰਨਾ ਹੈ ਕਿ ਕਸ਼ਮੀਰ ਅਤੇ ਪੰਜਾਬ ਬਾਰੇ ਅਜਿਹੀਆਂ ਖਬਰਾਂ ਭਾਰਤ ਦੇ ਮੀਡੀਆ ਦਾ ਹਿੱਸਾ ਬਣਦੀਆਂ ਹਨ ਅਤੇ ਸਿੰਧ ਵਾਲੀਆਂ ਖਬਰਾਂ ਸਿਰਫ ਪਾਕਿਸਤਾਨੀ ਮੀਡੀਆ ਵਿਚ ਹੀ ਨਸ਼ਰ ਹੁੰਦੀਆਂ ਹਨ। ਇਉਂ ਦੋਹਾਂ ਪਾਸਿਆਂ ਦੇ ਆਵਾਮ ਕੋਲ ਸਿਰਫ ਇਕਪਾਸੜ ਰਿਪੋਰਟਾਂ ਹੀ ਪੁੱਜਦੀਆਂ ਹਨ। ਇਸੇ ਦਾ ਫਾਇਦਾ ਕੁਝ ਖਾਸ ਸਿਆਸੀ ਧਿਰਾਂ ਉਠਾਉਂਦੀਆਂ ਹਨ। ਹੁਣ ਭਾਰਤੀ ਫੌਜ ਦੇ ਮੁਖੀ ਦਾ ਦਾਅਵਾ ਹੈ ਕਿ ਪਾਕਿਸਤਾਨੀ ਫੌਜ ਦੀ ਇਮਦਾਦ ਤੋਂ ਬਗੈਰ ਕੇਰਨ ਸੈਕਟਰ ਵਿਚ ਇੰਨੀ ਵੱਡੀ ਪੱਧਰ ਉਤੇ ਘੁਸਪੈਠ ਸੰਭਵ ਨਹੀਂ ਹੈ। ਇਸ ਤੋਂ ਅਗਲਾ ਸਵਾਲ ਇਹ ਹੈ ਕਿ ਪਾਕਿਸਤਾਨ ਦੀ ਸਰਕਾਰ ਨੂੰ ਆਪਣੀ ਫੌਜ ਦੀ ਇਸ ਹਰਕਤ ਬਾਰੇ ਕੋਈ ਇਲਮ ਵੀ ਹੈ ਜਾਂ ਨਹੀਂ? 1999 ਵਿਚ ਕਾਰਗਿਲ ਦੀ ਲੜਾਈ ਬਾਰੇ ਵੀ ਅਜਿਹੀਆਂ ਹੀ ਕਿਆਸ-ਅਰਾਈਆਂ ਹੋਈਆਂ ਸਨ। ਮੀਡੀਆ ਇਨ੍ਹਾਂ ਖਬਰਾਂ ਨਾਲ ਭਰ ਗਿਆ ਸੀ ਕਿ ਪਾਕਿਸਤਾਨੀ ਸਰਕਾਰ ਨੂੰ ਇਸ ਬਾਰੇ ਕੋਈ ਇਲਮ ਨਹੀਂ ਸੀ। ਇਹ ਤੱਥ ਸੱਚ ਹੋ ਸਕਦਾ ਹੈ ਪਰ ਪਾਕਿਸਤਾਨ ਦੀਆਂ ਸਰਕਾਰਾਂ ਦਾ ਭਾਰਤ ਵੱਲ ਜਿਸ ਤਰ੍ਹਾਂ ਦਾ ਰਵੱਈਆ ਰਿਹਾ ਹੈ, ਉਸ ਤੋਂ ਬਹੁਤ ਸਾਰੀਆਂ ਗੱਲਾਂ ਸਪਸ਼ਟ ਹੋ ਜਾਂਦੀਆਂ ਹਨ। ਪਾਕਿਸਤਾਨ ਸਰਕਾਰ ਲਈ ਕਸ਼ਮੀਰ ਸਦਾ ਮੁੱਖ ਮੁੱਦਾ ਰਿਹਾ ਹੈ। ਹਰ ਕੌਮੀ ਅਤੇ ਕੌਮਾਂਤਰੀ ਮੰਚ ਉਤੇ ਇਹ ਮੁੱਦਾ ਇਸ ਦੇ ਨਾਲ-ਨਾਲ ਚੱਲਦਾ ਹੈ। ਇਸ ਦਾ ਮੁੱਖ ਮਕਸਦ ਜਹਾਦੀਆਂ ਨੂੰ ਹਰ ਹੀਲੇ ਖੁਸ਼ ਰੱਖਣਾ ਹੈ ਕਿਉਂਕਿ ਪਾਕਿਸਤਾਨ ਵਿਚ ਇਸ ਵੇਲੇ ਜਹਾਦੀਆਂ ਦਾ ਸਰਕਾਰ ਅਤੇ ਸਟੇਟ ਵਿਚ ਹਰ ਪੱਧਰ 'ਤੇ ਵੱਡਾ ਦਖਲ ਹੈ। ਇਸ ਦਾ ਅੰਦਾਜ਼ਾ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਦੇ ਕਾਤਲ ਮੁਮਤਾਜ਼ ਕਾਦਰੀ ਦੇ ਹੱਕ ਵਿਚ ਹੁੰਦੀਆਂ ਰੈਲੀਆਂ ਤੋਂ ਵੀ ਲੱਗ ਸਕਦਾ ਹੈ। ਇਸ ਸ਼ਖਸ ਨੂੰ ਫਾਂਸੀ ਦੀ ਸਜ਼ਾ ਮਿਲੀ ਹੋਈ ਹੈ ਪਰ ਜਹਾਦੀਆਂ ਦਾ ਜ਼ੋਰ ਇੰਨਾ ਜ਼ਿਆਦਾ ਹੈ ਕਿ ਹਰ ਵਕੀਲ ਅਤੇ ਮੌਲਵੀ ਉਸ ਦੇ ਹੱਕ ਵਿਚ ਕੀਤੀ ਰੈਲੀ ਵਿਚ ਸ਼ਾਮਲ ਹੋ ਰਿਹਾ ਹੈ। ਇਸ ਨੁਕਤੇ ਤੋਂ ਧਰਮ ਵੀ ਸਵਾਲਾਂ ਦੇ ਘੇਰੇ ਵਿਚ ਆਉਂਦਾ ਹੈ ਕਿ ਇਸ ਨੇ ਸਰਬੱਤ ਦੇ ਭਲੇ ਲਈ ਰਾਹ ਬਣਾਉਣਾ ਹੈ ਜਾਂ ਇਸ ਦੇ ਰਾਹ ਨੂੰ ਭੀੜਾ ਕਰਨਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਲਉ ਹਸ਼ਰ ਤੋਂ ਸਬਕ!*

ਹੇਰਾ ਫੇਰੀਆਂ ਕਰਦਿਆਂ ਮੰਤਰੀ ਜੀ, ਦੋਹੀਂ ਹੱਥੀਂ ਖਜ਼ਾਨੇ ਨੂੰ ਲੁੱਟਦੇ ਨੇ।
ਪੈ ਜਾਏ ਜੇ ਕਿਤੇ ਕਾਨੂੰਨ ਪੇਚਾ, ਚੋਰ ਮੋਰੀਆਂ ਰਾਹੀਂ ਉਹ ਛੁਟਦੇ ਨੇ।
ਡਰ ਧੌਂਸ ਜਾਂ ਦੇਖ ਕੇ ਲਾਲਚਾਂ ਨੂੰ, ਖੜ੍ਹੇ ਹੋਏ ਗਵਾਹ ਵੀ ਫੁੱਟਦੇ ਨੇ।
ਚੌਧਰ ਚੱਲਦੀ ਦੇਖ ਕੇ ਲੋਟੂਆਂ ਦੀ, ਆਮ ਲੋਕਾਂ ਦੇ ਹੌਂਸਲੇ ਟੁੱਟਦੇ ਨੇ।
ਕਰੀਏ ਲੱਖ ਧੰਨਵਾਦ ਅਦਾਲਤਾਂ ਦਾ, ਮੱਕੂ ਠੱਪਿਆ ਲੀਡਰਾਂ ਚਾਲੂਆਂ ਦਾ।
ਘਪਲੇਬਾਜਾਂ ਨੂੰ ਪਿੱਸੂ ਤਾਂ ਪੈਣਗੇ ਹੀ, ਹਸ਼ਰ ਦੇਖ ਚੌਟਾਲੇ ਤੇ ਲਾਲੂਆਂ ਦਾ!

# ਰੂਹਾਨੀ ਦੇਵ ਪੁਰਸ਼ਾਂ ਦਾ ਸੱਚ

## ਕੌਣ ਨੇ ਆਸਾਰਾਮ ਵਰਗਿਆਂ ਦੀ ਪਿੱਠ 'ਤੇ?

**ਆਨੰਦ ਤੇਲਤੁਮੜੇ**
**ਅਨੁਵਾਦ/ਪੇਸ਼ਕਸ਼: ਬੂਟਾ ਸਿੰਘ**

ਤਰਕਸ਼ੀਲ ਆਗੂ ਨਰੇਂਦਰ ਦਭੋਲਕਰ ਦੇ ਕਤਲ ਖ਼ਿਲਾਫ਼ ਪੂਰੇ ਮੁਲਕ ਵਿਚ ਰੋਹ ਉੱਠਣ ਦੇ ਬਾਵਜੂਦ ਮਹਾਰਾਸ਼ਟਰ ਪੁਲਿਸ ਇਕ ਵੀ ਦੋਸ਼ੀ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ। ਕਤਲ ਤੋਂ ਫੌਰੀ ਪਿੱਛੋਂ ਮੇਰਾ ਨਿਰਣਾ ਸੀ ਕਿ ਇਸ ਵਾਰ ਕੋਈ ਨੱਥੂਰਾਮ (ਗੌਡਸੇ) ਨਹੀਂ ਫੜਿਆ ਜਾਣਾ। ਇਸ ਲਈ ਕਿਸੇ ਦਿੱਬ-ਦ੍ਰਿਸ਼ਟੀ ਜਾਂ ਇਲਾਹੀ ਸਿਆਣਪ ਦੀ ਲੋੜ ਨਹੀਂ ਕਿ ਦਭੋਲਕਰ ਦੇ ਕਾਤਲ ਫੜੇ ਨਹੀਂ ਜਾਣਗੇ। 2,000 ਬੰਦਿਆਂ ਤੋਂ ਤਫ਼ਤੀਸ਼ ਕਰ ਕੇ ਵੀ ਪੁਲਿਸ ਕਹਿ ਰਹੀ ਹੈ ਕਿ ਕੋਈ ਸੁਰਾਗ਼ ਨਹੀਂ ਮਿਲਿਆ।

ਸਭ ਨੂੰ ਪਤਾ ਹੈ ਕਿ ਦਭੋਲਕਰ ਦਾ ਕਤਲ ਉਨ੍ਹਾਂ ਜਾਅਲਸਾਜ਼ਾਂ ਨੇ ਕਰਵਾਇਆ ਜੋ ਦੈਵੀ/ਚਮਤਕਾਰੀ ਤਾਕਤਾਂ ਵੱਸ ਕੀਤੀਆਂ ਹੋਣ ਦੇ ਦਾਅਵੇ ਕਰ ਕੇ 'ਖ਼ਲਕਤ ਅੰਨ੍ਹੀ ਗਿਆਨ-ਵਿਹੂਣੀ' ਨੂੰ ਠੱਗਦੇ ਹਨ। ਉਨ੍ਹਾਂ ਤੋਂ ਬਿਨਾਂ, ਦਭੋਲਕਰ ਨੂੰ ਆਪਣਾ ਧਰਮ-ਦੁਸ਼ਮਣ ਐਲਾਨਣ ਵਾਲੇ ਸਨਾਤਨੀ ਹਿੰਦੂ ਵੀ ਆਪਣੇ ਧਰਮ ਦੇ ਅੰਗ ਇਨ੍ਹਾਂ ਜਾਅਲਸਾਜ਼ਾਂ ਦੇ ਜੋਟੀਦਾਰ ਹਨ। ਉਨ੍ਹਾਂ ਨੇ ਇਸ ਕਤਲ ਨੂੰ ਕਰਮਾਂ ਦਾ ਫ਼ਲ ਆਖ ਕੇ ਜਾਇਜ਼ ਠਹਿਰਾਇਆ ਅਤੇ ਅਜੇ ਵੀ ਜ਼ਹਿਰ ਉਗਲ ਰਹੇ ਹਨ।

ਇਸ ਕਤਲ ਬਾਰੇ ਸਟੇਟ ਦੀ ਗੁੱਝੀ ਰਮਜ਼, ਅਖੌਤੀ ਰੂਹਾਨੀ ਗੁਰੂ ਆਸਾਰਾਮ ਦੀ ਗ੍ਰਿਫ਼ਤਾਰੀ ਬਾਰੇ ਸਟੇਟ ਦੀ ਲਗਾਤਾਰ ਟਾਲ-ਮਟੋਲ, ਬੂਬਨਿਆਂ ਅਤੇ ਬਾਬਿਆਂ ਦੇ ਵਧ ਰਹੇ ਖ਼ਤਰੇ ਪਿੱਛੇ ਕੰਮ ਕਰਦੀਆਂ ਤਾਕਤਾਂ ਅਤੇ ਇਸ ਦੀ ਤਹਿ ਹੇਠਲੀ ਗਤੀਸ਼ੀਲਤਾ ਨੂੰ ਨੰਗਾ ਕਰਦੀ ਹੈ। ਆਸਾਰਾਮ ਵਰਗੇ ਆਪੇ ਸਜੇ ਦੇਵ-ਪੁਰਸ਼ ਇਸ ਮੁਲਕ ਨੂੰ ਧੁੰਦੂਕਾਰੇ ਵੱਲ ਧੱਕ ਰਹੇ ਹਨ।

ਦਹਿ-ਲੱਖਾਂ ਭਗਤਾਂ ਨੂੰ ਆਪਣੇ ਮਗਰ ਲਾਈ ਫਿਰਦਾ ਆਸਾਰਾਮ ਦੈਵੀ ਤਾਕਤਾਂ ਦੇ ਓਹਲੇ ਜੁਰਮਾਂ ਨੂੰ ਅੰਜਾਮ ਦਿੱਤੇ ਜਾਣ ਦਾ ਇਕਾ-ਦੁੱਕਾ ਮਾਮਲਾ ਨਹੀਂ ਹੈ। ਇਸ ਮੁਲਕ ਵਿਚ ਵੱਖੋ-ਵੱਖਰੇ ਪੱਧਰਾਂ ਉੱਤੇ ਅਤੇ "ਮੰਡੀ" ਦੇ ਵੱਖੋ-ਵੱਖਰੇ ਹਿੱਸਿਆਂ 'ਚ ਉਸ ਵਰਗੇ ਲੱਖਾਂ ਜਾਅਲਸਾਜ਼ ਹਨ, ਇਨ੍ਹਾਂ ਵਿਚੋਂ ਕਈਆਂ ਦੀਆਂ ਧਾਰਮਿਕ-ਕਾਰੋਬਾਰੀ ਸਲਤਨਤਾਂ ਤਾਂ ਸਮੁੰਦਰੋਂ ਪਾਰ ਤਕ ਫੈਲੀਆਂ ਹੋਈਆਂ ਹਨ। ਸਾਲ ਦੋ ਸਾਲ ਵਿਚ ਇਕ-ਅੱਧੀ ਵਾਰ ਇਨ੍ਹਾਂ ਦੇ ਵਿਆਪਕ ਜੁਰਮਾਂ ਦੀ ਕੰਨੀ ਨੰਗੀ ਹੁੰਦੀ ਹੈ ਅਤੇ ਇਹ ਚਰਚਾ 'ਚ ਆ ਜਾਂਦੇ ਹਨ। ਜਿਵੇਂ, ਆਸਾਰਾਮ ਵਲੋਂ ਆਪਣੇ ਹੀ ਗੁਰੂਕੁਲ ਦੀ 15 ਸਾਲਾਂ ਦੀ ਵਿਦਿਆਰਥਣ ਦੀ ਪੱਤ ਰੋਲਣ ਦੀ ਮੁਕਾਬਲਤਨ ਨਿੱਕੀ ਜਿਹੀ ਘਟਨਾ ਹੁਣ ਜੱਗ ਜ਼ਾਹਿਰ ਹੋਈ ਹੈ। ਇਨ੍ਹਾਂ ਧੋਖੇਬਾਜ਼ਾਂ ਦੇ ਪ੍ਰਭਾਵ ਦੇ ਕੀਲੇ ਅੰਨ੍ਹੇ ਭਗਤ ਇਨ੍ਹਾਂ ਦੀਆਂ ਕਰਤੂਤਾਂ ਨੂੰ ਜੁਰਮ ਸਮਝਣ ਦੀ ਬਜਾਏ ਇਨ੍ਹਾਂ ਨੂੰ ਇਲਾਹੀ ਪਰਮ-ਆਨੰਦ ਦਾ ਰੱਬੀ ਵਿਧਾਨ ਸਮਝ ਕੇ ਇਨ੍ਹਾਂ ਦੇ ਮਗਰ-ਮਗਰ ਘੁੰਮਦੇ ਹਨ। ਇਹ ਜ਼ਿਹਨੀ ਗ਼ੁਲਾਮੀ ਤੋੜ ਕੇ ਜਿਹੜਾ ਕੋਈ ਟਾਵਾਂ-ਟੱਲਾ ਮਾਮਲਾ ਬਾਹਰ ਆ ਜਾਂਦਾ ਹੈ, ਉਸ ਨੂੰ ਇਨ੍ਹਾਂ ਦੇਵਪੁਰਸ਼ਾਂ ਦੇ ਗੁੰਡੇ ਦਬਾ ਦਿੰਦੇ ਹਨ। ਇਨ੍ਹਾਂ ਦੀ ਬਹੁ-ਪਰਤੀ ਕਿਲਾਬੰਦੀ ਵਿਚੋਂ ਕੋਈ ਟਾਵਾਂ ਹੀ ਜੱਗ ਨੂੰ ਇਨ੍ਹਾਂ ਦੇ ਆਸ਼ਰਮਾਂ ਦੀਆਂ ਕਰਤੂਤਾਂ ਦੱਸਣ ਦਾ ਜੇਰਾ ਕਰਦਾ ਹੈ। ਇਸ ਦਾ ਤਾਰਕਿਕ ਆਧਾਰ ਨਾਸ਼ਵਾਨ ਦੇਹ ਅਤੇ ਅਮਰ ਆਤਮਾ ਦਾ ਹਿੰਦੂ ਤਸੱਵਰ ਹੈ ਅਤੇ ਅਕਲ ਦਾ ਅੰਨ੍ਹਾ ਕੀਤਾ ਭਗਤ ਰੱਬ ਨਾਲ ਮੇਲ ਹੋਣ ਦੀ ਆਸ 'ਚ ਗੁਰੂ ਅੱਗੇ ਪੂਰੀ ਤਰ੍ਹਾਂ ਆਤਮ-ਸਮਰਪਣ ਕਰ ਦਿੰਦਾ ਹੈ।

ਆਸਾਰਾਮ ਨੇ ਆਪਣੇ ਭਵਿੱਖ ਦਾ ਆਗਾਜ਼ ਅਹਿਮਦਾਬਾਦ ਵਿਚ ਸਾਬਰਮਤੀ ਦੇ ਕੰਢੇ ਨਜਾਇਜ਼ ਸ਼ਰਾਬ ਵੇਚਣ ਤੋਂ ਸ਼ੁਰੂ ਕੀਤਾ ਸੀ। ਇਹ ਲੋਕਾਂ ਨੂੰ ਚੇਤੇ ਹੈ। ਸੋਕੇ ਮਾਰੇ ਸੂਬੇ ਵਿਚ ਇਹ ਧੰਦਾ ਭਾਰੀ ਮੁਨਾਫ਼ੇ ਵਾਲਾ ਹੈ। ਉਸ ਨੇ 1971 'ਚ ਅਹਿਮਦਾਬਾਦ ਵਿਚ ਛੋਟਾ ਜਿਹਾ ਆਸ਼ਰਮ ਖੋਲ੍ਹ ਲਿਆ ਅਤੇ ਰਜਨੀਸ਼ ਦੀ ਰੀਸ ਕਰਨੀ ਚਾਹੀ ਜਿਸ ਦੇ ਕਾਰੋਬਾਰ ਦੀ ਰੂਹਾਨੀਅਤ ਦੀ ਆਲਮੀ ਮੰਡੀ ਵਿਚ ਗੁੱਡੀ ਚੜ੍ਹੀ ਹੋਈ ਸੀ। ਪ੍ਰਵਚਨਕਰਤਾ ਵਜੋਂ ਤਾਂ ਉਸ ਦੀ ਧਾਂਕ ਜੰਮੀ ਨਹੀਂ ਪਰ ਉਸ ਦੇ ਨੱਚਣ ਦਾ ਜਾਦੂ ਚਲ ਗਿਆ। ਭਾਜਪਾ ਦੇ ਸੱਤਾ 'ਚ ਆਉਣ ਨਾਲ ਉਸ ਦੀ ਚੜ੍ਹ ਮੱਚ ਗਈ। ਅੱਜ ਉਹ ਸੈਂਕੜੇ ਕਰੋੜ ਰੁਪਏ ਦੇ ਮੁੱਲ ਦੀ ਜ਼ਮੀਨ ਉੱਪਰ ਬਣੇ 400 ਆਸ਼ਰਮਾਂ ਅਤੇ ਬੇਸ਼ੁਮਾਰ ਸੰਸਥਾਵਾਂ ਵਾਲੀ ਸਲਤਨਤ ਦਾ ਮਾਲਕ ਹੈ ਜੋ ਪੂਰੇ ਮੁਲਕ ਵਿਚ ਫੈਲੀ ਹੋਈ ਹੈ।

ਹੁਣ ਜਦੋਂ ਆਸਾਰਾਮ ਸੀਖਾਂ ਪਿੱਛੇ ਹੈ ਤਾਂ ਹਰ ਸੂਬੇ ਦੇ ਅਧਿਕਾਰੀ ਕਹਿ ਰਹੇ ਹਨ ਕਿ ਇਹ ਜਾਇਦਾਦਾਂ ਗ਼ੈਰ-ਕਾਨੂੰਨੀ ਹਨ। ਉਸ ਉਪਰ ਮਹਿਜ਼ ਲਿੰਗਕ ਹਮਲਿਆਂ ਜਾਂ ਵਿਤੀ ਬੇਨਿਯਮੀਆਂ ਦੇ ਇਲਜ਼ਾਮ ਹੀ ਨਹੀਂ, ਕਤਲਾਂ ਦੇ ਇਲਜ਼ਾਮ ਵੀ ਲਾਏ ਜਾ ਰਹੇ ਹਨ। ਇੱਥੋਂ ਤਕ ਕਿ ਇਹ ਜਾਅਲਸਾਜ਼ ਮਨੁੱਖੀ ਬਲੀ ਦੇਣ ਦਾ 'ਕਾਲਾ ਇਲਮ' ਵੀ ਵਰਤਦਾ ਸੀ। 3 ਜੁਲਾਈ 2008 ਨੂੰ ਉਸ ਦੇ ਅਹਿਮਦਾਬਾਦ ਆਸ਼ਰਮ ਦੇ ਦੋ ਵਿਦਿਆਰਥੀ, ਦਿਪੇਸ਼ ਵਘੇਲਾ (10) ਅਤੇ ਅਭਿਸ਼ੇਕ ਵਘੇਲਾ (11) ਰਹੱਸਮਈ ਢੰਗ ਨਾਲ ਲਾਪਤਾ ਹੋ ਗਏ ਅਤੇ ਦੋ ਦਿਨ ਬਾਅਦ ਉਨ੍ਹਾਂ ਦੀਆਂ ਲਾਸ਼ਾਂ ਆਸ਼ਰਮ ਲਾਗਿਉਂ ਮਿਲੀਆਂ। ਪੁਲਿਸ ਨੇ 14 ਸਾਲ ਦੇ ਮੁੰਡੇ ਉੱਪਰ ਕੇਸ ਪਾ ਕੇ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ। 2009 ਵਿਚ ਸੀ.ਬੀ.ਆਈ. ਨੇ ਭਾਵੇਂ ਆਸ਼ਰਮ ਦੇ ਸੱਤ ਚੇਲਿਆਂ ਨੂੰ ਕਤਲ ਲਈ ਜ਼ਿੰਮੇਵਾਰ ਠਹਿਰਾਇਆ, ਪਰ ਅਸਲ ਮੁਜਰਮ ਅਜੇ ਤਕ ਨਹੀਂ ਲੱਭੇ। ਜੋਧਪੁਰ ਪੁਲਿਸ ਵਲੋਂ ਉਸ ਨੂੰ ਇੰਦੌਰ ਆਸ਼ਰਮ ਤੋਂ ਗ੍ਰਿਫ਼ਤਾਰ ਕਰਨ ਤੋਂ ਪਹਿਲਾਂ ਗਿਆਰਾਂ ਦਿਨ ਖੇਡੇ ਗਏ ਨਾਟਕ ਤੋਂ ਜ਼ਾਹਿਰ ਹੋ ਗਿਆ ਕਿ ਸਟੇਟ ਉਸ ਦੇ ਖ਼ਿਲਾਫ਼ ਕਾਰਵਾਈ ਕਰਨ ਲਈ ਤਿਆਰ ਨਹੀਂ, ਕਿਉਂਕਿ ਹਿੰਦੂਤਵੀ ਤਾਕਤਾਂ ਉਸ ਦੀ ਪਿੱਠ 'ਤੇ ਹਨ। ਹਰ ਬੰਦਾ ਇਹੀ ਕਿਆਫ਼ੇ ਲਾ ਰਿਹਾ ਹੈ

> *ਧੋਖਾਧੜੀ ਵਾਲੇ ਅਜਿਹੇ ਮਾਇਆਧਾਰੀ ਕਾਰੋਬਾਰ ਸਟੇਟ ਦੀ ਮਿਲੀਭੁਗਤ ਤੋਂ ਬਿਨਾਂ ਨਹੀਂ ਚਲ ਸਕਦੇ। ਜ਼ਿਆਦਾਤਰ ਸਿਆਸਤਦਾਨ ਆਪਣੇ ਗੁਨਾਹਾਂ ਤੇ ਪਾਪਾਂ ਵਿਚੋਂ ਪੈਦਾ ਹੋਣ ਵਾਲੀ ਗਿਲਾਨੀ ਉੱਪਰ ਕਾਬੂ ਪਾਉਣ ਲਈ ਵਿਅਕਤੀਗਤ ਪੱਧਰ 'ਤੇ ਇਨ੍ਹਾਂ ਦੇਵ ਪੁਰਸ਼ਾਂ ਦੇ ਚਰਨੀਂ ਲਗਦੇ ਹਨ।*

ਕਿ ਉਸ ਨੇ ਜੇਲ੍ਹ ਵਿਚੋਂ ਜ਼ਮਾਨਤ 'ਤੇ ਬਾਹਰ ਆ ਹੀ ਜਾਣਾ ਹੈ, ਫਿਰ ਕੁੜੀ ਦੇ ਪਰਿਵਾਰ ਨੂੰ ਉਸ ਦੇ ਅੱਗੇ ਟਿਕਣਾ ਮੁਸ਼ਕਿਲ ਹੋ ਜਾਵੇਗਾ।

ਆਸਾਰਾਮ ਤਾਂ ਇਕ ਮਿਸਾਲ ਹੈ। ਅੰਦਾਜ਼ਨ 50 ਲੱਖ ਅਜਿਹੇ ਦੇਵ-ਦੇਵੀਆਂ ਅੰਨ੍ਹੀ ਖ਼ਲਕਤ ਨੂੰ ਬੁੱਧੂ ਬਣਾ ਕੇ ਦੌਲਤ ਦੇ ਅੰਬਾਰ ਲਾਉਣ 'ਚ ਜੁੱਟੇ ਹੋਏ ਹਨ। ਇਨ੍ਹਾਂ ਵਿਚੋਂ ਕੁਝ ਵਧੇਰੇ ਬਦਨਾਮ ਸ਼ਖਸਾਂ ਦੀ ਦੌਲਤ ਦੀ ਨਿੱਕੀ ਜਿਹੀ ਝਲਕ ਹੀ ਇਸ ਖ਼ਤਰੇ ਦੀ ਵਿਆਪਕਤਾ ਦੀ ਥਾਹ ਪਾਉਣ ਲਈ ਕਾਫ਼ੀ ਹੈ। ਸੱਤਿਆ ਸਾਈਂ ਬਾਬਾ ਅਤੇ ਮਹੇਸ਼ ਯੋਗੀ ਦੇ ਕਬਜ਼ੇ ਵਿਚਲੀ ਦੌਲਤ ਦੇ ਵੇਰਵੇ ਪੜ੍ਹ ਸੁਣ ਕੇ ਦਿਮਾਗ ਚਕਰਾ ਜਾਂਦਾ ਹੈ। ਇਨ੍ਹਾਂ ਅਖੌਤੀ ਰੂਹਾਨੀ ਗੁਰੂਆਂ ਦੀਆਂ ਸੰਸਥਾਵਾਂ ਦੀ ਕਮਾਈ ਅੱਗੇ ਬਹੁਤ ਸਾਰੀਆਂ ਦਰਮਿਆਨੀਆਂ ਕੰਪਨੀਆਂ ਸ਼ਰਮਸਾਰ ਹੋ ਜਾਂਦੀਆਂ ਹਨ। ਮਸਲਨ, ਕੇਰਲਾ ਵਿਚ ਮਾਤਾ ਅੰਮ੍ਰਿਤਾਨੰਦਾਮਾਈ, ਬਾਬਾ ਰਾਮਦੇਵ, ਸੁਧਾਂਸ਼ੂ ਮਹਾਰਾਜ ਅਤੇ ਮੁਰਾਰੀ ਬਾਪੂ। ਇਨ੍ਹਾਂ ਵਿਚੋਂ ਕਈ ਮਨ ਨੂੰ ਕਾਬੂ ਕਰਨ ਦੀਆਂ ਆਧੁਨਿਕ ਚਲਾਕੀਆਂ ਦੇ ਮਾਹਰ ਹਨ। ਇਨ੍ਹਾਂ ਤੋਂ ਇਲਾਵਾ ਬੇਸ਼ੁਮਾਰ ਰੂਹਾਨੀ ਸੰਸਥਾਵਾਂ, ਛੋਟੇ ਪੱਧਰ ਦੇ ਬਾਬੇ ਅਤੇ ਬੂਬਨੇ ਹਨ ਜੋ ਅਵਾਮ ਨੂੰ ਬੁੱਧੂ ਬਣਾਈ ਜਾਂਦੇ ਹਨ।

ਫਿਰ ਮੰਦਰ ਅਤੇ ਗਣੇਸ਼ ਉਤਸਵ ਜਾਂ ਦੁਰਗਾ ਪੂਜਾ ਵਰਗੇ ਪੁਰਬ ਹਨ ਜਿਨ੍ਹਾਂ ਦੇ ਕਾਰੋਬਾਰ ਅਵਾਮ ਦੀ ਅਸੁਰੱਖਿਆ ਦੀ ਭਾਵਨਾ ਨਾਲ ਖਿਲਵਾੜ ਕਰ ਕੇ ਦਿਨ-ਰਾਤ ਤਰੱਕੀ ਕਰ ਰਹੇ ਹਨ। ਦਭੋਲਕਰ ਵਰਗੇ ਬੰਦੇ ਅਕੀਦੇ ਅਤੇ ਅੰਨ੍ਹੀ ਸ਼ਰਧਾ, ਧਾਰਮਿਕ ਕੱਟੜਤਾ ਅਤੇ ਅੰਧ-ਵਿਸ਼ਵਾਸਾਂ ਵਿਚ ਨਿਖੇੜਾ ਕਰਦੇ ਸਨ। ਇਹ ਗੂੜ੍ਹ-ਗਿਆਨੀ ਦਲੀਲਾਂ ਦਿੱਤੀਆਂ ਜਾ ਸਕਦੀਆਂ ਹਨ: ਮਸਲਨ, ਕੋਈ ਕਹਿ ਸਕਦਾ ਹੈ ਕਿ ਰੱਬ ਵਿਚ ਯਕੀਨ ਅਕੀਦਾ ਹੈ ਪਰ ਰੂਹਾਂ ਵਿਚ ਯਕੀਨ ਅੰਨ੍ਹੀ ਸ਼ਰਧਾ ਹੈ, ਜਾਂ ਇਹ ਦਲੀਲ ਕਿ ਛੂਆਛਾਤ ਤਾਂ ਮਾੜੀ ਹੈ ਪਰ ਇਸ ਦਾ ਸੋਮਾ ਜਾਤਪਾਤੀ ਪ੍ਰਬੰਧ ਇੰਵ ਨਹੀਂ ਹੈ। ਓੜਕ ਅੰਨ੍ਹੀ ਸ਼ਰਧਾ ਅਕੀਦੇ ਦਾ ਥੋੜ੍ਹਾ ਵਿਸਤਾਰ ਹੀ ਹੈ; ਅਤੇ ਅਕੀਦੇ ਨੂੰ ਕਿਸੇ ਬੰਦੇ ਦੇ ਨਿੱਜੀ ਮਾਮਲੇ ਤਕ ਹੀ ਸੀਮਤ ਰਹਿਣਾ ਚਾਹੀਦਾ ਹੈ।

ਧੋਖਾਧੜੀ ਵਾਲੇ ਅਜਿਹੇ ਮਾਇਆਧਾਰੀ ਕਾਰੋਬਾਰ ਸਟੇਟ ਦੀ ਮਿਲੀਭੁਗਤ ਤੋਂ ਬਿਨਾਂ ਨਹੀਂ ਚਲ ਸਕਦੇ। ਜ਼ਿਆਦਾਤਰ ਸਿਆਸਤਦਾਨ ਆਪਣੇ ਗੁਨਾਹਾਂ ਤੇ ਪਾਪਾਂ ਵਿਚੋਂ ਪੈਦਾ ਹੋਣ ਵਾਲੀ ਗਿਲਾਨੀ ਉੱਪਰ ਕਾਬੂ ਪਾਉਣ ਲਈ ਵਿਅਕਤੀਗਤ ਪੱਧਰ 'ਤੇ ਇਨ੍ਹਾਂ ਦੇਵ ਪੁਰਸ਼ਾਂ ਦੇ ਚਰਨੀਂ ਲਗਦੇ ਹਨ। ਭਾਜਪਾ ਵਰਗੀਆਂ ਸੱਜੇਪੱਖੀ ਪਾਰਟੀਆਂ ਇਸ ਨੂੰ ਵੋਟ ਬੈਂਕ ਸਮਝ ਕੇ ਇਨ੍ਹਾਂ ਉੱਪਰ ਅੱਖ ਰੱਖਦੀਆਂ ਹਨ। ਬਾਕੀ ਪਾਰਟੀਆਂ ਵੀ ਹਿੰਦੂ ਬਹੁ-ਗਿਣਤੀ ਵਿਚੋਂ ਅਲੱਗ-ਥਲੱਗ ਪੈਣ ਦੇ ਡਰੋਂ ਇਨ੍ਹਾਂ ਦੀਆਂ ਹਮਾਇਤੀ ਹਨ। ਕਈ ਤਾਂ ਅਖੌਤੀ ਦੇਵ ਪੁਰਸ਼ਾਂ ਦੇ ਘਿਨਾਉਣੇ ਧੰਦੇ ਵਿਚ ਹਿੱਸੇਦਾਰ ਹਨ। ਅਵਾਮ ਨੂੰ ਅੰਧ-ਵਿਸ਼ਵਾਸਾਂ ਦੀ ਦਲਦਲ 'ਚ ਫਸਾਈ ਰੱਖਣ ਨਾਲ ਉਨ੍ਹਾਂ ਦੀ ਸੁਤਾਅ ਉਨ੍ਹਾਂ ਦੀ ਆਪਣੀ ਜ਼ਿੰਦਗੀ ਦੀ ਹਕੀਕਤ ਵੱਲ ਨਹੀਂ ਜਾਂਦੀ। ਇਹ ਉਨ੍ਹਾਂ ਨੂੰ ਆਪਣੀ ਦੁਰਦਸ਼ਾ ਦਾ ਕਾਰਨ ਦੈਵੀ ਤਾਕਤਾਂ ਨੂੰ ਸਮਝਣ ਅਤੇ ਇੰਵ ਆਪਣੀ ਲੁੱਟ-ਖਸੁੱਟ ਨੂੰ ਚੁੱਪ-ਚਾਪ ਸਹਿਣ ਕਰਨ ਵੱਲ ਧੱਕਦੀ ਹੈ।

ਸਿਆਸੀ ਕੋੜਮੇ ਤੋਂ ਇਲਾਵਾ ਜ਼ਿਆਦਾਤਰ ਨੌਕਰਸ਼ਾਹੀ ਅਤੇ ਨਿਆਂਪਾਲਿਕਾ ਵੀ ਦੇਵ ਪੁਰਸ਼ਾਂ ਦੀ ਭਗਤ ਹੈ। ਸਟੇਟ ਦੇ ਤਿੰਨੋਂ ਹੀ ਹਿੱਸੇ-ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ, ਇਸ ਖ਼ਤਰੇ ਦੇ ਮੁੱਖ ਹਮਾਇਤੀ ਹਨ। ਸਟੇਟ ਖ਼ੁਦ ਧਾਰਾ 51-ਏ (ਐੱਚ) ਅਨੁਸਾਰ "ਵਿਗਿਆਨਕ ਸੋਚ" ਨੂੰ ਪ੍ਰਫੁੱਲਤ ਕਰਨ ਦੇ ਸੰਵਿਧਾਨਕ ਫ਼ਤਵੇ ਦੀ ਘੋਰ ਉਲੰਘਣਾ ਕਰਦਾ ਹੈ ਅਤੇ ਕਰਦਾ ਹੈ ਇੰਡੀਅਨ ਪੀਨਲ ਕੋਡ (ਤਾਜ਼ੀਰਾਤ-ਏ ਹਿੰਦ) ਦੀ ਮੱਦ 295-ਏ ਦੀ ਓਟ ਲੈ ਕੇ ਜੋ ਦੂਜਿਆਂ ਦੇ ਧਾਰਮਿਕ ਜਜ਼ਬਾਤ ਨੂੰ ਠੇਸ ਨਾ ਪਹੁੰਚਾਉਣ ਦਾ ਬਹਾਨਾ ਮੁਹੱਈਆ ਕਰਦੀ ਹੈ।

ਕੁਲੀਨ ਲਾਣਾ ਜੋ ਉਂਵ ਗਿਆਨ ਵਿਹੂਣੀ ਖ਼ਲਕਤ ਲਈ ਨਮੂਨਾ ਬਣਨਾ ਚਾਹੀਦਾ ਸੀ, ਖ਼ੁਦ ਹੀ ਇਨ੍ਹਾਂ ਦੇਵ ਪੁਰਸ਼ਾਂ ਦਾ ਪੈਰੋਕਾਰ ਬਣਿਆ ਹੋਇਆ ਹੈ। ਆਹਲਾ ਮਿਸਾਲ ਹਨ ਸਾਡੀਆਂ ਟੈਕਨਾਲੋਜੀ ਦੀਆਂ ਆਹਲਾ ਮਿਆਰੀ ਸੰਸਥਾਵਾਂ ਇੰਡੀਅਨ ਇੰਸਟੀਚਿਊਟਸ ਆਫ ਟੈਕਨਾਲੋਜੀ ਜਿਨ੍ਹਾਂ ਨੂੰ ਵਿਗਿਆਨਕ ਪਾਣ ਚਾੜ੍ਹਨ ਵਾਲੀਆਂ ਮੰਨਿਆ ਜਾਂਦਾ ਹੈ। ਇਹ ਹਿੰਦੂ ਪੈਗੰਬਰਾਂ ਦੇ ਰੂਹਾਨੀ ਪ੍ਰਵਚਨਾਂ ਨੂੰ ਉਤਸ਼ਾਹਤ ਕਰਦੀਆਂ ਹਨ, ਸੰਸਥਾਵਾਂ ਦੇ ਅੰਦਰ ਹਿੰਦੂ ਦੇਵੀ-ਦੇਵਤਿਆਂ ਦੇ ਮਿੰਨੀ ਮੰਦਰ ਹਨ ਅਤੇ ਜੰਗਬਾਜ਼ ਸਭਿਆਚਾਰਕ ਕੌਮਵਾਦ ਦੀ ਵਿਸ਼ਾ-ਵਸਤੂ ਉਥੇ ਆਮ ਵਰਤਾਈ ਜਾਂਦੀ ਹੈ। ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਦੀ ਅਗਵਾਈ ਵਾਲੀ ਹਕੂਮਤ ਸਮੇਂ ਆਈ.ਆਈ.ਟੀ. ਅਤੇ ਹੋਰ ਚੋਟੀ ਦੀਆਂ ਵਿਗਿਆਨਕ ਸੰਸਥਾਵਾਂ ਦੇ ਅਹਿਮ ਅਹੁਦਿਆਂ ਉੱਪਰ ਖ਼ਾਸ ਤਰ੍ਹਾਂ ਦੇ ਅਨਸਰਾਂ ਨੂੰ ਬਿਠਾ ਕੇ ਇਨ੍ਹਾਂ ਦਾ ਹਿੰਦੂਕਰਨ ਕੀਤਾ ਗਿਆ, ਪਰ ਇਹ ਵੀ ਜੱਗ ਜ਼ਾਹਿਰ ਹੈ ਕਿ ਇਸ ਤੋਂ ਪਿੱਛੋਂ ਕਾਂਗਰਸ ਦੇ ਰਾਜ ਵਿਚ ਹਾਲਤ ਬਿਲਕੁਲ ਨਹੀਂ ਬਦਲੀ। ਬਹੁਤ ਸਾਰੇ ਸਾਇੰਸਦਾਨਾਂ, ਇੰਜੀਨੀਅਰਾਂ ਅਤੇ ਡਾਕਟਰਾਂ ਦੇ ਮੱਥਿਆਂ ਉੱਪਰ ਤਿਲਕ ਜਾਂ ਰਾਖ ਦੇ ਟਿੱਕੇ, ਡੌਲਿਆਂ ਉੱਪਰ ਤਾਵੀਤ, ਕਲਾਈਆਂ ਉੱਪਰ ਤਰ੍ਹਾਂ-ਤਰ੍ਹਾਂ ਦੇ ਧਾਗੇ ਕਰਾਮਾਤੀ ਤਾਕਤਾਂ ਵਿਚ ਉਨ੍ਹਾਂ ਦੇ ਯਕੀਨ ਦਾ ਬੇਹਯਾ ਇਜ਼ਹਾਰ ਹਨ।

ਇਹ ਲੋਕ ਅਖੌਤੀ ਦੇਵ ਪੁਰਸ਼ਾਂ ਦੇ ਬਰੈਂਡ ਐਂਬੈਸਡਰ ਬਣੇ ਹੋਏ ਹਨ। ਪਿਛਲੇ ਸਾਲਾਂ 'ਚ ਨਵ-ਉਦਾਰਵਾਦ (ਵਿਕਾਸ ਮਾਡਲ) ਵਲੋਂ ਪੈਦਾ ਕੀਤੀ ਅਸੁਰੱਖਿਆ ਅਤੇ ਬੇਯਕੀਨੀ ਨੇ ਸਮਾਜ ਦੇ ਸਾਰੇ ਹਿੱਸਿਆਂ ਵਿਚ ਦੈਵੀ ਤਾਕਤਾਂ ਵੱਲ ਰੁਝਾਨ ਨੂੰ ਜਰਬਾਂ ਦਿੱਤੀਆਂ ਹਨ। ਖ਼ਲਕਤ ਆਪਣੀ ਹੋਂਦ ਦੀ ਸਲਾਮਤੀ ਲਈ ਦੈਵੀ ਓਟ ਭਾਲਦੀ ਹੈ; ਕੁਲੀਨ ਲਾਣਾ ਆਪਣੀ ਤਰਜ਼ੇ-ਜ਼ਿੰਦਗੀ ਨੂੰ ਬਰਕਰਾਰ ਰੱਖਣਾ ਚਾਹੁੰਦਾ ਹੈ। ਮੂਲਵਾਦ, ਜਾਤਪਾਤ ਅਤੇ ਹੋਰ ਵਿਗੜੇ ਹੋਏ ਸਮਾਜੀ ਵਤੀਰੇ ਇਸੇ ਰੁਝਾਨ ਦੇ ਇਜ਼ਹਾਰ ਹਨ। ਇਹ ਆਲਮੀ ਵਰਤਾਰਾ ਤਾਂ ਹੈ ਹੀ, ਹਿੰਦੂਵਾਦ ਜੋ ਬਹੁਗਿਣਤੀ ਦਾ ਧਰਮ ਹੈ, ਸੰਸਥਾ ਆਧਾਰਤ ਮਜ਼ਹਬ ਨਾ ਹੋਣ ਕਾਰਨ ਵਿਅਕਤੀਗਤ ਦੇਵ ਪੁਰਸ਼ਾਂ ਦੇ ਵਧਣ-ਫੁੱਲਣ ਲਈ ਵਿਆਪਕ ਗੁੰਜਾਇਸ਼ ਦਿੰਦਾ ਹੈ।

# ਅਜੇ ਮਾਕਨ ਤੋਂ ਰਾਹੁਲ ਗਾਂਧੀ ਬਰਾਸਤਾ ਅਜੇ ਮਾਕਨ

ਰਾਹੁਲ ਗਾਂਧੀ ਦੀ ਗੱਲ ਉਸ ਦੇ ਕੁਨਬੇ ਦੇ ਹਵਾਲੇ ਤੋਂ ਬਿਨਾਂ ਪੂਰੀ ਨਹੀਂ ਹੁੰਦੀ। ਕੁਨਬਾ ਉਸ ਦੀ ਪਛਾਣ ਦਾ ਧੁਰਾ ਹੈ। ਰਾਜੀਵ ਗਾਂਧੀ ਦੀ ਮੌਤ ਤੋਂ ਬਾਅਦ ਕਾਂਗਰਸ ਪਾਰਟੀ ਉਨ੍ਹਾਂ ਦੇ ਖ਼ਾਨਦਾਨ ਵਿਚੋਂ ਪ੍ਰਧਾਨਗੀ ਅਤੇ ਸਰਕਾਰ ਬਣਾਉਣ ਦੀ ਹਾਲਤ ਵਿਚ ਪ੍ਰਧਾਨ ਮੰਤਰੀ ਦੀ ਦਾਅਵੇਦਾਰੀ ਉਡੀਕਦੀ ਰਹੀ ਹੈ। ਇਸ ਲਈ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ (ਬਾਅਦ ਵਿਚ ਵਾਡਰਾ) ਦੇ ਨਾਮ ਚਰਚਾ ਵਿਚ ਰਹੇ ਹਨ। ਹੁਣ ਇਹ ਚਰਚਾ ਰਾਹੁਲ ਤੱਕ ਮਹਿਦੂਦ ਹੋ ਗਈ ਹੈ। ਇਸੇ ਦੌਰਾਨ ਰਾਹੁਲ ਗਾਂਧੀ ਨੇ ਕਾਂਗਰਸ ਦੇ ਕਈ ਅਹੁਦਿਆਂ ਉੱਤੇ ਕੰਮ ਕੀਤਾ ਹੈ ਅਤੇ ਲੋਕ ਸਭਾ ਦੀ ਚੋਣ ਦੋ ਵਾਰ ਜਿੱਤੀ ਹੈ। ਉਨ੍ਹਾਂ ਦੇ ਪੱਖ ਵਿਚ ਦਲੀਲ ਦਿੱਤੀ ਜਾਂਦੀ ਹੈ ਕਿ ਉਨ੍ਹਾਂ ਨੂੰ ਕਾਂਗਰਸ ਵਿਚ ਹਰ ਪੱਧਰ ਉੱਤੇ ਕੰਮ ਕਰਨ ਦਾ ਤਜਰਬਾ ਹੈ। ਹਰ ਕੰਮ ਯੋਗਤਾ ਨਾਲ ਪੂਰਾ ਕਰਨ ਕਾਰਨ ਉਨ੍ਹਾਂ ਦੀ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਦਾਅਵੇਦਾਰੀ ਬਣਦੀ ਹੈ। ਇਨ੍ਹਾਂ ਹਾਲਾਤ ਵਿਚ ਰਾਹੁਲ ਗਾਂਧੀ ਦਾ ਬਿਆਨ ਚਰਚਾ ਦਾ ਵਿਸ਼ਾ ਬਣਿਆ ਹੈ। ਅਜੇ ਮਾਕਨ ਦੀ ਚੱਲ ਰਹੀ ਪ੍ਰੈਸ ਕਾਨਫਰੰਸ ਵਿਚ ਉਨ੍ਹਾਂ ਨੇ ਬਿਆਨ ਦਿੱਤਾ ਅਤੇ ਚਲੇ ਗਏ। ਰਾਹੁਲ ਦੇ ਬਿਆਨ ਉੱਤੇ ਲਗਾਤਾਰ ਟਿੱਪਣੀਆਂ ਹੋ ਰਹੀਆਂ



**ਦਲਜੀਤ ਅਮੀ**
**ਫੋਨ: 91-97811-21873**

ਹਨ ਅਤੇ ਇਸ ਦੇ ਮਾਅਨੇ ਪੇਸ਼ ਕੀਤੇ ਜਾ ਰਹੇ ਹਨ। ਰਾਹੁਲ ਗਾਂਧੀ ਦੇ ਬਿਆਨ ਦੇ ਆਲੇ-ਦੁਆਲੇ ਫੈਲਿਆ ਅਜੇ ਮਾਕਨ ਦਾ ਬਿਆਨ ਕੀ ਕਹਿੰਦਾ ਹੈ ਭਲਾ? ਰਾਹੁਲ ਦੇ ਬਿਆਨ ਰਾਹੀਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਕੀ ਸੁਨੇਹਾ ਦਿੱਤਾ ਗਿਆ ਹੈ? ਰਾਹੁਲ ਦੇ ਬਿਆਨ ਰਾਹੀਂ ਕੇਂਦਰੀ ਮੰਤਰੀਆਂ ਕਪਿਲ ਸਿੱਬਲ, ਪੀ. ਚਿੰਦਬਰਮ ਅਤੇ ਮਨੀਸ਼ ਤਿਵਾੜੀ ਨੂੰ ਘੁਰਕੀ ਮਾਰੀ ਗਈ ਹੈ ਜਾਂ ਨਹੀਂ? ਕਾਂਗਰਸ ਦੇ ਬੁਲਾਰੇ ਜਦੋਂ ਇਸ ਬਿਆਨ ਨੂੰ ਜਮਹੂਰੀਅਤ ਦੀ ਆਵਾਜ਼ ਕਰਾਰ ਦਿੰਦੇ ਹਨ ਤਾਂ ਇਸ ਦਾ ਕੀ ਮਤਲਬ ਹੈ?

ਕਾਂਗਰਸ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਦੇ ਮੰਤਰੀ ਮੰਡਲ ਨੇ ਦਾਗ਼ੀ ਸਿਆਸਤਦਾਨਾਂ ਨੂੰ ਰਾਹਤ ਦੇਣ ਵਾਲੇ ਆਰਡੀਨੈਂਸ ਨੂੰ ਪ੍ਰਵਾਨਗੀ ਦੇ ਦਿੱਤੀ। ਵਿਧਾਨ ਮੁਤਾਬਕ ਇਹ ਆਰਡੀਨੈਂਸ ਦਸਤਖ਼ਤ ਕਰਨ ਲਈ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਕੋਲ ਭੇਜ ਦਿੱਤਾ ਗਿਆ। ਇਸ ਦੇ ਪਿਛੋਕੜ ਵਿਚ ਸੁਪਰੀਮ ਕੋਰਟ ਦਾ ਦਸ ਜੁਲਾਈ ਵਾਲਾ ਫ਼ੈਸਲਾ ਸੀ ਜਿਸ ਤਹਿਤ ਦੋ ਸਾਲ ਦੀ ਸਜ਼ਾ ਵਾਲੇ ਅਪਰਾਧ ਲਈ ਦੋਸ਼ੀ ਕਰਾਰ ਦਿੱਤੇ ਗਏ ਸਿਆਸਤਦਾਨ ਨੂੰ ਫੌਰੀ ਅਯੋਗ ਮੰਨਿਆ ਜਾਵੇਗਾ। ਉਸ ਨੂੰ ਸਰਕਾਰੀ ਅਹੁਦਿਆਂ ਤੋਂ ਹਟਣਾ ਪਵੇਗਾ। ਇਸ ਫ਼ੈਸਲੇ ਦੀ ਗਾਜ਼ ਕਈ ਸਿਆਸੀ ਆਗੂਆਂ ਉੱਤੇ ਗਿਰਨ ਵਾਲੀ ਸੀ। ਇਨ੍ਹਾਂ ਵਿਚ ਕਾਂਗਰਸੀ ਆਗੂ ਰਸ਼ੀਦ ਮਸੂਦ ਅਤੇ ਜਨਤਾ ਦਲ (ਯੂਨਾਈਟਿਡ) ਦੇ ਲਾਲੂ ਪ੍ਰਸਾਦ ਯਾਦਵ ਤੇ ਜਗਨ ਨਾਥ ਮਿਸ਼ਰਾ ਖ਼ਿਲਾਫ਼ ਚਲਦੇ ਅਦਾਲਤੀ ਮਾਮਲਿਆਂ ਵਿਚ ਫ਼ੈਸਲੇ ਆਉਣ ਵਾਲੇ ਸਨ। ਸਾਰੀਆਂ ਸਿਆਸੀ ਪਾਰਟੀਆਂ ਨੂੰ ਇਸ ਫ਼ੈਸਲੇ ਉੱਤੇ ਇਤਰਾਜ਼ ਸਨ। ਇਸ ਇਤਰਾਜ਼ ਵਿਚ ਉਹ ਆਪਣੇ-ਆਪਣੇ ਇਤਫ਼ਰਕੇ ਜ਼ਾਹਿਰ ਕਰਦੀਆਂ ਸਨ।

ਇਸ ਫ਼ੈਸਲੇ ਖ਼ਿਲਾਫ਼ ਸਰਕਾਰ ਨੇ ਸੁਪਰੀਮ ਕੋਰਟ ਵਿਚ ਨਜ਼ਰਸਾਨੀ ਲਈ ਦਰਖ਼ਾਸਤ ਦਿੱਤੀ ਜਿਸ ਨਾਲ ਭਾਜਪਾ ਸਮੇਤ ਵਿਰੋਧੀ ਧਿਰ ਦੀ ਸਹਿਮਤੀ ਸੀ। ਇਸੇ ਦੌਰਾਨ ਇਸ ਫ਼ੈਸਲੇ ਨੂੰ ਰੱਦ ਕਰਨ ਲਈ ਕਾਨੂੰਨੀ ਪੇਸ਼ਬੰਦੀ ਵਜੋਂ ਰਾਜ ਸਭਾ ਵਿਚ 'ਪੀਪਲਜ਼ ਰੀਪਰੈਜ਼ੈਂਟੇਸ਼ਨ ਐਕਟ ਵਿਚ ਸੋਧ' ਦਾ ਖਰੜਾ ਪੇਸ਼ ਕੀਤਾ ਗਿਆ। ਸ਼ੋਰ-ਸ਼ਰਾਬੇ ਕਾਰਨ ਇਹ ਪ੍ਰਵਾਨ ਨਹੀਂ ਹੋਇਆ ਅਤੇ ਸੰਸਦ ਦਾ ਇਜਲਾਸ ਖ਼ਤਮ ਹੋ ਗਿਆ। ਬਿੱਲ ਦਾ ਖਰੜਾ ਵਿਚਾਰਨ ਲਈ ਸੰਸਦ ਦੀ ਸਟੈਂਡਿੰਗ ਕਮੇਟੀ ਕੋਲ ਭੇਜ ਦਿੱਤਾ ਗਿਆ। ਸਟੈਂਡਿੰਗ ਕਮੇਟੀ ਨੂੰ ਨਜ਼ਰਅੰਦਾਜ਼ ਕਰਦੇ ਹੋਏ ਅਤੇ ਅਗਲੇ ਸਰਦ ਰੁੱਤ ਇਜਲਾਸ ਦੀ ਉਡੀਕ ਕੀਤੇ ਬਿਨਾਂ ਕੇਂਦਰ ਸਰਕਾਰ ਨੇ ਇਸ ਬਿੱਲ ਨੂੰ ਆਰਡੀਨੈਂਸ ਵਜੋਂ ਲਾਗੂ ਕਰਨ ਦਾ ਫ਼ੈਸਲਾ ਕਰ ਲਿਆ। ਇਹ ਫ਼ੈਸਲਾ ਪ੍ਰਧਾਨ ਮੰਤਰੀ ਦੇ ਸੰਯੁਕਤ ਰਾਸ਼ਟਰ ਦੇ ਇਜਲਾਸ ਲਈ ਨਿਊ ਯਾਰਕ ਜਾਣ ਤੋਂ ਪਹਿਲਾਂ ਕੀਤਾ ਗਿਆ ਕਿਉਂਕਿ ਇਸੇ ਦੌਰਾਨ ਲਾਲੂ ਅਤੇ ਰਸ਼ੀਦ ਮਸੂਦ ਦੇ ਮਾਮਲਿਆਂ ਵਿਚ ਅਦਾਲਤੀ ਫ਼ੈਸਲੇ ਆਉਣ ਵਾਲੇ ਸਨ। ਖ਼ਦਸ਼ਿਆਂ ਮੁਤਾਬਕ ਇਹ ਫ਼ੈਸਲੇ ਇਨ੍ਹਾਂ ਆਗੂਆਂ ਦੇ ਖ਼ਿਲਾਫ਼ ਆਏ ਅਤੇ ਇਨ੍ਹਾਂ ਨੂੰ ਜੇਲ੍ਹ ਜਾਣਾ ਪਿਆ। ਇਨ੍ਹਾਂ ਫ਼ੈਸਲਿਆਂ ਤੋਂ ਪਹਿਲਾਂ ਆਰਡੀਨੈਂਸ ਉੱਤੇ ਵਿਵਾਦ ਖੜ੍ਹਾ ਹੋ ਗਿਆ। ਕੇਂਦਰੀ ਮੰਤਰੀਆਂ ਨੇ ਇਸ ਦੀ ਮੂੰਹ-ਜ਼ੋਰ ਪੈਰਵੀ ਕੀਤੀ। ਇਸੇ ਪੈਰਵੀ ਦੀ ਮਸ਼ਕ ਵਜੋਂ ਕੇਂਦਰੀ ਮੰਤਰੀ ਅਜੇ ਮਾਕਨ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਦਿੱਲੀ ਦੇ ਪ੍ਰੈਸ ਕਲੱਬ ਵਿਚ ਚਲਦੀ ਪ੍ਰੈਸ ਕਾਨਫਰੰਸ ਵਿਚ ਰਾਹੁਲ ਗਾਂਧੀ ਨੇ ਮੰਚ ਸਾਂਭ ਲਿਆ ਅਤੇ ਆਪਣੀ ਸਰਕਾਰ ਦੇ ਤਜਵੀਜ਼ ਕੀਤੇ ਆਰਡੀਨੈਂਸ ਨੂੰ 'ਬਕਵਾਸ' ਅਤੇ 'ਰੱਦੀ ਦੀ ਟੋਕਰੀ ਵਿਚ ਸੁੱਟਣ ਲਾਇਕ' ਕਰਾਰ ਦਿੱਤਾ। ਇਸ ਤੋਂ ਬਾਅਦ ਅਜੇ ਮਾਕਨ ਕੇ ਕਿਹਾ ਕਿ ਜੋ ਰਾਹੁਲ ਗਾਂਧੀ ਨੇ ਕਿਹਾ ਹੈ, ਉਹ ਕਾਂਗਰਸ ਦੀ ਨੀਤੀ ਹੈ।

ਇਸ ਤੋਂ ਬਾਅਦ ਸਾਰੀ ਚਰਚਾ ਰਾਹੁਲ ਗਾਂਧੀ ਦੇ ਹਵਾਲੇ ਨਾਲ ਚੱਲੀ ਹੈ। ਜੇ ਇਸ ਚਰਚਾ ਨੂੰ ਅਜੇ ਮਾਕਨ ਦੇ ਹਵਾਲੇ ਨਾਲ ਵੇਖਿਆ ਜਾਵੇ ਤਾਂ ਮਸਲਾ ਗਾਂਧੀ ਖ਼ਾਨਦਾਨ ਤੱਕ ਮਹਿਦੂਦ ਨਹੀਂ ਰਹੇਗਾ। ਅਜੇ ਮਾਕਨ ਦੇ ਹਵਾਲੇ ਨਾਲ ਕੁਨਬਾਪ੍ਰਸਤੀ ਦੀ ਦੂਜੀਆਂ ਪਰਤਾਂ ਸਾਹਮਣੇ ਆਉਣਗੀਆਂ। ਰਾਹੁਲ ਗਾਂਧੀ ਨੂੰ ਤਾਂ ਭਾਰਤੀ 'ਜਮਹੂਰੀਅਤ' ਦਾ 'ਰਾਜਕੁਮਾਰ' ਹੋਣ ਦਾ ਰੁਤਬਾ ਖ਼ਾਨਦਾਨੀ ਵਿਰਾਸਤ ਵਿਚ ਮਿਲਿਆ ਹੈ। ਅਜੇ ਮਾਕਨ ਨੂੰ ਵੀ ਮੰਤਰੀ ਦਾ ਅਹੁਦਾ ਖ਼ਾਨਦਾਨੀ ਵਿਰਾਸਤ ਵਿਚ ਮਿਲਿਆ ਹੈ। ਉਹ ਲਲਿਤ ਮਾਕਨ ਦਾ ਭਤੀਜਾ ਹੈ ਜੋ ਕਾਂਗਰਸੀ ਸਰਕਾਰ ਵਿਚ ਕੇਂਦਰੀ ਕਿਰਤ ਮੰਤਰੀ ਸੀ ਅਤੇ ਉਸ ਦੀ ਯੋਗਤਾ ਵਿਚ ਕਾਂਗਰਸੀ ਆਗੂ ਸ਼ੰਕਰ ਦਿਆਲ ਸ਼ਰਮਾ ਦਾ ਜਵਾਈ ਹੋਣਾ ਸ਼ਾਮਿਲ ਹੈ। ਸ਼ੰਕਰ ਦਿਆਲ ਸ਼ਰਮਾ 1992-1997 ਤੱਕ ਰਾਸ਼ਟਰਪਤੀ ਰਹੇ। ਲਲਿਤ ਮਾਕਨ ਦਾ ਨਾਮ 1984 ਦੇ ਸਿੱਖ ਕਤਲੇਆਮ ਵਿਚ ਬੋਲਦਾ ਹੈ। ਉਸ ਵੇਲੇ ਪੀਪਲਜ਼ ਯੂਨੀਅਨ ਆਫ਼ ਡੈਮੋਕਰੈਟਿਕ ਰਾਈਟਸ (ਪੀ.ਯੂ.ਡੀ.ਆਰ.) ਵੱਲੋਂ ਛਾਪੀ ਗਈ ਰਪਟ 'ਦੋਸ਼ੀ ਕੌਣ' ਵਿਚ ਲਲਿਤ ਮਾਕਨ ਦਾ ਨਾਮ ਚੌਥੇ ਨੰਬਰ ਉੱਤੇ ਦਰਜ ਹੈ। ਉਸ ਤੋਂ ਪਹਿਲਾਂ ਹਰੀ ਕ੍ਰਿਸ਼ਨ ਲਾਲ ਭਗਤ, ਬਾਬੂ ਰਾਮ ਸ਼ਰਮਾ ਅਤੇ ਸੱਜਣ ਕੁਮਾਰ ਦੇ ਨਾਮ ਦਰਜ ਹਨ। ਲਲਿਤ ਮਾਕਨ ਦੇ ਕਤਲ ਵਿਚ ਸੁਖਜਿੰਦਰ ਸਿੰਘ ਸੁੱਖੇ ਅਤੇ ਹਰਜਿੰਦਰ ਸਿੰਘ ਜਿੰਦੇ ਨੂੰ ਫਾਂਸੀ ਦਿੱਤੀ ਗਈ। ਰਣਜੀਤ ਸਿੰਘ ਗਿੱਲ ਉਰਫ਼ ਕੁੱਕੀ ਨੂੰ ਉਮਰ ਕੈਦ ਹੋਈ। ਬਾਅਦ ਵਿਚ ਲਲਿਤ ਮਾਕਨ ਦੀ ਧੀ ਅਵੰਤਿਕਾ ਮਾਕਨ ਅਤੇ ਅਜੇ ਮਾਕਨ ਨੇ ਕੁੱਕੀ ਦੀ ਰਿਹਾਈ ਵਿਚ ਸਰਗਰਮ ਭੂਮਿਕਾ ਨਿਭਾਈ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਉਸ ਦੇ ਮੁੰਡੇ ਅਤੇ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਇੱਕ ਬਿਆਨ ਦਾ ਹੁਣ ਤੱਕ ਹਵਾਲਾ ਦਿੱਤਾ ਜਾਂਦਾ ਹੈ, "ਜਦੋਂ ਵੱਡਾ ਦਰਖ਼ਤ ਗਿਰਦਾ ਹੈ ਤਾਂ ਧਰਤੀ ਹਿੱਲਦੀ ਹੈ।" ਵੱਡੇ ਦਰਖ਼ਤ ਦੇ ਗਿਰਨ ਤੋਂ ਬਾਅਦ ਧਰਤੀ ਹਿਲਾਉਣ ਵਾਲਿਆਂ ਵਿਚ ਲਲਿਤ ਮਾਕਨ ਦਾ ਨਾਮ ਬੋਲਦਾ ਹੈ। ਧਰਤੀ ਹਿਲਾਉਣ ਦੀ ਵਫ਼ਾਦਾਰੀ ਨਿਭਾਉਣ ਲਈ ਲਲਿਤ ਮਾਕਨ ਨੂੰ ਕੇਂਦਰੀ ਕਿਰਤ ਮੰਤਰੀ ਬਣਾਇਆ ਗਿਆ ਸੀ। ਹੁਣ ਰਾਜੀਵ-ਲਲਿਤ ਦੀ ਵਿਰਾਸਤ ਨੂੰ ਰਾਹੁਲ-ਅਜੇ ਅੱਗੇ ਵਧਾ ਰਹੇ ਹਨ। ਵਿਰਾਸਤ ਦੀ ਇਸੇ ਕੜੀ ਵਿਚ ਰਾਹੁਲ ਦੇ ਬਿਆਨ ਦੀ ਹਮਾਇਤ ਕਰਨ ਵਾਲਿਆਂ ਦਾ ਪਿਛੋਕੜ ਵੇਖਿਆ ਜਾ ਸਕਦਾ ਹੈ। ਸਾਬਕਾ ਕੇਂਦਰੀ ਮੰਤਰੀ ਰਾਜੇਸ਼ ਪਾਇਲਟ ਦਾ ਮੁੰਡਾ ਕੇਂਦਰੀ ਮੰਤਰੀ ਸਚਿਨ ਪਾਇਲਟ ਇਸੇ ਕੜੀ ਦਾ ਹਿੱਸਾ ਹੈ ਜੋ ਰਾਹੁਲ ਗਾਂਧੀ ਦੇ ਬਿਆਨ ਦੀ 'ਲੋਕ ਪੱਖੀ' ਵਿਆਖਿਆ ਦਾ ਅਗਵਾਨ ਬਣਿਆ ਹੈ।

ਦੂਜਾ ਸਵਾਲ ਇਹ ਹੈ ਕਿ ਮਨਮੋਹਨ ਸਿੰਘ ਨੂੰ ਇਸ ਬਿਆਨ ਨੇ ਕੀ ਸੁਨੇਹਾ ਦਿੱਤਾ ਹੈ? ਕਿਹਾ ਜਾ ਰਿਹਾ ਹੈ ਕਿ ਇਸ ਬਿਆਨ ਨਾਲ ਪ੍ਰਧਾਨ ਮੰਤਰੀ ਦੇ ਰੁਤਬੇ ਨੂੰ ਖੋਰਾ ਲੱਗਿਆ ਹੈ। ਸਿਆਸੀ ਸਲੀਕੇ ਅਤੇ ਰਾਜਤੰਤਰੀ ਸ਼ਿਸ਼ਟਾਚਾਰ ਤੋਂ ਬਿਨਾਂ ਇਹ ਬਿਆਨ ਮਨਮੋਹਨ ਸਿੰਘ ਲਈ ਕੋਈ ਮਾਅਨੇ ਨਹੀਂ ਰੱਖਦਾ। ਉਨ੍ਹਾਂ ਦਾ ਸਮੁੱਚਾ ਪੇਸ਼ੇਵਰ ਅਤੇ ਸਿਆਸੀ ਜੀਵਨ ਗਵਾਹ ਹੈ ਕਿ ਕੁਰਸੀ ਉੱਤੇ ਬੈਠ ਕੇ ਉਹ 'ਸਲੀਕੇ' ਵਾਲੇ ਮਸਲਿਆਂ ਦੀ ਪ੍ਰਵਾਹ ਨਹੀਂ ਕਰਦੇ। ਇਸੇ ਰਾਹੁਲ ਗਾਂਧੀ ਦੇ ਬਾਪ ਰਾਜੀਵ ਗਾਂਧੀ ਨੇ ਪ੍ਰਧਾਨ ਮੰਤਰੀ ਵਜੋਂ ਯੋਜਨਾ ਕਮਿਸ਼ਨ ਨੂੰ 'ਜੋਕਰਾਂ ਦਾ ਟੋਲਾ' ਕਿਹਾ ਸੀ। ਉਸ ਵੇਲੇ ਮਨਮੋਹਨ ਸਿੰਘ ਯੋਜਨਾ ਕਮਿਸ਼ਨ ਦੇ ਵਾਈਸ ਚੇਅਰਮੈਨ ਸਨ। ਤਤਕਾਲੀ ਗ੍ਰਹਿ ਮੰਤਰੀ ਸੀ.ਜੀ. ਸੋਮਈਆ ਨੇ ਆਪਣੀ ਸਵੈ-ਜੀਵਨੀ 'ਦਿ ਔਨੈਸਟ ਆਲਵੇਜ਼ ਸਟੈਂਗ ਅਲੋਨ' ਵਿਚ ਇਸ 'ਬੇਇੱਜ਼ਤੀ' ਦਾ ਜ਼ਿਕਰ ਕੀਤਾ ਹੈ। ਉਸ ਵੇਲੇ ਅਸਤੀਫ਼ਾ ਦੇਣ ਬਾਰੇ ਸੋਚ ਰਹੇ ਮਨਮੋਹਨ ਸਿੰਘ ਬਾਰੇ ਸੋਮਈਆ ਦੀ ਲਿਖਤ ਹੈ, "ਮੈਂ ਉਸ ਨਾਲ ਘੰਟਾ ਗੱਲਬਾਤ ਕੀਤੀ ਅਤੇ ਸਖ਼ਤ ਕਦਮ ਨਾ ਚੁੱਕਣ ਦੀ ਸਲਾਹ ਦਿੱਤੀ। ਮੈਂ ਪ੍ਰਧਾਨ ਮੰਤਰੀ ਦੇ ਰਵੱਈਏ ਲਈ ਉਸ ਦੀ ਅਗਿਆਨਤਾ ਨੂੰ ਕਸੂਰਵਾਰ ਕਰਾਰ ਦਿੱਤਾ। ਮੈਂ ਸਲਾਹ ਦਿੱਤੀ ਕਿ ਨੌਜਵਾਨ ਪ੍ਰਧਾਨ ਮੰਤਰੀ ਤਜਰਬੇਕਾਰ ਨਹੀਂ ਹੈ। ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਉਸ ਨੂੰ ਛੱਡ ਕੇ ਨਾ ਜਾਈਏ ਅਤੇ ਉਸ ਨੂੰ ਸਮਝਾਈਏ।" ਹੁਣ ਮਨਮੋਹਨ ਸਿੰਘ ਜ਼ਿਆਦਾ ਤਜਰਬੇਕਾਰ ਹਨ ਅਤੇ ਰਾਹੁਲ ਨੂੰ 'ਸਮਝਾਉਣ' ਦੀ 'ਜ਼ਿੰਮੇਵਾਰੀ' ਓਟ ਸਕਦੇ ਹਨ। ਰਾਹੁਲ ਗਾਂਧੀ ਨੌਜਵਾਨ ਹਨ ਅਤੇ ਤਜਰਬੇ ਦੀ ਘਾਟ ਹੈ। ਮਨਮੋਹਨ ਸਿੰਘ ਪਹਿਲਾਂ ਬਿਆਨ ਦੇ ਚੁੱਕੇ ਹਨ ਕਿ ਉਹ ਰਾਹੁਲ ਗਾਂਧੀ ਦੇ ਮਾਤਹਿਤ ਵਜੋਂ ਕੰਮ ਕਰਨ ਲਈ ਤਿਆਰ ਹਨ। ਜਦੋਂ ਉਹ ਰਾਹੁਲ ਗਾਂਧੀ ਦੇ ਮਾਤਹਿਤ ਬਣਨ ਲਈ ਤਿਆਰ ਹਨ ਤਾਂ ਹੁਣ ਰਾਹੁਲ ਗਾਂਧੀ ਦੇ ਬਿਆਨ ਦਾ ਬੁਰਾ ਕਿਉਂ ਮਨਾਉਣਗੇ?

ਕੇਂਦਰ ਸਰਕਾਰ ਦੇ ਕੇਂਦਰੀ ਮੰਤਰੀ ਕਪਿਲ ਸਿੱਬਲ, ਪੀ. ਚਿੰਦਬਰਮ ਅਤੇ ਮਨੀਸ਼ ਤਿਵਾੜੀ ਆਪਣੀ ਮੂੰਹ-ਜ਼ੋਰੀ ਅਤੇ ਵਕਾਲਤ (ਅਦਾਲਤੀ ਅਤੇ ਗ਼ੈਰ-ਅਦਾਲਤੀ) ਲਈ ਜਾਣੇ ਜਾਂਦੇ ਹਨ। ਇਹ ਵਿਰੋਧੀਆਂ ਬਾਰੇ ਬਹੁਤ ਹਕਾਰਤ ਨਾਲ ਗੱਲ ਕਰਦੇ ਹਨ। ਇਸ ਆਰਡੀਨੈਂਸ ਰਾਹੀਂ ਲੋਕ ਭਲਾਈ ਦਾ ਦਾਅਵਾ ਇਨ੍ਹਾਂ ਰਾਹੀਂ ਲਗਾਤਾਰ ਕੀਤਾ ਜਾ ਰਿਹਾ ਸੀ। ਇਹ ਪੂਰੇ ਮੁਲਕ ਨੂੰ ਇਸ ਆਰਡੀਨੈਂਸ ਦੀ ਅਹਿਮੀਅਤ ਬਾਰੇ ਸਮਝਾਉਣ ਦੀ ਜ਼ਿੰਮੇਵਾਰੀ ਓਟ ਰਹੇ ਸਨ ਕਿਉਂਕਿ ਇਹ 'ਜਮਹੂਰੀਅਤ' ਦੀ ਮੰਗ ਹੈ। ਜਮਹੂਰੀਅਤ ਵਿਚ ਦਲੀਲ ਦਿੱਤੀ ਜਾਂਦੀ ਹੈ ਅਤੇ ਜਵਾਬੀ ਦਲੀਲ ਸੁਣੀ ਜਾਂਦੀ ਹੈ। ਦਲੀਲ ਨੂੰ ਪ੍ਰਵਾਨ ਕਰਨ ਜਾਂ ਰੱਦ ਕਰਨ ਦੀ ਦਲੀਲ ਦੇਣੀ ਪੈਂਦੀ ਹੈ ਪਰ ਰਾਹੁਲ ਦੇ ਬਿਆਨ ਤੋਂ ਬਾਅਦ ਇਨ੍ਹਾਂ ਕੇਂਦਰੀ ਮੰਤਰੀਆਂ ਨੇ ਚੁੱਪ ਧਾਰ ਲਈ। ਸਰਕਾਰ ਅਤੇ ਕਾਂਗਰਸ ਦੇ ਬੁਲਾਰਿਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਰਾਹੁਲ ਗਾਂਧੀ ਲੋਕਾਂ ਦੀ ਭਾਵਨਾਵਾਂ ਦੀ ਤਰਜਮਾਨੀ ਕਰਦੇ ਹਨ। ਕੁਝ ਸਮਾਂ ਪਹਿਲਾਂ ਕੇਂਦਰੀ ਮੰਤਰੀ ਅਜੇ ਮਾਕਨ, ਕਪਿਲ ਸਿੱਬਲ, ਪੀ. ਚਿੰਦਬਰਮ ਅਤੇ ਮਨੀਸ਼ ਤਿਵਾੜੀ ਲੋਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੇ ਸਨ। ਰਾਹੁਲ ਗਾਂਧੀ ਦੇ ਆਰਡੀਨੈਂਸ ਨੂੰ 'ਬਕਵਾਸ' ਅਤੇ 'ਰੱਦੀ ਦੀ ਟੋਕਰੀ ਵਿਚ ਸੁੱਟਣ ਲਾਇਕ' ਕਹਿਣ ਨਾਲ 'ਲੋਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ' ਦੇ ਅਰਥ ਕਿਵੇਂ ਬਦਲ ਗਏ? ਕੀ ਹੁਣ ਇਨ੍ਹਾਂ ਮੰਤਰੀਆਂ ਦੀ ਇਹ ਸਮਝਾਉਣ ਦੀ ਜ਼ਿੰਮੇਵਾਰੀ ਨਹੀਂ ਕਿ ਉਨ੍ਹਾਂ ਨੂੰ ਰਾਹੁਲ ਗਾਂਧੀ ਦੇ ਇਸ ਬਿਆਨ ਰਾਹੀਂ ਕਿਸ ਗਿਆਨ ਦੀ ਪ੍ਰਾਪਤੀ ਹੋਈ ਹੈ? ਸ਼ਾਇਦ ਇਹ ਮੰਤਰੀ ਮਨਮੋਹਨ ਸਿੰਘ ਤੋਂ ਬਹੁਤ ਕੁਝ ਸਿੱਖ ਚੁੱਕੇ ਹਨ ਅਤੇ ਗ਼ੈਰ-ਤਜਰਬੇਕਾਰ ਨੌਜਵਾਨ ਰਾਹੁਲ ਗਾਂਧੀ ਨੂੰ ਸਮਝਾਉਣ ਦੀ 'ਜ਼ਿੰਮੇਵਾਰੀ' ਓਟਣਾ ਚਾਹੁੰਦੇ ਹਨ। 'ਜਮਹੂਰੀਅਤ' ਦੀ ਇਸ 'ਜ਼ਿੰਮੇਵਾਰੀ' ਨੂੰ ਨਿਭਾਉਣ ਲਈ ਕੁਰਸੀਆਂ ਉੱਤੇ ਡਟੇ ਰਹਿਣਾ ਅਤੇ ਰਾਹੁਲ ਗਾਂਧੀ ਨੂੰ ਬਾਰੀਕੀ ਨਾਲ ਸਮਝਣਾ ਜ਼ਰੂਰੀ ਹੈ। ਮਨਮੋਹਨ ਸਿੰਘ ਨੂੰ ਉਨ੍ਹਾਂ ਦੀ ਅਰਥ-ਸ਼ਾਸਤਰ ਦੀ ਯੋਗਤਾ ਲਈ ਭਾਵੇਂ ਯਾਦ ਨਾ ਕੀਤਾ ਜਾਵੇ ਪਰ ਠੰਢੇ ਮਤੇ ਨਾਲ ਕੁਰਸੀ ਉੱਤੇ ਬੈਠਣ ਦੀ ਮਹਾਰਤ ਨੂੰ ਇਤਿਹਾਸ ਵਿਚ ਜ਼ਰੂਰ ਦਰਜ ਕੀਤਾ ਜਾਵੇਗਾ।



ਰਾਹੁਲ ਗਾਂਧੀ



ਅਜੇ ਮਾਕਨ

**ਦੇਸ-ਪਰਦੇਸ**

ਕਾਂਗਰਸ ਦੇ ਬੁਲਾਰੇ ਕਹਿੰਦੇ ਹਨ ਕਿ ਰਾਹੁਲ ਗਾਂਧੀ ਦਾ ਬਿਆਨ ਜਮਹੂਰੀਅਤ ਦੀ ਨੁਮਾਇੰਦਗੀ ਕਰਦਾ ਹੈ। ਸਵਾਲ ਤਾਂ ਇਹੋ ਹੈ ਕਿ ਇਹ ਜਮਹੂਰੀਅਤ 66 ਸਾਲਾਂ ਵਿਚ ਇੱਕੋ ਖ਼ਾਨਦਾਨ ਤੱਕ ਹੀ ਕਿਉਂ ਪਹੁੰਚੀ ਹੈ? ਦਾਅਵਾ ਤਾਂ ਜਮਹੂਰੀ ਮੁਲਕ ਦੀ ਉਸਾਰੀ ਦਾ ਸੀ। ਇਸ ਖ਼ਾਨਦਾਨ ਦੀ ਜਮਹੂਰੀਅਤ ਦਾ ਤਕਾਜ਼ਾ ਇਹ ਹੈ ਕਿ ਇਹ ਗਾਂਧੀ ਪਰਿਵਾਰ ਤੋਂ ਬਾਹਰਲੇ ਕਾਂਗਰਸੀ ਪ੍ਰਧਾਨ ਮੰਤਰੀਆਂ ਤੱਕ ਦਾ ਵੀ ਨਾਮ ਨਹੀਂ ਲੈਣਾ ਚਾਹੁੰਦਾ। ਸੋਨੀਆ ਗਾਂਧੀ ਦੀ ਇੱਛਾ ਮੁਤਾਬਕ ਕਾਂਗਰਸ ਦੇ ਸਾਬਕਾ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੀ ਲਾਸ਼ ਵੀ ਕਾਂਗਰਸ ਭਵਨ ਵਿਚ ਨਹੀਂ ਰੱਖਣ ਦਿੱਤੀ ਸੀ। ਸਿਆਸਤ ਵਿਚ ਨਾਪਸੰਦ ਜਾਂ ਮਜਬੂਰੀ ਦੇ ਪਾਤਰ ਨੂੰ ਇੱਜ਼ਤਦਾਰ ਲਾਂਘਾ ਘੱਟ ਹੀ ਮਿਲਦਾ ਹੈ। ਗਾਂਧੀ ਖ਼ਾਨਦਾਨ ਵਫ਼ਾਦਾਰੀਆਂ ਅਤੇ ਮਜਬੂਰੀਆਂ ਦੀ ਸਿਆਸਤ ਚੰਗੀ ਤਰ੍ਹਾਂ ਜਾਣਦਾ ਹੈ। ਰਾਹੁਲ ਗਾਂਧੀ ਦਾ ਦੂਜਾ ਬਿਆਨ ਕਾਂਗਰਸੀਆਂ ਦੀ ਵਫ਼ਾਦਾਰੀ ਨੂੰ ਉਘਾੜ ਕੇ ਪੇਸ਼ ਕਰਦਾ ਹੈ। ਉਸ ਦੇ ਗੁਜਰਾਤ ਦੇ ਦੌਰੇ ਦੌਰਾਨ ਬਿਆਨ ਦਿੱਤਾ, "ਮੇਰੀ ਮਾਂ (ਕਾਂਗਰਸ ਦੀ ਪ੍ਰਧਾਨ ਨੇ ਨਹੀਂ) ਨੇ ਮੈਨੂੰ ਦੱਸਿਆ ਹੈ ਕਿ ਮੈਂ ਬਹੁਤ ਸਖ਼ਤ ਸ਼ਬਦਾਂ ਦੀ ਵਰਤੋਂ ਕੀਤੀ। ਇੰਨਾ ਸਮਾਂ ਪੈ ਜਾਣ ਤੋਂ ਬਾਅਦ ਮੈਂ ਮਹਿਸੂਸ ਕਰਦਾ ਹਾਂ ਕਿ ਮੇਰੇ ਸ਼ਬਦ ਗ਼ਲਤ ਸਨ ਪਰ ਮੇਰੀਆਂ ਭਾਵਨਾਵਾਂ ਗ਼ਲਤ ਨਹੀਂ ਸਨ।" ਰਾਹੁਲ ਦੇ ਸ਼ਬਦਾਂ ਦੀ ਵਕਾਲਤ ਕਰਨ ਵਾਲਿਆਂ ਨੂੰ ਸੁਨੇਹਾ ਸਾਫ਼ ਹੈ ਜਿਸ ਨੂੰ ਲੋਕਾਂ ਤੋਂ ਪਰਦਾ ਪਾ ਕੇ ਰੱਖਣਾ ਹੀ ਕਾਂਗਰਸ ਦੀ ਸਿਆਸਤ ਹੈ। ਇਸ ਗ਼ੈਰ-ਤਜਰਬੇਕਾਰ ਨੌਜਵਾਨ ਗਾਂਧੀ ਨੂੰ ਉਸ ਦੀ ਮਾਂ ਤਾਂ ਕੁਝ ਦੱਸ ਸਕਦੀ ਹੈ ਅਤੇ ਉਹ ਆਪ ਕੁਝ ਮਹਿਸੂਸ ਕਰ ਸਕਦਾ ਹੈ। ਕਾਂਗਰਸ ਜਾਂ ਕੇਂਦਰ ਸਰਕਾਰ ਉਸ ਦੇ ਹਰ ਸ਼ਬਦ ਉੱਤੇ ਸਿਰਫ਼ ਫੁੱਲ ਚੜ੍ਹਾ ਸਕਦੀ ਹੈ। ਫੁੱਲ ਚੜ੍ਹਾਉਣ ਦੀ ਇਸ ਕਵਾਇਦ ਵਿਚ ਕੁਨਬਾਪ੍ਰਸਤੀ ਦੀਆਂ ਦੂਜੀਆਂ ਪਰਤਾਂ (ਗ਼ੈਰ-ਗਾਂਧੀ ਜਾਂ ਗਾਂਧੀ ਖ਼ਾਨਦਾਨ ਦੇ ਵਫ਼ਾਦਾਰ) ਵੇਖੀਆਂ ਜਾ ਸਕਦੀਆਂ ਹਨ। ਅਜੇ ਮਾਕਨ ਦਾ ਰਾਹੁਲ ਗਾਂਧੀ ਦੇ ਬਿਆਨ ਦੇ ਆਰ-ਪਾਰ ਫੈਲਿਆ ਬਿਆਨ ਇਸ ਰੁਝਾਨ ਨੂੰ ਮਜਬੂਰੀਵਸ ਵਡੇਰੇ ਮੰਚ ਉੱਤੇ ਪੇਸ਼ ਕਰਨ ਦਾ ਸਬੱਬ ਬਣਿਆ ਹੈ।

# ਸਿੱਖ ਅਤੇ ਅਮਰੀਕਾ

ਨਿਊ ਯਾਰਕ ਸ਼ਹਿਰ ਵਿਚ ਸਿੱਖ ਪ੍ਰੋਫੈਸਰ ਪ੍ਰਭਜੋਤ ਸਿੰਘ ਉਤੇ ਕੋਈ 30 ਜਣਿਆਂ ਨੇ ਹਮਲਾ ਕੀਤਾ। ਹਮਲੇ ਦੌਰਾਨ ਉਨ੍ਹਾਂ ਨੇ ਨਸਲੀ ਫਿਕਰੇ ਕੱਸੇ। ਇਹ ਹਮਲਾਵਰ, ਪ੍ਰੋਫੈਸਰ ਨੂੰ ਅਤਿਵਾਦੀ ਤੇ ਉਸਾਮਾ ਕਹਿ ਰਹੇ ਸਨ। ਇਸ ਹਮਲੇ ਤੋਂ ਬਾਅਦ ਹਰ ਸਿੱਖ ਹਿਰਦਾ ਫਿਕਰ ਅਤੇ ਡਰ ਨਾਲ ਭਰ ਗਿਆ। ਇਹ ਸੁਭਾਵਕ ਵੀ ਹੈ ਕਿਉਂਕਿ ਆਪਣੇ ਧਰਮ ਨੂੰ ਪਿਆਰ ਕਰਨ ਵਾਲਾ ਹਰ ਬੰਦਾ ਆਪਣੇ ਅਤੇ ਦੂਜਿਆਂ ਲਈ ਫਿਕਰਮੰਦ ਹੁੰਦਾ ਹੈ ਪਰ ਹੁਣ ਇਕ ਸਵਾਲ ਖੜ੍ਹਾ ਹੋ ਗਿਆ ਹੈ। ਸਵਾਲ ਇਹ ਹੈ ਕਿ ਹਮਲਾਵਰਾਂ ਦੀ ਗਿਣਤੀ ਕੋਈ 30 ਦੇ ਕਰੀਬ ਸੀ ਪਰ ਉਨ੍ਹਾਂ ਵਿਚੋਂ ਕੋਈ ਇਕ ਵੀ ਸਿੱਖ ਅਤੇ ਅਲ-ਕਾਇਦਾ ਦੇ ਅਤਿਵਾਦੀ ਵਿਚ ਫਰਕ ਨਹੀਂ ਕਰ ਸਕਿਆ? ਅਸੀਂ ਅਜੇ ਤੱਕ ਆਪਣੀ ਪਛਾਣ ਦੱਸਣ ਵਿਚ ਵੀ ਕਾਮਯਾਬ ਨਹੀਂ ਹੋ ਸਕੇ? ਕੀ ਅਸੀਂ ਕਿਤੇ ਕੋਈ ਕੋਤਾਹੀ ਤਾਂ ਨਹੀਂ ਵਰਤ ਰਹੇ? ਕੀ ਅਸੀਂ ਆਪਣੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਨਿਭਾਅ ਰਹੇ ਹਾਂ? ਸਾਨੂੰ 100 ਸਾਲ ਹੋ ਗਏ ਅਮਰੀਕਾ ਵਿਚ ਆਇਆ ਨੂੰ ਪਰ ਅਜੇ ਵੀ ਅਮਰੀਕਨ ਸਾਡੀ ਪਛਾਣ ਨਹੀਂ ਕਰ ਸਕੇ।

ਇਸ ਹਮਲੇ ਤੋਂ ਬਾਅਦ ਕਈ ਤਰ੍ਹਾਂ ਦੇ ਬਿਆਨ ਆਏ। ਕੋਈ ਕਹਿ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਵਿਦੇਸ਼ਾਂ ਵਿਚ ਸਿੱਖਾਂ ਦੀ ਪਛਾਣ ਨਹੀਂ ਬਣਾਈ। ਕੋਈ ਅਮਰੀਕਾ ਸਰਕਾਰ 'ਤੇ ਦੋਸ਼ ਮੜ੍ਹ ਰਿਹਾ ਹੈ। ਕੋਈ ਲੀਡਰਾਂ ਨੂੰ ਕਸੂਰਵਾਰ ਠਹਿਰਾ ਰਿਹਾ ਹੈ। ਸਵਾਲ ਤਾਂ ਇਹ ਹੈ ਕਿ ਕੀ ਸਾਡੀ ਕੋਈ ਜ਼ਿੰਮੇਵਾਰੀ ਨਹੀਂ? ਅਸੀਂ ਖੁਦ ਆਪਣੀ ਪਛਾਣ ਨਹੀਂ ਦੱਸ ਸਕਦੇ?

ਮੇਰੀ ਸਮਝ ਮੁਤਾਬਕ ਤਾਂ ਅਸੀਂ ਕਿਤੇ ਨਾ ਕਿਤੇ ਗਲਤੀ ਕਰ ਰਹੇ ਹਾਂ। ਅਸੀਂ ਜ਼ਿਆਦਾਤਰ ਆਪਣੇ ਲੋਕਾਂ ਤੱਕ ਹੀ ਸੀਮਤ ਰਹਿੰਦੇ ਹਾਂ। ਅਸੀਂ ਉਨ੍ਹਾਂ ਕੰਮਾਂ ਤੱਕ ਹੀ ਸੀਮਤ ਰਹਿੰਦੇ ਹਾਂ ਜਿਸ ਨਾਲ ਆਪਣੇ ਹੀ ਲੋਕਾਂ ਦਾ ਮਨੋਰੰਜਨ ਹੋਵੇ ਅਤੇ ਆਪਣੇ ਹੀ ਲੋਕਾਂ ਵਿਚ ਸਾਡੀ ਪੈਂਠ ਬਣੇ। ਚਾਹੇ ਉਹ ਕਬੱਡੀ ਮੇਲੇ ਹੋਣ ਜਾਂ ਸਭਿਆਚਾਰਕ ਪ੍ਰੋਗਰਾਮ! ਕਿਸੇ ਹੱਦ ਤੱਕ ਇਹ ਠੀਕ ਵੀ ਹੈ, ਕਿਉਂਕਿ ਮਨੋਰੰਜਨ ਵੀ ਚਾਹੀਦਾ ਹੈ ਪਰ ਨਾਲ-ਨਾਲ ਸਾਨੂੰ ਆਪਣੀਆਂ ਦੂਜੀਆਂ ਜ਼ਿੰਮੇਵਾਰੀਆਂ ਵੀ ਸਮਝਣੀਆਂ ਪੈਣੀਆਂ ਹਨ। ਸਭ ਤੋਂ ਪਹਿਲਾਂ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਅਸੀਂ ਸਿੱਖ ਹੋਣ ਦੇ ਨਾਲ-ਨਾਲ ਅਮਰੀਕਾ ਦੇ ਨਾਗਰਿਕ ਵੀ ਹਾਂ। ਚਾਹੇ ਸਾਨੂੰ ਲਗਭਗ 100 ਸਾਲ ਅਮਰੀਕਾ ਵਿਚ ਹੋ ਗਏ ਹਨ ਪਰ ਅਜੇ ਵੀ ਅਸੀਂ ਆਮ ਅਮਰੀਕਨ ਨਾਲ ਤਾਲਮੇਲ ਨਹੀਂ ਬਣਾ ਸਕੇ। ਅਜੇ ਵੀ ਸਾਡੇ ਵਿਚੋਂ ਬਹੁਤਿਆਂ ਨੇ ਅਮਰਕੀਨਾਂ ਨਾਲ ਪਾੜਾ ਬਣਾ ਕੇ ਰੱਖਿਆ ਹੋਇਆ ਹੈ। ਇਹ ਸੁਭਾਵਿਕ ਹੈ ਕਿ ਸਾਡਾ ਪੰਜਾਬ ਨਾਲ ਪਿਆਰ ਹੈ ਪਰ ਇਸ ਦੇ ਨਾਲ ਹੀ ਸਾਨੂੰ ਅਮਰੀਕਾ ਨਾਲ ਵੀ ਪਿਆਰ ਕਰਨਾ ਚਾਹੀਦਾ ਹੈ। ਸਾਡੇ ਵਿਚ ਸਭ ਤੋਂ ਵੱਡੀ ਕਮਜ਼ੋਰੀ ਇਹ ਹੈ ਕਿ ਅਸੀਂ ਇਸ ਜ਼ਮਾਨੇ ਵਿਚ ਵੀ ਜਾਤਾਂ ਅਤੇ ਇਲਾਕਿਆਂ ਨਾਲ ਵੰਡੇ ਹੋਏ ਹਾਂ। ਸਾਨੂੰ ਆਪਣੀ ਇਸ ਕਮਜ਼ੋਰੀ ਉਤੇ ਕਾਬੂ ਪਾਉਣਾ ਚਾਹੀਦਾ ਹੈ। ਸਾਨੂੰ ਜਾਤ-ਪਾਤ, ਇਲਾਕਾ ਅਤੇ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਇਕ ਕੇਸਰੀ ਨਿਸ਼ਾਨ ਹੇਠਾਂ ਇਕੱਠੇ ਹੋ ਕੇ ਸੱਚੇ ਸਿੱਖ ਵਾਂਗ ਉਪਰਾਲੇ ਕਰਨੇ ਚਾਹੀਦੇ ਹਨ। ਹੁਣ ਸਵਾਲ ਹੈ ਕਿ ਅਸੀਂ ਕੀ ਕਰ ਸਕਦੇ ਹਾਂ?

ਪਿਛਲੇ ਸਾਲ ਅਸੀਂ ਓਕ ਕਰੀਕ ਗੁਰੂ ਘਰ ਵਿਚ ਇਕ ਨਸਲੀ ਹਮਲੇ ਕਾਰਨ ਜਾਨਾਂ ਵਾਰੀਆਂ। ਇਸ ਤੋਂ ਬਾਅਦ ਪੂਰੇ ਅਮਰੀਕਾ ਵਿਚ ਸਿੱਖਾਂ ਪ੍ਰਤੀ ਉਸਾਰੂ ਮਾਹੌਲ ਬਣ ਗਿਆ। ਹਰ ਟੈਲੀਵਿਜ਼ਨ ਚੈਨਲ ਅਤੇ ਨਿਊਜ਼ ਪੇਪਰ ਵਿਚ ਸਿੱਖਾਂ ਅਤੇ ਸਿੱਖ ਧਰਮ ਬਾਰੇ ਲਹਿਰ ਜਿਹੀ ਉਠੀ ਪਰ ਅਸੀਂ ਇਸ ਨੂੰ ਕਾਇਮ ਨਹੀਂ ਰੱਖ ਸਕੇ। ਸਾਨੂੰ ਚਾਹੀਦਾ ਸੀ ਕਿ ਅਸੀਂ ਇਕੱਠੇ ਹੋ ਕੇ ਇਸ ਲਹਿਰ ਨੂੰ ਜਾਰੀ ਰੱਖਦੇ। ਸਾਨੂੰ ਲੋੜ ਹੈ ਕਿ ਜਿੱਥੇ ਅਸੀਂ ਲੱਖਾਂ ਡਾਲਰ ਕਬੱਡੀ ਮੇਲਿਆਂ, ਸਭਿਆਚਾਰਕ ਪ੍ਰੋਗਰਾਮ ਅਤੇ ਇਸ ਤਰ੍ਹਾਂ ਦੇ ਹੋਰ ਪ੍ਰੋਗਰਾਮਾਂ 'ਤੇ ਖ਼ਰਚ ਦਿੰਦੇ ਹਾਂ, ਉਥੇ ਸਾਨੂੰ ਅਮਰੀਕਨਾਂ ਨਾਲ ਤਾਲਮੇਲ ਬਣਾਉਣ ਲਈ ਵੀ ਕੁਝ ਕਰਨਾ ਚਾਹੀਦਾ ਹੈ। ਸਾਨੂੰ ਇਨ੍ਹਾਂ ਦੇ ਹਰ ਪ੍ਰੋਗਰਾਮ ਦਾ ਹਿੱਸਾ ਬਣਨਾ ਚਾਹੀਦਾ ਹੈ। ਇਹ ਭਾਵੇਂ ਚਾਰ ਜੁਲਾਈ ਨੂੰ ਆਜ਼ਾਦੀ ਦਾ ਜਸ਼ਨ ਹੋਵੇ ਜਾਂ ਕੋਈ ਮੈਰਾਥਨ ਜਾਂ ਕੋਈ ਹੋਰ ਪ੍ਰੋਗਰਾਮ। ਅਸੀਂ ਬਲੱਡ ਕੈਂਪ ਲਗਾ ਕੇ ਆਪਣੀ ਹੋਂਦ ਦੱਸ ਸਕਦੇ ਹਾਂ। ਇਲਾਕੇ ਦੇ ਸਕੂਲਾਂ ਵਿਚ ਅਸੀਂ ਸ਼ਕਾਲਰਸ਼ਿਪ ਪ੍ਰੋਗਰਾਮ ਸ਼ੁਰੂ ਕਰ ਸਕਦੇ ਹਾਂ। ਅਸੀਂ ਸ਼ਹਿਰ ਦੇ ਡਾਊਨਟਾਊਨ ਵਿਚ ਬੇਘਰੇ ਲੋਕਾਂ ਲਈ ਲੰਗਰ ਲਗਾ ਸਕਦੇ ਹਾਂ। ਇਸ ਸਭ ਲਈ ਜ਼ਰੂਰਤ ਹੈ, ਇਕੱਠੇ ਹੋਣ ਦੀ ਅਤੇ ਆਪਸ ਵਿਚ ਯਕੀਨ ਬਣਾਉਣ ਦੀ।

ਅਖੀਰ ਵਿਚ ਇਕ ਗੱਲ ਇਹ ਵੀ ਕਰਨੀ ਚਾਹੁੰਦਾ ਹਾਂ ਕਿ ਗੋਲ ਦਸਤਾਰ ਜਿਸ ਨੂੰ ਅਸੀਂ ਪਰਨਾ ਬੰਨ੍ਹਣਾ ਵੀ ਕਹਿੰਦੇ ਹਾਂ, ਉਸ ਤੋਂ ਗੁਰੇਜ਼ ਕਰੀਏ ਅਤੇ ਜਦੋਂ ਵੀ ਬਾਹਰ ਜਾਈਏ, ਦਸਤਾਰ ਸਜਾ ਕੇ ਜਾਈਏ ਕਿਉਂਕਿ ਗੋਲ ਪਰਨਾ ਇਕ ਤਰ੍ਹਾਂ ਨਾਲ ਸਾਡਾ ਸਰੂਪ ਬਦਲ ਦਿੰਦਾ ਹੈ ਤੇ ਇਨ੍ਹਾਂ ਅਮਰੀਕਨਾਂ ਨੂੰ ਫਰਕ ਕਰਨ ਵਿਚ ਹੋਰ ਜ਼ਿਆਦਾ ਮੁਸ਼ਕਿਲ ਆਉਂਦੀ ਹੈ। ਇਹ ਸਾਨੂੰ ਉਸਾਮਾ ਬਿਨ-ਲਾਦਿਨ ਦੇ ਨਾਲ ਦੇ ਸਮਝ ਲੈਂਦੇ ਹਨ।

*-ਇੰਦਰਜੀਤ ਸਿੰਘ*
*ਫੋਨ: 616-856-3076*

# ਧਰਮ, ਧਰਮੀ ਅਤੇ ਧਾਰਮਿਕਤਾ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਪਹਿਲੀ ਝਾਕੀ ਵਿਦੇਸ਼ ਵਿਚ ਵਸਦੇ ਪਰਵਾਸੀ ਪੰਜਾਬੀ ਦੇ ਇਕ ਦਫ਼ਤਰ ਦੀ ਹੈ ਜਿਥੇ ਉਹ ਅਜਿਹਾ ਕਾਰੋਬਾਰ ਚਲਾ ਰਿਹਾ ਹੈ ਜੋ ਹੈ ਤਾਂ ਭਾਵੇਂ ਕਾਨੂੰਨੀ, ਪਰ ਇਹ ਬਿਜਨੈਸ ਹੇਰਾਫੇਰੀ ਨਾਲ 'ਉਪਰਲੀ ਕਮਾਈ' ਮੋਟੀ ਹੋਣ ਲਈ ਕਾਫ਼ੀ ਬਦਨਾਮ ਹੈ। ਮੇਰੇ ਇਕ ਜਾਣੂ ਨੂੰ ਇਸ ਬਿਜਨੈਸਮੈਨ ਨਾਲ ਕੋਈ ਕੰਮ ਸੀ, ਤੇ ਉਹ ਮੈਨੂੰ ਵੀ ਨਾਲ ਲੈ ਗਿਆ। ਦਫ਼ਤਰ ਦੇ ਅੰਦਰ ਵੜਦਿਆਂ ਹੀ ਸਾਹਮਣੇ ਹਲਕੇ ਕਰੀਮ ਰੰਗ ਦੀ ਕੰਧ ਉਪਰ ਗੂੜ੍ਹੇ ਨੀਲੇ ਅੱਖਰਾਂ ਵਿਚ ਲਿਖੀ ਹੋਈ ਗੁਰਬਾਣੀ ਦੀ ਤੁਕ ਨਜ਼ਰੀਂ ਪਈ, 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥' ਜਿਥੇ ਲੋਹੇ ਨੂੰ ਪਿੱਤਲ ਅਤੇ ਪਿੱਤਲ ਨੂੰ ਸੋਨਾ ਬਣਾਉਣ ਦੀਆਂ ਉਕਤੀਆਂ-ਜੁਗਤੀਆਂ ਚਲਦੀਆਂ ਹੋਣ, ਉਥੇ ਪਰਾਇਆ ਹੱਕ ਖਾਣ ਨੂੰ ਹਰਾਮ ਦੱਸਣ ਵਾਲੀ ਗੁਰਬਾਣੀ ਦੀ ਪੰਕਤੀ ਦੇਖ ਕੇ ਇਕੱਲਾ ਮੈਂ ਹੀ ਨਹੀਂ ਹੱਸਿਆ ਸਗੋਂ ਮੇਰਾ ਜਾਣੂ ਵੀ ਇਸੇ ਤੁਕ ਵੱਲ ਦੇਖ ਕੇ ਮੁਸਕਰਾ ਪਿਆ, "ਆਹ ਤਾਂ ਯਾਰ ਐਉਂ ਲਗਦੈ ਜਿਵੇਂ ਪੰਜਾਬ ਦੇ ਕਿਸੇ ਠਾਣੇ ਦੀਆਂ ਕੰਧਾਂ ਉਪਰ 'ਸਚੈ ਮਾਰਗਿ ਚਲਦਿਆ...' ਜਾਂ 'ਜੀਅ ਦਇਆ ਪਰਵਾਨ' ਜੈਸੀਆਂ ਪੰਕਤੀਆਂ ਲਿਖੀਆਂ ਹੋਇਆਂ ਹੋਣ।"

ਅੰਦਰ ਵੜਦਿਆਂ ਨੂੰ ਸਾਹਮਣੇ ਵੱਡੇ ਸਾਰੇ ਟੇਬਲ ਅਤੇ ਖੁੱਲ੍ਹੀ ਜਿਹੀ ਕੁਰਸੀ ਉਪਰ 'ਬੌਸ' ਵਜੋਂ ਸਜੇ ਬੈਠੇ ਸਰਦਾਰ ਜੀ ਦੇ ਦਰਸ਼ਨ ਹੋਏ। ਦੁਆ-ਸਲਾਮ ਤੋਂ ਬਾਅਦ ਨਿੱਕੀਆਂ-ਨਿੱਕੀਆਂ ਗੱਲਾਂ ਚੱਲ ਪਈਆਂ। ਪਤਾ ਨਹੀਂ ਮੇਰੇ ਜਾਣੂ ਦੇ ਇਸ ਬਿਜਨੈਸਮੈਨ ਨਾਲ ਕਿਹੋ ਜਿਹੇ ਸਬੰਧ ਹੋਣਗੇ ਕਿ ਉਸ ਨੇ ਆਪਣੇ ਕੰਮ ਦੇ ਨਾਲ-ਨਾਲ ਉਸ ਨੂੰ ਹਾਸੇ ਹਾਸੇ ਵਿਚ ਇਹ ਗੱਲ ਵੀ ਸੁਣਾ ਦਿੱਤੀ ਕਿ ਤੁਹਾਡੇ ਦਫ਼ਤਰ ਵਿਚ ਬਾਬੇ ਦੀ 'ਹੱਕ ਪਰਾਏ ਵਾਲੀ' ਹਦਾਇਤ ਦਾ ਕੀ ਕੰਮ? ਇੱਥੇ ਤਾਂ ਸਾਰਾ ਦਿਨ...!

ਇਹ ਟੇਢੀ ਜਿਹੀ ਗੱਲ ਸੁਣ ਕੇ ਪਹਿਲਾਂ ਤਾਂ ਉਸ ਦੇ ਚਿਹਰੇ ਉਪਰ ਦੁੱਖ-ਪ੍ਰੇਸ਼ਾਨੀ ਦੇ ਰਲਵੇਂ ਮਿਲਵੇਂ ਚਿਹਨ ਉਭਰੇ। ਦੋ ਕੁ ਪਲ ਬਾਅਦ ਮੁਸਕਰਾਉਂਦਿਆਂ ਹੋਇਆਂ ਉਹ ਸਾਨੂੰ ਕੈਬਿਨ ਵਿਚ ਲੈ ਗਿਆ। ਉਥੇ ਠੰਢੇ ਤੋਂ ਬਾਅਦ ਕੌਫੀ ਦੀਆਂ ਚੁਸਕੀਆਂ ਭਰਦਿਆਂ ਉਸ ਨੇ ਆਪਣੀ 'ਈਮਾਨਦਾਰੀ' ਪ੍ਰਗਟਾਉਂਦੀ ਜੋ ਹੱਡਬੀਤੀ ਸੁਣਾਈ, ਉਸ ਨੂੰ ਸੁਣ ਕੇ ਸਾਡੇ ਦੋਹਾਂ ਜਣਿਆਂ ਦੇ ਹੀ ਮੂੰਹ ਅੱਡੇ ਰਹਿ ਗਏ!

ਇਸ ਦਫ਼ਤਰ ਵਿਚ ਦੋ ਕੁ ਹਫ਼ਤੇ ਪਹਿਲਾਂ ਦਰਸ਼ਨੀ ਚਿਹਰੇ ਮੋਹਰੇ ਵਾਲਾ ਕੋਈ ਗੁਰਸਿੱਖ ਸੱਜਣ ਆਪਣਾ ਕੰਮ ਕਰਾਉਣ ਲਈ ਪਧਾਰਿਆ। ਆਉਂਦਿਆਂ ਹੀ 'ਵਾਹਿਗੁਰੂ ਜੀ ਕੀ ਫਤਹਿ' ਬੁਲਾਉਣ ਤੋਂ ਬਾਅਦ ਉਹ ਬਿਜਨੈਸਮੈਨ ਦੇ ਚਿਹਰੇ ਉਤੇ ਚੁਭਵੀਆਂ ਜਿਹੀਆਂ ਨਜ਼ਰਾਂ ਮਾਰ ਕੇ ਕਹਿਣ ਲੱਗਾ, "ਢੰਡ ਸਾਹਿਬ, ਤੁਸੀਂ ਗੁਰਮੁਖ ਪਿਆਰੇ ਹੋ, ਆਪਣੀ ਦਾੜ੍ਹੀ ਬੰਨ੍ਹ ਕੇ ਕਿਉਂ ਰੱਖਦੇ ਹੋ? ਇਹ ਤਾਂ ਪ੍ਰਕਾਸ਼ ਕੀਤੀ ਹੀ ਸੋਭਦੀ ਹੈ।"

"ਭਾਈ ਸਾ'ਬ, ਪਹਿਲੋਂ ਪਹਿਲ ਮੈਂ ਖੁੱਲ੍ਹੀ ਹੀ ਛੱਡਦਾ ਹੁੰਦਾ ਸਾਂ ਪਰ ਕੁਝ ਸੱਜਣ-ਮਿੱਤਰ ਕਹਿਣ ਲੱਗੇ ਕਿ ਦਫ਼ਤਰ ਵਿਚ ਗੋਰਿਆਂ ਅਤੇ ਦੂਜੇ ਗਾਹਕਾਂ ਦਾ ਵੀ ਆਉਣ-ਜਾਣ ਹੋਣਾ ਹੈ; ਇਸ ਕਰਕੇ ਦਾੜ੍ਹੀ ਬੰਨ੍ਹ ਹੀ ਲਿਆ ਕਰੋ। ਸੋ, ਮੈਂ ਬੰਨ੍ਹਣੀ ਸ਼ੁਰੂ ਕਰ'ਤੀ... ਹੁਕਮ ਕਰੋ ਹੁਣ?" ਢੰਡ ਨੇ ਆਪਣੇ ਬਿਜਨੈਸ ਦੇ ਨੁਕਤੇ ਉਤੇ ਲਿਆ ਗੱਲ ਮੁਕਾਈ।

ਪੁਰਾਤਨ ਸਿੰਘਾਂ ਜਿਹੇ ਚਿਹਰੇ ਮੋਹਰੇ ਵਾਲੇ ਲਿਬਾਸਧਾਰੀ ਗੁਰਮੁਖ ਦਿਖਦੀ ਦੇ ਰਹੇ ਇਸ 'ਕਸਟਮਰ' ਦਾ ਦੇਖੋ ਕੰਮ ਕੀ ਸੀ? ਇਸ ਨੇ ਆਪਣੇ ਕਾਗਜ਼ ਪੱਤਰਾਂ ਵਿਚ ਝੂਠੇ ਸੱਚੇ ਦਾਅਵੇ ਲਿਖਵਾ ਕੇ ਸਰਕਾਰ ਵੱਲੋਂ ਦਿੱਤੀ ਜਾਂਦੀ ਮਾਇਕ ਸਹੂਲਤ ਦਾ ਲਾਭ-ਪਾਤਰ ਬਣਨਾ ਸੀ। ਸਾਰੀ ਫ਼ਰਜ਼ੀ ਕਾਗਜ਼ੀ ਕਾਰਵਾਈ ਕਰਵਾ ਕੇ ਇਸ ਨੂੰ ਚਾਲੀ ਕੁ ਹਜ਼ਾਰ ਦੀ ਵਿਦੇਸ਼ੀ ਕਰੰਸੀ ਮਿਲ ਜਾਣੀ ਸੀ ਜਿਸ ਵਿਚੋਂ ਪੰਜ ਹਜ਼ਾਰ ਦਾ 'ਗੱਫਾ' ਇਸ ਨੇ ਢੰਡ ਸਾਹਿਬ ਨੂੰ ਦੇਣ ਦੀ ਪੇਸ਼ਕਸ਼ ਕੀਤੀ।

ਧਾਰਮਿਕ ਉਪਦੇਸ਼ ਦੇਣ ਵਾਲੇ ਇਸ 'ਸਿੰਘ ਦਾ ਕੰਮ' ਸੁਣ ਕੇ ਢੰਡ ਹੱਕਾ-ਬੱਕਾ ਰਹਿ ਗਿਆ! ਉਸ ਨੇ ਕੰਧ ਉਤੇ ਲਿਖੀ ਹੋਈ 'ਹੱਕ ਪਰਾਇਆ' ਵਾਲੀ ਪੰਕਤੀ ਵੱਲ ਇਸ਼ਾਰਾ ਕਰਕੇ ਦੱਸਿਆ ਕਿ ਸ੍ਰੀਮਾਨ ਜੀ, ਅਸੀਂ ਇਹ ਸਹੂਲਤ ਲੈਣ ਦੇ ਹੱਕਦਾਰਾਂ ਦਾ ਕੰਮ ਪੰਜ ਹਜ਼ਾਰ 'ਚ ਨਹੀਂ, ਸਿਰਫ਼ ਢਾਈ ਸੌ ਦੀ ਫੀਸ ਲੈ ਕੇ ਕਰਦੇ ਹਾਂ ਪਰ ਕੇਸ ਅਸਲੀ ਹੋਵੇ, ਨਕਲੀ ਨਹੀਂ। ਕਾਗਜ਼ਾਂ ਵਿਚ ਅਸੀਂ ਰਾਈ ਜਿੰਨੀ ਵੀ ਹੇਰ-ਫੇਰ ਨਹੀਂ ਕਰਦੇ। ਬਾਬੇ ਦੀ ਕਿਰਪਾ ਨਾਲ ਈਮਾਨਦਾਰੀ ਸਦਕਾ ਦਾਲ-ਫੁਲਕਾ ਵਧੀਆ ਚੱਲੀ ਜਾਂਦਾ ਐ।

"ਦੇਖ ਲਉ, ਕੰਮ ਤਾਂ ਮੈਂ ਕਿਸੇ ਹੋਰ ਤੋਂ ਵੀ ਕਰਵਾ ਲੈਣਾ ਸੀ, ਪਰ ਤੁਹਾਨੂੰ 'ਸਿੱਖ ਭਰਾ' ਜਾਣ ਕੇ ਤੁਹਾਡੇ ਕੋਲ ਆਇਆ ਹਾਂ।" ਸਿੰਘ ਜੀ ਨੇ ਢੰਡ ਨੂੰ ਨਵਾਂ ਚੋਗਾ ਪਾਉਣ ਦੀ ਕੋਸ਼ਿਸ਼ ਵਜੋਂ ਇਹ ਫੀਲਾ ਸੁੱਟਿਆ।

ਇਹ ਸੁਣ ਕੇ ਈਮਾਨਦਾਰੀ ਦਾ ਮੁਜੱਸਮਾ ਢੰਡ ਜ਼ਰਾ ਤੈਸ਼ 'ਚ ਆ ਗਿਆ, "ਦੇਖੋ ਮਿਸਟਰ, ਮੈਂ ਤੁਹਾਡੇ ਵਰਗਾ 'ਸਿੱਖ ਭਰਾ' ਨਹੀਂ ਹਾਂ। ਮੈਂ ਤੁਹਾਡੇ ਨਾਲੋਂ ਗੁਰਦੁਆਰੇ ਸ਼ਾਇਦ ਘੱਟ ਹੀ ਜਾਂਦਾ ਹੋਵਾਂ, ਪਾਠ ਵੀ ਘੱਟ ਕਰਦਾ ਹੋ ਸਕਦਾਂ ਪਰ ਜਿੰਨੀ ਕੁ ਮੈਨੂੰ ਬਾਣੀ ਦੇ ਉਪਦੇਸ਼ ਦੀ ਸਮਝ ਪਈ ਏ, ਮੈਂ ਉਹਦੇ 'ਤੇ ਅਮਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ... ਬਰਾਏ ਮਿਹਰਬਾਨੀ ਆਪਣੇ ਕਾਗਜ਼ਾਂ ਦਾ ਪੁਲੰਦਾ ਚੁੱਕ ਕੇ... ਯੂ ਕੈਨ ਗੋ।"

ਦੋ ਟੁੱਕ ਜਵਾਬ ਸੁਣ ਕੇ 'ਖਾਲਸਾ ਜੀ' ਜਦੋਂ ਆਪਣੇ ਪੇਪਰਾਂ ਵਾਲਾ ਬੈਗ ਸਮੇਟ ਕੇ ਦਫ਼ਤਰ ਤੋਂ ਬਾਹਰ ਨਿਕਲਣ ਲੱਗੇ ਤਾਂ ਉਨ੍ਹਾਂ ਨੂੰ ਢੰਡ ਨੇ ਪਿਛਿਉਂ 'ਵਾਜ ਮਾਰੀ। 'ਆ ਗਿਆ ਲਾਲਚ ਦੀ ਲਪੇਟ 'ਚ ਵੱਡਾ ਈਮਾਨਦਾਰ', ਇਹ ਸੋਚ ਕੇ ਮੁੱਛਾਂ ਨੂੰ ਵੱਟ ਚਾੜ੍ਹਦਿਆਂ ਸਿੰਘ ਜੀ ਪਿੱਛੇ ਨੂੰ ਮੁੜ ਪਏ।

"ਢੰਡ ਸਾਹਿਬ, ਮੈਨੂੰ ਸੱਦਿਆ ਐ?"

"ਜੀ।"

"ਹੁਕਮ ਕਰੋ?" ਸਿੰਘ ਜੀ ਨੇ ਬੜੀ ਤਸੱਲੀ ਨਾਲ ਆਪਣਾ ਪੇਪਰਾਂ ਵਾਲਾ ਬੁਜ਼ਕਾ ਟੇਬਲ 'ਤੇ ਰੱਖਦਿਆਂ ਪੁੱਛਿਆ।

"ਹੁਕਮ ਨਹੀਂ ਜੀ, ਬੇਨਤੀ ਹੈ।" ਢੰਡ ਨੇ ਹਲੀਮੀ ਨਾਲ ਹੱਥ ਜੋੜਦਿਆਂ ਆਖਿਆ।

"ਕਿਸੇ ਵੀ ਮੇਰੇ ਵਰਗੇ ਸਿੱਖ ਨੂੰ ਦਾੜ੍ਹੀ ਖੁੱਲ੍ਹੀ ਰੱਖਣ ਦਾ ਉਪਦੇਸ਼ ਦਿਉ ਜਾਂ ਨਾ ਦਿਉ, ਪਰ ਤੁਹਾਨੂੰ ਗੁਰੂ ਦਾ ਵਾਸਤਾ ਹੈ, ਅਹਿ ਆਪਣੇ ਭੇਸ ਵਿਚ ਵਿਚਰਦਿਆਂ ਹੇਰਾ-ਫੇਰੀ ਅਤੇ ਬੇਈਮਾਨੀ ਕਰਨ ਤੋਂ 'ਪਲੀਜ਼' ਗੁਰੇਜ਼ ਕਰਿਓ। ਬੱਸ, ਇਹੀ ਅਰਜ਼ ਕਰਨੀ ਸੀ ਆਪ ਨੂੰ।"

ਇਕ ਧਰਮੀ ਪੁਰਸ਼ ਇਕ ਕਾਰੋਬਾਰੀ ਦਫ਼ਤਰ ਵਿਚੋਂ ਧਰਮ ਦਾ ਅਸਲ ਉਪਦੇਸ਼ ਲੈ ਕੇ ਖੋਟੇ ਪੈਸੇ ਵਾਂਗ ਬਾਹਰ ਆ ਗਿਆ। ਕਿਸੇ ਹੋਰ ਪਾਸੋਂ ਉਸ ਨੇ ਕੰਮ ਕਰਾਇਆ ਜਾਂ ਨਹੀਂ, ਇਹ ਤਾਂ ਰੱਬ ਜਾਣੇ ਪਰ ਮਹੀਨੇ ਕੁ ਬਾਅਦ ਹੀ ਵਿਦੇਸ਼ੀ ਮੀਡੀਏ ਵਿਚ ਉਸ ਦੀ ਨੰਗੇ ਸਿਰ ਵਾਲੀ ਫੋਟੋ ਛਪੀ ਜਿਸ ਦੇ ਥੱਲੇ ਉਸ ਦੀਆਂ ਜਾਅਲ-ਸਾਜ਼ੀਆਂ ਦਾ ਵੇਰਵਾ ਦੇ ਕੇ ਲਿਖਿਆ ਹੋਇਆ ਸੀ ਕਿ ਉਸ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਖ਼ਬਰ ਦੇ ਅਖੀਰ ਵਿਚ ਉਸ ਦਾ ਆਪਣਾ ਬਿਆਨ ਵੀ ਛਪਿਆ ਹੋਇਆ ਸੀ। ਜਾਣ ਬੁੱਝ ਕੇ 'ਧਾਰਮਿਕ ਫਰਜ਼ਾਂ' ਨੂੰ ਪਿੱਠ ਦੇਣ ਵਾਲੇ ਇਸ ਸ੍ਰੀਮਾਨ ਨੇ ਵਿਦੇਸ਼ੀ ਪੁਲਿਸ 'ਤੇ 'ਦੋਸ਼' ਲਾਇਆ ਹੋਇਆ ਸੀ, ਅਖੇ... ਇਸ ਨੇ ਮੇਰਾ ਸਿਰ ਨੰਗਾ ਕਰਵਾ ਕੇ ਮੇਰੇ 'ਧਾਰਮਿਕ ਅਕੀਦੇ' ਨੂੰ ਠੇਸ ਪਹੁੰਚਾਈ ਹੈ!

ਦੂਜੀ ਝਾਕੀ ਵੀ ਵਿਦੇਸ਼ੀ ਸ਼ਹਿਰ ਦੀ ਹੈ। ਇਕੋ ਸਟਰੀਟ ਦੇ ਆਹਮੋ-ਸਾਹਮਣੇ ਦੋ ਪੰਜਾਬੀਆਂ ਦੇ ਘਰ। ਇਕ ਭਾਰਤੀ ਪੰਜਾਬ ਤੋਂ ਸਿੱਖ ਤੇ ਦੂਜਾ ਪਾਕਿਸਤਾਨੀ ਪੰਜਾਬ ਤੋਂ ਮੁਸਲਮਾਨ। ਕਈ ਦਹਾਕਿਆਂ ਤੋਂ ਵਸਦੇ-ਰਸਦੇ ਦੋਹਾਂ ਪਰਿਵਾਰਾਂ 'ਚ ਗੂੜ੍ਹਾ ਪ੍ਰੇਮ ਪਿਆਰ। ਰੋਜ਼ ਵਾਂਗ ਭਾਰਤੀ ਪੰਜਾਬੀਆਂ ਦੇ ਘਰੋਂ ਮਾਤਾ ਜੀ ਨਿਤਨੇਮ ਦੇ ਪਾਠ ਤੋਂ ਵਿਹਲੇ ਹੁੰਦਿਆਂ ਹੀ ਡੰਗੋਰੀ ਫੜ ਕੇ ਸੈਰ ਨੂੰ ਚੱਲ ਪੈਂਦੇ ਨੇ। ਅੱਜ ਵੀ ਉਨ੍ਹਾਂ ਹਮੇਸ਼ਾ ਵਾਂਗ ਆਪਣੀ ਹਮ-ਉਮਰ ਮੁਸਲਿਮ ਬੀਬੀ ਨੂੰ ਨਾਲ ਲੈ ਲਿਆ।

"ਕੀ ਦੱਸਾਂ ਭੈਣ ਜੀ...!" ਮੁਸਲਿਮ ਬੀਬੀ ਨੇ ਗੱਲ ਛੇੜੀ। ਉਹ ਆਪਣੇ ਗਵਾਂਢ ਵਿਚ ਹੀ ਮਹੀਨੇ ਕੁ ਭਰ ਤੋਂ ਆਣ ਵਸੇ ਇਕ ਹੋਰ ਭਾਰਤੀ ਪੰਜਾਬੀ ਪਰਿਵਾਰ ਦੀ ਖ਼ਸਲਤ ਦੱਸਣ ਲੱਗੀ, "ਅਹੀਂ ਦੋਵੇਂ ਟੱਬਰ ਵਰ੍ਹਿਆਂ ਤੋਂ ਇਕੱਠੇ ਗੁਜ਼ਰ ਕਰ ਰਹੇ ਆਂ। ਅਹੀਂ ਕਦੇ ਇਕ-ਦੂਜੇ ਦੇ ਘਰੋਂ ਕੋਈ ਚੀਜ਼ ਮੰਗਣ ਨਹੀਂ ਗਏ। ਆਹ ਨਿਕਸਮੇਂ ਪਤਾ ਨਹੀਂ ਕਿਹੋ ਜਿਹੇ ਪੰਜਾਬੀ ਆਏ ਨੇ, ਕਦੇ ਕਾਰ ਮੰਗਣ ਟੁਰ ਪੈਂਦੇ ਨੇ, ਕਦੇ ਕੁੱਕਰ ਮੰਗਣ। ਕਦੇ ਕੋਈ ਸ਼ੈਅ ਤੇ ਕਦੇ ਕੋਈ...!"

ਵਿਚੋਂ ਹੀ ਗੱਲ ਬੋਚਦਿਆਂ, ਸਿਮਰਨਾ ਫੇਰਦੀ ਹੋਈ ਨਾਲ-ਨਾਲ ਤੁਰੀ ਜਾ ਰਹੀ ਸਿੱਖ ਬੀਬੀ ਨੇ ਪਟਾਕ ਦੇਣੀ 'ਸੁਝਾਅ' ਦਿੱਤਾ, "ਤੁਸੀਂ ਮੁੱਕਰ ਜਾਇਆ ਕਰੋ ਜਾਂ ਕਹਿ ਦਿਆ ਕਰੋ ਕਿ ਸਾਡੇ ਘਰ ਹੈ ਨਈਂ ਗੀ!" ਇਹ 'ਪਤੇ' ਦੀ ਗੱਲ ਕਹਿ ਕੇ ਉਹ ਫਿਰ ਸਿਮਰਨਾ ਫੇਰਨ ਲੱਗ ਪਈ।

"ਨਾ ਭੈਣਾ ਨਾ!" ਸਿਰ 'ਤੇ ਹਿਜਾਬ ਸਵਾਰਦਿਆਂ ਗਿਗਿਆਈ 'ਵਾਜ ਵਿਚ ਮੁਸਲਿਮ ਬੀਬੀ ਨੇ ਆਪਣਾ ਪੱਖ ਦੱਸਿਆ,"ਇਸਲਾਮ ਸਾਨੂੰ ਇਸ ਦੀ ਇਜਾਜ਼ਤ ਨਹੀਂ ਦਿੰਦਾ ਕਿ ਅਸੀਂ ਘਰੋਂ ਕੋਈ ਚੀਜ਼ ਮੰਗਣ ਆਏ ਹਮਸਾਏ ਨੂੰ, ਚੀਜ਼ ਹੁੰਦਿਆਂ-ਸੁੰਦਿਆਂ ਮੁੱਕਰ ਜਾਈਏ।"

ਤੀਜੀ ਝਾਕੀ ਪੰਜਾਬ ਦੇ ਪਹਾੜੀ ਖੇਤਰ ਦੇ ਇਕ ਪਿੰਡ ਦੀ ਹੈ। ਅੰਗਰੇਜ਼ਾਂ ਦੇ ਰਾਜ ਵੇਲੇ ਤੋਂ ਹੀ ਇਸ ਪਿੰਡ ਵਿਚ ਕਈ ਮੁਰੱਬਿਆਂ ਦਾ ਮਾਲਕ ਠਾਠ-ਬਾਠ ਵਾਲਾ ਪਰਿਵਾਰ ਰਹਿੰਦਾ ਸੀ। ਲੰਮੇ-ਚੌੜੇ ਵਾਗਲੇ ਵਿਚ ਇਨ੍ਹਾਂ ਦੀਆਂ ਹਵੇਲੀਆਂ ਛੱਤੀਆਂ ਹੋਈਆਂ ਸਨ। ਮੁੱਢੋਂ-ਸੁੱਢੋਂ ਹੀ ਇਨ੍ਹਾਂ ਨੇ ਇਕ ਖੁੱਲ੍ਹਾ-ਡੁੱਲ੍ਹਾ ਕਮਰਾ ਹਲਕੇ ਦੇ ਪਟਵਾਰੀ ਨੂੰ ਦਿੱਤਾ ਹੋਇਆ ਸੀ ਜਿੱਥੇ ਸ਼ਾਮ ਪੈਂਦਿਆਂ ਹੀ ਸ਼ਰਾਬ ਕਬਾਬ ਦੀਆਂ ਮਹਿਫ਼ਲਾਂ ਜੁੜਦੀਆਂ। ਕਿਤੇ ਪਹਿਲੇ ਪਟਵਾਰੀ ਦੀ ਬਦਲੀ ਹੋਣ 'ਤੇ ਦੂਜਾ ਪਟਵਾਰੀ ਇਥੇ ਧਰਮ ਕਰਮ ਨੂੰ ਮੰਨਣ ਵਾਲਾ ਸ਼ੁੱਧ ਵੈਸ਼ਨੋ ਆ ਗਿਆ। ਪਿਆਜ਼ ਲਸਣ ਤੱਕ ਨੂੰ ਵੀ 'ਟੱਚ' ਨਾ ਕਰਨ ਵਾਲੇ ਸਨਾਤਨੀ ਵਿਚਾਰਾਂ ਦੇ ਧਾਰਨੀ ਪਟਵਾਰੀ ਦਾ ਇਸ ਸ਼ਾਹੀ ਹਵੇਲੀ ਵਿਚ ਕਿਵੇਂ ਜੀਅ ਲਗਦਾ?

ਉਹ ਆਪਣੇ ਲਈ ਨਵੇਂ ਟਿਕਾਣੇ ਦੀ ਭਾਲ ਵਿਚ ਉਸੇ ਪਿੰਡ ਦੇ ਬਾਹਰਵਾਰ ਬਣੇ ਮੰਦਰ ਵਿਚ ਚਲਾ ਗਿਆ। ਮੰਦਰ ਦੇ ਪ੍ਰਬੰਧਕਾਂ ਦੇ ਮੂੰਹੋਂ ਇਥੇ ਸਾਦਾ ਦਾਲ-ਫੁਲਕਾ ਹੀ ਮਿਲਣ ਦੀ ਗੱਲ ਸੁਣ ਕੇ ਪਟਵਾਰੀ ਨੇ ਖੁਸ਼ ਹੁੰਦਿਆਂ ਦੱਸਿਆ ਕਿ ਮੇਰੀ ਤਾਂ ਖੁਰਾਕ ਹੀ ਇਹੋ ਹੈ। ਇੱਧਰੋਂ 'ਹਾਂ' ਹੋਣ 'ਤੇ ਮਹਿਕਮਾ ਮਾਲ ਦੇ ਸਾਰੇ ਕਾਗਜ਼ ਪੱਤਰ ਮੰਦਰ ਕੰਪਲੈਕਸ ਦੇ ਇਕ ਕਮਰੇ 'ਚ ਰੱਖ ਦਿੱਤੇ ਗਏ। ਮੰਦਰ ਵਿਚ ਸਵੇਰੇ ਸ਼ਾਮ ਭਜਨ ਕੀਰਤਨ ਹੁੰਦਾ ਤੇ ਪਟਵਾਰੀ ਦੋਵੇਂ ਵਕਤ ਹਾਜ਼ਰੀ ਭਰਦਾ। ਖਾਸ ਕਰਕੇ ਸੰਧਿਆ ਵੇਲੇ ਹੋਣ ਵਾਲੀ ਆਰਤੀ ਤੋਂ ਉਹ ਕਦੇ ਨਾ ਖੁੰਝਦਾ। ਹੇਰਾਫੇਰੀ ਅਤੇ ਰਿਸ਼ਵਤਖੋਰੀ ਲਈ ਬਦਨਾਮ ਹੋ ਚੁੱਕੇ ਇਸ ਮਹਿਕਮੇ ਦਾ ਇਹ ਧਰਮੀ ਪਟਵਾਰੀ ਪੂਰੇ ਇਲਾਕੇ ਲਈ ਸਤਿਕਾਰ ਦਾ ਪਾਤਰ ਬਣ ਗਿਆ।

ਕੁਝ ਦਿਨਾਂ ਬਾਅਦ ਇਸ ਪਟਵਾਰੀ ਨਾਲ ਇਥੇ ਇਕ ਅਜੀਬ ਘਟਨਾ ਵਾਪਰੀ। ਨਿੱਤ-ਕਿਰਿਆ ਅਨੁਸਾਰ ਇਕ ਸ਼ਾਮ ਮੰਦਰ ਦੇ ਮੁੱਖ ਪੂਜਾ ਸਥਾਨ ਵਿਚ ਸੰਧਿਆ ਦੀ ਆਰਤੀ ਹੋ ਰਹੀ ਸੀ। ਅਗਰਬੱਤੀਆਂ ਦੀਆਂ ਸੁਗੰਧੀਆਂ ਨੇ ਚੌਗਿਰਦਾ ਮੁਅੱਤਰ ਕੀਤਾ ਹੋਇਆ ਸੀ। ਲੈਅ-ਬੱਧ ਟੱਲੀਆਂ ਖੜਕ ਰਹੀਆਂ ਸਨ। ਘੜਿਆਲ ਵੱਜ ਰਹੇ ਸਨ। ਸੰਖ ਪੂਰੇ ਜਾ ਰਹੇ ਸਨ। ਭਗਤ-ਜਨ ਸ਼ਰਧਾ 'ਚ ਗੜੂੰਦ ਹੋ ਕੇ ਪੁਜਾਰੀਆਂ ਦੇ ਨਾਲ-ਨਾਲ ਆਰਤੀ ਉਚਾਰ ਰਹੇ ਸਨ। ਸੰਗਤ ਵਿਚ ਅੱਖਾਂ ਮੁੰਦੀ ਖੜ੍ਹੇ ਪਟਵਾਰੀ ਦੇ ਅਚਾਨਕ ਕੰਨਾਂ ਵਿਚ ਪਿਛਿਉਂ ਆਵਾਜ਼ ਪਈ, "ਪਟਵਾਰੀ ਸਾਹਬ, ਤੁਹਾਡਾ ਇੱਥੇ ਕੀ ਕੰਮ?"

ਹੈਰਾਨ ਹੋਏ ਪਟਵਾਰੀ ਨੇ ਜਦ ਪਿੱਛੇ ਮੁੜ ਕੇ ਦੇਖਿਆ ਤਾਂ ਉਹ ਹੋਰ ਭਵੰਤਰ ਗਿਆ! ਇਹ ਗੱਲ ਕਹਿਣ ਵਾਲਾ ਕੋਈ ਹੋਰ ਨਹੀਂ ਸਗੋਂ ਇਸੇ ਮੰਦਰ ਦਾ ਮੁਨੀ ਮਹਾਰਾਜ ਸੀ। ਇਸ ਤੋਂ ਪਹਿਲਾਂ ਕਿ ਪਟਵਾਰੀ ਮੂੰਹੋਂ ਕੁਝ ਬੋਲਦਾ, ਮੁਨੀ ਮਹਾਰਾਜ ਪਟਵਾਰੀ ਨੂੰ ਬਾਂਹੋਂ ਫੜ ਕੇ ਉਸ ਦੇ ਕਮਰੇ ਵੱਲ ਲੈ ਤੁਰਿਆ।

"ਪਟਵਾਰੀ ਜੀ, ਜਿਸ ਭਗਵਾਨ ਜੀ ਦੀ ਆਰਤੀ ਵਿਚ ਤੁਸੀਂ ਅੰਤਰ-ਧਿਆਨ ਹੋਏ ਖੜ੍ਹਦੇ ਓ, ਇਹ ਮੂਰਤੀ ਅਸੀਂ ਰਾਜਸਥਾਨ ਦੇ ਬੁੱਤ-ਘਾੜਿਆਂ ਪਾਸੋਂ ਖੁਦ ਖਰੀਦ ਕੇ ਲਿਆਏ ਹਾਂ। ਤੁਸੀਂ ਮੰਦਰ ਦੀ ਆਰਤੀ ਨਾਲੋਂ ਪਹਿਲਾਂ ਆਪਣਾ 'ਧਰਮ' ਨਿਭਾਉ, ਜਿਸ ਬਦਲੇ ਤਨਖਾਹ ਲੈਂਦੇ ਓ...ਰਿਸ਼ਵਤ, ਹੇਰਾ ਫੇਰੀ ਅਤੇ ਬਗ਼ੈਰ ਸਿਫਾਰਸ਼ ਦੇ ਪਟਵਾਰਪੁਣਾ ਕਰਨਾ ਹੀ ਤੁਹਾਡਾ ਅਸਲ ਧਰਮ ਹੈ...ਰਿਸ਼ਵਤਾਂ ਖਾ ਕੇ ਜਾਂ ਕਿਸੇ ਦਾ ਹੱਕ ਮਾਰ ਕੇ ਧਰਮ ਮੰਦਰਾਂ ਵਿਚ ਅੱਖਾਂ ਮੀਚ ਮੀਚ ਖਲੋਣ ਨਾਲ ਕੋਈ ਧਰਮੀ ਨਹੀਂ ਬਣ ਸਕਦਾ!"

ਅਸਲ ਧਰਮ ਦਾ ਉਪਦੇਸ਼ ਦਿੰਦਾ ਹੋਇਆ ਮੁਨੀ ਮਹਾਰਾਜ, ਪਟਵਾਰੀ ਜੀ ਨੂੰ ਉਸ ਦੇ ਕਮਰੇ ਵਿਚ ਲੈ ਗਿਆ ਜਿਥੇ ਸਾਰੇ ਦਿਨ ਦੇ ਥੱਕੇ ਹਾਰੇ ਪੇਂਡੂ ਕਿਰਤੀ ਕਿਸਾਨ ਆਰਤੀ ਸਮਾਪਤੀ ਦੀ ਉਡੀਕ ਵਿਚ ਬੈਠੇ ਸਨ ਕਿ ਕਦ ਪਟਵਾਰੀ ਆਵੇ, ਕਦ ਉਹ ਆਪੋ ਆਪਣੇ ਕੰਮ ਕਰਵਾ ਕੇ ਘਰਾਂ ਨੂੰ ਚਾਲੇ ਪਾਉਣ।

## ਮਾਲਵੇ ਦੀਆਂ ਬਾਤਾਂ

ਨਵਦੀਪ

### ਬਾਸ਼ਕ ਨਾਗ

ਇਕ ਵਾਰੀ ਕੋਈ ਮੁੰਡਾ ਵੱਗ ਚਾਰਦਾ ਸੀਗਾ। ਉਹਦੀ ਭੈਣ ਉਹਦੀ ਰੋਟੀ ਲੈ ਕੇ ਗਈ। ਉਥੇ ਢਾਬ ਤੇ ਇਕ ਬਾਸ਼ਕ ਨਾਗ ਰਹਿੰਦਾ ਸੀ। ਉਹ ਦੇਹ ਪਲਟਾਉਂਦਾ ਹੁੰਦਾ ਸੀ। ਕਦੇ ਕੁਸ਼ ਬਣ ਜਾਂਦਾ ਸੀ, ਕਦੇ ਉਹ ਉਥੇ ਚਰਦੀਆਂ ਗਾਈਆਂ ਮੱਝਾਂ ਨੂੰ ਚੁੰਘ ਜਾਂਦਾ ਸੀ। ਜਦੋਂ ਉਹ ਕੁੜੀ ਰੋਟੀ ਲੈ ਆਈ ਤਾਂ ਉਹੋ ਬਾਸ਼ਕ ਨਾਗ ਸੋਹਣਾ ਜਿਹਾ ਫੁੱਲ ਬਣਕੇ ਪਾਣੀ 'ਚ ਤਰਨ ਲੱਗ ਪਿਆ। ਕੁੜੀ ਨੇ ਜਦੋਂ ਫੁੱਲ ਨੂੰ ਦੇਖਿਆ ਤਾਂ ਉਹ ਆਬਦੇ ਭਰਾ ਨੂੰ ਕਹਿੰਦੀ, "ਬੀਰਾ ਮੈਂ ਔਹ ਫੁੱਲ ਫੜ ਲਾਂ, ਉਹ ਕਹਿੰਦਾ, "ਫੜ ਲਾ ਭੈਣੇ।" ਉਹ ਜਦੋਂ ਫੁੱਲ ਦੇ ਨੇੜੇ ਹੋਈ ਤਾਂ ਫੁੱਲ ਦੂਰ ਚਲਾ ਗਿਆ। ਉਹ ਫੁੱਲ ਦੇ ਮਗਰ ਮਗਰ ਪਾਣੀ 'ਚ ਤੁਰੀ ਗਈ। ਪਾਣੀ ਉਹਦੇ ਗੋਡੇ ਗੋਡੇ ਆ ਗਿਆ ਉਹ ਕਹਿੰਦੀ, "ਬੀਰਾ ਪਾਣੀ ਗੋਡੇ ਗੋਡੇ ਫੁੱਲ ਦੂਰ ਈ ਦੂਰ।"

ਉਹਦਾ ਬੀਰ ਕਹਿੰਦਾ, "ਭੈਣੇ ਬਾਹਲਾ ਦੂਰ ਨਾ ਜਾਈਂ।" ਉਹ ਕੁੜੀ ਜਦੋਂ ਹੋਰ ਗਾਹਾਂ ਗਈ ਤਾਂ ਪਾਣੀ ਲੱਕ ਲੱਕ ਆ ਗਿਆ। ਉਹ ਕਹਿੰਦੀ, "ਬੀਰਾ ਪਾਣੀ ਲੱਕ ਲੱਕ ਫੁੱਲ ਦੂਰ ਈ ਦੂਰ।"

ਉਹਦਾ ਬੀਰ ਕਹਿੰਦਾ, "ਭੈਣ ਬਾਹਲਾ ਦੂਰ ਨਾ ਜਾਹ, ਮੁੜ ਆ। ਗਾਹਾਂ ਪਾਣੀ ਗਲ ਗਲ ਆ ਗਿਆ। ਉਹ ਫੇਰ ਆਬਦੇ ਬੀਰ ਨੂੰ ਕਹਿੰਦੀ, "ਬੀਰਾ ਪਾਣੀ ਗਲ ਗਲ, ਫੁੱਲ ਦੂਰ ਈ ਦੂਰ।"

ਉਹਦਾ ਬੀਰ ਕਹਿੰਦਾ, "ਭੈਣੇ ਮੁੜ ਆ ਗਾਹਾਂ ਡੁੱਬਜੇਂਗੀ।"

ਫੇਰ ਬਾਸ਼ਕ ਨਾਗ ਨੇ ਫੁੱਲ ਤੋਂ ਦੇਹ ਪਲਟਾਈ ਤੇ ਉਹੋ ਕੁੜੀ ਨੂੰ ਲੈ ਕੇ ਆਵਦੇ ਮਹਿਲਾਂ 'ਚ ਜਾ ਵੜਿਆ। ਉਥੇ ਜਾ ਕੇ ਉਹ ਸੋਹਣਾ ਰਾਜ ਕੁਮਾਰ ਬਣ ਗਿਆ ਤੇ ਉਹਨੇ ਉਸ ਕੁੜੀ ਨਾਲ ਬਿਆਹ ਕਰਵਾ ਲਿਆ।

ਦੋ ਤਿੰਨ ਮਹੀਨਿਆਂ ਮਗਰੋਂ ਉਹ ਕੁੜੀ ਕਹਿੰਦੀ, "ਮੈਂ ਤਾਂ ਆਬਦੇ ਮਾਂ ਪਿਉ ਨੂੰ ਜ਼ਰੂਰ ਮਿਲਣ ਜਾਣਾ।" ਉਹ ਨਾ ਮੰਨਿਆ। ਉਹ ਕੁੜੀ ਉਹਨੂੰ ਬਾਰ ਬਾਰ ਕਹਿੰਦੀ ਰਹੀ ਬਈ ਮੈਂ ਤਾ ਜ਼ਰੂਰ ਜਾਣਾ ਐ।" ਉਹ ਕਹਿੰਦਾ ਚੰਗਾ ਫੇਰ ਆਪਾਂ ਦੋਨੋਂ ਚਲਦੇ ਆਂ।

ਉਹ ਦੋਨੋਂ ਉਹਦੀ ਮਾਂ ਦੇ ਘਰ ਚਲੇ ਗਏ। ਉਹ ਕੁੜੀ ਆਵਦੀ ਮਾਂ ਨੂੰ ਕਹਿੰਦੀ, "ਮੇਰਾ ਤਾਂ ਇਹਤੋਂ ਖਹਿੜਾ ਛੁਡਾ, ਮੈਂ ਨੀ ਇਹਦੇ ਰਹਿਣਾ, ਇਹ ਤਾਂ ਸੱਪ ਐ।" ਉਹਦੀ ਮਾਂ ਕਹਿੰਦੀ ਧੀਏ ਹੁਣ ਜਦੋਂ ਤੂੰ ਫੇਰ ਆਈ ਤਾਂ ਮੈਂ ਕੋਈ ਨਾ ਕੋਈ ਬੰਨ੍ਹ ਸੁਭ ਕਰਕੇ ਰੱਖੂੰ। ਉਸ ਕੁੜੀ ਨੇ ਕਰਾਰ ਕਰ ਲਿਆ ਬਈ ਉਹ ਹੁਣ ਤੋਂ ਮਹੀਨੇ ਮਗਰੋਂ ਫੇਰ ਆਊਗੀ। ਉਹ ਬਾਸ਼ਕ ਨਾਗ ਤੇ ਕੁੜੀ ਚਲੇ ਗਏ।

ਉਸ ਕੁੜੀ ਦੀ ਮਾਂ ਕਿਸੇ ਸਿਆਣੇ ਕੋਲੇ ਜਾ ਵੜੀ। ਉਹਨੇ ਸਿਆਣੇ ਨੂੰ ਸਾਰੀ ਗੱਲ ਦੱਸ ਤੀ। ਉਹ ਸਿਆਣਾ ਕਹਿੰਦਾ, "ਤੁਸੀਂ ਭਾਈ ਪਹਿਲਾਂ ਈ ਤੇਲ ਦਾ ਕੜਾਹਾ ਤੱਤਾ ਕਰਕੇ ਰੱਖ ਲਿਓ।" ਉਹਨੂੰ ਕਿਹੋ ਬਈ ਸਾਡੇ ਰਿਵਾਜ ਐ ਬਈ ਨਹਾਉਣ ਤੋਂ ਪਹਿਲਾਂ ਐਸ ਕੜਾਹੇ ਦੇ ਉਤੋਂ ਦੀ ਸੱਤ ਗੇੜੇ ਦਿੰਦੇ ਹੁੰਦੇ ਆ। ਉਹ ਜਦੋਂ ਗੇੜੇ ਦੇਣ ਲੱਗ ਗਿਆ ਤਾਂ ਅੱਖ ਬਚਾ ਕੇ ਉਹਨੂੰ ਤੇਲ 'ਚ ਧੱਕਾ ਦੇ ਦਿਉ ਆਪੇ ਤੇਲ 'ਚ ਮੱਚ ਕੇ ਮਰਜੂਗਾ।"

ਜਿੱਦੇਂ ਫੇਰ ਉਨ੍ਹਾਂ ਨੇ ਆਉਣਾ ਸੀ ਤਾਂ ਕੁੜੀ ਦੀ ਮਾਂ ਨੇ ਪਹਿਲਾਂ ਈ ਤੇਲ ਦਾ ਕੜਾਹਾ ਤੱਤਾ ਕਰਕੇ ਰੱਖ'ਤਾ। ਜਦੋਂ ਉਹਦੀ ਕੁੜੀ ਤੇ ਜਵਾਈ ਆਏ ਤਾਂ ਬੁੜੀ ਕਹਿੰਦੀ, "ਚੰਗਾ ਪੁੱਤ ਤੂੰ ਨਹਾ ਲੈ ਪਰ ਤੈਨੂੰ ਸਾਡੇ ਰਿਵਾਜ ਮੁਤਾਬਿਕ ਐਸ ਕੜਾਹੇ ਦੇ ਉਤੋਂ ਦੀ ਸੱਤ ਗੇੜੇ ਦੇਣੇ ਪੈਣਗੇ।" ਜਦੋਂ ਉਹ ਗੇੜੇ ਦੇਣ ਲੱਗਿਆ ਤਾਂ ਬੁੜੀ ਨੇ ਉਹਨੂੰ ਦੂਜੇ ਤੀਜੇ ਗੇੜੇ ਕੜਾਹੇ 'ਚ ਧੱਕਾ ਦੇਤਾ, ਉਹ ਮੁੰਡਾ ਤਾਂ ਤੇਲ 'ਚ ਪਕੌੜੇ ਮਾਂਗੂ ਤਲਿਆ ਗਿਆ ਤੇ ਮਰ ਗਿਆ।

ਕੁੜੀ ਆਬਦੇ ਘਰੇ ਵਸਦੀ ਆ, ਰਸਦੀ ਆ, ਮੌਜਾਂ ਕਰਦੀ ਆ।

---

### ਕੁੜਮਣੀ ਦੀ ਟਿੱਚਰ

ਇਕ ਜੱਟ ਨੇ ਆਵਦਾ ਮੁੰਡਾ ਬਿਆਹ ਲਿਆ। ਜਦ ਜੱਟ ਨੇ ਮੁੰਡਾ ਬਿਆਹ ਲਿਆ ਤਾਂ ਉਹ ਕਹਿਣ ਲੱਗਿਆ ਬਈ ਵਾਢੀ ਦਾ ਟੈਮ ਐ, ਬਈ ਮੈਂ ਲੜਕੀ ਨੂੰ ਜਾ ਕੇ ਈ ਲੈ ਆਉਨਾ। ਉਹ ਜਦ ਲੜਕੀ ਨੂੰ ਲੈਣ ਵਾਸਤੇ ਗਿਆ ਤਾਂ ਗਾਹਾਂ ਕੁੜਮਣੀ ਨੇ ਉਸ ਨੂੰ ਟਿੱਚਰ ਕੀਤੀ। ਉਹਨੇ ਆਟੇ ਦੇ ਲੱਡੂ ਬਣਾ ਕੇ ਨਾ ਖੰਡ ਨਾ ਕੁੱਝ ਨਾ ਉਤੇ, ਉਹਨੂੰ ਪਾ'ਤੇ। ਜਦ ਪਾ'ਤੇ, ਤਾਂ ਵਿਚੋਂ ਥੋੜੇ ਬਹੁਤੇ ਖਾ ਲਏ, ਉਹਨੇ ਕਿਹਾ ਬਈ ਚਾਰ ਕੁ ਜਵਾਕਾਂ ਵਾਸਤੇ ਲੈ ਚਲਦੇ ਆਂ। ਉਹਨੇ ਚਾਰ ਪੰਜ ਗੀਝੇ 'ਚ ਪਾ ਲੇ ਤੇ ਘਰੇ ਆ ਗਿਆ ਲੈ ਕੇ। ਘਰੇ ਜਦ ਜਵਾਕਾਂ ਨੂੰ ਫੜਾਏ ਤਾਂ ਉਨ੍ਹਾਂ ਨੇ ਭੰਨ ਕੇ ਦੇਖ ਲਏ ਬਈ ਇਹ ਤਾਂ ਆਟਾ ਐ।

ਆਟਾ ਦੇਖ ਕੇ ਕਹਿਣ ਲੱਗਿਆ ਬਈ ਮੇਰੇ ਨਾਲ ਤਾਂ ਟਿੱਚਰ ਹੋਗੀ। ਉਹਦੀ ਘਰਆਲੀ ਕਹਿਣ ਲੱਗੀ ਨਾ, ਜਦ ਉਹਦੇ ਘਰਆਲਾ ਆਇਆ ਨਾ ਤਾਂ ਮੈਂ ਉਹਨੂੰ ਟਿੱਚਰ ਕਰਕੇ ਦਖਾਊਂਗੀ। ਕਹਿੰਦਾ ਬਈ ਚੰਗਾ। ਉਹ ਭਾਈ ਕਿਸੇ ਦਿਨ ਕੁੜੀ ਨੂੰ ਮਿਲਣ ਵਾਸਤੇ ਕੁੜੀ ਦਾ ਪਿਉ ਆ ਗਿਆ। ਜਿਸ ਵਕਤ ਕੁੜੀ ਦਾ ਪਿਉ ਕੁੜੀ ਨੂੰ ਮਿਲਣ ਵਾਸਤੇ ਆ ਗਿਆ ਤਾਂ ਗਹਾਂ ਆਲੀ ਸਰਦਾਰਨੀ ਕਹਿੰਦੀ, ਚੌਧਰੀ ਨਹਾ ਲੈਂਦੇ। ਉਹ ਕਹਿੰਦਾ ਜੀ ਨਹਾ ਲੈਂਦੇ ਆਂ। ਜੇ ਜਕਦੇ ਓਂ ਤਾਂ ਜੀ ਕੋਠੇ 'ਤੇ ਧਰ ਦਿੰਨੇ ਆ ਪਾਣੀ।

ਉਹ ਕਹਿੰਦਾ ਚਲ ਜੀ ਕੋਠੇ 'ਤੇ ਈ ਧਰ ਦਿਉ। ਉਹਨੇ ਕਿਹਾ ਚਲ ਨੇਰ੍ਹਾ ਜਿਆ ਈ ਐ, ਲੀੜ੍ਹੇ ਲਾਹ ਤੇ। ਉਹਨੇ ਕਿਹਾ ਚਲ ਦੁਵੱਟੇ ਨੂੰ ਕੀ ਐ ਨੰਗਾ ਈ ਨਾਉਣ ਲਗ ਗਿਆ, ਜੇ ਤਾਂ ਸਿਆਣਾ ਹੁੰਦਾ ਤਾਂ ਲੀੜ੍ਹੇ ਆਵਦੇ ਦੂਏ ਪਾਸੇ ਧਰ ਲੈਂਦਾ। ਉਹਨੇ ਲੀੜ੍ਹੇ ਪੌੜੀ ਆਲੇ ਪਾਸੇ ਧਰ'ਤੇ। ਤਾਂ ਉਹ ਕੁੜਮਣੀ ਮੱਲ ਕੁ ਦੇਣੇ ਪੌੜੀ 'ਤੇ ਚੜੀ ਤੇ ਜਾ ਕੇ ਉਹਨੇ ਲੀੜ੍ਹੇ ਚੁਕ ਲੇ ਉਹਦੇ।

ਜਦ ਨਹਾ ਕੇ ਹਟਿਆ ਤਾਂ ਲੀੜ੍ਹੇ ਭਾਲਦਾ, ਉਥੇ ਲੀੜ੍ਹੇ ਹੈਨੀਗੇ। ਜਦ ਲੀੜ੍ਹੇ ਨਾ ਲੱਭੇ ਤਾਂ ਉਹ ਕਹਿੰਦੀ, ਜੀ ਰੋਟੀ ਖਾ ਲੈਂਦੇ ਰੋਟੀ ਠੰਡੀ ਹੁੰਦੀ ਐ। ਕਹਿੰਦਾ ਜੀ ਆਉਨਾ। ਹੁਣ ਜੇ ਲੀੜ੍ਹੇ ਹੋਣ ਤਾ ਉਤਰੇ ਥੱਲੇ।

ਸਰਦਾਰ ਜੀ ਰੋਟੀ ਠੰਡੀ ਹੋਜੂਗੀ।

ਆਉਨਾਂ ਜੀ ਬੱਸ ਪੱਗ ਬੰਨਦਾ।

ਉਹ ਕਹਿੰਦੀ ਜੀ ਜੇ ਕੁਸ਼ ਗੁਆਚ ਗਿਆ ਤਾਂ ਮੈਂ ਲਾਲਟੈਣ ਲਿਆਮਾਂ।

ਨਹੀਂ ਜੀ ਨਹੀਂ ਤੁਸੀਂ ਲਾਲਟੈਣ ਨਾ ਲਿਆਇਓ। ਕੋਈ ਨੀ ਆਉਨਾਂ ਮੈਂ।

ਉਹ ਕਹਿੰਦੀ ਕੋਈ ਨੀ ਮੈਂ ਲਾਲਟੈਣ ਲਿਆਉਨੀ ਆਂ। ਉਹ ਲਾਲਟੈਣ ਲੈ ਕੇ ਇਕ ਡੰਡਾ ਉਤੇ ਨੂੰ ਚੜਦੀ ਐ, ਉਹ ਕਰਮ ਕੁ ਪਿਛੇ ਹਟ ਜਾਂਦਾ। ਉਹ ਡੰਡਾ ਕੁ ਤਾਹਾਂ ਚੜਦੀ ਐ, ਉਹ ਫੇਰ ਕਰਮ ਕੁ ਪਿਛੇ ਹਟਦਾ ਜਾਂਦਾ।

ਛੇਕੜੋਂ ਜੀ, ਉਹ ਪਿਛੇ ਹਟਦਾ ਹਟਦਾ ਬੀਹੀ 'ਚ ਡਿਗ ਪਿਆ। ਉਹ ਲਾਲਟੈਣ ਲੈ ਕੇ ਦੂਏ ਪਾਸੇ ਦੀ ਭੱਜੀ, ਉਹ ਉਠ ਕੇ ਜਿਉਂ ਭੱਜਿਆ, ਪਿੰਡ ਜਾ ਵੜਿਆ। ਮਗਰ ਉਹਦਾ ਜਮਾਈ ਬੀ ਭੱਜਿਆ ਪਰ ਉਹਨੇ ਡਾਹ ਨਾ ਦਿਤੀ।

ਘਰੇ ਆ ਗਿਆ। ਘਰੇ ਆ ਕੇ ਕਹਿੰਦਾ ਬਾਰ ਖੋਹਲਿਓ। ਉਹਦੀ ਘਰਆਲੀ ਆਵਦੀ ਨੂੰਹ ਨੂੰ ਕਹਿੰਦੀ ਕੁੜੀਏ ਬਾਰ ਖੋਲ੍ਹ।

ਕਹਿੰਦਾ ਤੈਨੂੰ ਮੈਂ ਕਹਿਨਾਂ ਤੂੰ ਖੋਲ੍ਹ। ਚਲੋ ਜੀ ਬੁੜੀ ਨੇ ਬਾਰ ਖੋਹਲਿਆ ਤਾਂ ਕਹਿੰਦਾ ਤੇਰੀ ਜਿਹੜੀ ਕਰਤੂਤ ਕੀਤੀ ਹੋਈ ਐ ਨਾ, ਉਹ ਮੇਰੇ ਅੱਗੇ ਆ ਗੀ। ਉਹਨੇ ਉਹਨੂੰ ਲੀੜ੍ਹੇ ਦਿਤੇ, ਉਹਨੇ ਪਾਏ ਤਾਂ ਜਾ ਕੇ ਕਿਤੇ ਅੰਦਰ ਬੜਿਆ।

Punjab Times
Ph: 847-359-0746
Visit us on the web:
punjabtimesusa.com

# ਲਾਲੂ ਪ੍ਰਸਾਦ ਦਾ ਸਿਆਸੀ ਕੈਰੀਅਰ ਮਲੀਆਮੇਟ

**ਰਾਂਚੀ:** ਚਾਰਾ ਘੁਟਾਲੇ ਵਿਚ ਦੋਸ਼ੀ ਕਰਾਰ ਦਿੱਤੇ ਗਏ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਤੇ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਦੇ ਮੁਖੀ ਲਾਲੂ ਪ੍ਰਸਾਦ ਯਾਦਵ ਨੂੰ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਇਸ ਮਾਮਲੇ ਵਿਚ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਸ ਫੈਸਲੇ ਨਾਲ ਉਹ ਫੌਰੀ ਤੌਰ 'ਤੇ ਲੋਕ ਸਭਾ ਦੀ ਮੈਂਬਰੀ ਤੋਂ ਅਯੋਗ ਹੋ ਗਏ ਹਨ ਤੇ ਅਗਲੇ 11 ਸਾਲਾਂ ਤਕ ਚੋਣ ਵੀ ਨਹੀਂ ਲੜ ਸਕਣਗੇ। ਇਸ ਤਰ੍ਹਾਂ ਲਾਲੂ ਦਾ ਸਿਆਸੀ ਕਰੀਅਰ ਮਲੀਆਮੇਟ ਹੋ ਗਿਆ ਹੈ। ਅਦਾਲਤ ਨੇ ਉਨ੍ਹਾਂ ਨੂੰ 25 ਲੱਖ ਰੁਪਏ ਜੁਰਮਾਨਾ ਵੀ ਕੀਤਾ ਹੈ।

ਵਿਸ਼ੇਸ਼ ਜੱਜ ਪਰਾਵਸ ਕੁਮਾਰ ਸਿੰਘ ਨੇ ਇਸੇ ਮਾਮਲੇ ਵਿਚ ਬਿਹਾਰ ਦੇ ਇਕ ਹੋਰ ਸਾਬਕਾ ਮੁੱਖ ਮੰਤਰੀ ਜਗਨਨਾਥ ਮਿਸ਼ਰਾ ਤੇ ਜਨਤਾ ਦਲ (ਯੂ) ਦੇ ਜਹਾਨਾਬਾਦ ਤੋਂ ਲੋਕ ਸਭਾ ਮੈਂਬਰ ਜਗਦੀਸ਼ ਸ਼ਰਮਾ ਤੇ ਹੋਰ ਮੁਲਜ਼ਮਾਂ ਨੂੰ ਵੀ ਸਜ਼ਾ ਸੁਣਾਈ। ਇਹ ਸਾਰੇ ਮੁਲਜ਼ਮ ਇਥੋਂ ਦੀ ਬਿਰਸਾ ਮੁੰਡਾ ਜੇਲ੍ਹ ਵਿਚ ਬੰਦ ਹਨ ਤੇ ਉਨ੍ਹਾਂ ਨੂੰ ਸਜ਼ਾ ਵੀਡੀਓ ਕਾਨਫਰੰਸਿੰਗ ਰਾਹੀਂ ਸੁਣਾਈ ਗਈ। ਲਾਲੂ (65 ਸਾਲ) ਸਣੇ ਕੁੱਲ 45 ਮੁਜਰਮਾਂ ਨੂੰ ਅਦਾਲਤ ਨੇ ਬੀਤੀ 30 ਸਤੰਬਰ ਨੂੰ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ



ਦੋਸ਼ੀ ਕਰਾਰ ਦਿੱਤਾ ਸੀ।

ਉਨ੍ਹਾਂ ਵੀਡੀਓ ਕਾਨਫਰੰਸਿੰਗ ਦੌਰਾਨ ਆਪਣੇ ਆਪ ਨੂੰ ਨਿਰਦੋਸ਼ ਕਰਾਰ ਦਿੱਤਾ। ਮਿਸ਼ਰਾ (76) ਜੋ ਹੁਣ ਸਿਆਸਤ ਵਿਚ ਸਰਗਰਮ ਨਹੀਂ ਹਨ, ਨੂੰ ਅਦਾਲਤ ਨੇ ਚਾਰ ਸਾਲ ਕੈਦ ਤੇ ਦੋ ਲੱਖ ਰੁਪਏ ਜੁਰਮਾਨਾ ਕੀਤਾ ਹੈ। ਜਨਤਾ ਦਲ (ਯੂ) ਦਾ ਐਮ.ਪੀ. ਜਗਦੀਸ਼ ਸ਼ਰਮਾ ਵੀ ਇਸ ਫੈਸਲੇ ਨਾਲ ਲੋਕ ਸਭਾ ਮੈਂਬਰੀ ਦੇ ਅਯੋਗ ਹੋ ਗਿਆ ਹੈ ਕਿਉਂਕਿ ਸੁਪਰੀਮ ਕੋਰਟ ਨੇ ਆਪਣੇ ਹਾਲੀਆ ਫੈਸਲੇ ਵਿਚ ਕਿਹਾ ਸੀ ਕਿ ਫੌਜਦਾਰੀ ਮਾਮਲੇ ਵਿਚ ਦੋ ਸਾਲ ਜਾਂ ਵੱਧ ਦੀ ਕੈਦ ਦੀ ਸਜ਼ਾ ਪਾਉਣ ਵਾਲਾ ਮੁਜਰਮ ਸੰਸਦ ਜਾਂ ਵਿਧਾਨ ਸਭਾ ਦੀ ਮੈਂਬਰੀ ਤੋਂ ਅਯੋਗ ਹੋ ਜਾਵੇਗਾ। ਕੁਝ ਕਾਨੂੰਨਾਂ ਮੁਤਾਬਕ ਜਾਂ ਜੇਲ੍ਹ ਦੀ ਸਜ਼ਾ ਤੋਂ ਬਿਨਾਂ ਵੀ ਮੈਂਬਰੀ ਜਾਂਦੀ ਰਹੇਗੀ। ਜੁਰਮਾਨਾ ਅਦਾ ਨਾ ਕਰਨ ਦੀ ਸੂਰਤ ਵਿਚ ਦੋਸ਼ੀਆਂ ਨੂੰ ਹੋਰ ਛੇ-ਛੇ ਮਹੀਨੇ ਜੇਲ੍ਹ ਵਿਚ ਗੁਜ਼ਾਰਨੇ ਪੈਣਗੇ। ਜ਼ਿਕਰਯੋਗ ਹੈ ਕਿ ਖਾਸਕਰ ਲੋਕ ਸਭਾ ਚੋਣਾਂ ਦੇ ਨੇੜੇ ਆਏ ਇਸ ਫੈਸਲੇ ਨਾਲ ਆਰਜੇਡੀ ਲਈ ਲੀਡਰਸ਼ਿਪ ਦਾ ਵੱਡਾ ਖਤਰਾ ਖੜ੍ਹਾ ਹੋ ਗਿਆ ਹੈ। ਦੋਸ਼ੀਆਂ ਵਿਚ ਛੇ ਹੋਰ ਸਿਆਸਤਦਾਨ ਤੇ ਚਾਰ ਆਈਏਐਸ ਅਫਸਰ ਸ਼ਾਮਲ ਹਨ ਜਿਨ੍ਹਾਂ ਨੂੰ 1990ਵਿਆਂ ਦੇ ਸ਼ੁਰੂ ਵਿਚ ਲਾਲੂ ਦੇ ਅਣਵੰਡੇ ਬਿਹਾਰ ਦੇ ਮੁੱਖ ਮੰਤਰੀ ਹੁੰਦਿਆਂ ਚਾਇਬਾਸਾ ਖਜ਼ਾਨੇ ਵਿਚੋਂ ਗਲਤ ਢੰਗ ਨਾਲ 37.7 ਕਰੋੜ ਰੁਪਏ ਕਢਵਾਉਣ ਲਈ ਸਜ਼ਾ ਸੁਣਾਈ ਗਈ ਹੈ।

ਜੇਲ੍ਹ ਨੇ 45 ਮੁਜਰਮਾਂ ਵਿਚ ਅੱਠ ਨੂੰ 30 ਸਤੰਬਰ ਨੂੰ ਹੀ ਸਜ਼ਾ ਸੁਣਾ ਦਿੱਤੀ ਸੀ ਜਦੋਂਕਿ ਲਾਲੂ ਸਣੇ 37 ਮੁਜਰਮਾਂ ਦੀ ਸਜ਼ਾ ਦਾ ਫੈਸਲਾ ਕੀਤਾ ਗਿਆ। ਸੀ.ਬੀ.ਆਈ. ਨੇ ਸਾਰੇ ਦੋਸ਼ੀਆਂ ਨੂੰ ਕਾਨੂੰਨ ਮੁਤਾਬਕ ਬਣਦੀ ਵੱਧ ਤੋਂ ਵੱਧ ਸੱਤ ਸਾਲ ਦੀ ਕੈਦ ਕੀਤੇ ਜਾਣ ਦੀ ਮੰਗ ਕੀਤੀ। ਆਰ.ਜੇ.ਡੀ. ਦੇ ਤਰਜਮਾਨ ਮਨੋਜ ਝਾਅ ਨੇ ਕਿਹਾ ਹੈ ਕਿ ਪਾਰਟੀ ਇਸ ਫੈਸਲੇ ਨੂੰ ਉਪਰਲੀ ਅਦਾਲਤ ਵਿਚ ਚੁਣੌਤੀ ਦੇਵੇਗੀ। ਭਾਰਤੀ ਜਨਤਾ ਪਾਰਟੀ ਅਤੇ ਜਨਤਾ ਦਲ (ਯੂ.) ਨੇ ਲਾਲੂ ਪ੍ਰਸਾਦ ਯਾਦਵ ਨੂੰ ਕੈਦ ਦੀ ਸਜ਼ਾ ਸੁਣਾਏ ਜਾਣ ਦਾ ਸਵਾਗਤ ਕੀਤਾ ਹੈ।

# ਪੰਜ ਰਾਜਾਂ ਵਿਚ ਚੋਣ ਦੰਗਲ ਭਖਿਆ

**ਨਵੀਂ ਦਿੱਲੀ:** ਭਾਰਤ ਦੇ ਪੰਜ ਸੂਬਿਆਂ- ਦਿੱਲੀ, ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਮਿਜ਼ੋਰਮ ਵਿਚ ਵਿਧਾਨ ਸਭਾਈ ਚੋਣਾਂ 11 ਨਵੰਬਰ ਤੋਂ ਚਾਰ ਦਸੰਬਰ ਵਿਚਾਲੇ ਹੋ ਰਹੀਆਂ ਹਨ। ਇਸ ਦੇ ਨਾਲ ਹੀ ਇਨ੍ਹਾਂ ਸੂਬਿਆਂ ਵਿਚ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਇਨ੍ਹਾਂ ਵਿਚੋਂ ਮਾਓਵਾਦੀ ਹਿੰਸਾ ਤੋਂ ਪ੍ਰਭਾਵਿਤ ਛੱਤੀਸਗੜ੍ਹ ਵਿਚ ਹੀ ਦੋ ਗੇੜਾਂ ਵਿਚ 11 ਤੇ 19 ਨਵੰਬਰ ਨੂੰ ਵੋਟਾਂ ਪੈਣਗੀਆਂ ਜਦੋਂਕਿ ਬਾਕੀ ਸੂਬਿਆਂ ਵਿਚ ਪੋਲਿੰਗ ਇਕੋ ਗੇੜ ਵਿਚ ਹੋਵੇਗੀ। ਮੱਧ ਪ੍ਰਦੇਸ਼ ਵਿਚ ਵੋਟਾਂ 25 ਨਵੰਬਰ, ਰਾਜਸਥਾਨ ਵਿਚ ਇਕ ਦਸੰਬਰ ਤੇ ਦਿੱਲੀ ਤੇ ਮਿਜ਼ੋਰਮ ਵਿਚ ਚਾਰ ਦਸੰਬਰ ਨੂੰ ਪੈਣਗੀਆਂ।

ਸਭਨੀਂ ਥਾਈਂ ਵੋਟਾਂ ਦੀ ਗਿਣਤੀ ਅੱਠ ਦਸੰਬਰ ਨੂੰ ਹੋਵੇਗੀ। ਮੁੱਖ ਚੋਣ ਕਮਿਸ਼ਨਰ ਵੀਐਸ ਸੰਪਤ ਅਨੁਸਾਰ ਇਨ੍ਹਾਂ ਚੋਣਾਂ ਵਿਚ ਪਹਿਲੀ ਵਾਰ ਵੋਟਰਾਂ ਨੂੰ ਸਾਰੇ ਉਮੀਦਵਾਰਾਂ ਨੂੰ ਰੱਦ ਕਰਨ ਦਾ ਅਧਿਕਾਰ ਹੋਵੇਗਾ। ਇਸ ਲਈ ਵੋਟਿੰਗ ਮਸ਼ੀਨ 'ਤੇ 'ਇਨ੍ਹਾਂ ਵਿਚੋਂ ਕੋਈ ਨਹੀਂ' ਦਾ ਬਟਨ ਹੋਵੇਗਾ ਜਿਸ ਨੂੰ ਦਬਾ ਕੇ ਵੋਟਰ ਸਾਰੇ ਉਮੀਦਵਾਰਾਂ ਨੂੰ ਰੱਦ ਕਰ ਸਕੇਗਾ। ਸ੍ਰੀ ਸੰਪਤ ਨੇ ਦੱਸਿਆ ਕਿ ਪੰਜ ਸੂਬਿਆਂ ਦੇ 630 ਤੋਂ ਵੱਧ ਹਲਕਿਆਂ ਦੇ 11 ਕਰੋੜ ਵੋਟਰ ਆਪਣੇ ਜਮਹੂਰੀ ਹੱਕ ਦਾ ਇਸਤੇਮਾਲ ਕਰਨਗੇ। ਉਨ੍ਹਾਂ ਕਿਹਾ ਕਿ ਵੋਟਿੰਗ ਲਈ 1.30 ਲੱਖ ਪੋਲਿੰਗ ਸਟੇਸ਼ਨ ਬਣਾਏ ਜਾਣਗੇ।

# ਪਾਕਿਸਤਾਨ ਵਿਚ ਹਿੰਦੂ ਪਰਿਵਾਰ ਦੇ 18 ਮੈਂਬਰਾਂ ਨੇ ਇਸਲਾਮ ਕਬੂਲਿਆ

**ਲਾਹੌਰ:** ਪਾਕਿਸਤਾਨ ਦੇ ਕੇਂਦਰੀ ਪ੍ਰਾਂਤ ਕਾਨਪੁਰ ਵਿਚ ਹਿੰਦੂ ਪਰਿਵਾਰ ਦੇ 18 ਮੈਂਬਰਾਂ ਨੇ ਇਸਲਾਮ ਧਰਮ ਅਪਣਾ ਲਿਆ। ਇਕੋ ਪਰਿਵਾਰ ਦੀਆਂ 11 ਔਰਤਾਂ ਸਮੇਤ 18 ਮੈਂਬਰਾ ਨੇ ਜੋਕ ਫਰੀਦ ਵਿਚ ਖਵਾਜਾ ਗੁਲਾਮ ਫਰੀਦ ਦਰਗਾਹ ਦੇ ਸੇਵਾਦਾਰ ਮਿਆਨ ਗੌਸ ਮੁਹੰਮਦ ਦੀ ਮੌਜੂਦਗੀ ਵਿਚ ਇਸਲਾਮ ਧਰਮ ਕਬੂਲ ਕੀਤਾ। ਸਥਾਨਕ ਲੋਕਾਂ ਵੱਲੋਂ ਇਥੋਂ ਦੇ ਨਿਊਜ਼ ਚੈਨਲ ਏ.ਪੀ.ਪੀ. ਨਿਊਜ਼ ਨੂੰ ਦੱਸਿਆ ਕਿ ਇਸ ਦੌਰਾਨ ਉਨ੍ਹਾਂ ਨੇ ਇਸਲਾਮ ਧਰਮ ਨੂੰ ਸਵੀਕਾਰ ਕਰਨ ਲੱਗੇ ਪੜ੍ਹਿਆ ਜਾਣ ਵਾਲਾ ਕਾਲੀਮਾ ਤਾਇਬਾ ਦਾ ਪਾਠ ਵੀ ਕੀਤਾ।

ਸ਼ਾਮਾਰਾਮ ਜੋ ਪਰਿਵਾਰ ਦਾ ਮੁਖੀ ਸੀ, ਦਾ ਹੁਣ ਨਵਾਂ ਨਾਂਅ ਮੁਹੰਮਦ ਸ਼ਰੀਫ ਹੋ ਗਿਆ। ਇਸ ਮੌਕੇ ਸਮਾਗਮ ਵਿਚ ਇਲਾਕੇ ਦੇ ਲੋਕਾਂ ਨੇ ਸ਼ਿਰਕਤ ਕੀਤੀ। ਸਿੰਧ ਪ੍ਰਾਂਤ ਦੇ ਦੱਖਣੀ ਇਲਾਕੇ ਵਿਚ ਘੱਟ ਗਿਣਤੀ ਹਿੰਦੂ ਪਰਿਵਾਰਾਂ ਦੇ ਮੈਂਬਰਾਂ ਨੂੰ ਜਬਰਦਸਤੀ ਇਸਲਾਮ ਧਰਮ ਅਪਨਾਉਣ ਲਈ ਮਜਬੂਰ ਕਰਨ ਦੀਆਂ ਕਈ ਰਿਪੋਰਟਾਂ ਹਨ।

ਘੱਟ ਗਿਣਤੀ ਵਰਗ ਦੇ ਆਗੂਆਂ ਨੇ ਦੱਸਿਆ ਕਿ ਅਜਿਹਾ ਕਰਨ ਲਈ ਕਈ ਜਗਾ ਤਾਂ ਘੱਟ ਗਿਣਤੀ ਵਰਗ ਦੀਆਂ ਔਰਤਾਂ 'ਤੇ ਜ਼ੁਲਮ ਵੀ ਕੀਤੇ ਜਾਂਦੇ ਹਨ ਤੇ ਉਨ੍ਹਾਂ ਨੂੰ ਮੁਸਲਿਮ ਨੌਜਵਾਨਾਂ ਨਾਲ ਵਿਆਹ ਕਰਵਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਦੱਖਣੀ ਪੱਛਮੀ ਬਲੋਚਿਸਤਾਨ ਪ੍ਰਾਂਤ ਵਿਚ ਹਿੰਦੂ ਭਾਈਚਾਰੇ ਦੇ ਮੈਂਬਰਾਂ ਖਾਸ ਕਰਕੇ ਵਪਾਰੀਆਂ ਤੇ ਡਾਕਟਰਾਂ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਤੋਂ ਆਪਣੀਆਂ ਮੰਗਾਂ ਮਨਵਾਉਣ ਲਈ ਉਨ੍ਹਾਂ ਨੂੰ ਅਗਵਾ ਵੀ ਕੀਤਾ ਜਾਂਦਾ ਹੈ।

# ਤਾਲਿਬਾਨ ਵਲੋਂ ਸ਼ਹਿਜ਼ਾਦੇ ਨੂੰ ਅਗਵਾ ਕਰਨ ਦੀ ਕੋਸ਼ਿਸ਼

**ਲੰਡਨ:** ਤਾਲਿਬਾਨ ਨੇ ਅਫ਼ਗਾਨਿਸਤਾਨ ਵਿਚ ਤਾਇਨਾਤ ਬਰਤਾਨਵੀ ਫੌਜ ਵਿਚ ਅਫਸਰ ਵਜੋਂ ਜ਼ਿੰਮੇਵਾਰੀ ਨਿਭਾਉਣ ਵਾਲੇ ਬਰਤਾਨਵੀ ਸ਼ਹਿਜ਼ਾਦੇ ਹੈਰੀ ਨੂੰ ਅਗਵਾ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਸੀ। ਇਹ ਜਾਣਕਾਰੀ ਦਿੰਦਿਆਂ ਚੋਟੀ ਦੇ ਤਾਲਿਬਾਨ ਕਮਾਂਡਰ ਨੇ ਕਿਹਾ ਹੈ ਕਿ ਸ਼ਹਿਜ਼ਾਦਾ ਖੁਸ਼ਕਿਸਮਤੀ ਨਾਲ ਬਚ ਗਿਆ।

ਤਾਲਿਬਾਨ ਕਮਾਂਡਰ ਕਾਰੀ ਨਸਰੁੱਲਾ ਨੇ ਬਰਤਾਨਵੀ ਰੋਜ਼ਨਾਮਾ 'ਡੇਲੀ ਮਿਰਰ' ਨੂੰ ਪਾਕਿਸਤਾਨ ਵਿਚ ਪਿਸ਼ਾਵਰ ਨੇੜੇ ਦਿੱਤੀ ਇੰਟਰਵਿਊ ਵਿਚ ਕਹੀ ਹੈ। ਉਸ ਨੇ ਕਿਹਾ ਕਿ ਤਾਲਿਬਾਨ ਨੇ ਬਰਤਾਨਵੀ ਰਾਜਸ਼ਾਹੀ ਦੀ ਕਤਾਰ ਵਿਚਲੇ ਚੌਥੇ ਵਾਰਸ ਸ਼ਹਿਜ਼ਾਦਾ ਹੈਰੀ ਨੂੰ ਅਗਵਾ ਕਰਨ ਦਾ ਤਹੱਈਆ ਕੀਤਾ ਹੋਇਆ ਸੀ। ਨਸਰੁੱਲਾ ਜੋ ਅਫ਼ਗਾਨ ਸੂਬੇ ਕੁਨਾਰ ਦਾ ਕਮਾਂਡਰ ਹੈ, ਨੇ ਕਿਹਾ ਕਿ ਜਿੰਨਾ ਚਿਰ ਸ਼ਹਿਜ਼ਾਦਾ ਫੌਜੀ ਅਫਸਰ ਵਜੋਂ ਮੁਲਕ ਵਿਚ ਰਿਹਾ, ਉਹ ਤਾਲਿਬਾਨ ਦਾ ਨੰਬਰ ਇਕ ਨਿਸ਼ਾਨਾ ਸੀ। ਕਾਰੀ ਨਸਰੁੱਲਾ ਨੇ ਕਿਹਾ ਕਿ ਜਦੋਂ ਸ਼ਹਿਜ਼ਾਦਾ ਇਥੇ ਆਇਆ ਤੇ ਉਸ




ਨੇ ਆਪਣਾ ਅਪੈਚੀ ਹੈਲੀਕਾਪਟਰ ਉਡਾਉਂਦਿਆਂ ਮੁਜਾਹਿਦੀਨ 'ਤੇ ਬੰਬ ਸੁੱਟੇ ਤਾਂ ਜੰਗਜੂਆਂ ਦੇ ਦਿਲ ਵਿਚ ਵੀ ਉਸ ਲਈ ਕੋਈ ਹਮਦਰਦੀ ਨਹੀਂ ਹੋ ਸਕਦੀ। ਅਖ਼ਬਾਰ ਮੁਤਾਬਕ ਨਸਰੁੱਲਾ ਨੇ ਕਿਹਾ ਕਿ ਜਿਥੋਂ ਤਕ ਮੁਜਾਹਿਦੀਨ ਦਾ ਸਵਾਲ ਹੈ, ਉਨ੍ਹਾਂ ਲਈ ਸ਼ਹਿਜ਼ਾਦਾ ਮਹਿਜ਼ ਅਮਰੀਕਾ ਵੱਲੋਂ ਲੜਨ ਵਾਲਾ ਫੌਜੀ ਸੀ। ਉਹ ਬਰਤਾਨੀਆ ਵਿਚ ਸ਼ਹਿਜ਼ਾਦਾ ਹੋ ਸਕਦਾ ਹੈ ਪਰ ਉਨ੍ਹਾਂ ਲਈ ਇਕ ਫੌਜੀ ਹੀ ਸੀ।

ਉਸ ਨੇ ਕਿਹਾ ਕਿ ਉਸ ਨੂੰ ਫੜਨ ਲਈ ਅਨੇਕਾਂ ਯੋਜਨਾਵਾਂ ਬਣਾਈਆਂ ਗਈਆਂ ਪਰ ਉਹ ਆਪਣੀ ਖੁਸ਼ਕਿਸਮਤੀ ਨਾਲ ਬਚ ਗਿਆ ਜਾਂ ਬਚ ਨਿਕਲਿਆ। ਗੌਰਤਲਬ ਹੈ ਕਿ 29 ਸਾਲਾ ਸ਼ਹਿਜ਼ਾਦਾ ਹੈਰੀ ਜੋ ਬਰਤਾਨੀਆ ਦੇ ਵਲੀ ਅਹਿਦ ਸ਼ਹਿਜ਼ਾਦਾ ਚਾਰਲਸ ਦਾ ਛੋਟਾ ਪੁੱਤਰ ਹੈ, ਨੇ ਅਫ਼ਗਾਨਿਸਤਾਨ ਵਿਚ ਦੋ ਵਾਰ ਸੇਵਾ ਕੀਤੀ ਹੈ। ਪਹਿਲੀ ਵਾਰ 2008 ਵਿਚ ਸ਼ਹਿਜ਼ਾਦੇ ਦੀ ਅਫ਼ਗਾਨਿਸਤਾਨ ਵਿਚ ਤਾਇਨਾਤੀ ਦਾ ਸਮਾਂ ਉਦੋਂ ਘਟਾ ਦਿੱਤਾ ਗਿਆ ਸੀ ਜਦੋਂ ਉਸ ਬਾਰੇ ਖ਼ਬਰਾਂ ਛਾਪੇ ਜਾਣ ਖ਼ਿਲਾਫ਼ ਅਣ-ਐਲਾਨੀ ਰੋਕ ਦੇ ਬਾਵਜੂਦ ਮੀਡੀਆ ਨੇ ਖ਼ਬਰ ਛਾਪ ਦਿੱਤੀ ਸੀ ਕਿ ਸ਼ਹਿਜ਼ਾਦਾ ਅਫ਼ਗਾਨਿਸਤਾਨ ਵਿਚ ਸੀ। ਉਸ ਨੂੰ ਫੌਜ ਵਿਚ ਕੈਪਟਨ ਵੇਲਜ਼ ਵਜੋਂ ਜਾਣਿਆ ਜਾਂਦਾ ਸੀ ਤੇ ਦੂਜੀ ਵਾਰ ਉਸ ਨੇ ਬੀਤੇ ਸਾਲ ਸਤੰਬਰ ਵਿਚ ਆਰਮੀ ਏਅਰ ਕੋਰ ਵਿਚ ਡਿਊਟੀ ਨਿਭਾਈ ਸੀ।

# ਪੈਂਟਾਗਨ ਨੇ ਚਾਰ ਲੱਖ ਮੁਲਾਜ਼ਮਾਂ ਨੂੰ ਵਾਪਸ ਸੱਦਿਆ

**ਵਾਸ਼ਿੰਗਟਨ:** ਪੈਂਟਾਗਨ ਨੇ ਫਰਲੋ 'ਤੇ ਗਏ ਆਪਣੇ ਚਾਰ ਲੱਖ ਸਿਵਲੀਅਨ ਮੁਲਾਜ਼ਮਾਂ ਵਿਚੋਂ ਜ਼ਿਆਦਾਤਰ ਨੂੰ ਕੰਮ 'ਤੇ ਪਰਤਣ ਦੇ ਹੁਕਮ ਦਿੱਤੇ ਹਨ ਹਾਲਾਂਕਿ ਸੰਘੀ ਬਜਟ ਬਾਰੇ ਰਿਪਬਲਿਕਨਾਂ ਤੇ ਡੈਮੋਕਰੈਟਾਂ ਵਿਚਾਲੇ ਤਣਾ-ਤਣੀ ਜਾਰੀ ਹੈ। ਅਮਰੀਕੀ ਰੱਖਿਆ ਮੰਤਰੀ ਚੱਕ ਹੇਜਲ ਨੇ ਕਿਹਾ ਕਿ ਪੈਂਟਾਗਨ ਦੇ ਮੁਲਾਜ਼ਮਾਂ ਨੂੰ ਵਾਪਸ ਬੁਲਾਉਣ ਦਾ ਫੈਸਲਾ 'ਪੇਅ ਅਵਰ ਮਿਲਟਰੀ ਐਕਟ' ਦੀ ਵਿਆਖਿਆ ਦੇ ਆਧਾਰ 'ਤੇ ਲਿਆ ਗਿਆ ਹੈ।

ਰਾਸ਼ਟਰਪਤੀ ਬਰਾਕ ਓਬਾਮਾ ਦੀ ਪਹਿਲਕਦਮੀ ਵਾਲੇ ਸਿਹਤ ਸੁਧਾਰ ਪ੍ਰੋਗਰਾਮ 'ਓਬਾਮਾਕੇਅਰ' ਨੂੰ ਲੈ ਕੇ ਰਿਪਬਲਿਕਨਾਂ ਤੇ ਡੈਮੋਕਰੈਟਾਂ ਵਿਚਕਾਰ ਕਸ਼ਮਕਸ਼ ਚਲ ਰਹੀ ਹੈ ਜਿਸ ਕਰਕੇ ਪਿਛਲੇ ਮੰਗਲਵਾਰ ਤੋਂ ਸੰਘੀ ਸੇਵਾਵਾਂ ਠੱਪ ਰਹੀਆਂ। ਉਂਜ, ਹੁਣ ਦੋਵਾਂ ਧਿਰਾਂ ਨੇ ਬਿਨਾਂ ਤਨਖਾਹਾਂ ਤੋਂ ਘਰਾਂ ਨੂੰ ਭੇਜੇ ਅੱਠ ਲੱਖ ਸੰਘੀ ਕਾਮਿਆਂ ਦੀਆਂ ਤਨਖਾਹਾਂ ਦੀ ਅਦਾਇਗੀ ਲਈ ਬਿੱਲ ਪਾਸ ਕਰ ਦਿੱਤਾ ਹੈ।

ਪ੍ਰਤੀਨਿਧ ਸਦਨ ਵਿਚ 407-0 ਵੋਟਾਂ ਨਾਲ ਇਹ ਬਿੱਲ ਪਾਸ ਕੀਤਾ ਗਿਆ ਜਿਸ ਸਦਕਾ ਇਨ੍ਹਾਂ ਮੁਲਾਜ਼ਮਾਂ ਨੂੰ ਤਨਖਾਹਾਂ ਦੀ ਅਦਾਇਗੀ ਹੋ ਸਕੇਗੀ। ਉਂਜ, ਸੰਘੀ ਬਜਟ ਬਾਰੇ ਕੋਈ ਸਮਝੌਤੇ ਦੇ ਆਸਾਰ ਨਜ਼ਰ ਨਹੀਂ ਆ ਰਹੇ ਤੇ ਨਾ ਹੀ 16.7 ਖਰਬ ਡਾਲਰ ਦੀ ਕੌਮੀ ਕਰਜ਼ੇ ਦੀ ਹੱਦਬੰਦੀ ਵਧਾਉਣ ਦੇ ਕਈ ਉਪਰਾਲੇ ਕੀਤੇ ਜਾ ਰਹੇ ਹਨ।

# ਭਾਰਤ 2050 ਤੱਕ ਹੋਵੇਗਾ ਸਭ ਤੋਂ ਵੱਧ ਆਬਾਦੀ ਵਾਲਾ ਮੁਲਕ

**ਪੈਰਿਸ:** ਦੁਨੀਆ ਦੀ ਅਬਾਦੀ ਹੁਣ 7.1 ਅਰਬ ਹੈ ਜੋ ਸਾਲ 2050 ਵਿਚ ਵਧ ਕੇ 9.7 ਅਰਬ ਹੋ ਜਾਵੇਗੀ ਤੇ ਚੀਨ ਨੂੰ ਪਿੱਛੇ ਛੱਡ ਕੇ ਭਾਰਤ ਸਭ ਤੋਂ ਵੱਧ ਅਬਾਦੀ ਵਾਲਾ ਦੇਸ਼ ਬਣ ਜਾਵੇਗਾ। ਫਰਾਂਸ ਦੇ 'ਫਰੈਂਚ ਇੰਸਟੀਚਿਊਟ ਆਫ ਡੇਮੋਗ੍ਰਾਫਿਕ ਸਟੱਡੀਜ਼' (ਆਈ.ਐਨ.ਈ.ਡੀ.) ਦੀ ਰਿਪੋਰਟ ਵਿਚ ਅਨੁਮਾਨ ਲਾਇਆ ਗਿਆ ਹੈ ਕਿ ਇਸ ਸਦੀ ਦੇ ਅਖੀਰ ਤੱਕ ਧਰਤੀ 'ਤੇ ਲੋਕਾਂ ਦੀ ਗਿਣਤੀ 10 ਤੋਂ 11 ਅਰਬ ਤੱਕ ਹੋਵੇਗੀ।

ਇਸ ਤੋਂ ਪਹਿਲਾਂ ਜੂਨ ਵਿਚ ਸੰਯੁਕਤ ਰਾਸ਼ਟਰ ਦੇ ਇਕ ਸਰਵੇਖਣ ਵਿਚ ਦਾਅਵਾ ਕੀਤਾ ਗਿਆ ਸੀ ਕਿ ਸਾਲ 2050 ਤੱਕ ਦੁਨੀਆ ਦੀ ਅਬਾਦੀ 9.6 ਅਰਬ ਹੋ ਜਾਵੇਗੀ। ਆਈ.ਐਨ.ਈ.ਡੀ. ਅਨੁਸਾਰ ਸਾਲ 2050 ਵਿਚ ਅਫਰੀਕਾ ਦੀ ਅਬਾਦੀ ਦੁਨੀਆ ਦੀ ਅਬਾਦੀ ਦੀ ਚੌਥਾਈ ਹਿੱਸਾ ਕਰੀਬ 2.5 ਅਰਬ ਹੋਵੇਗੀ। ਇਹ ਅੰਕੜਾ ਭਵਿੱਖ ਵਿਚ 1.1 ਅਰਬ ਦੀ ਅਬਾਦੀ ਦਾ ਦੋ ਗੁਣਾ ਤੋਂ ਵੱਧ ਹੋਵੇਗਾ। ਰਿਪੋਰਟ ਦੇ ਰਚਨਾਕਾਰ ਗਿਲੇਸ ਪਾਈਸਨ ਨੇ ਕਿਹਾ ਕਿ ਅਫਰੀਕਾ ਵਿਚ ਪ੍ਰਤੀ ਔਰਤ ਬੱਚੇ ਜੰਮਣ ਦੀ ਦਰ 4.8 ਹੈ ਜੋ 2.5 ਵਿਸ਼ਵ ਪੱਧਰ ਦੀ ਔਸਤ ਤੋਂ ਬਹੁਤ ਜ਼ਿਆਦਾ ਹੈ।

ਅਮਰੀਕੀ ਅਬਾਦੀ ਭਵਿੱਖ ਵਿਚ 95.8 ਕਰੋੜ ਹੈ ਜੋ ਸਾਲ 2050 ਤੱਕ ਵਧ ਕੇ 1.2 ਅਰਬ ਹੋ ਜਾਵੇਗੀ। ਫਿਲਹਾਲ ਚੀਨ ਦੀ ਅਬਾਦੀ



1.3 ਅਰਬ, ਭਾਰਤ ਦੀ 1.2 ਅਰਬ, ਅਮਰੀਕਾ ਦੀ 31.62 ਕਰੋੜ, ਬ੍ਰਾਜ਼ੀਲ ਦੀ 19.55 ਕਰੋੜ ਹੈ। ਇਹ ਦੇਸ਼ ਸਭ ਤੋਂ ਵੱਧ ਅਬਾਦੀ ਵਾਲੇ ਦੇਸ਼ ਕਹਾਉਂਦੇ ਹਨ। ਆਈ.ਐਨ.ਈ.ਡੀ. ਮੁਤਾਬਕ ਸਾਲ 2050 ਤੱਕ ਭਾਰਤ ਵਿਸ਼ਵ ਪੱਧਰ ਅਬਾਦੀ ਦੇ ਮਾਮਲੇ ਵਿਚ ਸਭ ਤੋਂ ਅੱਗੇ ਹੋ ਜਾਵੇਗਾ। ਉਸ ਸਮੇਂ 1.6 ਅਰਬ ਦੀ ਅਬਾਦੀ ਨਾਲ ਭਾਰਤ ਸਭ ਤੋਂ ਜ਼ਿਆਦਾ ਅਬਾਦੀ ਵਾਲਾ ਦੇਸ਼ ਹੋਵੇਗਾ ਤੇ ਚੀਨ 1.3 ਅਰਬ ਅਬਾਦੀ ਦੇ ਨਾਲ ਦੂਸਰੇ ਸਥਾਨ 'ਤੇ ਹੋਵੇਗਾ।

ਤਾਜ਼ਾ ਅਧਿਐਨ ਮੁਤਾਬਕ ਸਾਲ 2050 ਤਕ ਸਭ ਤੋਂ ਵੱਧ ਅਬਾਦੀ ਵਾਲੇ ਮੁਲਕਾਂ ਵਿਚ ਨਾਇਜੀਰੀਆ (44.4 ਕਰੋੜ), ਅਮਰੀਕਾ (40 ਕਰੋੜ), ਇੰਡੋਨੇਸ਼ੀਆ (36.6 ਕਰੋੜ), ਪਾਕਿਸਤਾਨ (36.3 ਕਰੋੜ), ਬਰਾਜ਼ੀਲ (22.7 ਕਰੋੜ), ਬੰਗਲਾਦੇਸ਼ (20.2 ਕਰੋੜ), ਕਾਂਗੋ (18.2 ਕਰੋੜ), ਇਥੋਪੀਆ (17.8 ਕਰੋੜ) ਫਿਲਪੀਨਜ਼ (15.2 ਕਰੋੜ), ਮੈਕਸੀਕੋ (15 ਕਰੋੜ), ਰੂਸ (13.2 ਕਰੋੜ), ਤਨਜ਼ਾਨੀਆ (12.9 ਕਰੋੜ), ਮਿਸਰ (12.6 ਕਰੋੜ), ਯੂਗਾਂਡਾ (11.4 ਕਰੋੜ), ਵੀਅਤਨਾਮ (10.9 ਕਰੋੜ), ਇਰਾਨ (9.9 ਕਰੋੜ), ਜਪਾਨ (9.7 ਕਰੋੜ), ਕੀਨੀਆ (9.7 ਕਰੋੜ), ਤੁਰਕੀ (9.3 ਕਰੋੜ), ਇਰਾਕ (8.3 ਕਰੋੜ), ਯੂ.ਕੇ. (7.9 ਕਰੋੜ), ਜਰਮਨੀ (7.6 ਕਰੋੜ), ਫਰਾਂਸ (7.2 ਕਰੋੜ), ਸੂਡਾਨ (6.9 ਕਰੋੜ), ਨਾਇਜਰ (6.6 ਕਰੋੜ), ਦੱਖਣੀ ਅਫਰੀਕਾ (6.4 ਕਰੋੜ) ਤੇ ਕੋਲੰਬੀਆ (6.3 ਕਰੋੜ) ਸ਼ਾਮਲ ਹੋਣਗੇ।

# ਸ਼ੇਰੇ ਪੰਜਾਬ ਸਪੋਰਟਸ ਸੁਸਾਇਟੀ ਦੇ ਖੇਡ ਮੇਲੇ ਵਿਚ ਕੈਨੇਡਾ ਦੀ ਰਹੀ ਬੱਲੇ ਬੱਲੇ

**ਸਿਨਸਿਨੈਟੀ, ਓਹਾਇਓ (ਬਿਊਰੋ):** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ, ਓਹਾਇਓ ਵਲੋਂ ਪਿਛਲੇ ਦਿਨੀਂ ਇਥੇ ਕਰਵਾਏ ਗਏ ਖੇਡ ਅਤੇ ਸਭਿਆਚਾਰਕ ਮੇਲੇ ਦੌਰਾਨ ਜਿਥੇ ਵਖ ਵਖ ਉਮਰ ਵਰਗਾਂ ਦੀ ਕਬੱਡੀ ਦੇ ਮੁਕਾਬਲੇ ਹੋਏ ਉਥੇ ਵਾਲੀਬਾਲ, ਬਾਸਕਟਬਾਲ



ਅਤੇ ਕ੍ਰਿਕਟ ਦੇ ਮੈਚਾਂ ਵਿਚ ਵੀ ਖਿਡਾਰੀਆਂ ਨੇ ਆਪਣੀ ਖੇਡ ਦੇ ਜੌਹਰ ਵਿਖਾਏ।

ਬੱਚਿਆਂ ਨੂੰ ਪਰਚਾਉਣ ਲਈ ਬਾਊਂਸ ਹਾਊਸ ਤੋਂ ਇਲਾਵਾ ਨੱਸਣ-ਭਜਣ ਦੀਆਂ ਖੇਡਾਂ ਸਨ, ਕੁੜੀਆਂ-ਮੁੰਡਿਆਂ ਦੀਆਂ ਦੌੜਾਂ, ਤਿੰਨ ਟੰਗੀ ਰੇਸ ਦੀਆਂ ਅਥਲੈਟਿਕ ਖੇਡਾਂ ਤੇ ਗੋਲਾ ਸੁਟਣ ਦੇ ਮੁਕਾਬਲੇ ਵੀ ਹੋਏ। ਗਿੱਧੇ ਅਤੇ ਭੰਗੜੇ ਤੋਂ ਇਲਾਵਾ ਗਾਉਣ-ਪਾਣੀ ਦਾ ਪਿੜ ਵੀ ਬੱਝਾ।

ਦਰਸ਼ਕਾਂ ਦੇ ਸੇਵਾ-ਪਾਣੀ ਲਈ ਚਾਹ-ਪਕੌੜੇ, ਸਮੋਸੇ ਅਤੇ ਕੁੱਕੜ ਸਮੇਤ ਦੁਪਹਿਰ ਦਾ ਖਾਣਾ ਵੀ ਹਾਜਰ ਸੀ। ਮੂੰਹ ਮਿੱਠਾ ਕਰਨ ਲਈ ਠੰਡੀ-ਮਿਠੀ ਕੁਲਫੀ ਦਾ ਅਨੰਦ ਵੀ ਦਰਸ਼ਕਾਂ ਨੇ ਖੂਬ ਲਿਆ। ਬੱਚੇ ਖੇਡ ਮੈਦਾਨ ਦੁਆਲੇ ਦੁੜੰਗੇ ਲਾ ਰਹੇ ਸਨ, ਬੀਬੀਆਂ ਨੂੰਹਾਂ-ਸੱਸਾਂ ਦੀਆਂ ਖੁਨਾਮੀਆਂ ਗਿਣ-ਗਿਣ ਸੁਆਦ ਲੈ ਰਹੀਆਂ ਸਨ ਤਾਂ ਬਜੁਰਗ ਪੁਰਾਣੇ ਵੇਲਿਆਂ ਦੇ ਮੌਜ-ਮੇਲੇ ਚੇਤੇ ਕਰ ਕਰ ਆਪਣਾ ਦਿਲ ਪਰਚਾ ਰਹੇ ਸਨ। ਸੂਟਾਂ, ਗਹਿਣਿਆਂ ਅਤੇ ਤਸਵੀਰਾਂ ਵਾਲੇ ਸਟਾਲਾਂ ਉਪਰ ਵੀ ਵਾਹਵਾ ਝੁਰਮਟ ਦੇਖਿਆ ਗਿਆ।

ਖੇਡ ਮੇਲੇ ਦਾ ਅਰੰਭ ਰਵਾਇਤੀ ਤੌਰ 'ਤੇ ਸਭ ਦੀ ਸੁਖ-ਸਾਂਦ ਲਈ ਅਰਦਾਸ ਨਾਲ ਹੋਇਆ ਅਤੇ ਰਸਮੀ ਉਦਘਾਟਨ ਸੁਸਾਇਟੀ ਦੇ ਪ੍ਰਧਾਨ ਹਰਵਿੰਦਰ ਸਿੰਘ ਵਾਲੀਆ, ਪਲਾਟੀਨਮ ਸਪਾਂਸਰ ਅਮਰਜੀਤ ਅਗਰਵਾਲ, ਅਮਰਜੀਤ ਤੱਖਰ, ਹਰਿੰਦਰ ਕੰਗ, ਅਮਰੀਕ ਟਿਵਾਣਾ, ਤੀਰਥ ਅਟਵਾਲ ਅਤੇ ਸ਼ੇਰੇ ਪੰਜਾਬ ਸੁਸਾਇਟੀ ਦੀ ਟੀਮ ਨੇ ਸਾਂਝੇ ਤੌਰ 'ਤੇ ਰਿਬਨ ਕੱਟ ਕੇ ਅਤੇ ਹਵਾ ਵਿਚ ਗੁਬਾਰੇ ਛਡ ਕੇ ਕੀਤਾ। ਉਪਰੰਤ ਦੋ ਢੋਲੀਆਂ ਦੀ ਅਗਵਾਈ ਹੇਠ ਸਾਰੇ ਖਿਡਾਰੀਆਂ ਨੇ ਖੇਡ ਮੈਦਾਨ ਵਿਚ ਮਾਰਚ ਕੀਤਾ।

ਕਬੱਡੀ ਅੰਡਰ-25 ਦੇ ਮੁਕਾਬਲੇ ਕਾਫ਼ੀ ਫਸਵੇਂ ਰਹੇ। ਇਨ੍ਹਾਂ ਮੁਕਾਬਲਿਆਂ ਵਿਚ ਪਹਿਲੇ ਦੋਵੇਂ ਇਨਾਮ ਕੈਨੇਡਾ ਦੇ ਖਿਡਾਰੀ ਚੁੱਕ ਲੈ ਗਏ। ਪਹਿਲਾ 4100 ਡਾਲਰ ਦਾ ਇਨਾਮ ਹਰਜੀਤ ਕਬੱਡੀ ਕਲੱਬ, ਕੈਨੇਡਾ ਦੀ ਟੀਮ ਨੇ ਜਿੱਤਿਆ ਜਦੋਂਕਿ 3100 ਡਾਲਰ ਦਾ ਦੂਜਾ ਇਨਾਮ ਸ੍ਰੀ ਗੁਰੂ ਸਿੰਘ ਸਭਾ ਮਾਲਟਨ, ਕੈਨੇਡਾ ਦੇ ਹਿੱਸੇ ਆਇਆ। ਤੀਜਾ 2100 ਡਾਲਰ ਦਾ ਇਨਾਮ ਮੇਜ਼ਬਾਨ ਸ਼ੇਰੇ ਪੰਜਾਬ ਸਪੋਰਟਸ ਸੁਸਾਇਟੀ ਅਤੇ ਚੌਥਾ 1500 ਡਾਲਰ ਦਾ ਇਨਾਮ ਮੀਰੀ ਪੀਰੀ ਕਲੱਬ, ਇੰਡੀਆਨਾ ਨੇ ਜਿੱਤਿਆ।

ਕਬੱਡੀ ਦੇ 18 ਸਾਲ ਤੋਂ ਘੱਟ ਉਮਰ ਵਰਗ ਵਿਚ ਪੰਜਾਬ ਸਪੋਰਟਸ ਕਲੱਬ ਕਲੀਵਲੈਂਡ ਦੀ ਟੀਮ ਪਹਿਲੇ ਨੰਬਰ 'ਤੇ ਆਈ ਅਤੇ 500 ਡਾਲਰ ਦੇ ਇਨਾਮ ਦੀ ਹੱਕਦਾਰ ਬਣੀ। 300 ਡਾਲਰ ਦਾ ਦੂਜਾ ਇਨਾਮ ਸ਼ੇਰੇ ਪੰਜਾਬ ਸਪੋਰਟਸ ਸੁਸਾਇਟੀ ਸਿਨਸਿਨੈਟੀ ਦੇ ਹਿੱਸੇ ਆਇਆ। ਅਮਰੀਕਾ ਅਤੇ ਕੈਨੇਡਾ ਵਿਚਕਾਰ ਕਬੱਡੀ ਦਾ ਇਕ ਸ਼ੋਅ ਮੈਚ ਵੀ ਕਰਵਾਇਆ ਗਿਆ ਜਿਸ ਦਾ 4500 ਡਾਲਰ ਦਾ ਇਨਾਮ ਸ਼ੇਰੇ ਪੰਜਾਬ ਦੀ ਆਪਣੀ ਟੀਮ ਜੋ ਅਮਰੀਕਾ ਦੇ ਨਾਂ ਹੇਠ ਖੇਡੀ, ਨੇ ਜਿੱਤਿਆ। ਸਾਰੀਆਂ ਟੀਮਾਂ ਦੇ ਖਿਡਾਰੀਆਂ ਨੇ ਜਿਥੇ ਬਾਹੂ-ਬਲ ਦਿਖਾ ਕੇ ਦਰਸ਼ਕਾਂ ਤੋਂ ਵਾਹ-ਵਾਹ ਖੱਟੀ, ਉਥੇ ਚੰਗੇ ਜੱਫਿਆਂ ਅਤੇ ਧਾਵਿਆਂ ਨਾਲ ਦਰਸ਼ਕਾਂ ਤੋਂ ਡਾਲਰ ਵੀ ਕਢਵਾਏ।

ਕ੍ਰਿਕਟ ਮੈਚ ਇਸ ਮੇਲੇ ਦੀ ਖਾਸੀਅਤ ਸੀ। ਇਨ੍ਹਾਂ ਮੁਕਾਬਲਿਆਂ ਵਿਚ ਪਹਿਲਾ 1500 ਡਾਲਰ ਦਾ ਇਨਾਮ ਮੇਜ਼ਬਾਨ ਸ਼ੇਰੇ ਪੰਜਾਬ ਸਪੋਰਟਸ ਸੁਸਾਇਟੀ ਦੀ ਟੀਮ ਨੇ ਅਤੇ ਦੂਜਾ 500 ਡਾਲਰ ਦਾ ਇਨਾਮ ਵੈਸਟ ਚੈਸਟਰ ਕ੍ਰਿਕਟ ਟੀਮ ਨੇ ਜਿੱਤਿਆ। ਇਹ ਇਲਾਕੇ ਦਾ ਸਭ ਤੋਂ ਵੱਡਾ ਕਲੱਬ ਕ੍ਰਿਕਟ ਟੂਰਨਾਮੈਂਟ ਗਿਣਿਆ ਜਾਂਦਾ ਹੈ। ਇਸ ਟੂਰਨਾਮੈਂਟ ਵਿਚ 8 ਟੀਮਾਂ ਖੇਡੀਆਂ।

ਵਾਲੀਬਾਲ ਮੁਕਾਬਲਿਆਂ ਵਿਚ ਕੈਨੇਡਾ ਅਤੇ ਅਮਰੀਕਾ ਤੋਂ ਆਈਆਂ ਟੀਮਾਂ ਮੈਦਾਨ ਵਿਚ ਨਿਤਰੀਆਂ। ਫਾਈਨਲ ਵਿਚ ਮੇਜ਼ਬਾਨ ਸ਼ੇਰੇ ਪੰਜਾਬ ਸੁਸਾਇਟੀ ਸਿਨਸਿਨੈਟੀ ਅਤੇ ਵਿੰਡਸਰ ਕਲੱਬ ਦੀਆਂ ਟੀਮਾਂ ਦਾ ਮੁਕਾਬਲਾ ਬਹੁਤ ਹੀ ਫਸਵਾਂ ਰਿਹਾ। ਇਸ ਮੁਕਾਬਲੇ ਵਿਚ 3100 ਡਾਲਰ ਦਾ ਪਹਿਲਾ ਇਨਾਮ ਸ਼ੇਰੇ ਪੰਜਾਬ ਸਪੋਰਟਸ ਤੇ ਕਲਚਰਲ ਸੁਸਾਇਟੀ ਅਤੇ ਦੂਜਾ 1500 ਡਾਲਰ ਦਾ ਇਨਾਮ ਵਿੰਡਸਰ ਕਲੱਬ, ਕੈਨੇਡਾ ਨੇ ਜਿੱਤਿਆ।

ਲੜਕੀਆਂ ਦੇ 18 ਸਾਲ ਤੋਂ ਘੱਟ ਉਮਰ ਵਰਗ ਦੇ ਵਾਲੀਬਾਲ ਮੁਕਾਬਲੇ ਵਿਚ 500 ਡਾਲਰ ਦਾ ਪਹਿਲਾ ਇਨਾਮ ਸਿਨਸਿਨੈਟੀ 'ਏ' ਟੀਮ ਨੇ ਅਤੇ 300 ਡਾਲਰ ਦਾ ਦੂਜਾ ਇਨਾਮ ਸਿਨਸਿਨੈਟੀ 'ਬੀ' ਟੀਮ ਨੇ ਜਿੱਤਿਆ।

ਅਵਤਾਰ ਸਿੰਘ ਸਪਰਿੰਗਫੀਲਡ ਜੋ ਅਕਸਰ ਮਿਡਵੈਸਟ ਦੇ ਸਭਿਆਚਾਰਕ ਮੇਲਿਆਂ ਵਿਚ ਹਾਜ਼ਰੀ ਭਰਦੇ ਰਹਿੰਦੇ ਹਨ, ਨੇ ਇਸ ਮੇਲੇ ਦੇ ਖੇਡ ਮੈਦਾਨ ਵਿਚ ਸਿਰ ਪਰਨੇ ਹੋ ਕੇ ਅਜਿਹੇ ਕੌਤਕ ਵਿਖਾਏ ਕਿ ਦਰਸ਼ਕ ਅਸ਼ ਅਸ਼ ਕਰ ਉਠੇ।

ਸਾਰੀਆਂ ਖੇਡਾਂ ਆਪੋ-ਆਪਣੀ ਥਾਂਈਂ ਕਿਸੇ ਗੱਲੋਂ ਘੱਟ ਨਹੀਂ ਸਨ ਪਰ ਦਰਸ਼ਕਾਂ ਦੀ ਭੀੜ ਅਤੇ ਉਨ੍ਹਾਂ ਦਾ ਉਤਸ਼ਾਹ ਕਬੱਡੀ ਦੇ ਮੈਚਾਂ ਦੇ ਦੁਆਲੇ ਹੀ ਸੀ। ਜੇ ਕੋਈ ਗੁੱਸਾ ਨਾ ਕਰੇ ਤਾਂ ਸੱਚ ਇਹ ਹੈ ਕਿ ਬਾਕੀ ਖੇਡਾਂ ਤਾਂ ਦਰਸ਼ਕਾਂ ਲਈ ਸੌਦੇ ਨਾਲ ਰੂੰਗੇ ਵਾਂਗ ਹੀ ਸਨ। ਕਬੱਡੀ ਮੈਚਾਂ ਦੀ ਕੁਮੈਂਟਰੀ ਪ੍ਰੋ. ਮੱਖਣ ਸਿੰਘ ਹਕੀਮਪੁਰ ਨੇ ਆਪਣੇ ਨਿਵੇਕਲੇ ਅੰਦਾਜ਼ ਵਿਚ ਕਰਦਿਆਂ ਖਿਡਾਰੀਆਂ ਦੀ ਦਰਸ਼ਕਾਂ ਨਾਲ ਜਾਣ-ਪਛਾਣ ਵੀ ਕਰਵਾਈ ਅਤੇ ਖੇਡ ਦਾ ਅਨੰਦ ਵੀ ਵਧਾਇਆ। ਮੰਚ ਸੰਚਾਲਨ ਕਰਦਿਆਂ ਆਗਿਆਪਾਲ ਸਿੰਘ ਬਾਠ ਅਤੇ ਕੁਮਾਰ ਪਵਨਦੀਪ ਜਿਥੇ ਆਏ ਮਹਿਮਾਨਾਂ ਦੀ ਜਾਣ-ਪਛਾਣ ਕਰਵਾਈ ਜਾ ਰਹੇ ਸਨ, ਉਥੇ ਨਾਲ ਹੀ ਨਿਕੇ ਨਿਕੇ ਜੁਮਲਿਆਂ ਨਾਲ ਦਰਸ਼ਕਾਂ ਦਾ ਮਨੋਰੰਜਨ ਵੀ ਕਰਵਾਈ ਜਾ ਰਹੇ ਸਨ।





ਨਿਊ ਯਾਰਕ ਤੋਂ ਲਖਵਿੰਦਰ ਕੌਰ ਪਟਿਆਲਾ ਦੀ ਅਗਵਾਈ ਵਿਚ ਆਈ ਗਿੱਧਾ ਟੀਮ ਨੇ ਭੰਗੜੇ ਅਤੇ ਗਿੱਧੇ ਦੇ ਜੌਹਰ ਦਿਖਾ ਕੇ ਦਰਸ਼ਕਾਂ ਦੀਆਂ ਖੂਬ ਤਾੜੀਆਂ ਖੱਟੀਆਂ ਅਤੇ ਨਾਲ ਹੀ ਉਨ੍ਹਾਂ ਦੀਆਂ ਜੇਬਾਂ 'ਚੋਂ ਡਾਲਰ ਵੀ ਕਢਵਾਏ। ਜੇ ਕੋਈ ਕਸਰ ਬਾਕੀ ਸੀ ਤਾਂ ਉਹ ਸ਼ਾਮ ਨੂੰ ਗਾਇਕ ਸੱਤੀ ਸਤਿੰਦਰ, ਨਿੰਮਾ ਡੱਲੇਵਾਲ ਅਤੇ ਲਖਵਿੰਦਰ ਮਾਵੀ ਨੇ ਆਪਣੇ ਗੀਤਾਂ ਰਾਹੀਂ ਸਰੋਤਿਆਂ ਦਾ ਮਨੋਰੰਜਨ ਕਰ ਕੇ ਪੂਰੀ ਕਰ ਦਿੱਤੀ।

ਚਾਹ ਅਤੇ ਰੋਟੀ ਦਾ ਇੰਤਜ਼ਾਮ ਮਿਸਟਰ ਇੰਡੀਆ ਰੈਸਟੋਰੈਂਟ ਵੱਲੋਂ ਸੀ। ਸ਼ੇਰੇ ਪੰਜਾਬ ਸੁਸਾਇਟੀ ਦੇ ਸਪਾਂਸਰ ਰਾਜੇਸ਼ ਰਾਵਲ ਦੇ ਵਿਸ਼ੇਸ਼ ਯੋਗਦਾਨ ਨਾਲ ਚਾਹ ਅਤੇ ਰੋਟੀ ਦਾ ਲੰਗਰ ਅਟੁੱਟ ਵਰਤਿਆ। ਉਨ੍ਹਾਂ ਵੱਲੋਂ ਖਿਡਾਰੀਆਂ ਦੇ ਰਹਿਣ ਦਾ ਇੰਤਜ਼ਾਮ ਵੀ ਕੀਤਾ ਗਿਆ।

ਮੇਲੇ ਦੇ ਮੁਖ ਮਹਿਮਾਨ ਸ਼੍ਰੋਮਣੀ ਅਕਾਲੀ ਦਲ-ਅਮਰੀਕਾ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਸੱਲਾਂ ਸਨ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਭਰਾ ਗੁਰਮੀਤ ਸਿੰਘ ਸੱਲਾਂ, ਸਰਬਜੀਤ ਸਿੰਘ ਸੱਲਾਂ ਅਤੇ ਇੰਡੀਆਨਾ ਤੋਂ ਹੋਰ ਮਿੱਤਰ ਦੋਸਤ ਵੀ ਆਏ ਹੋਏ ਸਨ।

ਇੰਡੀਆ ਤੋਂ ਆਏ ਕਬੱਡੀ ਦੇ ਨਾਮੀ ਖਿਡਾਰੀ ਬਲਵਿੰਦਰ ਸਿੰਘ ਫਿੱਡੂ ਵਿਸ਼ੇਸ਼ ਮਹਿਮਾਨ ਸਨ। ਮੇਲੇ ਵਿਚ ਮਿਡਵੈਸਟ ਤੋਂ ਲੈ ਕੇ ਈਸਟ ਕੋਸਟ ਤੱਕ ਦੀਆਂ ਬਹੁਤ ਸਾਰੀਆਂ ਮੰਨੀਆਂ-ਪ੍ਰਮੰਨੀਆਂ ਪੰਜਾਬੀ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਵਿਸ਼ੇਸ਼ ਮਹਿਮਾਨਾਂ ਵਿਚ ਇੰਡੀਆਨਾ ਤੋਂ ਦਰਸ਼ਨ ਸਿੰਘ ਦਰੜ, ਪ੍ਰਿਥਪਾਲ ਘੋਤੜਾ, ਮੱਖਣ ਬੰਦੇਸ਼ਾ, ਤੀਰਥ ਅਟਵਾਲ, ਜਿੰਮੀ ਬਰਾੜ, ਹਰਦੀਪ ਨਿੱਝਰ, ਸਤਵੰਤ ਨਿੱਝਰ, ਕੈਨਟਕੀ ਤੋਂ ਬਿੱਲੂ ਪੰਧੇਰ, ਤੀਰਥ ਪੰਧੇਰ, ਸੁੱਖ ਬੈਂਸ ਅਤੇ ਮਿਸ਼ੀਗਨ ਤੋਂ ਬੌਬ ਖਹਿਰਾ ਸ਼ਾਮਲ ਸਨ।

ਇਸ ਮੇਲੇ ਵਿਚ ਨਿਊ ਯਾਰਕ ਤੋਂ ਸਿੱਖ ਕਲਚਰਲ ਸੁਸਾਇਟੀ ਰਿੱਚਮੰਡ ਹਿਲ ਤੋਂ ਹਰਬੰਸ ਸਿੰਘ ਢਿੱਲੋਂ (ਚੀਫ ਕੋਆਰਡੀਨੇਟਰ ਸਪੋਰਟਸ ਵਿੰਗ), ਸੁਖਇੰਦਰ ਬੰਦੇਸ਼ਾ (ਐਨ.ਆਰ.ਆਈ. ਪ੍ਰਧਾਨ), ਕੁਲਦੀਪ ਸਿੰਘ ਵੜੈਚ (ਖਜ਼ਾਨਚੀ), ਸੰਤੋਖ ਸਿੰਘ ਮੱਲ੍ਹੀ, ਕੇ.ਕੇ. ਸ਼ਰਮਾ, ਕੁਲਜੀਤ ਸਿੰਘ ਮੁਲਤਾਨੀ, ਵਿਕਾਸ ਮਦਨ, ਮੱਖਣ, ਰਜਿੰਦਰ ਸਿੰਘ ਹੈਪੀ ਪੰਮਾ, ਰਾਜਨ, ਰਾਜਾ ਲੰਬੜਦਾਰ, ਬਿਟੂ ਬਰਾੜ ਅਤੇ ਅਮਰਜੀਤ ਢੀਂਡਸਾ ਪਹੁੰਚੇ। ਇੰਡੀਆਨਾ ਤੋਂ ਧਰਮਿੰਦਰ ਖੱਟੜਾ, ਕੁਲਦੀਪ ਲੰਗ, ਰਿੰਪੀ ਖੱਟੜਾ, ਗੁਰਮੀਤ ਬਾਠ, ਦੀਦਾਰ ਧਨੋਆ ਅਤੇ ਵਿਸਕਾਨਸਿਨ ਤੋਂ ਲੱਖਾ ਗੁਰਵਿੰਦਰ ਸਿੰਘ ਅਤੇ ਭੋਲਾ ਸਰਾਂ ਮੇਲੇ ਵਿਚ ਖਾਸ ਤੌਰ 'ਤੇ ਪਹੁੰਚੇ।

ਮੇਲੇ ਦੇ ਡਾਇਮੰਡ ਸਪਾਂਸਰ ਅਮਰਜੀਤ ਅਗਰਵਾਲ, ਅਮਰਜੀਤ ਤੱਖਰ, ਪ੍ਰਧਾਨ ਹਰਵਿੰਦਰ ਵਾਲੀਆ, ਹਰਿੰਦਰ ਕੰਗ, ਅਮਰੀਕ ਟਿਵਾਣਾ ਅਤੇ ਤੀਰਥ ਅਟਵਾਲ ਸਨ।

ਸਪਾਂਸਰਾਂ ਅਤੇ ਪਤਵੰਤੇ ਸੱਜਣਾਂ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਮੀਡੀਆ ਸਪਾਂਸਰ ਚੰਨ ਪਰਦੇਸੀ ਰੇਡੀਓ ਤੋਂ ਸਰਵਣ ਸਿੰਘ ਟਿਵਾਣਾ ਉਚੇਰੇ ਤੌਰ 'ਤੇ ਪਹੁੰਚੇ। ਜੀ.ਈ.ਟੀ. ਪੰਜਾਬੀ ਚੈਨਲ ਨੇ ਮੇਲੇ ਦਾ ਸਿੱਧਾ ਪ੍ਰਸਾਰਨ ਕੀਤਾ ਜਿਸ ਨੂੰ ਦੇਖ ਕੇ ਕੈਨੇਡਾ, ਅਮਰੀਕਾ ਅਤੇ ਭਾਰਤ ਵਿਚ ਮੇਲਾ ਦੇਖ ਰਹੇ ਪੰਜਾਬੀਆਂ ਨੇ ਫੋਨ 'ਤੇ ਪ੍ਰਬੰਧਕਾਂ ਨੂੰ ਵਧਾਈਆਂ ਭੇਜੀਆਂ। ਸ਼ੇਰੇ ਪੰਜਾਬ ਸਪੋਰਟਸ ਸੁਸਾਇਟੀ ਦੇ ਮੈਂਬਰਾਂ ਨੇ ਆਏ ਸਮੂਹ ਦਰਸ਼ਕਾਂ ਅਤੇ ਸਪਾਂਸਰਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ ਹੈ।




## Sher-E-Punjab Sports & Cultural Society (OH)

**Harvinder S. Walia *(President)* 917-862-5000**
**Jaswant S. Jassi *(Vice President)* 513-235-4828**
**Surinder S. Cheema *(Secretary)* 513 324-9043**
**Surjeet S. Mavi *(Treasurer)* 513- 616-4530**

**Parminder S. Takhar**
**937-469-0202**
**Charanjit S. Brar**
**317-903-7400**
**Baljit Singh**
**937-369-3086**
**Gurminder S. Sandhu**
**513-550-6134**
**Bobby Sidhu**
**937-919-4799**
**Balbir Bath**
**513-292-2517**
**Kumar Pawandeep**
**937-838-3767**

**Jasdev S. Gill**
**419-604-9275**
**Sushil Aggarwal**
**937-673-8004**

***We Sincerely thank all our valuable sponsors whose support made the Mela a success.***

**Platinum Sponsors:** Baldev S. Salha, Harvinder S Walia, Amarjit Aggarwal, Amarjit S Takhar, Amrik S Tiwana, Harinder S Kang, Tirth Atwal, Sikh Society Sports (New York); **Diamond Sponsors:** McConnel & Sons Inc., HT Hackney, Jas (Ambar India Rest), Surjeet S Mavi, Surinder S Cheema, Jasdev Gill, Jaswant S Jassi, Baljit Singh (Maharaja Rest,), Parminder S Takhar, Charanjit Brar, Bobby Sidhu (Simran Transport), Vineet Gupta, Pritampaul Singh, Jasbir S Diptty, Manjit S Salha; **Gold Sponsors:** Happy & Ruby Dayton, Inderjit Singh(Stop N Shop), Avtar S Springfield, Gurminder S Sandhu, Sushil K Aggarwal, Kumar Pawandeep, Balbir S Batth, Palwinder S Dhillon, Narinder S Thind, Lakhvir Bassi, Harjeet Singh Bhullar, Devinder Mundi, Happy Matoot, Satwant S Deol, Pushwinder S Bhatti (Day & Night Exp), Jagtar Fantu, Jasbir S Ahluwalia, Jimmy Brar (Indiana), Balbir S Gill & Kuldeep Singh (Gill Mart), Harvinder Kang (Binda), Sohan S Bilku, Habib Shah, Gurcharan S Kang, Parminder S Bassi, Gurmej Singh & Paul Singh, Harvinder Kang (Binda), Parmjit Singh Garcha, Rupinder Batth (Batth Petroleum), Narinder Tatla (Bannty) (B.D.R. Inc), Jagtar Singh (Xenia Food Mart), Prem Singh (Marion OH), Sarbjit Ghotra (Pappal), Barjinder Singh (PT), Devinder Sohi, Onkar Singh Jalalpur, Harpal S Sangha (Columbus), Sucha Singh (Columbus), Palwinder S Gill (Columbus), Ajaib Sandhu & Harjinder (Columbus), Sukhwinder Singh (Columbus), Daljit Singh Judge, Billu Pandher (KY), Union Truck Driving CA (Sukhi Ghuman), Sukhdev Singh (IN), J S Petroleum (Cheema Lima), Harpreet Singh (KY), Devinder S Kalon/Sonu Aujla Sirhand, Makhan Badesha(IN), Gurpreet Gill (Trenton Veer Inc), Amandeep Singh, Darshan Darar (IN), Prithpal Ghotra (IN), Varinder Sahi (IN), Pal Khalil, Dr. Harjinder Khaira (IL), Happy Heer (IL); **Silver Sponsors:** Dr. Ravinder S Maan, Satnam Singh (Punjab Ventures INC), Rajesh Rawal (Ramada Inn), Raja India Rest (Dalbag Singh), Karamjit Bhade (CA), Baldev S Thind ( Indiana), Lottia Construction (Makhan Singh), Rajinder Singh (Indiana), Balwinder Singh Khakh (IN), Dalbir S Gill, Hardeep Nijjar, Manjot Klair, Mandeep Badesha, Rashpal (Indiana), Gursewak Singh (Vicky), New Krishna (Bobby), Dr.Tarlok Purewal (Columbus), Jay Bedi, Bombay Brazier, Harpreet Saini, Moreb Wholesale, Raj Patel (CPA), Gurvir Hira, Khan Sign, Brij Mohan, Jasbir Singh Mohi, Daljit Brar (Greenwood Indiana), Jagpal Nagra; **Restaurants:** Amber India, Baba India, Kanak India, Raja India, New Krishna, Brij Mohan, Angan , Anand Inda, Royal Taj, Tandoor India, Maharaja Indian Restaurant, Dayton-OH Indian Bistro, Bombay Star, Curries, Deep India, Bombay Grocers, Patel Brothers; Food Catering By Mr. India Restaurant. Event Sponsor: HT Hackney and McConnel & Sons Inc.

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ, ਓਹਾਇਓ ਦਾ ਖੇਡ ਮੇਲਾ: ਤਸਵੀਰਾਂ ਦੀ ਜ਼ੁਬਾਨੀ



















ਬਾਬੂ ਰਜਬ ਅਲੀ ਖਾਨ (10 ਅਗਸਤ 1894-6 ਮਈ 1979) ਦਾ ਜਨਮ ਮੀਆਂ ਧਮਾਲੀ ਖਾਨ ਅਤੇ ਜਿਉਣੀ ਦੇ ਘਰ ਪਿੰਡ ਸਾਹੋਕੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ। ਉਨ੍ਹਾਂ ਨੇ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ (ਓਵਰਸੀਅਰੀ) ਪਾਸ ਕੀਤਾ ਅਤੇ ਸਿੰਜਾਈ ਵਿਭਾਗ ਵਿਚ ਨੌਕਰੀ ਕਰ ਲਈ, ਪਰ ਗਾਉਣ ਦੇ ਇਸ਼ਕ ਕਰ ਕੇ 1940 ਵਿਚ ਨੌਕਰੀ ਛੱਡ ਦਿੱਤੀ। 1947 ਦੀ ਵੰਡ ਵੇਲੇ ਉਨ੍ਹਾਂ ਨੂੰ ਪਾਕਿਸਤਾਨ ਜਾਣਾ ਪਿਆ, ਪਰ ਕਵੀਸ਼ਰ ਦਾ ਦਿਲ ਮਾਲਵੇ ਦੇ ਪਿੰਡਾਂ ਵਿਚ ਹੀ ਰਿਹਾ। ਲਹਿੰਦੇ ਪੰਜਾਬ ਵਿਚ ਉਨ੍ਹਾਂ ਨੂੰ ਓਕਾੜਾ ਜ਼ਿਲ੍ਹੇ ਵਿਚ ਚੱਕ ਨੰਬਰ 32/2 ਵਿਖੇ ਜ਼ਮੀਨ ਅਲਾਟ ਹੋਈ। ਉਹ ਕਵੀਸ਼ਰੀ ਦੇ ਬਾਦਸ਼ਾਹ ਵਜੋਂ ਮਸ਼ਹੂਰ ਹਨ। ਉਨ੍ਹਾਂ ਦਰਜਨਾਂ ਕਿੱਸੇ ਅਤੇ ਅਨੇਕਾਂ ਕਵਿਤਾਵਾਂ ਲਿਖੀਆਂ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਪੰਜਾਬ, ਖਾਸ ਕਰ ਮਾਲਵੇ ਦੀ ਰੂਹ ਝਲਕਦੀ ਹੈ। ਉਨ੍ਹਾਂ ਦਾ ਚਾਚਾ ਹਾਜੀ ਰਤਨ ਵੀ ਵਧੀਆ ਕਵੀਸ਼ਰ ਸੀ। ਉਨ੍ਹਾਂ ਦੀਆਂ ਰਚਨਾਵਾਂ ਦਾ ਰੰਗ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਉਨ੍ਹਾਂ ਦੀ ਕਵਿਤਾ ਲੜੀਵਾਰ ਛਾਪ ਰਹੇ ਹਾਂ। -ਸੰਪਾਦਕ

## ਰਜਬ ਅਲੀ ਦੇ ਰੰਗ-10



# ਗਣਨਾਂ ਦੇ ਬੈਂਤ

### ੧. ਤਿੰਨ ਦਾ ਬੈਂਤ

ਇੱਕ ਤੋਪ, ਪਸਤੌਲ, ਬੰਦੂਕ ਤੀਜੀ,
ਦੱਬੋ ਲਿਬਲਿਬੀ ਕਰਨਗੇ ਫ਼ੈਰ ਤਿੰਨੇਂ।
ਹੰਸ, ਫ਼ੀਲ, ਮੁਕਲਾਵੇ ਜੋ ਨਾਰ ਆਈ,
ਮੜਕ ਨਾਲ ਉਠਾਂਵਦੇ ਪੈਰ ਤਿੰਨੇਂ।
ਅਗਨ-ਬੋਟ, ਤੇ ਸ਼ੇਰ, ਸੰਸਾਰ ਤੀਜਾ,
ਸਿੱਧੇ ਜਾਣ ਦਰਿਆ 'ਚੋਂ ਤੈਰ ਤਿੰਨੇਂ।
ਝੂਠ ਬੋਲਦੇ, ਬੋਲਦੇ ਸੱਚ ਥੋੜ੍ਹਾ,
ਠੇਕੇਦਾਰ, ਵਕੀਲ ਤੇ ਸ਼ਾਇਰ ਤਿੰਨੇਂ।
ਇੱਕ ਸਰਪ ਤੇ ਹੋਰ ਬੰਡਿਆਲ, ਨੂੰਹਾਂ,
ਰਹਿਣ ਹਰ ਘੜੀ ਘੋਲਦੇ ਜ਼ਹਿਰ ਤਿੰਨੇਂ।
ਛਾਲ ਮਾਰ ਦੀਵਾਰ ਨੂੰ ਟੱਪ ਜਾਂਦੇ,
ਨ੍ਹਾਰ, ਚੋਰਟਾ, ਲੱਲਕਰੀ ਟੈਰ ਤਿੰਨੇਂ।
ਜੂਏਬਾਜ਼ ਤੇ ਟਮਟਮਾਂ ਵਾਹੁਣ ਵਾਲਾ,
ਅਤੇ ਵੇਸਵਾ ਸ਼ਰਮ ਬਗ਼ੈਰ ਤਿੰਨੇ।
ਨਾਚਾ, ਨਕਲੀਆ ਔਰ ਗਾਮੰਤਰੀ ਵੀ,
ਜਿੱਥੇ ਖੜ੍ਹਨ ਲਗਾਂਵਦੇ ਲਹਿਰ ਤਿੰਨੇਂ।
ਨਵਾਂ ਆਸ਼ਕੀ, ਤੇ ਗਧਾ, ਗਾਹ ਵਾਲਾ,
ਠੀਕ ਭਾਲਦੇ ਸਿਖਰ ਦੁਪਹਿਰ ਤਿੰਨੇਂ।
ਸ਼ਾਹੂਕਾਰ, ਹਕੀਮ, ਕਲਰਕ ਤੀਜਾ,
ਵੇਲੇ ਸ਼ਾਮ ਦੇ ਕਰਨਗੇ ਸੈਰ ਤਿੰਨੇਂ।
ਊਠ, ਸਾਹਨ ਤੇ ਅਉਰ ਪਠਾਨ ਤੀਜਾ,
ਦਿਲੋਂ ਨਹੀਂ ਗੰਵਾਂਵਦੇ ਵੈਰ ਤਿੰਨੇਂ।
'ਰਜਬ ਅਲੀ' ਗ਼ੁਲਾਮ ਤੇ ਜੱਟ, ਚੂਹੜਾ,
ਰੱਜੇ ਨਹੀਂ ਗੁਜ਼ਾਰਦੇ ਖ਼ੈਰ ਤਿੰਨੇਂ।



*ਹੰਸ, ਫ਼ੀਲ, ਮੁਕਲਾਵੇ ਜੋ ਨਾਰ ਆਈ, ਮੜਕ ਨਾਲ ਉਠਾਂਵਦੇ ਪੈਰ ਤਿੰਨੇਂ...*

### ੨. ਚਾਰ ਦਾ ਬੈਂਤ

ਸਾਇਆ ਸੰਘਣੀ ਸਰਦ ਜ਼ਰੂਰ ਦਿੰਦੇ,
ਪਿੱਪਲ, ਨਿੰਮ, ਸ਼ਰੀਂਹ ਤੇ ਬੋਹੜ ਚਾਰੇ।
ਦੁੱਖ ਦੇਣ ਨ ਚੱਲੀਏ ਪੈਰ ਨੰਗੇ,
ਕੰਡਾ, ਕੱਚ, ਅਰ ਠੀਕਰੀ, ਰੋੜ ਚਾਰੇ।
ਪਿੱਛੇ ਲੱਗੀਆਂ ਲਹਿਣ ਬੀਮਾਰੀਆਂ ਨਾ,
ਦੱਦ, ਖੰਘ, ਅਧਰੰਗ ਤੇ ਕੋਹੜ ਚਾਰੇ।
ਵੱਸ ਭੂਤ, ਸਪੂਤ, ਸਰਵੈਂਟ, ਚੇਲਾ,
ਨਹੀਂ ਕਰਨ ਜ਼ਬਾਨ ਸੇ ਮੋੜ ਚਾਰੇ।
ਦਾਤਾ, ਭੰਡ, ਗੰਢ-ਕੱਟ, ਜੁਆਰੀਆ ਵੀ,
ਧਨ ਦਿਨ ਮੇਂ ਦੇਣ ਨਖੋੜ ਚਾਰੇ।
ਜਤੀ, ਸਖ਼ੀ, ਅਵਤਾਰ ਤੇ ਹੋਰ ਸੂਰਾ,
ਠੀਕ ਰੱਖਦੇ ਧਰਮ ਦੀ ਲੋੜ ਚਾਰੇ।
ਦਿਲ, ਦੁੱਧ ਤੇ ਕੱਚ ਸਮੇਤ ਪੱਥਰ,
ਫਟੇ ਜੁੜਨ ਨ ਫੇਰ ਲਗ ਜੋੜ ਚਾਰੇ।
ਸੱਸੂ, ਹਰਨ, ਜੈਕਾਲ ਸਮੇਤ ਲੂੰਬੜ,
ਕੁੱਤਾ ਦੇਖ ਕੇ ਜਾਣ ਸਿਰ ਤੋੜ ਚਾਰੇ।
ਠਾਣੇਦਾਰ, ਮੁਟਿਆਰ, ਚਕੋਰ, ਹਾਥੀ,
ਜਦੋਂ ਤੁਰਨਗੇ ਕਰਨ ਮਰੋੜ ਚਾਰੇ।
ਇੱਕ ਵੇਲਣਾ, ਜੋਕ ਤੇ ਭੌਰ, ਮੱਖੀ,
ਭਰੇ ਰਸਾਂ ਨੂੰ ਲੈਣ ਨਿਚੋੜ ਚਾਰੇ।
ਦੂਤੀ, ਚੁਗ਼ਲ, ਅੰਗਰੇਜ਼, ਬਦਕਾਰ ਤੀਵੀਂ,
ਦੇਣ ਯਾਰ ਸੇ ਯਾਰ ਵਿਛੋੜ ਚਾਰੇ।
'ਰਜਬ ਅਲੀ' ਕਬਿੱਤ ਤੇ ਬੈਂਤ ਦੋਹਰਾ,
ਲਵਾਂ ਛੰਦ ਮੁਕੰਦ ਮੈਂ ਜੋੜ ਚਾਰੇ।

### ੩. ਪੰਜ ਦਾ ਬੈਂਤ

ਗਊ, ਛੱਤਰੀ, ਕੰਨਿਆਂ, ਮੱਲ, ਸਾਧੂ,
ਕਲੂ ਕਾਲ ਮੇਂ ਛੋੜ ਗਏ ਸੱਤ ਪੰਜੇ।
ਖਿੰਦਾ, ਦੁੱਧ, ਬਦਾਮ, ਤੇ ਮਾਸ ਆਂਡੇ,
ਆਹਾ ਥੋਕ ਵਧਾਂਵਦੇ ਰੱਤ ਪੰਜੇ।
ਠੱਗੀ, ਚੋਰੀਆਂ, ਚੁਗ਼ਲੀਆਂ, ਝੂਠ, ਜੂਆ,
ਡੋਬ ਦੇਣ ਇਨਸਾਨ ਨੂੰ ਧੱਤ ਪੰਜੇ।
ਪੂੰਨ, ਜਾਪ ਤੇ ਸ਼ਰਮ ਤੇ ਸੱਚ, ਸੇਵਾ,
ਚੰਗੇ ਭਾਗ ਤਾਂ ਮਾਰ ਲੈ ਬੱਤ ਪੰਜੇ।
ਰੂਈ, ਰੇਸ਼ਮ, ਉੱਨ, ਤੇ ਸਣ, ਕਿਉੜਾ,
ਨਾਰਾਂ ਸਿਆਣੀਆਂ ਲੈਂਦੀਆਂ ਕੱਤ ਪੰਜੇ।

### ੪. ਛੇ ਦਾ ਬੈਂਤ

ਪਹਿਰੇਦਾਰ, ਰਾਖਾ, ਬਿੰਡਾ, ਬਾਲ, ਕੁੱਤਾ,
ਅਤੇ ਕਾਗਲਾ ਪਾਉਣਗੇ ਡੰਡ ਛੀਏ।
ਵਾਲਦੈਨ, ਹਕੀਮ ਤੇ ਨਾਰ, ਨੌਕਰ,
ਮਿੱਤਰ, ਪੀਰ ਦੁੱਖ ਲੈਣਗੇ ਵੰਡ ਛੀਏ।
ਸ਼ੇਰ, ਸੂਰਮਾ, ਨਾਗ, ਸੰਸਾਰ, ਬਿੱਛੂ,
ਬਾਜ਼ ਹਰਖ ਕੇ ਕਰਨ ਨਾ ਕੰਡ ਛੀਏ।
ਉਹ ਤਾਂ ਮੌਤ ਦਾ ਖ਼ੌਫ਼ ਨਾ ਕਰਨ ਕੋਈ,
ਸਗੋਂ ਵੱਧ ਫੈਲਾਂਵਦੇ ਝੰਡ ਛੀਏ।
ਕੀੜੇ, ਆਹਣ, ਕੁਆਰੀ, ਕੂੰਜ, ਮ੍ਰਿਗ, ਬੇੜਾ,
ਧੋਖਾ ਖਾਣ ਜੇ ਛੋਡਗੇ ਮੰਡ ਛੀਏ।
ਬਾਹਮਣ, ਬਾਣੀਏਂ, ਜੈਨ, ਰਜਪੂਤ, ਸੱਯਦ,
ਜ਼ਿਆਦਾ ਭਾਵੜੇ ਭੋਗਦੇ ਰੰਡ ਛੀਏ।
ਛੇੜੂ, ਛੜਾ, ਪਾਹੜਾ, ਨਾਈ ਡੂੰਮ, ਪਾਠੀ,
ਜ਼ਿਆਦਾ ਖਾਣ ਜਹਾਨ ਤੇ ਖੰਡ ਛੀਏ।
ਠਾਣਾ ਸਿੰਘ, ਫਤਿਹ, ਭਗਤ ਰਾਮ, ਸਾਈਂ,
ਜਾਨਾਂ, ਮੱਘਰ ਨ ਕਰਨ ਘੁਮੰਡ ਛੀਏ।

---



**ਨਾਚਾ, ਨਕਲੀਆ ਔਰ ਗਾਮੰਤਰੀ ਵੀ**
**ਜਿੱਥੇ ਖੜ੍ਹਨ ਲਗਾਂਵਦੇ ਲਹਿਰ ਤਿੰਨੇਂ...**

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਅਕਤੂਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-86



*ਸਹਿਜ ਸਹਿਜ ਨਾਲ ਖੂਹ ਪਿਆ ਵਗੇ ਟਿੰਡਾਂ ਸੁੱਟਣ ਪਾਣੀ।*
*ਨਵੇਂ ਪੋਚ ਲਈ ਬਣ ਕੇ ਰਹਿ ਗਈ ਇਹ ਵੀ ਇਕ ਕਹਾਣੀ!*

## ਕੈਪਸ਼ਨ ਮੁਕਾਬਲਾ-84



ਭੰਡਾ ਭੰਡਾਰੀਆ ਦੀ ਖੇਡ ਕੀ ਹੈ ਦੱਸਦੀ?
ਚੰਗੀ ਤਰ੍ਹਾਂ ਸਭ ਨੂੰ ਮੈਂ ਅੱਜ ਸਮਝਾਵਾਂ।
ਜ਼ਿੰਦਗੀ ਦੀ ਜੰਗ ਨੂੰ ਸਫਲ ਬਣਾਉਣ ਲਈ
ਜ਼ਿੰਮੇਵਾਰੀ ਉਠਾਉਣ ਦੀ ਤਰਕੀਬ ਬਣਾਵਾਂ।
ਸੋਚ, ਮਿਹਨਤ, ਲਗਨ ਨਾਲ ਵਿਚ ਪੁਲਾੜੀਂ
ਕਲਪਨਾ ਤੇ ਸੁਨੀਤਾ ਵਾਂਗੂੰ ਤਾਰੀਆਂ ਲਾਵਾਂ।
ਕਦੀ ਮਾਈ ਭਾਗੋ, ਕਦੀ ਮਦਰ ਟਰੇਸਾ
ਕਦੀ 'ਲੇਡੀ ਵਿਦ ਦੀ ਲੈਂਪ' ਅਖਵਾਵਾਂ।
ਮੈਨੂੰ ਇੰਨੀ ਕਮਜ਼ੋਰ ਕਦੀ ਸਮਝਣਾ ਨਾ
ਲੋੜ ਪਈ ਤਾਂ ਮੈਂ ਸ਼ੀਹਣੀ ਬਣ ਜਾਵਾਂ।
*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਅੱਧੀ ਛੁੱਟੀ ਹੋਈ ਸਕੂਲੇ,
ਭੰਡਾ ਭਡਾਰੀਆ ਖੇਡ ਰਚਾਈ।
ਵਾਰੀ ਵਾਰੀ ਮੁੱਠੀਆਂ ਚੁੱਕ ਕੇ,
ਕਰਨ ਭਾਰ ਦੀ ਪੁੱਛ ਪੁਛਾਈ।
'ਭਾਰ' ਆਪਣੇ ਦਾ ਫ਼ਿਕਰ ਭੁਲਾ ਕੇ,
ਰਲ਼ ਮਿਲ਼ ਕੁੜੀਆਂ ਲੁੱਡੀ ਪਾਈ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਮੁੰਡੇ ਖੇਡਣ ਕਬੱਡੀ ਨਾਲੇ ਵਾਲੀਬਾਲ,
ਕੁੜੀਆਂ ਕਿਹੜਾ ਘੱਟ,
ਇਹ ਵੀ ਕਰਨ ਕਮਾਲ,
ਪੜ੍ਹਦੀਆਂ ਲਿਖਦੀਆਂ ਹੋਣ ਉਡਾਰ।
ਰਲ ਕੇ ਖੇਡਣ ਭੰਡਾ ਭੰਡਾਰੀਆ
ਕਿੰਨਾ ਕੁ ਭਾਰ...
ਪੁੱਤਰ ਹਰ ਦਮ ਕਰਦੇ ਨੱਕ ਵਿਚ ਦਮ,
ਧੀਆਂ ਵੰਡਾਉਂਦੀਆਂ ਮਾਂ-ਬਾਪ ਦੇ ਗਮ,
ਹਰ ਵੇਲੇ ਇਹ ਕਰਨ ਪਿਆਰ।
ਰਲ ਕੇ ਖੇਡਣ ਭੰਡਾ ਭੰਡਾਰੀਆ
ਕਿੰਨਾ ਕੁ ਭਾਰ...।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

## ਸਰਕਾਰ 2.5 ਕਰੋੜ ਲੋਕਾਂ ਨੂੰ ਵੰਡੇਗੀ ਮੁਫ਼ਤ ਫੋਨ

**ਨਵੀਂ ਦਿੱਲੀ:** ਬੇਸ਼ੱਕ ਚੋਣ ਕਮਿਸ਼ਨ ਵੱਲੋਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਲਈ ਪ੍ਰੋਗਰਾਮ ਜਾਰੀ ਕਰ ਦਿੱਤਾ ਗਿਆ ਹੈ ਪਰ ਸਰਕਾਰ ਨੇ ਅਗਲੇ ਚਾਰ ਸਾਲਾਂ ਦੌਰਾਨ ਦੇਸ਼ ਭਰ ਦੇ ਪਿੰਡਾਂ ਵਿਚ 2.5 ਕਰੋੜ ਲੋਕਾਂ ਨੂੰ ਮੁਫਤ ਮੋਬਾਈਲ ਫੋਨ ਵੰਡਣ ਦੇ ਫੈਸਲਾ ਕਰ ਲਿਆ ਹੈ।

ਇਸ ਸਕੀਮ 'ਤੇ 4850 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਹ ਸਕੀਮ ਪੜਾਅ ਵਾਰ ਅਮਲ ਵਿਚ ਲਿਆਂਦੀ ਜਾਵੇਗੀ। ਪਹਿਲੇ ਸਾਲ 25 ਲੱਖ, ਦੂਸਰੇ ਸਾਲ 50 ਲੱਖ, ਤੀਸਰੇ ਸਾਲ 75 ਲੱਖ ਤੇ ਚੌਥੇ ਸਾਲ ਇਕ ਕਰੋੜ ਲੋਕਾਂ ਨੂੰ ਮੋਬਾਈਲ ਫੋਨ ਮੁਹੱਈਆ ਕਰਵਾਏ ਜਾਣਗੇ।

## ਨਿਊਜ਼ੀਲੈਂਡ ਵਿਚ ਦੋ ਭਾਰਤੀਆਂ ਨੂੰ ਸਜ਼ਾ

**ਆਕਲੈਂਡ:** ਨਿਊਜ਼ੀਲੈਂਡ ਦੀ ਇਕ ਅਦਾਲਤ ਨੇ ਆਕਲੈਂਡ ਦੇ ਇਕ ਕਾਸਲ ਤੋਂ 676855 ਡਾਲਰ ਦੀ ਧੋਖਾਧੜੀ ਦੇ ਮਾਮਲੇ ਵਿਚ ਭਾਰਤੀ ਮੂਲ ਦੇ ਦੋ ਲੋਕਾਂ ਨੂੰ ਸਜ਼ਾ ਸੁਣਾਈ। ਦੋਸ਼ੀ ਹੇਮੰਤ ਕੁਮਾਰ ਮਹਾਰਾਜ ਤੇ ਸੁਰੇਸ਼ ਦੀਨ ਨੂੰ ਸਜ਼ਾ ਲਈ ਆਕਲੈਂਡ ਜ਼ਿਲ੍ਹਾ ਅਦਾਲਤ ਵਿਚ ਪੇਸ਼ ਕੀਤਾ ਗਿਆ। ਉਨ੍ਹਾਂ ਨੂੰ ਜੂਨ ਵਿਚ ਧੋਖਾਧੜੀ ਸਮੇਤ ਹੋਰ ਦੋਸ਼ਾਂ ਵਿਚ ਦੋਸ਼ੀ ਪਾਇਆ ਗਿਆ ਸੀ।

ਮਹਾਰਾਜ ਨੂੰ ਦੋ ਸਾਲ ਅਤੇ 10 ਮਹੀਨਿਆਂ ਦੀ ਕੈਦ ਦੀ ਸਜ਼ਾ ਤੇ ਦੀਨ ਨੂੰ 10 ਮਹੀਨਿਆਂ ਦੀ ਗ੍ਰਹਿ ਹਿਰਾਸਤ ਤੇ 350 ਘੰਟਿਆਂ ਦੀ ਸਮਾਜ ਸੇਵਾ ਦੀ ਸਜ਼ਾ ਸੁਣਾਈ ਗਈ।

# ਜੀ ਬੀ ਸ਼ਾਅ ਦਾ ਸਮਕਾਲੀ ਸੁਚੇਤ ਸਿੰਘ ਔਜਲਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੈਂ ਜਿਸ ਵਿਅਕਤੀ ਦੀ ਗੱਲ ਕਰਨ ਲੱਗਿਆ ਹਾਂ ਉਸ ਨੂੰ ਅਬੁਲ ਕਲਾਮ ਆਜ਼ਾਦ, ਜੇ ਬੀ ਕ੍ਰਿਪਲਾਨੀ, ਫਿਰੋਜ਼ ਗਾਂਧੀ, ਸ. ਬਲਦੇਵ ਸਿੰਘ, ਗੁਰਮੁਖ ਸਿੰਘ ਮੁਸਾਫਰ, ਸੁਚੇਤਾ ਕ੍ਰਿਪਲਾਨੀ, ਸਰਦਾਰ ਪਟੇਲ ਆਦਿ ਦਾ ਸਮਕਾਲੀ ਕਹਿਣਾ ਵਧੇਰੇ ਉਚਿਤ ਹੈ। ਉਹ ਦੇਸ਼ ਵੰਡ ਸਮੇਂ ਪੈਪਸੂ ਤੋਂ ਭਾਰਤ ਦੀ ਕਨਸਟੀਚੂਐਂਟ ਅਸੈਂਬਲੀ ਦਾ ਮੈਂਬਰ ਸੀ, 305 ਵਿਚੋਂ ਇੱਕ। ਵਿਦਿਆਰਥੀ ਹੁੰਦਿਆਂ ਉਸ ਦਾ ਨਹਿਰੂ ਪਰਿਵਾਰ ਦੀ ਜਨਕ ਕੁਮਾਰੀ ਜ਼ੁਤਸ਼ੀ ਨਾਲ ਸੁੱਕਦਾ ਇਸ਼ਕ ਰਿਹਾ ਤੇ ਲੰਡਨ ਵਿਖੇ ਡਾਕਟਰੇਟ ਕਰਨ ਗਿਆ ਕਿਸੇ ਗਲੋਂ ਬਰਨਾਰਡ ਸ਼ਾਅ ਨਾਲ ਤਕਰਾਰ ਵੀ। ਹਾਈਡ ਪਾਰਕ ਵਿਖੇ ਆਪਣੇ ਪ੍ਰਵਚਨ ਸਮੇਂ ਉਸ ਦੀ ਟਿੱਪਣੀ ਨੂੰ ਲੈ ਕੇ ਸ਼ਾਅ ਨੇ ਕਿਹਾ ਸੀ, 'ਮੁਬਾਰਕ ਹੋਵੇ ਇੰਡੀਅਨ ਰਿਸ਼ੀ! ਮੈਂ ਤਾਂ ਤੈਨੂੰ ਪ੍ਰਭਾਵਤ ਕਰਨ ਵਿਚ ਅਸਫਲ ਸੀ ਪਰ ਤੂੰ ਮੈਨੂੰ ਉਲਝਾਉਣ ਵਿਚ ਪੂਰਾ ਸਫਲਾ।' ਸ਼ਾਅ ਦੇ ਉਤਰ ਅਤੇ ਦਾੜ੍ਹੀ ਪਗੜੀ ਵਾਲੇ ਬੰਦੇ ਲਈ ਰਿਸ਼ੀ ਸ਼ਬਦ ਦੀ ਵਰਤੋਂ ਸ਼ਾਅ ਦੀ ਹਾਜ਼ਰ ਜਵਾਬੀ ਦਾ ਨਮੂਨਾ ਹੈ। ਵਿਚਾਰ ਅਧੀਨ ਵਿਅਕਤੀ ਸੇਵਾ ਮੁਕਤ ਡੀ ਜੀ ਪੀ ਜੀ.ਐਸ. ਔਜਲਾ ਦਾ ਪਿਤਾ ਸੁਚੇਤ ਸਿੰਘ ਔਜਲਾ ਸੀ।

ਮੈਨੂੰ ਇਸ ਹਸਤੀ ਦੀ ਦਲੀਲਬਾਜ਼ੀ, ਭਾਸ਼ਾ ਤੇ ਸ਼ਖਸੀਅਤ ਦੇ ਦਰਸ਼ਨ ਪੁਤਰ ਵਲੋਂ ਅੰਗਰੇਜ਼ੀ ਵਿਚ ਲਿਖੀ ਪਿਤਾ ਦੀ ਜੀਵਨੀ 'ਏ ਫਿਊ ਮੋਰ ਪੈਟਰੀਆਟਸ' ਵਿਚੋਂ ਹੋਏ ਹਨ। ਇਸ ਵਿਚ ਬੇਟੇ ਨੇ ਪਿਤਾ ਦੀ ਡਾਇਰੀ, ਦਸਤਾਵੇਜ਼ਾਂ ਤੇ ਚਿੱਠੀਆਂ ਵਿਚੋਂ ਉਹ ਟੂਕਾਂ ਦਿੱਤੀਆਂ ਹਨ ਜਿਨ੍ਹਾਂ ਦਾ ਟੁਟਵਾਂ ਵੇਰਵਾ ਦੀਵਾਨ ਜਰਮਨੀ ਦਾਸ ਦੀ ਰਚਨਾ ਮਹਾਰਾਜਾ ਵਿਚ ਵੀ ਮਿਲਦਾ ਹੈ। ਖਾਸ ਕਰਕੇ ਉਸ ਮਹਾਰਾਜਾ ਬਾਰੇ ਜਿਸ ਦੇ ਨਾਲ ਪਿਤਾ ਔਜਲਾ ਕੰਮ ਕਰਦਾ ਰਿਹਾ ਹੈ।

ਜੀ ਐਸ ਔਜਲਾ ਨੂੰ ਇਨ੍ਹਾਂ ਵਿਚੋਂ ਕੁਝ ਦਸਤਾਵੇਜ਼ ਵੇਖਣ ਲੰਡਨ ਵੀ ਜਾਣਾ ਪਿਆ। ਭਾਰਤ ਦੀ ਖੁਰਾਕ ਸਮੱਸਿਆ ਬਾਰੇ ਉਸ ਦਾ ਭਾਰਤੀ ਕਿਸਾਨੀ ਦੀਆਂ ਕੁੱਲੀ, ਗੁੱਲੀ, ਜੁੱਲੀ ਨਾਲ ਸਬੰਧਤ ਲੋੜਾਂ ਵਾਲਾ ਭਾਸ਼ਣ ਤੇ ਵੇਰਵਾ ਪੇਂਡੂ ਕਰਜ਼ਦਾਰੀ ਬਾਰੇ ਲਿਖੇ ਐਮ ਐਲ ਡਾਰਲਿੰਗ ਦੇ ਦਸਤਾਵੇਜ਼ ਨੂੰ ਮਾਤ ਪਾਉਂਦਾ ਹੈ।

ਸੁਚੇਤ ਸਿੰਘ ਔਜਲਾ ਨੇ 1928 ਵਿਚ ਪੰਜਾਬ ਯੂਨੀਵਰਸਿਟੀ ਤੋਂ ਅੰਗਰੇਜ਼ੀ ਭਾਸ਼ਾ ਤੇ ਸਾਹਿਤ ਦੀ ਐਮ ਏ ਕਰਨ ਉਪਰੰਤ ਲੰਡਨ ਜਾ ਕੇ ਆਈ ਸੀ ਐਸ ਦਾ ਲਿਖਤੀ ਇਮਤਿਹਾਨ ਵੀ ਪਾਸ ਕੀਤਾ ਹੋਇਆ ਸੀ। ਉਹ ਕਪੂਰਥਲਾ ਦੇ ਪਿੰਡ ਔਜਲਾ ਦਾ ਜੰਮਪਲ ਸੀ ਤੇ ਉਸ ਨੇ ਲਗਭਗ ਪੌਣੀ ਸਦੀ ਕਪੂਰਥਲਾ ਦੀ ਰਿਆਸਤ ਉਤੇ ਰਾਜ ਕਰਨ ਵਾਲੇ ਮਹਾਰਾਜਾ ਜਗਤਜੀਤ ਸਿੰਘ ਨਾਲ, ਡੀ ਐਸ ਪੀ, ਆਈ ਜੀ ਪੀ, ਚੋਣ ਅਧਿਕਾਰੀ, ਜੱਜ, ਨਿਰਦੇਸ਼ਕ ਤੇ ਸਕੱਤਰ ਦੀ ਪਦਵੀ 'ਤੇ ਕੰਮ ਕੀਤਾ ਸੀ। ਰਿਆਸਤੀ ਮਾਣ ਸਨਮਾਨ ਦੇ ਹੁੰਦਿਆਂ ਸੁੰਦਿਆਂ ਉਹ ਮਨ ਮਰਜ਼ੀ ਨਾਲ ਅਸਤੀਫਾ ਦੇ ਕੇ ਪਰਜਾ ਮੰਡਲ ਵਿਚ ਜਾ ਕੁੱਦਿਆ ਸੀ। ਇਸ ਕੁਰਬਾਨੀ ਸਦਕਾ ਉਹ ਦੇਸ਼ ਭਗਤਾਂ ਵਿਚ ਗਿਣਿਆ ਗਿਆ ਜਿਹੜਾ ਕਿ ਔਜਲਾ ਦੀ ਜੀਵਨੀ ਦਾ ਸਿਰਲੇਖ ਹੈ। 284 ਮੈਂਬਰਾਂ ਦੇ ਦਸਤਖਤਾਂ ਵਾਲੇ ਭਾਰਤੀ ਸੰਵਿਧਾਨ ਦੇ ਹਿੰਦੀ ਅਨੁਵਾਦ ਉਤੇ ਪੰਜਾਬੀ ਵਿਚ ਦਸਤਖਤ ਕਰਨ ਵਾਲੇ ਕੇਵਲ ਚਾਰ ਮੈਂਬਰਾਂ ਵਿਚੋਂ ਇਕ ਉਹ ਵੀ ਸੀ। ਦੂਜੇ ਮੈਂਬਰ, ਸ. ਬਲਦੇਵ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫਰ ਤੇ ਸਰਦਾਰ ਬਹਾਦਰ ਰਣਜੀਤ ਸਿੰਘ ਸਨ। ਚੇਤੇ ਰਹੇ ਕਿ ਇਸ ਕਾਪੀ ਉਤੇ ਸ਼ੇਖ ਮੁਹੰਮਦ ਅਬਦੁੱਲਾ ਤੇ ਸਰ ਜੋਗਿੰਦਰ ਸਿੰਘ ਨੇ ਰਾਜਿੰਦਰ ਪ੍ਰਸ਼ਾਦ, ਪੰਡਤ ਨਹਿਰੂ ਤੇ ਸਰਦਾਰ ਪਟੇਲ ਵਾਂਗ ਹਿੰਦੀ ਵਿਚ ਦਸਤਖਤ ਕੀਤੇ ਸਨ।



ਲੇਖਕ ਜੀ. ਐਸ. ਔਜਲਾ ਪੁਸਤਕ ਸਮੇਤ

ਪੁਸਤਕ ਵਿਚ ਸਰਦਾਰ ਸੁਚੇਤ ਸਿੰਘ ਦੇ ਵੇਰਵਿਆਂ ਤੋਂ ਬਿਨਾਂ ਹੋਰ ਵੀ ਬਹੁਤ ਕੁਝ ਹੈ। ਮਹਾਰਾਜਾ ਜਗਤਜੀਤ ਸਿੰਘ ਦੀ ਭਵਨ ਉਸਾਰੀ ਵਿਚ ਸਿਖਰ ਦੀ ਦਿਲਚਸਪੀ ਤੋਂ ਬਿਨਾਂ ਉਨ੍ਹਾਂ ਨਿਰਦੇਸ਼ਾਂ ਦਾ ਵੀ ਵਰਣਨ ਹੈ ਜਿਨ੍ਹਾਂ ਰਾਹੀਂ ਦੀਵਾਨ ਜਰਮਨੀ ਦਾਸ ਨੂੰ ਸਜ਼ਾਵਾਂ ਜਾਂ ਮੁਆਫੀਆਂ ਦਿੱਤੀਆਂ ਗਈਆਂ ਸਨ। ਇਹ ਦਸਤਾਵੇਜ਼ ਪੁੱਤਰ ਨੂੰ ਪਿਤਾ ਦੀਆਂ ਫਾਈਲਾਂ ਵਿਚੋਂ ਮਿਲੇ ਹਨ। ਪੁਸਤਕ ਦਸਦੀ ਹੈ ਕਿ ਮਹਾਰਾਜਾ ਨੇ ਸਾਰੇ ਭਵਨ ਯੂਰਪ ਤੋਂ ਉਚ ਕੋਟੀ ਦੇ ਆਰਕੀਟੈਕਟ ਬੁਲਾ ਕੇ ਉਨ੍ਹਾਂ ਨੂੰ ਭਾਰਤੀ ਮਾਹਰਾਂ ਦੀ ਸੰਗਤ ਪ੍ਰਦਾਨ ਕਰਕੇ ਤਿਆਰ ਕਰਵਾਏ ਸਨ। ਕੀ ਰਾਜ ਮਹੱਲ ਤੇ ਕੀ ਗੁਰਦੁਆਰਾ, ਮਸਜਿਦ, ਕਲੱਬ ਅਤੇ ਜਲਾਓ ਖਾਨਾ। ਸਾਰੇ ਦੇ ਸਾਰੇ। ਇਨ੍ਹਾਂ ਵਿਚੋਂ ਇਕ ਨੂੰ ਹੁਣ ਕੌਮੀ ਯਾਦਗਾਰ ਦਾ ਦਰਜਾ ਮਿਲ ਚੁੱਕਿਆ ਹੈ।

ਜੀ ਐਸ ਔਜਲਾ ਖੁਦ ਅੰਗਰੇਜ਼ੀ ਦੀ ਐਮ ਏ ਹੈ। ਪੁਸਤਕ ਦੀ ਭਾਸ਼ਾ, ਦਿੱਖ ਤੇ ਪੇਸ਼ਕਾਰੀ ਵਿਚੋਂ ਪਿਤਾ ਦੀ ਸੂਰਤ ਤੇ ਸੀਰਤ ਦਾ ਭੁਲੇਖਾ ਪੈਣਾ ਕੁਦਰਤੀ ਹੈ। ਉਹ ਕਿਸੇ ਜੀ ਬੀ ਸ਼ਾਅ ਨਾਲ ਵਾਦ-ਵਿਵਾਦ ਕਰਨ ਦੀ ਯੋਗਤਾ ਰੱਖੇ ਨਾ ਰਖੇ, ਬਹੁਤਾ ਘੱਟ ਵੀ ਨਹੀਂ। ਪੁਸਤਕ ਪੜ੍ਹਨ ਤੇ ਮਾਨਣ ਵਾਲੀ ਹੈ।

**ਬਰਮਿੰਘਮ ਵਿਚ ਚੱਪਣ ਕੱਦੂ:** ਕੀ ਤੁਸੀਂ ਜਾਣਦੇ ਹੋ ਕਿ ਬਰਮਿੰਘਮ (ਯੂ ਕੇ) ਵਿਚ ਪੰਜਾਬ ਦਾ ਚੱਪਣ ਕੱਦੂ ਖੂਬ ਹੁੰਦਾ ਹੈ। ਪੈਦਾ ਕਰਨ ਵਾਲਾ ਫਲੌਰ ਨੇੜਲੇ ਪਿੰਡ ਕੰਗ ਜਗੀਰ ਦਾ ਦੀਦਾਰ ਸਿੰਘ ਹੈ। ਉਹ 1968 ਦਾ ਉਥੇ ਗਿਆ ਹੋਇਆ ਹੈ। ਉਦੋਂ ਸਾਡੇ ਲੋਕ ਬਰਮਿੰਘਮ ਨੂੰ ਬਰਮੀ ਗਾਓਂ ਕਿਹਾ ਕਰਦੇ ਸਨ। ਉਥੇ ਦੀਦਾਰ ਸਿੰਘ ਜਾਰਜ ਮੋਰਿਸ ਦੀ ਸੰਗਤ ਵਿਚ ਉਸ ਦੇ ਮੂਰ ਗਰੀਨ ਫਾਰਮ ਵਿਚ ਸਬਜ਼ੀਆਂ ਪੈਦਾ ਕਰਦਾ ਹੈ। ਇਨ੍ਹਾਂ ਵਿਚ ਲਾਲ ਮਿਰਚ, ਬੰਦ ਗੋਭੀ, ਫੁੱਲ ਗੋਭੀ, ਆਲੂ, ਮੇਥੀ, ਪਾਲਕ ਤੇ ਗੰਢੇ ਵੀ ਹੁੰਦੇ ਹਨ ਪਰ ਭਾਰਤੀ ਚੱਪਣ ਕੱਦੂ ਦੀ ਸਰਦਾਰੀ ਹੈ। ਕਈ ਵਾਰੀ ਇਹ ਹੱਥਾਂ ਨਾਲ ਚੁਕਿਆ ਵੀ ਨਹੀਂ ਜਾਂਦਾ। ਦੀਦਾਰ ਤੇ ਜਾਰਜ ਦੋਨੋਂ ਸ਼ੋਰਬੇ ਵਾਲੇ ਪਕਵਾਨਾਂ ਦੇ ਸ਼ੌਕੀਨ ਹਨ। ਅਜ ਬਰਮਿੰਘਮ ਵਿਚ ਉਨ੍ਹਾਂ ਦੀ ਚੜ੍ਹਤ ਮੀਡੀਆ ਵੀ ਪਰਵਾਨ ਕਰਦਾ ਹੈ। ਦੀਦਾਰ ਸਿੰਘ ਇਥੋਂ ਦੇ ਬੀਜ ਉਥੇ ਜਾ ਕੇ ਬੀਜਦਾ ਹੈ। ਜਦੋਂ ਗੰਢਿਆਂ ਦੀ ਗੱਲ ਹੋਈ ਤਾਂ ਮੈਂ ਉਹਦੇ ਕੋਲ ਆਪਣੇ ਗੰਢੇ ਮਹਿੰਗੇ ਹੋਣ ਦਾ ਰੋਣਾ ਰੋਇਆ। 'ਤੁਹਾਡੇ ਗੰਢੇ ਮਹਿੰਗੇ ਨਹੀਂ ਹੋਏ ਤੁਹਾਡਾ ਰੁਪਈਆ ਸਸਤਾ ਹੋ ਗਿਆ ਹੈ', ਉਸ ਨੇ ਹੱਸ ਕੇ ਉਤਰ ਦਿੱਤਾ। ਉਹ ਹਰ ਸਾਲ ਆਪਣੇ ਪਿੰਡ ਕੰਗ ਜਗੀਰ ਆਉਂਦਾ ਹੈ। ਇਹ ਮੇਰੀ ਭੂਆ ਦਾ ਪਿੰਡ ਹੈ। ਇਥੋਂ ਬੜੇ ਬੰਦੇ ਵਲਾਇਤ ਜਾ ਕੇ ਪੌਂਡ ਕਮਾ ਰਹੇ ਹਨ। ਸੌ ਸੌ ਰੁਪਏ ਦਾ ਪੌਂਡ। ਬਰਮਿੰਘਮ ਵਿਚ ਇਹ ਪੌਂਡ ਪੰਜਾਬ ਦਾ ਚੱਪਣ ਕੱਦੂ ਪੈਦਾ ਕਰਦਾ ਹੈ।

**ਅੰਤਿਕਾ:** (ਹਰਿਭਜਨ ਸਿੰਘ)
ਮੈਂ ਗ਼ਮ ਦੇ ਸਮੁੰਦਰ 'ਚ ਡੁੱਬਦਾ ਨਹੀਂ ਹਾਂ
ਤੇਰੇ ਗ਼ਮ ਦੇ ਮੈਨੂੰ ਸਹਾਰੇ ਬੜੇ ਨੇ।
ਮੈਂ ਚੁੰਮ ਹੀ ਲਿਆ ਜਾ ਕੇ
ਲਹਿਰਾਂ ਦਾ ਜੋਬਨ
ਅੜੇ ਮੇਰੇ ਪੈਰੀਂ ਕਿਨਾਰੇ ਬੜੇ ਨੇ।

# ਟਾਲੀ ਜਾ ਸਕਦੀ ਸੀ ਪੰਜਾਬ ਦੀ ਵੰਡ: ਰਾਜਮੋਹਨ ਗਾਂਧੀ

## ਗਾਂਧੀ ਦੇ ਪੋਤਰੇ ਦੀ ਕਿਤਾਬ ਵਿਚ ਖੁਲਾਸਾ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਵੰਡ ਦਾ ਸਵਾਲ ਅਜੇ ਵੀ ਭਾਰਤ ਤੇ ਪਾਕਿਸਤਾਨ ਵਿਚ ਰੌਂਗਟੇ ਖੜ੍ਹੇ ਕਰ ਦਿੰਦਾ ਹੈ ਪਰ ਇਤਿਹਾਸਕਾਰ-ਜੀਵਨੀਕਾਰ ਰਾਜਮੋਹਨ ਗਾਂਧੀ ਦਾ ਕਹਿਣਾ ਹੈ ਕਿ ਪੰਜਾਬ ਦੀ ਵੰਡ ਲਈ ਜ਼ਿੰਮੇਵਾਰ ਕਾਰਕਾਂ ਨੂੰ ਨਿਰਪੱਖਤਾ ਨਾਲ ਵਾਚਣਾ ਜ਼ਰੂਰੀ ਹੈ। ਆਪਣੀ ਸੱਜਰੀ ਕਿਤਾਬ 'ਪੰਜਾਬ: ਏ ਹਿਸਟਰੀ ਫਰੌਮ ਔਰੰਗਜ਼ੇਬ ਟੂ ਮਾਊਂਟਬੈਟਨ' ਵਿਚ ਰਾਜਮੋਹਨ ਨੇ ਅਣਵੰਡੇ ਪੰਜਾਬ ਦੀ 240 ਸਾਲਾਂ ਦੀ ਤਵਾਰੀਖ ਲਿਖੀ ਹੈ ਜੋ ਔਰੰਗਜ਼ੇਬ ਦੀ ਮੌਤ ਤੋਂ ਲੈ ਕੇ 1947 ਦੇ ਕਾਲ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ।

ਮਹਾਤਮਾ ਗਾਂਧੀ ਦੇ ਪੋਤਰੇ ਰਾਜਮੋਹਨ ਨੇ ਆਖਿਆ ਕਿ ਉਹ ਅਣਵੰਡੇ ਪੰਜਾਬ ਦੀ ਤਵਾਰੀਖ ਦਾ ਲੇਖਾ ਜੋਖਾ ਕਰਨਾ ਚਾਹੁੰਦੇ ਸਨ। ਉਨ੍ਹਾਂ ਆਖਿਆ ਕਿ ਬਚਪਨ ਦੀ ਦਿੱਲੀ ਯਾਦ ਹੈ ਜਦੋਂ ਇਹ ਪੰਜਾਬੀਆਂ ਦੇ ਸ਼ਹਿਰ ਦਾ ਰੂਪ ਧਾਰ ਗਿਆ ਸੀ। ਉਥੇ ਹਿੰਦੂ, ਮੁਸਲਮਾਨ, ਜਾਟ, ਮਾਥੁਰ ਤੇ ਤਿਵਾੜੀ ਰਹਿੰਦੇ ਸਨ ਤੇ ਫੇਰ ਅਚਾਨਕ ਹੀ ਸਕੂਲ ਦੇ ਮੁਸਲਿਮ ਲੜਕੇ ਚਲੇ ਗਏ। ਉਦੋਂ ਸਕੂਲ ਦਾ ਪ੍ਰਿੰਸੀਪਲ ਇਕ ਪੰਜਾਬੀ ਸੀ। ਬਹੁਤ ਸਾਰੇ ਮੁਸਲਮਾਨ ਦਿੱਲੀ ਛੱਡ ਕੇ ਚਲੇ ਗਏ ਤੇ ਸਰਹੱਦ



ਪਾਰੋਂ ਬਹੁਤ ਸਾਰੇ ਲੋਕ ਇਧਰ ਆ ਗਏ ਸਨ। ਉਸੇ ਦੌਰ ਵਿਚ ਉਨ੍ਹਾਂ ਦੇ ਦਾਦਾ (ਮਹਾਤਮਾ ਗਾਂਧੀ) ਨੂੰ ਮਾਰ ਦਿੱਤਾ ਗਿਆ ਸੀ। ਉਨ੍ਹਾਂ ਦੇ ਲਿਖਣ ਦੀ ਇਹ ਪ੍ਰੇਰਕ ਸ਼ਕਤੀ ਸੀ।

ਉਨ੍ਹਾਂ ਆਪਣੀ ਕਿਤਾਬ ਵਿਚ ਲਿਖਿਆ ਕਿ ਪੰਜਾਬ ਦੀ ਤਿੱਕੜੀ ਦੀ ਦੂਜੀ ਸਿਫਾਰਸ਼ ਇਹ ਸੀ ਕਿ ਇਕ ਮੂਲ ਰਜਮੈਂਟ ਵਿਚ ਸੰਭਾਵੀ ਤੌਰ 'ਤੇ ਵਿਰੋਧੀ ਕੰਪਨੀਆਂ ਸ਼ਾਮਲ ਕੀਤੀਆਂ ਜਾਣ। ਇਸ ਤਰ੍ਹਾਂ ਪੰਜਾਬ ਅਧਾਰਤ ਰਜਮੈਂਟ ਵਿਚ ਜੱਟ ਸਿੱਖਾਂ, ਪੰਜਾਬੀ ਮੁਸਲਮਾਨਾਂ ਤੇ ਪਸ਼ਤੂਨਾਂ ਦੀਆਂ ਦੋ-ਦੋ ਕੰਪਨੀਆਂ ਹੋਣ ਤੇ ਹਿੰਦੂ ਜਾਟਾਂ (ਡੋਗਰੇ) ਦੀ ਇਕ ਕੰਪਨੀ ਹੋਵੇ। ਇਸ ਸੋਚ ਦਾ ਇਹ ਮਤਲਬ ਵੀ ਸੀ ਕਿ ਕੁੱਲ ਹਿੰਦ ਪੱਧਰ 'ਤੇ ਬੰਗਾਲ, ਬੰਬਈ ਤੇ ਮਦਰਾਸ ਦੀਆਂ ਵੱਖੋ-ਵੱਖਰੀਆਂ ਫੌਜਾਂ ਹੋਣ ਤੇ ਇਨ੍ਹਾਂ ਦਾ ਆਪਸੀ ਵਿਚ ਬਹੁਤਾ ਵਾਹ-ਵਾਸਤਾ ਨਾ ਹੋਵੇ।

ਰਾਜਮੋਹਨ ਗਾਂਧੀ ਨੇ ਇਹ ਵੀ ਲਿਖਿਆ ਹੈ ਕਿ ਬਰਤਾਨਵੀ ਰਾਜ ਨੇ ਸੂਬੇ ਵਿਚ ਪਾੜੋ ਤੇ ਰਾਜ ਕਰੋ ਦੀ ਨੀਤੀ ਦੇ ਬੀਜ ਬੀਜਣ ਵਿਚ ਅਹਿਮ ਭੂਮਿਕਾ ਨਿਭਾਈ। ਸਿਤਮਜ਼ਰੀਫੀ ਦੀ ਗੱਲ ਇਹ ਸੀ ਕਿ ਕਤਲੇਆਮ ਦੀਆਂ ਬਹੁਤੀਆਂ ਵਾਰਦਾਤਾਂ ਦੀ ਅਗਵਾਈ ਭਗੌੜੇ ਫੌਜੀਆਂ ਨੇ ਕੀਤੀ ਸੀ। ਪੰਜਾਬ ਨੂੰ ਸਭ ਤੋਂ ਵੱਧ ਅੰਗਰੇਜ਼-ਪੱਖੀ ਸੂਬਾ ਗਿਣਿਆ ਜਾਂਦਾ ਸੀ ਪਰ ਸਭ ਤੋਂ ਵੱਧ ਹਿੰਸਾ ਇਥੇ ਹੋਈ। ਬਸਤੀਵਾਦੀਆਂ ਤੇ ਇਸ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ।

ਆਪਣੇ ਮਨੋਭਾਵ ਸਾਂਝੇ ਕਰਦਿਆਂ ਉਨ੍ਹਾਂ ਲਿਖਿਆ ਕਿ ਜੇ ਕਾਂਗਰਸ ਨੇ ਪੰਜਾਬ ਸੂਬੇ ਦੀ ਮੁੱਖ ਧਿਰ ਯੂਨੀਅਨਿਸਟ ਪਾਰਟੀ ਨਾਲ ਚੰਗੇ ਤਰੀਕੇ ਨਾਲ ਗੱਲਬਾਤ ਕੀਤੀ ਹੁੰਦੀ ਤਾਂ ਵੰਡ ਟਲ ਸਕਦੀ ਸੀ। ਮੰਨਿਆ ਕਿ ਯੂਨੀਅਨਿਸਟ ਪਾਰਟੀ ਵਿਚ ਜਗੀਰੂ ਤੇ ਅੰਗਰੇਜ਼ ਪੱਖੀ ਆਗੂ ਮੌਜੂਦ ਸਨ ਪਰ ਇਸ ਦੀ ਖਾਸੀਅਤ ਸੀ ਕਿ ਇਸ ਪਾਰਟੀ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਲਟ ਮੁਸਲਮਾਨ, ਹਿੰਦੂ ਤੇ ਸਿੱਖ ਸਾਰੇ ਫਿਰਕਿਆਂ ਦੇ ਲੋਕ ਸ਼ਾਮਲ ਸਨ। ਕਾਂਗਰਸ ਵਿਚ ਨਹਿਰੂ ਜਿਹੇ ਸਾਮੰਤਵਾਦ ਵਿਰੋਧੀ ਆਗੂ ਆਪਣੀ ਕੌਮਪ੍ਰਸਤੀ 'ਤੇ ਮਾਣ ਕਰਦੇ ਸਨ ਤੇ ਉਹ ਯੂਨੀਅਨਿਸਟਾਂ ਨੂੰ ਤਿਰਸਕਾਰ ਦੀ ਨਿਗ੍ਹਾ ਨਾਲ ਦੇਖਦੇ ਸਨ ਕਿਉਂਕਿ ਉਨ੍ਹਾਂ ਨੂੰ ਅੰਗਰੇਜ਼-ਪੱਖੀ ਮੰਨਿਆ ਜਾਂਦਾ ਸੀ। ਫੇਰ ਵੀ ਕਿਸੇ ਤਰ੍ਹਾਂ ਦੀ ਗੱਲਬਾਤ ਨਾਲ ਸ਼ਾਇਦ ਵੰਡ ਟਲ ਜਾਂਦੀ।

ਇਹ ਕਿਤਾਬ ਲਿਖਦਿਆਂ ਰਾਜਮੋਹਨ ਨੇ ਕਈ ਮੁਢਲੇ ਤੇ ਦੋਇਮ ਸਰੋਤਾਂ ਦਾ ਸਹਾਰਾ ਲਿਆ ਜਿਨ੍ਹਾਂ ਵਿਚ ਲਾਹੌਰ ਵਿਚ ਉਪਲਬਧ ਪੁਰਾਲੇਖ ਕਾਗਜ਼ਾਤ ਤੇ 19ਵੀਂ ਸਦੀ ਦੇ ਬਰਤਾਨਵੀ ਗਜ਼ਟ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸੁਤੰਤਰਤਾ ਅੰਦੋਲਨ ਦੌਰਾਨ ਕਈ ਸਰਕਾਰੀ ਅਫਸਰਾਂ ਨੇ ਵੀ ਆਪਣੀ ਤਾਇਨਾਤੀ ਦੀਆਂ ਥਾਵਾਂ ਬਾਰੇ ਇਤਿਹਾਸ ਦਾ ਵਰਣਨ ਕੀਤਾ ਸੀ ਜਿਸ ਤੋਂ ਉਨ੍ਹਾਂ ਨੂੰ ਚੋਖੀ ਮਦਦ ਮਿਲੀ।

ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸੁਤੰਤਰਤਾ ਤੋਂ ਬਾਅਦ ਦੇ ਪੰਜਾਬ ਦੀ ਤਰਜਮਾਨੀ ਕਰਨ ਲਈ ਨਵੀਂ ਪੀੜ੍ਹੀ ਨੂੰ ਨਿੱਠ ਕੇ ਤੇ ਨਿਰਪੱਖਤਾ ਨਾਲ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਕਈ ਵਾਰ ਨਵੀਂ ਪੀੜ੍ਹੀ ਦੇ ਮਨ ਵਿਚ ਅਜਿਹੀਆਂ ਸਰਲ ਗੱਲਾਂ ਪਾ ਦਿੰਦੇ ਹਾਂ ਕਿ ਅੰਗਰੇਜ਼ਾਂ ਨੇ ਵੰਡ ਦਿੱਤਾ ਸੀ ਪਰ ਅਸੀਂ ਨਹੀਂ ਜਾਣਦੇ ਕਿ ਵਾਕਈ ਕੀ ਵਾਪਰਿਆ ਸੀ। ਇਸ ਤਰ੍ਹਾਂ ਦੇ ਸੰਕਟ ਭਵਿੱਖ ਵਿਚ ਵੀ ਆ ਸਕਦੇ ਹਨ ਤੇ ਇਤਿਹਾਸ ਤੇ ਸਾਨੂੰ ਵਿਰਸੇ ਵਿਚ ਮਿਲੇ ਵਿਆਪਕ ਬਿਰਤਾਂਤ ਨੂੰ ਸਮਝਣ ਦੀ ਲੋੜ ਹੈ।

# ਬਾਬਿਆਂ ਦੀ ਕਮਾਈ 'ਤੇ ਵੀ ਕਾਨੂੰਨ ਦੀ ਨਜ਼ਰ

**ਚੰਡੀਗੜ੍ਹ:** ਡੇਰਿਆਂ ਤੇ ਧਾਰਮਿਕ ਸੰਸਥਾਵਾਂ 'ਤੇ ਕਰੋੜਾਂ ਰੁਪਏ ਦਾ ਚੜ੍ਹਾਵਾ ਕਾਨੂੰਨ ਦੀ ਨਜ਼ਰ ਹੇਠ ਹੈ। ਬਹੁਤ ਘੱਟ ਲੋਕਾਂ ਨੂੰ ਇਸ ਗੱਲ ਦਾ ਇਲਮ ਹੋਵੇਗਾ ਕਿ ਸੂਬੇ ਵਿਚ ਵੱਖ-ਵੱਖ ਧਰਮਾਂ ਨਾਲ ਸਬੰਧਤ ਮਹਾਂਪੁਰਸ਼ਾਂ ਦੇ ਧਾਰਮਿਕ ਡੇਰੇ ਆਰ.ਟੀ.ਆਈ. ਕਾਨੂੰਨ ਦੇ ਘੇਰੇ ਵਿਚ ਆਉਂਦੇ ਹਨ ਭਾਵ ਕੋਈ ਵੀ ਪੰਜਾਬ ਵਾਸੀ ਸਰਕਾਰੀ ਅਦਾਰਿਆਂ ਵਾਂਗ ਕਿਸੇ ਵੀ ਧਾਰਮਿਕ ਡੇਰੇ ਤੋਂ ਆਰ.ਟੀ.ਆਈ. ਐਕਟ ਤਹਿਤ ਜਾਣਕਾਰੀਆਂ ਮੰਗ ਸਕਦਾ ਹੈ ਬਸ਼ਰਤੇ ਕਿ ਉਸ ਡੇਰੇ ਨੇ ਸਰਕਾਰ ਤੋਂ ਕਦੇ ਨਾ ਕਦੇ ਵਿੱਤੀ ਸਹਾਇਤਾ, ਸਬਸਿਡੀ ਜਾਂ ਸਸਤੇ ਭਾਅ/ਮੁਫਤ ਜ਼ਮੀਨ ਹਾਸਲ ਕੀਤੀ ਹੋਵੇ।

ਸੂਚਨਾ ਕਮਿਸ਼ਨ ਪੰਜਾਬ ਅਜਿਹੇ ਸਰਕਾਰੀ ਸਹਾਇਤਾ ਪ੍ਰਾਪਤ ਡੇਰਿਆਂ ਨੂੰ ਆਰ.ਟੀ.ਆਈ. ਕਾਨੂੰਨ ਤਹਿਤ ਜਨਤਕ ਅਥਾਰਟੀ ਐਲਾਨਣ ਲਈ ਤਿਆਰ ਹੈ। ਚੇਤੇ ਰਹੇ ਕਿ ਜਨਤਕ ਅਥਾਰਟੀ ਐਲਾਨੇ ਜਾਣ ਤੇ ਕਿਸੇ ਵੀ ਅਦਾਰੇ ਨੂੰ ਆਪਣਾ ਲੋਕ ਸੂਚਨਾ ਅਧਿਕਾਰੀ (ਪੀ.ਆਈ.ਓ.) ਨਿਯੁਕਤ ਕਰਨਾ ਪੈਂਦਾ ਹੈ ਤੇ ਲੋਕਾਂ ਵੱਲੋਂ ਆਰ.ਟੀ.ਆਈ. ਤਹਿਤ ਮੰਗੀਆਂ ਜਾਣਕਾਰੀਆਂ ਦੇਣੀਆਂ ਪੈਂਦੀਆਂ ਹਨ।

ਰਾਜ ਸੂਚਨਾ ਕਮਿਸ਼ਨਰ ਨੇ ਦੱਸਿਆ ਕਿ ਅਜਿਹੇ ਧਾਰਮਿਕ ਡੇਰੇ ਜਿਹੜੇ ਕਿ ਸਰਕਾਰ ਤੋਂ ਬਿਜਲੀ-ਪਾਣੀ 'ਤੇ ਸਬਸਿਡੀ ਲੈ ਰਹੇ ਹੋਣ ਜਾਂ ਜਿਨ੍ਹਾਂ ਨੂੰ ਸਰਕਾਰ ਨੇ ਧਾਰਮਿਕ ਸੰਸਥਾ ਆਖ ਕੇ ਜ਼ਮੀਨ ਅਲਾਟ ਕਰ ਦਿੱਤੀ ਹੋਵੇ ਜਾਂ ਜਿਨ੍ਹਾਂ ਨੇ ਬਾਜ਼ਾਰੀ ਕੀਮਤ ਤੋਂ ਸਸਤੀ ਜ਼ਮੀਨ ਹਾਸਲ ਕੀਤੀ ਹੋਵੇ ਜਾਂ ਜਿਹੜੇ ਡੇਰੇ ਸਰਕਾਰ ਤੋਂ ਕਿਸੇ ਤਰ੍ਹਾਂ ਦਾ ਲਾਭ ਹਾਸਲ ਕਰ ਰਹੇ ਹਨ, ਆਰ.ਟੀ.ਆਈ. ਭਾਵ ਸੂਚਨਾ ਅਧਿਕਾਰ ਕਾਨੂੰਨ ਦੇ ਘੇਰੇ ਵਿਚ ਆਉਂਦੇ ਹਨ।

ਉਨ੍ਹਾਂ ਦੱਸਿਆ ਕਿ ਕੁਝ ਸਮਾਂ ਪਹਿਲਾਂ ਦਿੱਲੀ ਦੇ ਇਕ ਵਿਅਕਤੀ ਨੇ ਪੰਜਾਬ ਤੇ ਹੋਰ ਰਾਜਾਂ ਵਿਚ ਚਲਦੇ ਧਾਰਮਿਕ ਡੇਰੇ ਤੋਂ ਆਰ.ਟੀ.ਆਈ. ਤਹਿਤ ਅਹਿਮ ਵੇਰਵੇ ਮੰਗ ਲਏ ਸਨ ਪਰ ਡੇਰੇ ਨੇ ਉਹ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਦੀ ਸ਼ਿਕਾਇਤ ਵਿਅਕਤੀ ਨੇ ਪੰਜਾਬ ਸੂਚਨਾ ਕਮਿਸ਼ਨ ਨੂੰ ਕੀਤੀ ਸੀ।

ਕਮਿਸ਼ਨ ਨੇ ਇਸ ਮਾਮਲੇ ਵਿਚ ਫੈਸਲਾ ਸੁਣਾਉਣ ਲਈ ਤਿੰਨ ਸੂਚਨਾ ਕਮਿਸ਼ਨਰਾਂ ਦਾ ਵੱਡਾ ਬੈਂਚ ਵੀ ਗਠਿਤ ਕਰ ਦਿੱਤਾ ਸੀ ਪਰ ਅਚਾਨਕ ਸ਼ਿਕਾਇਤਕਰਤਾ ਵਿਅਕਤੀ ਨੇ ਇਹ ਕਹਿੰਦਿਆਂ ਕੇਸ ਵਾਪਸ ਲੈ ਲਿਆ ਕਿ ਉਹ ਡੇਰੇ ਤੋਂ ਆਰ.ਟੀ.ਆਈ. ਤਹਿਤ ਜਾਣਕਾਰੀ ਨਹੀਂ ਲੈਣਾ ਚਾਹੁੰਦਾ। ਕਮਿਸ਼ਨਰ ਨੇ ਦੱਸਿਆ ਕਿ ਕੋਈ ਵੀ ਪੰਜਾਬ ਵਾਸੀ ਜੇ ਕਿਸੇ ਵੀ ਡੇਰੇ ਵੱਲੋਂ ਲਈ ਗਈ ਸਰਕਾਰੀ ਸਹਾਇਤਾ ਦੇ ਸਬੂਤਾਂ ਨਾਲ ਸੂਚਨਾ ਕਮਿਸ਼ਨ ਤੱਕ ਪਹੁੰਚ ਕਰਦਾ ਹੈ ਤਾਂ ਕਮਿਸ਼ਨ ਨੂੰ ਯਕੀਨੀ ਤੌਰ 'ਤੇ ਅਜਿਹੇ ਕਿਸੇ ਵੀ ਡੇਰੇ ਨੂੰ ਆਰ.ਟੀ.ਆਈ. ਕਾਨੂੰਨ ਤਹਿਤ ਜਨਤਕ ਅਥਾਰਿਟੀ ਐਲਾਨਣਾ ਪਵੇਗਾ, ਬਸ਼ਰਤੇ ਕਿ ਉਹ ਵਾਸੀ ਉਪਰੋਕਤ ਵਿਅਕਤੀ ਵਾਂਗ ਸ਼ਿਕਾਇਤ ਵਾਪਸ ਨਾ ਲਵੇ।

# ਡੇਰਾ ਮੁਖੀ ਸਣੇ ਤਿੰਨ ਨੂੰ ਧਾਰਮਿਕ ਸਜ਼ਾ ਸੁਣਾਈ

**ਆਨੰਦਪੁਰ ਸਾਹਿਬ:** ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਇਤਿਹਾਸਕ ਫੈਸਲਾ ਸੁਣਾਉਂਦੇ ਹੋਏ ਜਥੇਦਾਰ ਮੱਲ ਸਿੰਘ ਨੇ ਪਥਰੇੜੀ ਵਿਚ ਸਥਿਤ ਡੇਰੇ ਦੇ ਮੁਖੀ ਕੇਸਰ ਸਿੰਘ, ਗ੍ਰੰਥੀ ਰਮਨਜੀਤ ਸਿੰਘ ਤੇ ਚੌਕੀਦਾਰ ਪਰਮਜੀਤ ਸਿੰਘ ਨੂੰ ਧਾਰਮਿਕ ਸਜ਼ਾ ਸੁਣਾਈ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨ ਪਿੰਡ ਪਥਰੇੜੀ ਦੇ ਡੇਰੇ ਵਿਚ ਗੁਰੂ ਗ੍ਰੰਥ ਸਾਹਿਬ ਦੇ ਸੱਤ ਪਾਵਨ ਸਰੂਪ ਅਗਨ ਭੇਟ ਹੋ ਗਏ ਸਨ ਜਿਸ ਦੀ ਖਬਰ ਮਿਲਦੇ ਹੀ ਜਥੇਦਾਰ ਗਿਆਨੀ ਮੱਲ ਸਿੰਘ ਤੇ ਪੰਜ ਪਿਆਰਿਆਂ ਨੇ ਮੌਕੇ 'ਤੇ ਪਹੁੰਚ ਕੇ ਹਾਲਾਤ ਦਾ ਜਾਇਜ਼ਾ ਲਿਆ ਸੀ।

ਗਿਆਨੀ ਮੱਲ ਸਿੰਘ ਨੇ ਉਸੇ ਵੇਲੇ ਉਥੋਂ ਦੇ ਪ੍ਰਬੰਧਕਾਂ ਨੂੰ ਆਦੇਸ਼ ਦਿੱਤਾ ਸੀ ਕਿ ਉਹ ਦੋ ਅਕਤੂਬਰ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਅੱਗੇ ਪੇਸ਼ ਹੋਣ। ਇਸ ਦੇ ਮੱਦੇਨਜ਼ਰ ਡੇਰੇ ਦੇ ਪ੍ਰਬੰਧਕ ਵੱਡੀ ਗਿਣਤੀ ਵਿਚ ਹਾਜ਼ਰ ਹੋਏ ਤੇ ਖਿਮਾ ਯਾਚਨਾ ਕੀਤੀ। ਗਿਆਨੀ ਮੱਲ ਸਿੰਘ ਨੇ ਤਿੰਨਾਂ ਜ਼ਿੰਮੇਵਾਰ ਵਿਅਕਤੀਆਂ ਨੂੰ ਅਦੇਸ਼ ਦਿੱਤਾ ਕਿ ਉਹ 11 ਦਿਨ ਗੁਰਦੁਆਰਾ ਭੱਠਾ ਸਾਹਿਬ ਵਿਚ ਰੋਜ਼ਾਨਾ ਇਕ ਇਕ ਘੰਟਾ ਝਾੜੂ ਮਾਰਨ, ਜੋੜੇ ਸਾਫ ਕਰਨ ਤੇ ਕੀਰਤਨ ਸੁਣਨ ਦੀ ਸੇਵਾ ਕਰਨ।

ਉਨ੍ਹਾਂ ਕਿਹਾ ਕਿ ਰੋਜ਼ਾਨਾ ਇਸ ਦੀ ਸੂਚਨਾ ਉਥੋਂ ਦੇ ਮੈਨੇਜਰ ਨੂੰ ਦੇਣ। ਡੇਰੇ ਦੇ ਪ੍ਰਬੰਧਕਾਂ ਨੇ ਵਿਸ਼ਵਾਸ ਦੁਆਇਆ ਕਿ ਉਹ ਸਾਰਾ ਕੁਝ ਮਰਿਯਾਦਾ ਮੁਤਾਬਕ ਕਰਨਗੇ।

# ਸ੍ਰੀਲੰਕਾ ਵਿਚ ਪ੍ਰਭਾਕਰਨ ਦਾ ਘਰ ਢਹਿਢੇਰੀ

**ਕੋਲੰਬੋ:** ਲਿਟੇ ਮੁਖੀ ਵੇਲੂਪਿਲਾਈ ਪ੍ਰਭਾਕਰਨ ਦੀ ਮੌਤ ਹੋ ਚੁੱਕੀ ਹੈ। ਚਾਰ ਸਾਲ ਬਾਅਦ ਸ੍ਰੀਲੰਕਾਈ ਸੈਨਾ ਵੱਲੋਂ ਉਸ ਦਾ ਵੰਨੀ ਇਲਾਕੇ ਵਿਚਲਾ ਨਿੱਜੀ ਘਰ ਢਹਿਢੇਰੀ ਕਰ ਦਿੱਤਾ ਗਿਆ ਜੋ ਕਦੀ ਤਾਮਿਲ ਟਾਈਗਰਾਂ ਦਾ ਗੜ੍ਹ ਹੋਇਆ ਕਰਦਾ ਸੀ।

ਮੀਡੀਆ ਦੀ ਰਿਪੋਰਟ ਅਨੁਸਾਰ ਇਹ ਘਰ ਤਿੰਨ ਅਕਤੂਬਰ ਨੂੰ ਢਾਹਿਆ ਗਿਆ। ਸੈਨਾ ਦੇ ਬੁਲਾਰੇ ਬ੍ਰਿਗੇਡੀਅਰ ਰੁਵਾਨ ਵਨਿਗਾਸੂਰੀਆ ਨੇ ਕਿਹਾ ਕਿ ਲਿਟੇ ਜਾਂ ਉਸ ਦੇ ਮੁਖੀ ਦੇ ਕਿਸੇ ਵੀ ਨਿਸ਼ਾਨ ਦੀ ਹੁਣ ਕੋਈ ਜ਼ਰੂਰਤ ਨਹੀਂ ਹੈ, ਇਸੇ ਲਈ ਪ੍ਰਭਾਕਰਨ ਦਾ ਵੰਨੀ ਦੇ ਇਲਾਕੇ ਵਿਚਲਾ 3 ਮੰਜ਼ਲਾ ਘਰ ਸੈਨਾ ਵੱਲੋਂ ਢਾਹ ਦਿੱਤਾ ਗਿਆ ਹੈ।

# ਦਸਮ ਗ੍ਰੰਥ ਬਾਰੇ ਡਾ. ਗੁਰਨਾਮ ਕੌਰ ਦੇ ਵਿਚਾਰ

21 ਸਤੰਬਰ ਦੇ ਅੰਕ ਵਿਚ ਡਾ. ਗੁਰਨਾਮ ਕੌਰ ਦਾ ਲੇਖ 'ਜੋਤ ਓਹਾ ਜੁਗਤ ਸਾਇ ਸਹਿ ਕਾਇਆ ਫੇਰ ਪਲਟੀਐ' ਪੜ੍ਹਿਆ। ਗੁਰੂ ਗ੍ਰੰਥ ਸਾਹਿਬ ਸਾਡੇ ਗੁਰੂ ਹਨ। ਕੋਈ ਵੀ ਸਿੱਖ ਗੁਰੂ ਗ੍ਰੰਥ ਸਾਹਿਬ ਦੀ ਸਰਵ ਉਚਤਾ 'ਤੇ ਕਿੰਤੂ ਨਹੀਂ ਕਰਦਾ। ਅਸਲ ਮੁੱਦਾ ਤਾਂ ਦਸਮ ਬਾਣੀ ਵਿਰੁਧ ਝੂਠੇ ਪ੍ਰਚਾਰ ਦਾ ਹੈ। ਜਦੋਂ ਵੀ ਇਸ ਦਾ ਗੁਰਮਤਿ ਦੀ ਰੋਸ਼ਨੀ ਵਿਚ ਜਵਾਬ ਦਿੱਤਾ ਜਾਂਦਾ ਹੈ ਤਾਂ ਅਗਲੀ ਧਿਰ ਗਲ ਪਲਟਾ ਕੇ ਗੁਰੂ ਗ੍ਰੰਥ ਸਾਹਿਬ ਵਲ ਲੈ ਜਾਂਦੀ ਹੈ। ਮੈਂ ਗੁਰੂ ਗ੍ਰੰਥ ਸਾਹਿਬ ਦੀ ਸਰਬ ਉਚ ਪਦਵੀਂ ਬਾਰੇ ਡਾ. ਗੁਰਨਾਮ ਕੌਰ ਨਾਲ ਸਹਿਮਤ ਹਾਂ ਪਰ ਉਨ੍ਹਾਂ ਵੱਲੋਂ ਦਸਮ ਗ੍ਰੰਥ ਬਾਰੇ ਕੀਤੀਆਂ 'ਬੇਬੁਨਿਆਦ ਟਿਪਣੀਆਂ' ਨਾਲ ਗੁਰਮਤਿ ਅਤੇ ਇਤਿਹਾਸਕ ਪਿਛੋਕੜ ਦੀ ਰੋਸ਼ਨੀ ਵਿਚ ਸਹਿਮਤ ਨਹੀਂ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪ੍ਰਮਾਰਥਕ ਹੈ, ਕਿਸੇ ਵੀ ਧਰਮ ਦਾ ਆਦਮੀ ਇਸ ਤੋਂ ਸੇਧ ਲੈ ਸਕਦਾ ਹੈ। ਇਸ ਦਾ ਨਿਚੋੜ ਪਰਮਾਤਮਾ ਦੀ ਭਗਤੀ ਜਾਂ ਨਾਮ ਸਿਮਰਨ ਹੈ।

ਗੁਰੂ ਗੋਬਿੰਦ ਸਿੰਘ ਦੀ ਦਸਮ ਗ੍ਰੰਥ ਵਿਚ ਬਾਣੀ ਪ੍ਰਮਾਰਥਕ ਹੋਣ ਦੇ ਨਾਲ ਸਿਰਜਣਹਾਰ ਦੀ ਸ੍ਰਿਸ਼ਟੀ ਦਾ ਇਤਿਹਾਸ ਦਸਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਏ ਹਵਾਲਿਆਂ ਦੀ ਵਿਆਖਿਆ ਕਰਦੀ ਹੈ। ਇਹ ਬਾਣੀ ਖਾਲਸੇ ਦੇ ਸੰਗਠਨ ਲਈ ਅਹਿਮ ਹੈ। ਗੁਰੂ ਸਾਹਿਬ ਨੇ ਖਾਲਸੇ ਦੀ ਸਿਰਜਣਾ ਕਰਕੇ ਸਿੱਖਾਂ ਨੂੰ ਧਾਰਮਕ ਤੇ ਜਥੇਬੰਦਕ ਢਾਂਚਾ ਦੇਣ ਦੇ ਨਾਲ ਨਾਲ ਮਰਿਆਦਾ ਅਤੇ ਗੁਰੂ ਪੰਥ ਦਾ ਅਸੂਲ ਦਿੱਤਾ ਜਿਸ ਦੇ ਸਹਾਰੇ ਅਸੀਂ ਆਪਸੀ ਪਹਿਚਾਣ ਮਹਿਫੂਜ਼ ਰਖਣ ਵਿਚ ਅਜੇ ਤੱਕ ਸਫਲ ਹੋਏ ਹਾਂ।

ਸਾਡੇ ਕੁਝ ਵਿਦਵਾਨ ਜਿਨ੍ਹਾਂ ਨੇ ਦਸਮ ਗ੍ਰੰਥ ਪੜ੍ਹਿਆ ਹੀ ਨਹੀਂ ਪਰ ਆਏ ਦਿਨ ਇਸ 'ਤੇ ਅਸਭਿਅਕ ਭਾਸ਼ਾ ਵਿਚ ਹਮਲਾ ਕਰਦੇ ਰਹਿੰਦੇ ਹਨ। ਦੁਨਿਆਵੀ ਵਿੱਦਿਆ ਹਾਸਲ ਕਰਕੇ ਗੁਰੂ ਸਾਹਿਬ ਦੀ ਪਵਿਤਰ ਰਚਨਾ ਤੇ ਕਿੰਤੂ ਕਰਦੇ ਹਨ।

ਅਸੀਂ ਡਾ. ਗੁਰਨਾਮ ਕੌਰ ਦੇ ਨੁਕਤੇ ਲੈ ਕੇ ਅਵਤਾਰਾਂ ਤੋਂ ਸ਼ੁਰੂਆਤ ਕਰਦੇ ਹਾਂ। ਇਹ ਕਹਿਣਾ ਗਲਤ ਹੈ ਕਿ ਗੁਰੂ ਗ੍ਰੰਥ ਸਾਹਿਬ ਅਵਤਾਰਾਂ ਦੀ ਹੋਂਦ ਤੋਂ ਮੁੱਨਕਰ ਹੈ। ਗੁਰੂ ਸਾਹਿਬ ਲਿਖਦੇ ਹਨ,

ਹੁਕਮਿ ਉਪਾਏ ਦਸ ਅਉਤਾਰਾ॥
ਦੇਵ ਦਾਨਵ ਅਗਣਤ ਅਪਾਰਾ॥
(ਅੰਗ 1937)

ਦਸਮ ਗ੍ਰੰਥ ਸਾਹਿਬ ਵਿਚ ਇਨ੍ਹਾਂ ਅਵਤਾਰਾਂ ਦਾ ਖੁਲ੍ਹ ਕੇ ਜ਼ਿਕਰ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਆਪਣੇ ਰਸਤੇ ਤੋਂ ਭੁੱਲੇ ਹੋਏ ਦੱਸਿਆ ਹੈ।

ਜੋ ਚਾਉਬੀਸ ਅਵਤਾਰ ਕਹਾਇ।
ਤਿਨ ਭੀ ਤੁਮ ਪ੍ਰਭ ਤਨਿਕ ਨਾ ਪਾਏ।
ਸਭ ਹੀ ਜਗ ਭਰਮੇ ਭਵ ਰਾਯੰ।
ਤਾ ਤੇ ਨਾਮ ਬਿਅੰਤ ਕਹਾਯੰ।
(ਚੌਬੀਸ ਅਵਤਾਰ, ਦਸਮ ਗ੍ਰੰਥ ਸਾਹਿਬ)

ਅਰਥਾਤ ਹਿੰਦੂ ਮੱਤ ਦੇ 'ਚਾਉਬੀਸ ਅਵਤਾਰ' ਪਰਮਾਤਮਾ ਨੂੰ ਨਹੀਂ ਪਾ ਸਕੇ। ਉਹ ਦੁਨਿਆਵੀ ਰਾਜੇ ਬਣ ਕੇ ਮੂਲ ਨੂੰ ਭੁੱਲ ਗਏ। ਇਸ ਕਰਕੇ ਉਨ੍ਹਾਂ ਨੂੰ ਬਿਅੰਤ ਨਾਂਵਾਂ ਨਾਲ ਜਾਣਿਆ ਜਾਂਦਾ ਹੈ। ਗੁਰੂ ਸਾਹਿਬ ਨੇ ਇਨ੍ਹਾਂ ਅਵਤਾਰਾਂ ਨੂੰ ਦਸਮ ਗ੍ਰੰਥ ਸਾਹਿਬ ਵਿਚ ਆਮ ਇਨਸਾਨਾਂ ਦੀ ਕਤਾਰ ਵਿਚ ਖੜ੍ਹਾ ਕਰ ਦਿੱਤਾ। ਗੁਰੂ ਸਾਹਿਬ ਨੇ ਇਨ੍ਹਾਂ ਦੀ ਪਰਿਭਾਸ਼ਾ ਬਦਲ ਦਿੱਤੀ। ਗੁਰੂ ਸਾਹਿਬ ਲਿਖਦੇ ਹਨ,

ਸਾਧ ਪੁਰਖ ਜੋ ਕਰਮ ਕਮਾਵੈ॥
ਨਾਮ ਦੇਵਤਾ ਜਗਤ ਕਰਾਵੈ॥
(ਬਚਿੱਤਰ ਨਾਟਕ, ਦਸਮ ਗ੍ਰੰਥ)

ਅਰਥਾਤ ਆਪਣੇ ਚੰਗੇ ਕਰਮਾਂ ਨਾਲ ਇੱਕ ਮਨੁੱਖ ਦੇਵਤਾ ਜਾਣਿਆ ਜਾਂਦਾ ਹੈ।

ਜੇ ਡਾ. ਗੁਰਨਾਮ ਕੌਰ ਨੇ ਦਸਮ ਗ੍ਰੰਥ ਸਾਹਿਬ ਪੜ੍ਹਿਆ ਹੁੰਦਾ ਤਾਂ ਉਨ੍ਹਾਂ ਨੂੰ ਪਤਾ ਹੋਣਾ ਸੀ ਕਿ ਦਸਮ ਗ੍ਰੰਥ ਦਾ ਕ੍ਰਿਸ਼ਨ ਅਵਤਾਰ, ਪੁਰਾਣਾਂ ਦੇ ਕ੍ਰਿਸ਼ਨ ਅਵਤਾਰ ਤੋਂ ਬਿਲਕੁੱਲ ਵਖਰਾ ਹੈ। ਉਸ ਵਿਚ ਕ੍ਰਿਸ਼ਨ ਦੀ ਉਸਤਿਤ ਨਹੀਂ ਹੈ। ਬਲਕਿ ਗੁਰੂ ਸਾਹਿਬ ਕ੍ਰਿਸ਼ਨ ਨੂੰ ਆਪਣੇ ਰਚਿਤ ਨਾਇਕ ਖੜਗ ਸਿੰਘ ਨਾਲ ਯੁੱਧ ਦੇ ਮੈਦਾਨ ਵਿਚ ਉਤਾਰਦੇ ਹਨ। ਖੜਗ ਸਿੰਘ ਕ੍ਰਿਸ਼ਨ ਨੂੰ ਵਾਲਾਂ ਤੋਂ ਫੜ ਕੇ ਥੱਲੇ ਸੁੱਟ ਲੈਂਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਤੈਨੂੰ ਮਾਰ ਸਕਦਾ ਹਾਂ ਪਰ ਛਡ ਦਿੰਦਾ ਹਾਂ। ਅਗਰ ਤੂੰ ਮਰ ਗਿਆ ਤਾਂ ਖੜਗ ਸਿੰਘ ਨਾਲ ਕੌਣ ਲੜੇਗਾ। ਸੋ ਕ੍ਰਿਸ਼ਨ ਅਵਤਾਰ ਦਾ ਨਾਇਕ ਖੜਗ ਸਿੰਘ ਹੈ ਨਾ ਕਿ ਕ੍ਰਿਸ਼ਨ ਜੀ।

ਖੋਜਤ ਹੈ ਜਿਹ ਸਿੱਧ ਮਹਾ ਮੁਨ
ਬਿਆਸ ਪਰਾਸੁਰ ਭੇਦ ਨਾ ਚੀਨੋ।
ਸੋ ਖੜਗੇਸ਼ ਅਯੋਧਨ ਮੈ ਕਰ
ਮੋ ਹਿਤ ਕੇਸਨ ਤੇ ਮਹਿ ਲੀਨੋ।
(ਕ੍ਰਿਸ਼ਨ ਅਵਤਾਰ)

ਚਰਿਤਰੋਪਾਖਿਯਾਨ ਸਿੱਖਿਆ ਦਾਇਕ ਕਹਾਣੀਆਂ ਹਨ। ਹਰ ਚਰਿੱਤਰ ਦੇ ਅਖੀਰ 'ਤੇ ਲਿਖਿਆ ਹੈ ਕਿ ਇਹ ਕਹਾਣੀ ਮੰਤਰੀ ਆਪਨੇ ਰਾਜੇ ਨੂੰ ਸੁਣਾ ਰਿਹਾ ਹੈ। ਇਨ੍ਹਾਂ ਚਰਿੱਤਰਾਂ ਵਿਚ ਆਦਮੀ ਅਤੇ ਔਰਤ-ਦੋਹਾਂ ਦੇ ਚਰਿੱਤਰ ਦਾ ਵਰਣਨ ਹੈ। ਇਨ੍ਹਾਂ ਚਰਿੱਤਰਾਂ ਰਾਹੀਂ ਗੁਰੂ ਸਾਹਿਬ ਨੇ ਸਮਾਜ ਦੀ ਅਸਲੀਅਤ ਵਰਣਨ ਕੀਤੀ ਹੈ ਅਤੇ ਉਸ ਦਾ ਕਰੂਪ ਚਿਹਰਾ ਨਕਾਬ ਲਾਹ ਕੇ ਪੇਸ਼ ਕੀਤਾ ਹੈ ਕਿ ਇਹੋ ਜਿਹੇ ਬਦ ਇਖਲਾਕ ਵਾਲੇ ਲੋਕ ਵੀ ਸਮਾਜ ਵਿਚ ਹਨ। ਸਮਾਜ ਦਾ ਕੋਈ ਹਿੱਸਾ ਲੈ ਲਉ ਉਸ ਵਿਚ ਇਹੋ ਜਿਹੇ ਲੋਕ ਮੌਜੂਦ ਹਨ। ਚਰਿਤਰੋਪਾਖਿਯਾਨ ਵਿਚ ਬਹਾਦਰ ਇਸਤਰੀ ਦੀ ਤਸਵੀਰ ਪੇਸ਼ ਕੀਤੀ ਗਈ ਹੈ। ਅਖੀਰਲੇ ਚਰਿੱਤਰ ਵਿਚ ਜਦੋਂ ਸਾਰੇ ਰਾਜੇ ਦੈਂਤਾ ਤੋਂ ਹਾਰ ਕੇ ਖਤਮ ਹੋ ਜਾਂਦੇ ਹਨ ਤਾਂ ਉਨ੍ਹਾਂ ਦੀ ਅੱਗ ਵਿਚੋਂ ਇਕ ਇਸਤਰੀ (ਬਾਲਾ) ਉਠਦੀ ਹੈ ਜੋ ਕਿ ਸ਼ਸਤਰਧਾਰੀ ਹੋ ਕਿ ਯੁੱਧ ਕਰਦੀ ਹੈ। ਅਕਾਲ ਪੁਰਖ ਉਸ ਦੀ ਮਦਦ ਲਈ ਆਪ ਯੁੱਧ ਵਿਚ ਹਿੱਸਾ ਲੈਂਦਾ ਹੈ,

ਮਚਯੋ ਲੋਹ ਗਾਢੋ ਉਠੀ ਅਗਨਿ ਜਵਾਲਾ
ਭਈ ਤੇਜ ਤੌਨੇ ਹੁਤੇ ਏਕ ਬਾਲਾ
(ਚਰਿਤਰੋਪਾਖਿਯਾਨ)

ਦਸਿਆ ਗਿਆ ਹੈ ਕਿ ਇਸਤਰੀ ਇਕ ਸਿਹਤਮੰਦ ਸਮਾਜ ਦਾ ਬਰਾਬਰ ਦਾ ਅੰਗ ਹੈ। ਇਸ ਤੋਂ ਬਗੈਰ ਸਿਹਤਮੰਦ ਸਮਾਜ ਸਿਰਜਿਆ ਨਹੀਂ ਜਾ ਸਕਦਾ। ਚਰਿਤਰੋਪਾਖਿਯਾਨ ਵਿਚ ਪ੍ਰਮਾਰਥਕ ਭਾਗ ਵੀ ਹੈ ਅਤੇ ਬ੍ਰਹਮਾ, ਵਿਸ਼ਨੂੰ, ਮਹੇਸ਼ ਡਰਪੋਕ ਦਸੇ ਗਏ ਹਨ,

ਡਗਮਗ ਲੋਕ ਚਤੁਰ ਦਸ ਭਏ॥
ਅਸੁਰਨ ਸਾਥ ਸਕਲ ਭਰਿ ਗਏ॥
ਬ੍ਰਹਮਾ ਬਿਸਨ ਸਭੈ ਡਰਪਾਨੇ॥
ਮਹਾਂਕਾਲ ਦੀ ਸਰਿਨ ਸਿਧਾਨੇ॥
(ਚਰਿਤਰੋਪਾਖਿਯਾਨ)

ਤੁਸੀਂ ਹੀ ਬ੍ਰਹਮਾ ਬਿਸ਼ਨ ਬਨਾਯੋ॥
ਮਹਾਂ ਰੁਦ੍ਰ ਤੁਮ ਹੀ ਉਪਜਾਯੋ॥

ਭਾਵ ਹੇ ਵਾਹਿਗੁਰੂ ਤੁਸੀਂ ਹੀ ਬ੍ਰਹਮਾ, ਵਿਸ਼ਨੂੰ ਬਣਾਏ ਅਤੇ ਤੁਸੀਂ ਹੀ ਸ਼ਿਵ ਜੀ ਨੂੰ ਬਣਾਇਆ।

ਹੁਣ ਬੀੜਾਂ ਬਾਰੇ: ਦਸਮ ਗ੍ਰੰਥ ਦੀ ਪਹਿਲੀ ਬੀੜ ਅਨੰਦਪੁਰੀ ਬੀੜ ਹੈ ਜੋ ਗੁਰੂ ਸਾਹਿਬ ਵੇਲੇ ਹੋਂਦ ਵਿਚ ਆਈ। ਇਸ ਦਾ ਵਰਣਨ ਅਤੇ ਗੁਰੂ ਸਾਹਿਬ ਦੇ ਹੱਥ ਲਿਖਤ ਪੱਤਰੇ ਜੋ ਕਿ ਇਸ ਬੀੜ ਵਿਚ ਹਨ, ਪਿਆਰਾ ਸਿੰਘ ਪਦਮ ਦੀ ਕਿਤਾਬ 'ਦਸਮ ਗ੍ਰੰਥ ਦਰਸਣ' ਵਿਚ ਦਿੱਤਾ ਗਿਆ ਹੈ। ਇਹ ਬੀੜ ਤਕਰੀਬਨ 1696-98 ਦੀ ਹੈ। ਪਦਮ ਦੀ ਕਿਤਾਬ ਵਿਚ ਗੁਰੂ ਸਾਹਿਬ ਦੇ ਹੱਥ ਲਿਖਤ ਪੱਤਰੇ ਚਰਿਤਰੋਪਾਖਿਯਾਨ ਵਿਚੋਂ ਫੋਟੋਕਾਪੀ ਕਰਕੇ ਦਿੱਤੇ ਗਏ ਹਨ।

ਸ੍ਰੋਮਣੀ ਕਮੇਟੀ ਦੇ ਰੀਸਰਚ ਸਕਾਲਰ ਰਣਧੀਰ ਸਿੰਘ ਨੇ 1955 ਵਿਚ ਪਟਨਾ ਸਾਹਿਬ ਵਿਖੇ 1698 ਈ: ਦੀ ਬੀੜ ਪਟਨਾ ਦੇ ਦਰਸ਼ਨ ਕੀਤੇ ਹਨ। ਉਹ ਆਪਣੀ ਕਿਤਾਬ ਸ਼ਬਦ ਮੂਰਿਤ ਵਿਚ ਲਿਖਦੇ ਹਨ ਕਿ ਤੋਸ਼ੇਖਾਨੇ ਵਿਚ ਇਕ ਪੁਰਾਣੀ ਲਿਖਤੀ ਬੀੜ ਬਿਰਾਜ ਰਹੀ ਹੈ। ਉਸ ਦੇ ਸੰਪਾਦਕ ਨੂੰ ਸੰਮਤ 1755 ਬਿਕਰਮੀ ਦੇ ਲਿਖੇ ਕੁਝ ਸੈਂਚੇ ਮਿਲੇ ਜਾਪਦੇ ਹਨ ਜਿਨ੍ਹਾਂ ਵਿਚ ਕੁਝ ਪਤਰੇ ਤੇ ਛੰਦ ਸ੍ਰੀ ਹਜੂਰ ਦੇ ਨਿੱਜੀ ਹੱਥ ਨਾਲ ਲਿਖੇ ਹੋਏ ਹਨ। ਇਸ ਤੋਂ ਪਤਾ ਲਗਦਾ ਕਿ ਦਸਮ ਗ੍ਰੰਥ ਦੀ ਰਚਨਾ 1755 (14 ਜੂਨ 1698 ਈ.) ਵਿਚ ਮੁਕੰਮਲ ਹੋ ਚੁੱਕੀ ਸੀ।

ਠੀਕ ਇਹੋ ਸੰਮਤ ਭਾਈ ਕੇਸਰ ਸਿੰਘ ਛਿਬਰ ਨੇ ਆਪਣੀ ਪੁਸਤਕ ਬੰਸਾਵਲੀਨਾਮਾ ਵਿਚ ਇਉਂ ਲਿਖਿਆ ਹੈ,

'ਛੋਟਾ ਗ੍ਰੰਥ ਜੀ' ਜਨਮੇ ਸਾਹਿਬ
ਦਸਮੇ ਪਾਤਸ਼ਾਹ ਦੇ ਧਾਮ।
ਸੰਮਤ ਸਤਾਰਾਂ ਸੈ ਪਚਵੰਜਾ
ਬਹੁਤ ਖਿਛਾਵੇ ਲਿਖਾਰੇ ਨਾਮ।'

ਚਰਿੱਤਰੋਪਾਖਿਯਾਨ ਦੇ ਚਰਿੱਤਰ 109 ਵਿਚ ਦੋਨੋਂ ਨਾਮ-ਰਾਮ ਅਤੇ ਸ਼ਿਆਮ ਆਏ ਹਨ। ਇਹ ਇੱਕ ਵਿਅਕਤੀ ਸੀ ਅਤੇ ਗੁਰੂ ਜੀ ਦੇ ਇਹ ਉਪਨਾਮ ਸਨ। ਕ੍ਰਿਸ਼ਨ ਅਵਤਾਰ ਵਿਚ ਇਕ ਸ਼ਬਦ ਹੈ ਜੋ ਹੇਠ ਲਿਖਿਆ ਗਿਆ ਹੈ ਉਸ ਵਿਚ ਸਯਾਮ ਦਾ ਨਾਮ ਆਉਂਦਾ ਹੈ।

ਸਵੈਯਾ॥
ਹੇ ਰਵਿ ਹੇ ਸਸਿ ਹੇ ਕਰੁਨਾਨਿਧ
ਮੇਰੀ ਅਬੈ ਬਿਨਤੀ ਸੁਨਿ ਲੀਜੈ॥
ਅਉਰ ਨ ਮਾਂਗਤ ਹੁਓ ਤੁਮ ਤੇ ਕਛੁ
ਚਾਹਤ ਹਉ ਚਿਤ ਮੈ ਸੋਈ ਕੀਜੈ॥
ਸੱਤ੍ਰਨ ਸਿਉ ਅਤਿ ਹੀ ਰਨ ਭੀਤਰ
ਜੂਝ ਮਰੋ ਕਹਿ ਸਾਚ ਪਤੀਜੈ॥
ਸੰਤ ਸਹਾਇ ਸਦਾ ਜਗ ਮਾਇ
ਕ੍ਰਿਪਾ ਕਰਿ ਸਯਾਮ ਇਹੈ ਬਰੁ ਦੀਜੈ॥
(ਕ੍ਰਿਸ਼ਨ ਅਵਤਾਰ, ਦਸਮ ਗ੍ਰੰਥ ਸਾਹਿਬ)

ਉਪਰ ਅਖਰੀਲੀ ਲਾਈਨ ਵਿਚ ਕਵੀ ਸਯਾਮ ਦਾ ਨਾਮ ਆਉਂਦਾ ਹੈ ਅਤੇ ਨਾਲ ਹੀ ਉਨ੍ਹਾਂ ਦੇ ਵਿਸ਼ਵਾਸ ਬਾਰੇ ਝਲਕ ਹੈ ਇਹ ਸ਼ਬਦ ਆਮ ਕਰਕੇ ਰਾਗੀ ਸਿੰਘ ਹਰਿਮੰਦਰ ਸਾਹਿਬ ਤੋਂ ਪੜ੍ਹਦੇ ਹਨ ਅਤੇ ਸਿੱਖਾਂ ਨੂੰ ਬੁਨਿਆਦੀ ਮਨੁੱਖੀ ਹੱਕਾਂ ਲਈ ਜੂਝ ਮਰਨ ਦਾ ਸੰਦੇਸ਼ ਹੈ।

---

## ਸੁਖਦੇਵ ਸਿੰਘ ਦੇ ਪ੍ਰਸ਼ਨਾਂ ਦੇ ਜੁਆਬ

ਪੰਜਾਬ ਟਾਈਮਜ਼ ਦੇ ਅੰਕ 39 ਵਿਚ ਸੁਖਦੇਵ ਸਿੰਘ ਨੇ ਮੇਰੇ ਪਾਸੋਂ ਦਸਮ ਗ੍ਰੰਥ ਬਾਰੇ ਕੁਝ ਸਵਾਲ ਪੁੱਛੇ ਹਨ, ਮੇਰੇ ਉਤਰ ਇਸ ਤਰ੍ਹਾਂ ਹਨ: ਸੁਖਦੇਵ ਸਿੰਘ ਦਾ ਪਹਿਲਾ ਸਵਾਲ ਚੌਪਈ ਸਾਹਿਬ ਦੇ ਮੁਕੰਮਲ ਹੋਣ ਵਾਲੇ ਦਿਨ ਬਾਰੇ ਹੈ। ਅਸੀਂ ਸਭ ਜਾਣਦੇ ਹਾਂ ਕਿ ਚੌਪਈ ਸਾਹਿਬ ਖਾਲਸੇ ਦੇ ਅੰਮ੍ਰਿਤ ਸੰਚਾਰ ਅਤੇ ਨਿਤਨੇਮ ਦੀ ਬਾਣੀ ਹੈ। ਇਹ ਚਰਿਤਰੋਪਾਖਿਆਨ ਦੇ ਅਖੀਰ ਵਿਚ ਦਰਜ ਹੈ। ਜਦੋਂ ਤੋਂ ਇਹ ਬਾਣੀ ਗੁਰੂ ਸਾਹਿਬ ਨੇ ਉਚਾਰੀ ਸਾਰਾ ਸਿੱਖ ਜਗਤ ਇਸ ਨੂੰ ਪੜ੍ਹਦਾ ਆ ਰਿਹਾ ਹੈ। ਇਸ ਦੇ ਮੁਕੰਮਲ ਹੋਣ ਦਾ ਦਿਨ ਐਤਵਾਰ, ਚੌਪਈ ਸਾਹਿਬ ਵਿਚ ਦਰਜ ਹੈ। ਰਹਿਤਨਾਮਿਆਂ ਵਿਚ ਇਸ ਦਿਨ ਦੀ ਤਸਦੀਕ ਹੁੰਦੀ ਹੈ।

ਸੁਖਦੇਵ ਸਿੰਘ ਦਾ ਇਸ ਦਿਨ ਨੂੰ ਮੰਗਲਵਾਰ ਲਿਖਣਾ ਇਕ ਭੁਲੇਖਾ ਪਾਊ ਬਿਆਨ ਹੈ। ਮੇਰੀ ਉਨ੍ਹਾਂ ਨੂੰ ਸਲਾਹ ਹੈ ਕਿ ਉਹ ਰਹਿਤਨਾਮੇ ਪੜ੍ਹਨ ਤਾਂ ਕਿ ਉਨ੍ਹਾਂ ਦੀ ਸ਼ੰਕਾ ਨਵਿਰਤ ਹੋ ਸਕੇ। ਸੁਖਦੇਵ ਸਿੰਘ ਲਿਖਦੇ ਹਨ ਕਿ ਆਨੰਦਪੁਰੀ ਬੀੜ ਜੋ ਕਿ 1696 ਈ. ਦੀ ਹੈ, ਉਸ ਵਿਚ 1698 ਈ. ਦੀ ਬਾਣੀ ਕਿਸ ਤਰ੍ਹਾਂ ਆ ਗਈ?

ਜੁਆਬ ਹੈ, ਆਨੰਦਪੁਰੀ ਬੀੜ ਇਕ ਹੱਥ ਲਿਖਤ ਬੀੜ ਹੈ। ਉਸ ਉਪਰ ਸ਼ੁਰੂ ਕਰਨ ਦਾ ਸੰਮਤ 1753 (1696 ਈ.) ਹੈ। ਬੀੜ ਤਿਆਰ ਕਰਨ ਲਈ ਸਮਾਂ ਲੱਗਦਾ ਹੈ। ਖਰੜੇ ਇਕੱਠੇ ਕਰਨੇ, ਉਨ੍ਹਾਂ ਦਾ ਉਤਾਰਾ ਕਰਨਾ, ਪਰੂਫ ਰੀਡਿੰਗ, ਗਲਤੀਆਂ ਠੀਕ ਕਰਨਾ ਇਤਿਆਦ ਸਾਲਾਂ ਬੱਧੀ ਲੈ ਜਾਂਦੀਆਂ ਹਨ।

1696 ਈ. ਤੱਕ ਦਸਮ ਗ੍ਰੰਥ ਸਾਹਿਬ ਦੀਆਂ ਬਾਣੀਆਂ, ਸਿਵਾਏ ਰਾਮਾ ਅਵਤਾਰ ਤੋਂ, ਲਿਖੀਆਂ ਜਾ ਚੁੱਕੀਆਂ ਸਨ। ਜਦੋਂ ਰਾਮਾ ਅਵਤਾਰ 1698 ਈ. ਵਿਚ ਮੁਕੰਮਲ ਹੋਈ, ਤਾਂ ਆਨੰਦਪੁਰੀ

## ਪ੍ਰਤੀਕਰਮ-ਦਰ-ਪ੍ਰਤੀਕਰਮ

ਬੀੜ ਵਿਚ ਦਰਜ ਕਰ ਦਿੱਤੀ ਗਈ। ਇਸ ਵਿਚ ਹੈਰਾਨੀ ਜਾਂ ਸ਼ੱਕ ਵਾਲੀ ਕੋਈ ਗੱਲ ਨਹੀਂ ਹੈ।

ਗੁਰੂ ਸਾਹਿਬ ਉਪਰ ਆਪਣੀ ਮਨੁੱਖੀ ਬੁੱਧੀ ਮੁਤਾਬਿਕ ਲਿਖਣ ਦਾ ਤਰੀਕਾ ਠੋਸਣਾ ਸਰਾਸਰ ਗਲਤ ਹੈ। ਇਕ ਸ਼ਰਧਾ ਰਹਿਤ ਮਨੁੱਖ ਹੀ ਗੁਰੂ ਸਾਹਿਬ ਨੂੰ ਇਹੋ ਜਿਹੇ ਸਵਾਲ ਕਰ ਸਕਦਾ ਹੈ। ਸਾਡੇ ਗੁਰੂ ਨਿਮਰਤਾ ਦੇ ਪੁੰਜ ਸਨ।

ਚਰਿਤਰੋਪਾਖਿਆਨ ਸਿੱਖਿਆਦਾਇਕ ਕਹਾਣੀਆਂ ਹਨ। ਕਹਾਣੀ ਵਿਚ ਲਿਖਾਰੀ ਸਿੱਖਿਆ ਦੇਣ ਲਈ ਪਾਤਰ ਘੜਦਾ ਹੈ ਅਤੇ ਕਾਲਪਨਿਕ ਨਾਂਵਾਂ ਦੀ ਵਰਤੋਂ ਕਰਦਾ ਹੈ। ਕਹਾਣੀ ਨੂੰ ਇਤਿਹਾਸ ਨਹੀਂ ਸਮਝਣਾ ਚਾਹੀਦਾ। ਸੁਖਦੇਵ ਸਿੰਘ ਆਪ ਲਿਖਦੇ ਹਨ ਕਿ ਨੂਪ ਕੁਇਰ ਵਾਲੇ ਚਰਿਤਰਾਂ ਵਿਚ ਅੱਛੀ ਸਿੱਖਿਆ ਦਿੱਤੀ ਗਈ ਹੈ ਅਤੇ ਪਰ ਨਾਰੀ ਦੇ ਸੰਗ ਤੋਂ ਰੋਕਿਆ ਗਿਆ ਹੈ।

ਗੁਰੂ ਸਾਹਿਬ ਦਾ ਨੂਪ ਕੁਇਰ ਨੂੰ ਜਗੀਰ ਦੇਣਾ ਵੀ ਸੰਸਾਰੀ ਜੀਵਾਂ ਲਈ ਸਿੱਖਿਆ ਹੈ। ਦੱਸਿਆ ਗਿਆ ਹੈ ਕਿ ਔਰਤ ਦਾ ਇਖਲਾਕ ਠੀਕ ਕਰਨ ਲਈ ਉਸ ਵਿਚ ਸਵੈਮਾਣ ਬਹਾਲ ਕਰਨਾ ਜ਼ਰੂਰੀ ਹੈ ਤਾਂ ਕਿ ਉਹ ਸਮਾਜ ਦਾ ਨਰੋਆ ਅੰਗ ਬਣ ਸਕੇ ਅਤੇ ਫਿਰ ਬਦਇਖਲਾਕੀ ਵਾਲੀ ਜ਼ਿੰਦਗੀ ਵੱਲ ਪ੍ਰੇਰਿਤ ਨਾ ਹੋਵੇ।

*-ਇੰਦਰ ਸਿੰਘ ਕੈਲੀਫੋਰਨੀਆ*
*ਫੋਨ: 916-804-0811*

## ਦਸਮ ਗ੍ਰੰਥ ਬਾਰੇ ਮੱਧ ਦਾ ਰਸਤਾ

ਸਿਮਰਨ ਸਿੰਘ ਸਹਿੰਬੀ ਨੇ ਆਪਣੇ ਪੱਤਰ ਰਾਹੀਂ ਦੋਵਾਂ ਧਿਰਾਂ ਦੀ ਆਲੋਚਨਾ ਕਰਦਿਆਂ ਮੱਧ ਦਾ ਰਸਤਾ ਅਖਤਿਆਰ ਕਰਨ ਦਾ ਸੁਝਾਓ ਦਿੱਤਾ ਹੈ। ਉਹ ਲਿਖਦੇ ਹਨ, "ਜਿਵੇਂ ਜਨ ਸਧਾਰਨ ਸਿੱਖਾਂ ਦੀ ਸਹੂਲਤ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਚੋਣਵੀਆਂ ਬਾਣੀਆਂ ਦੇ ਗੁਟਕੇ-ਪੋਥੀਆਂ ਛਪੀਆਂ ਹੋਈਆਂ ਹਨ, ਇਸੇ ਪੈਟਰਨ 'ਤੇ ਜੇ ਦਸਮ ਗ੍ਰੰਥ ਵਿਚੋਂ ਜਾਪੁ ਸਾਹਿਬ, ਸਵੱਈਏ ਅਤੇ ਕੁਝ ਹੋਰ ਬਾਣੀਆਂ ਇਕੱਤਰ ਕਰ ਕੇ ਵੱਖਰੀ ਪੋਥੀ ਬਣਾ ਲਈ ਜਾਵੇ, ਬਾਕੀ ਦਾ ਗ੍ਰੰਥ ਸਾਹਿਤ ਵਜੋਂ ਲਾਇਬ੍ਰੇਰੀਆਂ 'ਚ ਸੰਭਾਲਿਆ ਪਿਆ ਰਹੇ ਤਾਂ ਕਿਸੇ ਨੂੰ ਕੀ ਢਿੱਡ ਪੀੜ ਹੁੰਦੀ ਹੈ?"

ਇਸ ਸੁਝਾਓ ਦੇ ਦੋ ਹਿੱਸੇ ਹਨ, ਇਕ ਤਾ ਗੁਰੂ ਜੀ ਦੀਆਂ ਰਚਨਾਵਾਂ ਨੂੰ ਵੱਖ ਕਰਕੇ ਸਾਂਭਣਾ ਅਤੇ ਦੂਜਾ ਬਾਕੀ ਨੂੰ ਸਾਹਿਤ ਦੇ ਤੌਰ 'ਤੇ ਲਾਇਬ੍ਰੇਰੀਆਂ ਵਿਚ ਸਾਂਭਣਾ। ਸੁਝਾਓ ਦੇ ਪਹਿਲੇ ਹਿੱਸੇ 'ਤੇ ਵਿਚਾਰ ਕੀਤਾ ਜਾ ਸਕਦਾ ਹੈ ਪਰ ਦੂਜੇ ਹਿੱਸੇ ਬਾਰੇ ਬੇਨਤੀ ਹੈ ਕਿ ਬਾਕੀ ਬਚੇ ਦਾ ਕਰਤਾ ਕੌਣ ਹੋਵੇਗਾ? ਜੇ ਉਸ ਦਾ ਕਰਤਾ ਵੀ ਗੁਰੂ ਜੀ ਨੂੰ ਹੀ ਮੰਨਣਾ-ਦੱਸਣਾ ਹੈ ਤਾਂ ਵੱਖ ਕਰਨ ਦੀ ਕੀ ਲੋੜ ਹੈ? ਜੇ ਗੁਰੂ ਜੀ ਉਸ ਹਿੱਸੇ ਦੇ ਕਰਤਾ ਗੁਰੂ ਜੀ ਨਹੀਂ ਤਾਂ ਉਸ ਕੂੜ-ਕਬਾੜ ਨੂੰ ਸਾਂਭਣ ਦੀ ਕੀ ਲੋੜ ਹੈ?

---

### *ਅਮਰਜੀਤ ਸਿੰਘ ਖੋਸਾ, ਕੈਨੇਡਾ ਦੇ ਵਿਚਾਰ*

ਅਮਰਜੀਤ ਸਿੰਘ ਖੋਸਾ 'ਸਿੱਖ ਰਹਿਤ ਮਰਿਆਦਾ' ਸਬੰਧੀ ਲਿਖਦੇ ਹਨ, "ਸਮੂਹ ਸਿੱਖ ਜਗਤ ਦਾ ਕੀਤਾ ਹੋਇਆ ਫੈਸਲਾ ਜੋ ਕਿ 'ਸਿੱਖ ਰਹਿਤ ਮਰਿਆਦਾ' ਦੇ ਰੂਪ ਵਿਚ ਉਪਲਬਧ ਹੈ, ਤਾਂ ਹੁਣ ਕਿਸ ਸਿੱਖ ਜਗਤ ਨੇ ਕੀ ਫੈਸਲਾ ਕਰਨਾ ਹੈ?" ਬੇਨਤੀ ਹੈ ਕਿ 1945 'ਚ ਪੰਥ ਦੇ ਵਿਦਵਾਨਾਂ ਵੱਲੋਂ ਕੀਤੇ ਗਏ ਫੈਸਲੇ 'ਚ ਕਈ ਸੋਧਾਂ ਹੋ ਚੁਕੀਆਂ ਹਨ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਅੱਜ ਜੇ ਕੋਈ ਅਜਿਹੀ ਮਦ ਸਾਹਮਣੇ ਆਉਂਦੀ ਹੈ ਜੋ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਪਰਖ ਕਸਵੱਟੀ 'ਤੇ ਪੂਰੀ ਨਹੀਂ ਉਤਰਦੀ ਤਾਂ ਉਸ 'ਚ ਸੋਧ ਕਿਉਂ ਨਹੀ ਹੋ ਸਕਦੀ?

ਅਮਰਜੀਤ ਸਿੰਘ ਦਾ ਵਿਚਾਰ ਹੈ, "ਇਹ ਜ਼ਰੂਰ ਦੱਸੋ ਕਿ ਦਸਮ ਗ੍ਰੰਥ ਨੂੰ ਸਿਰ 'ਤੇ ਕੌਣ ਚੜ੍ਹਾ ਰਿਹਾ ਹੈ? ਕਿਸੇ ਇਕ ਡੁਰਲੀ ਜਥੇ ਦੀ ਗਲਤੀ ਦੇ ਇਵਜ਼ਾਨੇ ਨੂੰ ਸਾਰੇ ਸਿੱਖ ਜਗਤ, ਸਿੱਖ ਫਿਲਾਸਫੀ, ਸਿੱਖੀ ਸਰੋਤ, ਸਿੱਖੀ ਸੋਚ 'ਤੇ ਲਾਦੂ ਕਰਕੇ ਇਕਪਾਸੜ ਵਢਾਂਗਾ ਕਰਨਾ ਸ਼ੋਭਦਾ ਨਹੀਂ।" ਬੇਨਤੀ ਹੈ ਕਿ 'ਦਸਮੇਸ਼ ਬਾਣੀ ਤਰਕ ਮੋਚਨ' ਅਤੇ 'ਦਸ਼ਮੇਸ਼ ਕ੍ਰਿਤ ਪ੍ਰਮਾਣਿਕਤਾ' ਦਾ ਲਿਖਾਰੀ ਦਸਮ ਗ੍ਰੰਥ ਤੇ ਸੈਮੀਨਾਰ ਕਰਨ-ਕਰਵਾਉਣ ਵਾਲਿਆਂ ਨੂੰ 'ਡੁਰਲੀ ਜਥਾ' ਲਿਖ ਰਿਹਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਜੇ ਦਸਮ ਗ੍ਰੰਥ ਤੇ ਸੈਮੀਨਾਰ ਕਰਨ-ਕਰਵਾਉਣ ਵਾਲੇ 'ਡੁਰਲੀ ਜਥਾ' ਹੈ ਤਾਂ ਦੋ ਕਿਤਾਬਾਂ ਦਾ ਲੇਖਕ ਇਸ 'ਡੁਰਲੀ ਜਥੇ' ਦਾ ਹੀ ਅੰਗ ਕਿਵੇਂ ਨਹੀ ਹੈ? ਪਾਠਕਾਂ ਦੀ ਜਾਣਕਾਰੀ ਲਈ ਦੱਸਣਾ ਜਰੂਰੀ ਹੈ ਕਿ ਇਨ੍ਹਾਂ ਵੱਲੋਂ ਆਖੇ ਗਏ ਡੁਰਲੀ ਜਥੇ ਦੇ ਇਕ ਮੈਂਬਰ ਦਾ ਲਿਖਿਆ ਪ੍ਰਸ਼ੰਸਾ ਪੱਤਰ (ਦੋ ਸ਼ਬਦ) ਇਨ੍ਹਾਂ ਦੀ ਇਕ ਕਿਤਾਬ 'ਚ ਦਰਜ ਹੈ। ਖੋਸਾ ਜੀ, ਆਪਣੀਆਂ ਕਿਤਾਬਾਂ ਵਾਪਸ ਲੈਣ ਦਾ ਐਲਾਨ ਕਰਨਗੇ ਜਾਂ ਡੁਰਲੀ ਜਥੇ ਦਾ ਅੰਗ ਬਣੇ ਰਹਿਣਾ ਹੀ ਪਸੰਦ ਕਰਨਗੇ?

ਮੈਨੂੰ ਪੂਰੀ ਆਸ ਹੈ ਕਿ ਉਹ ਆਪਣੇ ਲਿਖੇ, "ਇਹ ਸਾਡੀ-ਤੁਹਾਡੀ ਕੁੱਕੜ ਖੇਹ ਉਡਾਉਣੀ ਵੀ ਸਿੱਖੀ ਨੂੰ ਟੋਟੇ ਕਰਨ ਦੀ ਨੀਤੀ ਦਾ ਹੀ ਪੱਖ ਪੂਰਦੀ ਹੈ" ਉਤੇ ਅਮਲ ਕਰਦੇ ਹੋਏ ਆਪਣੀ ਲਿਖਤ 'ਦਸਮੇਸ਼ ਬਾਣੀ ਤਰਕ ਮੋਚਨ' ਅਤੇ 'ਦਸ਼ਮੇਸ਼ ਕਿਰਤ ਪ੍ਰਮਾਣਿਕਤਾ' ਜਿਨ੍ਹਾਂ ਰਾਹੀਂ ਉਨ੍ਹਾਂ ਖੁਦ ਵੀ ਕੁੱਕੜ ਖੇਹ ਉਡਾਈ ਹੈ, ਨੂੰ ਵਾਪਸ ਲੈਣ ਦਾ ਐਲਾਨ ਕਰਕੇ ਸਿੱਖੀ ਨੂੰ ਇੱਕ ਰੱਖਣ 'ਚ ਅਹਿਮ ਰੋਲ ਨਿਭਾਉਣਗੇ।

*-ਸੁਖਦੇਵ ਸਿੰਘ, ਫੋਨ: 209-321-1791*

# ਸਰਕਾਰ ਵੱਲੋਂ ਹੁਣ ਪੰਚਾਇਤੀ ਜ਼ਮੀਨਾਂ ਖੋਹਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪੰਚਾਇਤੀ ਜ਼ਮੀਨ ਦੀ ਵਰਤੋਂ ਦਾ ਅਧਿਕਾਰ ਪੰਚਾਇਤਾਂ ਤੋਂ ਖੋਹ ਕੇ ਸਰਕਾਰ ਨੂੰ ਦੇਣ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਪੰਚਾਇਤਾਂ ਦੀਆਂ ਜ਼ਮੀਨਾਂ ਗੈਰ ਰਵਾਇਤੀ ਊਰਜਾ ਦੇ ਪਲਾਂਟ ਸਥਾਪਤ ਕਰਨ ਲਈ ਪ੍ਰਾਈਵੇਟ ਕੰਪਨੀਆਂ ਨੂੰ ਦਿੱਤੇ ਜਾਣ ਦੀ ਯੋਜਨਾ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਹਦਾਇਤਾਂ ਤੋਂ ਬਾਅਦ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਪੰਚਾਇਤੀ ਜ਼ਮੀਨ ਦੀ ਵਰਤੋਂ ਦਾ ਅਧਿਕਾਰ ਬਦਲਣ ਲਈ ਪੱਬਾਂ ਭਾਰ ਹੋਇਆ ਫਿਰਦਾ ਹੈ।

ਉੱਚ ਪੱਧਰੀ ਸੂਤਰਾਂ ਮੁਤਾਬਕ ਸਰਕਾਰ ਨੇ 'ਪੰਜਾਬ ਵਿਲੇਜ ਕਾਮਨ ਲੈਂਡ ਐਕਟ-1961' ਵਿਚ ਮਹੱਤਵਪੂਰਨ ਸੋਧ ਕਰਨ ਦਾ ਫੈਸਲਾ ਕਰ ਲਿਆ ਹੈ। ਇਸ ਮਕਸਦ ਲਈ ਐਡਵੋਕੇਟ ਜਨਰਲ (ਏਜੀ) ਅਸ਼ੋਕ ਅਗਰਵਾਲ ਵੱਲੋਂ ਪੰਚਾਇਤ ਵਿਭਾਗ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਵਿਭਾਗ ਵੱਲੋਂ ਐਡਵੋਕੇਟ ਜਨਰਲ ਨਾਲ ਤਾਜ਼ਾ ਮੀਟਿੰਗ ਚਾਰ ਅਕਤੂਬਰ ਨੂੰ ਕੀਤੀ ਗਈ ਸੀ। ਇਸ ਮੀਟਿੰਗ ਦੌਰਾਨ ਏ.ਜੀ. ਨੇ ਕਾਨੂੰਨੀ ਮਸ਼ੀਰ (ਐਲ.ਆਰ.) ਦੀ ਸਲਾਹ ਲੈਣ ਲਈ ਕਿਹਾ ਹੈ।

ਸੂਤਰਾਂ ਦੇ ਮੁਤਾਬਿਕ ਪੰਚਾਇਤ ਵਿਭਾਗ ਨੇ ਪੰਚਾਇਤੀ ਜ਼ਮੀਨ ਦੀ ਵਰਤੋਂ ਨੀਤੀ ਦਾ ਖਰੜਾ ਸਰਕਾਰ ਨੂੰ ਭੇਜ ਦਿੱਤਾ ਹੈ। ਇਸ ਵਿਚ ਐਕਟ ਵਿਚ ਸੋਧ ਦੇ ਨਾਲ ਨਾਲ ਪੰਚਾਇਤੀ ਜ਼ਮੀਨਾਂ ਗੈਰ ਰਵਾਇਤੀ ਊਰਜਾ ਲਈ ਬਿਨਾਂ ਬੋਲੀ ਤੋਂ ਦੇਣ ਦਾ ਪ੍ਰਸਤਾਵ ਵੀ ਸ਼ਾਮਲ ਹੈ। ਰਾਜ ਸਰਕਾਰ ਦਾ ਇਹ ਕਦਮ ਪੰਚਾਇਤਾਂ ਲਈ ਵਿੱਤੀ ਤੌਰ 'ਤੇ ਭਾਰੀ ਸੱਟ ਮਾਰੇਗਾ। ਪੰਜਾਬ ਵਿਚ ਪੰਚਾਇਤਾਂ ਦੀ 1.55 ਲੱਖ ਏਕੜ ਜ਼ਮੀਨ ਹੈ ਜਿਸ ਤੋਂ ਕਰੋੜਾਂ ਰੁਪਏ ਦਾ ਮਾਲੀਆ ਹਰ ਸਾਲ ਇਕੱਤਰ ਹੁੰਦਾ ਹੈ।

ਪੰਜਾਬ ਵਿਲੇਜ ਕਾਮਨ ਲੈਂਡ ਐਕਟ-1961 ਦੀ ਧਾਰਾ ਪੰਜ ਮੁਤਾਬਕ ਪੰਚਾਇਤੀ ਜ਼ਮੀਨ ਦੀ ਮਾਲਕੀ ਪੰਚਾਇਤ ਦੀ ਹੁੰਦੀ ਹੈ ਤੇ ਪੰਚਾਇਤ ਨੂੰ ਹੀ ਇਸ ਜ਼ਮੀਨ ਦੀ ਵਰਤੋਂ ਦੇ ਪੂਰਨ ਅਧਿਕਾਰ ਹਨ। ਪੰਚਾਇਤ ਜਾਂ ਸਰਕਾਰ ਜੇ ਜ਼ਮੀਨ ਦੀ ਕਿਸੇ ਵੀ ਤਰ੍ਹਾਂ ਦੀ ਵਰਤੋਂ ਕਰਦੀ ਹੈ ਤਾਂ ਪੰਚਾਇਤ ਦਾ ਮਤਾ ਪੈਣਾ ਜ਼ਰੂਰੀ ਹੁੰਦਾ ਹੈ ਤੇ ਮਤੇ 'ਤੇ ਬਹੁ ਗਿਣਤੀ ਪੰਚਾਂ ਦੇ ਦਸਤਖ਼ਤ ਹੋਣੇ ਜ਼ਰੂਰੀ ਹਨ। ਇਸ ਐਕਟ ਦੇ ਨਿਯਮ ਛੇ ਦੀ ਵਰਤੋਂ ਕਰਕੇ ਪੰਚਾਇਤ ਆਪਣੀ ਜ਼ਮੀਨ ਪਟੇ 'ਤੇ ਦਿੰਦੀ ਹੈ।

ਨਿਯਮ 1 ਤੇ 2 ਤਹਿਤ ਜ਼ਮੀਨ ਦੀ ਵਰਤੋਂ ਜ਼ਰਾਇਤੀ ਕੰਮਾਂ ਲਈ ਕੀਤੀ ਜਾ ਸਕਦੀ ਹੈ ਤੇ ਨਿਯਮ 6 (3) ਤਹਿਤ ਜ਼ਮੀਨ ਵੱਧ ਤੋਂ ਵੱਧ 33 ਸਾਲ ਲਈ ਪਟੇ 'ਤੇ ਦਿੱਤੀ ਜਾ ਸਕਦੀ ਹੈ। ਸਰਕਾਰ ਪੰਚਾਇਤੀ ਜ਼ਮੀਨ ਦੀ ਵਰਤੋਂ ਦੇ ਮਾਮਲੇ ਵਿਚ ਕੋਈ ਦਖ਼ਲ ਨਹੀਂ ਦੇ ਸਕਦੀ। ਜ਼ਿਕਰਯੋਗ ਹੈ ਕਿ ਮੁਹਾਲੀ ਜ਼ਿਲ੍ਹੇ ਦੇ ਪਿੰਡ ਮਨੌਲੀ ਦੀ ਗਰਾਮ ਪੰਚਾਇਤ ਨੇ ਆਪਣੀ ਜ਼ਮੀਨ 99 ਸਾਲਾਂ ਲਈ ਪਟੇ 'ਤੇ ਦੇ ਦਿੱਤੀ ਸੀ ਤਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਚਾਇਤੀ ਜ਼ਮੀਨਾਂ ਪਟੇ 'ਤੇ ਦੇਣ 'ਤੇ ਪਾਬੰਦੀ ਲਾ ਦਿੱਤੀ ਹੈ। ਇਹ ਪਾਬੰਦੀ ਅਜੇ ਵੀ ਲਾਗੂ ਹੈ। ਗੈਰ ਰਵਾਇਤੀ ਊਰਜਾ ਵਿਭਾਗ ਦੇ ਮੰਤਰੀ ਬਿਕਰਮ ਸਿੰਘ ਮਜੀਠੀਆ ਸੂਰਜੀ ਊਰਜਾ ਪਲਾਂਟ ਸਥਾਪਤ ਕਰਨ ਲਈ ਤਤਪਰ ਹਨ। ਇਸ ਕੰਮ ਲਈ ਪੰਚਾਇਤੀ ਜ਼ਮੀਨਾਂ ਦੀ ਚੋਣ ਕੀਤੀ ਗਈ ਹੈ। ਕੰਪਨੀਆਂ ਨੇ ਸਰਕਾਰ ਨੂੰ ਜੋ ਪ੍ਰਸਤਾਵ ਦਿੱਤਾ ਹੈ ਉਸ ਮੁਤਾਬਕ ਇਕ ਮੈਗਾਵਾਟ ਦਾ ਪ੍ਰਾਜੈਕਟ ਲਗਾਉਣ ਲਈ ਪੰਜ ਏਕੜ ਜ਼ਮੀਨ ਚਾਹੀਦੀ ਹੈ।

ਪ੍ਰਾਈਵੇਟ ਕੰਪਨੀਆਂ ਨੇ ਪੰਚਾਇਤੀ ਜ਼ਮੀਨ 'ਤੇ ਅੱਖ ਰੱਖੀ ਹੋਈ ਹੈ ਤੇ ਕੰਪਨੀਆਂ 99 ਸਾਲਾ ਪਟੇ 'ਤੇ ਜ਼ਮੀਨ ਚਾਹੁੰਦੀਆਂ ਹਨ। ਸੂਤਰਾਂ ਅਨੁਸਾਰ ਸਰਕਾਰ ਨੂੰ ਖ਼ਦਸ਼ਾ ਹੈ ਕਿ ਜੇ ਗਰਾਮ ਪੰਚਾਇਤਾਂ ਨੇ ਜ਼ਮੀਨਾਂ ਪ੍ਰਾਈਵੇਟ ਕੰਪਨੀਆਂ ਨੂੰ ਪਟੇ 'ਤੇ ਦੇਣ ਲਈ ਮਤੇ ਪਾਸ ਨਾ ਕੀਤੇ ਤਾਂ ਯੋਜਨਾ ਧਰੀ ਧਰਾਈ ਰਹਿ ਜਾਵੇਗੀ।

**ਨੋਕ-ਝੋਕ**

# ਜੰਗਲ ਦੇ ਬਾਦਸ਼ਾਹ ਦਾ ਪ੍ਰਧਾਨ ਮੰਤਰੀ ਨੂੰ ਖਤ



ਐਸ. ਅਸ਼ੋਕ ਭੌਰਾ

*ਭੁੰਜੇ ਪਿਆ ਚਰਖਾ ਖੜ੍ਹੇ ਹੋ ਕੇ ਕੱਤਣ ਦੀ ਕੋਸ਼ਿਸ਼ ਕਰੋਗੇ ਤਾਂ ਲੋਕ ਤੁਹਾਡੀ ਮੂਰਖਤਾ 'ਤੇ ਤਾੜੀ ਮਾਰ ਕੇ ਹੱਸਣਗੇ। ਸੱਠ ਸਾਲ ਦੀ ਉਮਰ ਵਿਚ ਵਿਆਹ ਕਰਾਉਗੇ ਤਾਂ ਆਪ ਭਾਵੇਂ ਤੁਸੀਂ ਅੰਦਰ ਚਲੇ ਜਾਵੋ, ਮੁਕਲਾਵਾ ਬਾਹਰ ਹੀ ਰਹਿ ਜਾਵੇਗਾ। ਖੁਸਰਿਆਂ ਦੇ ਘਰ ਲੋਹੜੀ ਮੰਗਣ ਜਾਣ ਦੀ ਗਲਤੀ ਹਾਲੇ ਤੀਕਰ ਕਿਸੇ ਨੇ ਵੀ ਨਹੀਂ ਕੀਤੀ। ਸ਼ੇਰ ਦੇ ਮੁੱਛਾਂ ਨਾ ਹੁੰਦੀਆਂ ਤਾਂ ਸਿੰਘਾਸਣ ਜੰਗਲ ਵਿਚ ਟੁੱਟੇ ਪਲੰਘ ਵਰਗਾ ਹੋਣਾ ਸੀ। ਬਾਂਦਰ ਅੱਗ ਲਾਉਣ ਤੋਂ ਡਰਦਾ ਨਹੀਂ ਸਗੋਂ ਉਹ ਜਾਣਦਾ ਹੈ ਕਿ ਮੇਰੇ ਹੀ ਕਬੀਲੇ 'ਚੋਂ ਗਿਆ ਬੰਦਾ ਇਹ ਕੰਮ ਸਹੀ ਢੰਗ ਨਾਲ ਕਰ ਰਿਹਾ ਹੈ। ਹਕੂਮਤਾਂ ਕਰਨ ਵਾਲੇ ਸੋਚਦੇ ਨੇ, ਪਰਜਾ ਮੂਰਖ ਹੈ, ਹੋਰ ਬਣਾਈ ਚੱਲੋ ਪਰ ਉਨ੍ਹਾਂ ਨੂੰ ਜਿਸ ਦਿਨ ਪਤਾ ਲੱਗਾ ਕਿ ਤੱਕਲਾ ਤਾਂ ਸਿੱਧਾ ਸੀ, ਗਲੋਟਾ ਹੀ ਉਧੜਦਾ ਰਿਹਾ; ਫਿਰ ਗੋਡਿਆਂ ਹੇਠਾਂ ਦੀ ਮੂੰਹ ਕੱਢ ਕੇ ਭੂਆ ਨੂੰ ਪੁੱਛਣਗੇ, "ਭਲਾ ਫੁੱਫੜ ਵੀ ਨਾਲ ਈ ਰਹਿੰਦੈ?" ਜਦੋਂ ਤੱਕ ਘੜੀ ਆਮ ਲੋਕਾਂ ਤੱਕ ਨਹੀਂ ਪਹੁੰਚੀ ਸੀ, ਉਨ੍ਹਾਂ ਨੂੰ ਪਤਾ ਸੀ ਕਿ ਪਹਿਰ ਕਿਹੜਾ ਹੈ ਤੇ ਵਕਤ ਦੀ ਕਦਰ ਕਰੀਦੀ ਐ ਪਰ ਜਦੋਂ ਦੀਆਂ ਘੜੀਆਂ ਕੰਧਾਂ ਨਾਲ ਲਟਕਣ ਲੱਗੀਆਂ ਹਨ, ਮਨੁੱਖ ਲੰਘੀ ਜਾ ਰਿਹਾ ਹੈ ਤੇ ਵਕਤ ਖਲੋ ਗਿਆ ਹੈ। ਬਹੁਤ ਸਾਰੇ ਮਾਪਿਆਂ ਨੇ ਪੁੱਤਰਾਂ ਦੇ ਨਾਂ ਊਧਮ ਸਿੰਘ ਤਾਂ ਰੱਖ ਲਏ ਹਨ ਪਰ ਉਨ੍ਹਾਂ ਨੂੰ ਪਤਾ ਨਹੀਂ ਕਿ ਸੂਰਮੇ ਬਣਨ ਲਈ ਜਨਮ ਸੁਨਾਮ 'ਚ ਲੈਣ ਦੀ ਵੀ ਜ਼ਰੂਰਤ ਹੁੰਦੀ ਐ। ਸਮੇਂ ਦੀਆਂ ਸੂਈਆਂ ਰੌਲਾ ਪਾ ਕੇ ਦੱਸਣ ਲੱਗ ਪਈਆਂ ਹਨ ਕਿ ਰਾਜ ਕਰਨਾ ਹੈ ਤਾਂ ਲਿਆਕਤ ਫੂਕ ਦਿਓ, ਚਲਾਕੀ ਦੀ ਅਗਰਬੱਤੀ ਝੂਠ ਦੀ ਡੱਬੀ ਨਾਲ ਬਾਲੋ। ਆਪਣੀ ਅੱਖ ਨਾਲ ਤਾਂ ਸਿਰਫ਼ ਪਰਿਵਾਰ ਹੀ ਦਿਸਦਾ ਹੈ, ਦੁਨੀਆਂ ਵੇਖਣ ਲਈ ਤਾਂ ਕਿਸੇ ਤੋਂ ਉਧਾਰ ਮੰਗਣਾ ਪਵੇਗਾ ਕਿ ਤੂੰ ਮੇਰੀ ਅੱਖ ਨਾਲ ਵੇਖ, ਤੇਰੀ ਅੱਖ ਵੇਖਣ ਵਾਲੀ ਨਹੀਂ। ਕੋਟ 'ਤੇ ਫੁੱਲ ਤਾਂ ਜਵਾਹਰ ਲਾਲ ਵੀ ਟੰਗ ਸਕਦਾ ਹੈ ਪਰ ਨਹਿਰੂ ਬਣਨ ਦਾ ਰਾਹ ਹੋਰ ਲੱਭਣਾ ਪਵੇਗਾ। ਜੇ ਸਿਰਫ਼ ਬੋਲਣ ਵਾਲੇ ਹੀ ਲਿਖਣ ਲੱਗ ਪੈਂਦੇ ਤਾਂ ਫਿਰ ਕਿਸੇ ਨੇ ਵੀ ਰਾਜਨੀਤੀ ਵਿਗਿਆਨ ਦਾ ਵਿਸ਼ਾ ਨਹੀਂ ਪੜ੍ਹਨਾ ਸੀ। ਵੇਖਿਓ! ਚਰਖਾ ਭਾਵੇਂ ਪੁੱਠਾ ਹੀ ਚਲਦਾ ਲੱਗੇਗਾ ਪਰ ਉਹ ਦਿਨ ਲਗਦੈ ਆਉਣ ਹੀ ਵਾਲਾ ਹੈ ਜਦੋਂ ਬੰਦੇ ਗੂੰਗੇ ਹੋ ਜਾਣਗੇ ਤੇ ਜਾਨਵਰ ਬੋਲਿਆ ਕਰਨਗੇ ...।*

**ਮੇਰੇ ਪਿਆਰੇ ਹਮਰੁਤਬਾ ਪ੍ਰਧਾਨ ਮੰਤਰੀ ਜੀਓ,**

**ਸਲਾਮ ਕਬੂਲ ਕਰਨੀ!**

ਤੁਹਾਨੂੰ ਰੋਜ਼ਾਨਾ ਬੜੇ ਖ਼ਤ ਆਉਂਦੇ ਹੋਣਗੇ ਪਰ ਇਹ ਸ਼ਾਇਦ ਪਹਿਲਾ ਮੌਕਾ ਹੈ ਕਿ ਕੋਈ ਖ਼ਤ ਤੁਹਾਨੂੰ ਜੰਗਲ 'ਚੋਂ ਲਿਖਿਆ ਜਾ ਰਿਹਾ ਹੋਵੇ। ਤੁਸੀਂ ਵੀ ਬਾਦਸ਼ਾਹ ਹੋ ਤੇ ਮੈਂ ਵੀ ਬਾਦਸ਼ਾਹ ਹਾਂ ਪਰ ਫ਼ਰਕ ਇੰਨਾ ਹੀ ਹੈ ਕਿ ਮੈਂ ਜਾਨਵਰਾਂ ਦਾ ਬਾਦਸ਼ਾਹ ਹਾਂ ਤੇ ਤੁਸੀਂ ਬੰਦਿਆਂ ਦੇ ਬਾਦਸ਼ਾਹ ਹੋ ਜਿਨ੍ਹਾਂ ਨੂੰ ਬੰਦੇ ਕਹਿਣ ਨੂੰ ਜੀਅ ਨਹੀਂ ਕਰਦਾ। ਤੁਸੀਂ ਹਕੂਮਤਾਂ ਵੈਸਾਖੀਆਂ ਦੇ ਸਹਾਰੇ ਕਰਦੇ ਹੋ ਪਰ ਮੈਂ ਠਾਠ-ਬਾਠ ਨਾਲ ਰਹਿੰਦਾ ਹਾਂ। ਤੁਸੀਂ ਵਿਰੋਧੀਆਂ ਦੇ ਅਗਨ-ਬਾਣ ਝੱਲਦੇ ਹੋ ਪਰ ਮੈਂ ਨਿਰਵਿਰੋਧ ਸ਼ਾਸਨ ਚਲਾ ਰਿਹਾ ਹਾਂ। ਤੁਹਾਨੂੰ ਪੰਜ ਸਾਲ ਦਾ ਸਮਾਂ ਰਾਜ ਭਾਗ ਲਈ ਮਿਲਦਾ ਹੈ, ਮੈਂ ਜੰਗਲ ਦਾ ਸਦਾ-ਬਹਾਰ ਰਾਜਾ ਹਾਂ।

ਖ਼ੈਰ! ਅੱਜ ਮੇਰਾ ਖ਼ਤ ਲਿਖਣ ਦਾ ਮਕਸਦ ਕੁਝ ਹੋਰ ਹੈ। ਇਸ ਲਈ ਇਸ ਗੁੰਝਲਦਾਰ ਜਿਰਿਆ ਵਿਚ ਕਦੇ ਫੇਰ ਉਲਝ ਲਵਾਂਗੇ। ਤੁਸੀਂ ਸੋਚਦੇ ਹੋਵੋਗੇ ਕਿ ਕਿਸੇ ਹੋਰ ਦੇਸ਼ ਦਾ ਬਾਦਸ਼ਾਹ ਮੈਨੂੰ ਖ਼ਤ ਲਿਖਣ ਵੇਲੇ ਹਮਰੁਤਬਾ ਲਿਖੇ ਤਾਂ ਗੱਲ ਬਣਦੀ ਹੈ, ਇਹ ਜੰਗਲ ਦੇ ਰਾਜੇ ਦਾ ਕੱਦ ਮੇਰੇ ਬਰਾਬਰ ਕਿਵੇਂ ਹੋ ਗਿਆ? ਮੈਂ ਤਾਂ ਤੁਹਾਡਾ ਇਹ ਭਰਮ-ਭੁਲੇਖਾ ਇਹ ਕਹਿ ਕੇ ਕੱਢ ਦੇਣਾ ਚਾਹੁੰਦਾ ਹਾਂ ਕਿ ਮੈਂ ਉਹ ਬਾਦਸ਼ਾਹ ਹਾਂ ਜਿਸ ਦੇ ਰਾਜ ਵਿਚ ਸਾਰੀ ਪਰਜਾ ਸੁੱਖ ਨਾਲ ਸੌਂਦੀ ਹੈ, ਜਿਥੇ ਸ਼ਾਂਤੀ ਹੀ ਸ਼ਾਂਤੀ ਹੈ ਤੇ ਤੁਸੀਂ ਆਪਣੇ ਦਿਲ 'ਤੇ ਹੱਥ ਰੱਖ ਕੇ ਇਹ ਗੱਲ ਹਰਗਿਜ਼ ਨਹੀਂ ਕਹਿ ਸਕਦੇ ਕਿ ਜਦੋਂ ਦੇ ਤੁਸੀਂ ਵੋਟਾਂ ਦੇ ਸਹਾਰੇ, ਚੋਰਾਂ, ਲੁਟੇਰਿਆਂ ਤੇ ਭ੍ਰਿਸ਼ਟ ਲੋਕਾਂ ਦੇ ਸਹਾਰੇ ਇਸ ਗੱਦੀ 'ਤੇ ਬੈਠੇ ਹੋ, ਤੁਸੀਂ ਇਕ ਦਿਨ ਵੀ ਰੱਜ ਕੇ ਘੋੜੇ ਵੇਚ ਕੇ ਸੌਂ ਕੇ ਨਹੀਂ ਵੇਖਿਆ ਹੋਣਾ ਤੇ ਤੁਹਾਡੀ ਪਤਨੀ ਮੰਨੇ ਭਾਵੇਂ ਨਾ, ਉਹ ਦਿਲ ਵਿਚ ਕਹਿੰਦੀ ਜ਼ਰੂਰ ਹੋਵੇਗੀ ਕਿ ਹੁਣ ਮੈਂ ਪਤੀ ਨਾਲ ਨਹੀਂ, ਪ੍ਰਧਾਨ ਮੰਤਰੀ ਨਾਲ ਰਹਿੰਦੀ ਹਾਂ। ਤੇ ਮੇਰੀ ਸ਼ੇਰਨੀ ਨੂੰ ਸਹੁੰ ਖਵਾਉਣ ਦੀ ਲੋੜ ਨਹੀਂ; ਉਹ ਦਾਅਵੇ ਨਾਲ ਕਹੇਗੀ, ਪਤੀ ਹੋਵੇ ਤਾਂ ਇੱਦਾਂ ਦਾ।

ਚਲੋ ਇਹ ਗੱਲਾਂ ਤਾਂ ਰਾਮ ਕਹਾਣੀਆਂ ਵਾਂਗ ਬਹੁਤ ਲੰਬੀਆਂ ਹਨ। ਕਦੇ ਵਕਤ ਮਿਲਿਆ ਤਾਂ ਇਨ੍ਹਾਂ ਦਾ 'ਕੱਠੇ ਬਹਿ ਕੇ ਖੁਲਾਸਾ ਕਰਾਂਗੇ। ਅੱਜ ਮੈਂ ਜਿਸ ਕੋਇਲੇ ਵਾਂਗ ਭਖਦੇ ਮਸਲੇ ਦੀ ਵਿਆਖਿਆ ਤੁਹਾਡੇ ਨਾਲ ਸਾਂਝੀ ਕਰਨ ਲੱਗਾ ਹਾਂ, ਉਹ ਮੈਂ ਜਾਣਦਾ ਤਾਂ ਹਾਂ ਕਿ ਫਿਰ ਕਈ ਦਿਨਾਂ ਤੱਕ ਤੁਹਾਡੀ ਨੀਂਦ ਦੇ ਲੱਤਾਂ ਮਾਰੇਗਾ; ਕਿਉਂਕਿ ਤੁਸੀਂ ਸਿਆਣੇ ਵੀ ਹੋ, ਸਮਝਦਾਰ ਵੀ; ਇਸ ਲਈ ਤੁਸੀਂ ਇਕ ਬਾਦਸ਼ਾਹ ਦੇ ਦਰਦ ਦੀ ਚੀਸ ਨੂੰ ਸਮਝੋਗੇ ਵੀ; ਪਰ ਇਸ ਗੱਲ ਦੀ ਮੈਨੂੰ ਆਸ ਬਹੁਤ ਫਿੱਕੀ ਲਗਦੀ ਹੈ ਕਿ ਤੁਸੀਂ ਇਸ ਦੇ ਚੰਗੇ ਨਤੀਜੇ ਕੱਢੇ ਸਕੋਗੇ। ਫਿਰ ਵੀ ਇਸ ਆਸ ਨਾਲ ਤੁਹਾਨੂੰ ਮੁਖਾਤਿਬ ਹੋਣ ਲੱਗਾ ਹਾਂ ਜਿਵੇਂ ਬਦਸੂਰਤ ਪਤੀ ਦੀ ਪਤਨੀ ਖੂਬਸੂਰਤ ਬੱਚੇ ਨੂੰ ਜਨਮ ਦੇਣ ਤੱਕ ਇਸੇ ਆਸ 'ਤੇ ਬੈਠੀ ਹੁੰਦੀ ਹੈ ਕਿ ਇਹ ਮੇਰੇ ਵਰਗਾ ਹੋਵੇਗਾ।

ਬੜੇ ਲੰਬੇ ਸਮੇਂ ਤੋਂ ਮੈਂ ਜੰਗਲ ਦੇ ਹਰ ਜਾਨਵਰ ਨਾਲ ਸਲਾਹ ਕੀਤੀ ਹੈ ਕਿ ਗਲਤੀਆਂ ਬੰਦੇ ਕਰ ਰਹੇ ਹਨ, ਜੁਰਮ ਮਨੁੱਖ ਕਰ ਰਹੇ ਹਨ ਤੇ ਜਦੋਂ ਇਹ ਕਾਬੂ ਨਹੀਂ ਹੁੰਦੇ ਤਾਂ ਲੋਕ ਰੌਲਾ ਪਾਉਂਦੇ ਹਨ ਕਿ ਇਹ ਤਾਂ ਨਿਰਾ ਜੰਗਲ ਦਾ ਰਾਜ ਐ। ਲੋਕ ਸਭਾ ਜਾਂ ਵਿਧਾਨ ਸਭਾ ਵਿਚ ਉਹ ਲੋਕ ਜਿਨ੍ਹਾਂ ਨੂੰ ਜਨਤਾ ਸਿਆਣੇ ਸਮਝ ਕੇ ਚੁਣ ਕੇ ਭੇਜਦੀ ਹੈ, ਮੂਰਖਾਂ ਵਾਂਗ ਸਿੰਗ ਫਸਾਉਂਦੇ ਹਨ ਤਾਂ ਤੁਸੀਂ ਇਕ ਵਾਰ ਖੁਦ ਵੀ ਟਿੱਪਣੀ ਕੀਤੀ ਸੀ, 'ਇਥੇ ਜੰਗਲ ਦਾ ਰਾਜ ਨਹੀਂ।' ਦਿੱਲੀ 'ਚ ਬਲਾਤਕਾਰ ਹੋਵੇ, ਧਰਮ ਦੇ ਨਾਂ 'ਤੇ ਦੰਗਿਆਂ 'ਚ ਲੋਕ ਮਰਨ ਤਾਂ ਆਵਾਜ਼ਾਂ ਉਠਦੀਆਂ ਨੇ, 'ਇਥੇ ਤਾਂ ਜੰਗਲ ਦਾ ਰਾਜ ਹੈ।' ਮੈਂ ਇਸ ਖ਼ਤ ਰਾਹੀਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਨੂੰ ਕਿਉਂ ਬਦਨਾਮ ਕਰ ਰਹੇ ਹੋ? ਸਵਾਲਾਂ ਦੀ ਜਿਹੜੀ ਵਿਥਿਆ ਮੈਂ ਹੇਠਾਂ ਸੁਣਾਉਣ ਲੱਗਾ ਹਾਂ, ਤੁਸੀਂ ਮੰਨਿਓ ਭਾਵੇਂ ਨਾ ਪਰ ਇਹ ਸੱਚ ਹੈ ਕਿ ਜੰਗਲ ਵਿਚ ਉਹ ਕੁਝ ਨਾ ਕਦੇ ਹੋਇਆ ਹੈ, ਨਾ ਹੋ ਰਿਹਾ ਹੈ, ਨਾ ਹੋਵੇਗਾ। ਜੋ ਤੁਹਾਡੇ ਰਾਜ ਵਿਚ ਹੋ ਰਿਹਾ ਹੈ, ਉਹ ਕੁਝ ਜਾਨਵਰਾਂ ਦੇ ਰਾਜ ਵਿਚ ਨਹੀਂ ਹੋ ਸਕਦਾ। ਜੇ ਤੁਸੀਂ ਬੰਦਿਆਂ ਨੂੰ ਜਾਨਵਰਾਂ ਤੋਂ ਸਿਆਣੇ ਸਮਝ ਰਹੇ ਹੋ ਤਾਂ ਇਹ ਸਿਰਫ਼ ਤੁਹਾਡਾ ਭਰਮ ਹੋ ਸਕਦਾ ਹੈ।

ਜ਼ਰਾ ਸੋਚ ਕੇ ਦੱਸੋਗੇ ਕਿ ਨਾ ਤਾਂ ਮੇਰੇ ਕੋਲ ਗੰਨਮੈਨ ਹਨ, ਨਾ ਮੇਰੇ ਕੋਲ ਮਹਿੰਗੀਆਂ ਕਾਰਾਂ ਹਨ, ਨਾ ਸਲਾਹਕਾਰਾਂ/ਚਮਚਿਆਂ ਦੀ ਭੀੜ ਹੈ, ਨਾ ਸ਼ਾਹੀ ਮਹਿਲ ਹੈ, ਨਾ ਮੈਨੂੰ ਤਨਖਾਹ ਮਿਲਦੀ ਹੈ, ਨਾ ਖਾਣਾ ਪਕਾਉਣ ਵਾਲਾ, ਨਾ ਜਹਾਜ਼ ਤੇ ਨਾ ਕੋਈ ਮਹਿਕਮਾ। ਫਿਰ ਵੀ ਮੈਨੂੰ ਨਾ ਕਿਸੇ ਤੋਂ ਖਤਰਾ ਹੈ, ਨਾ ਭੁੱਖ ਦਾ ਫਿਕਰ ਹੈ, ਨਾ ਬਿਮਾਰ ਹੋਣ ਦਾ ਫਿਕਰ ਹੈ, ਨਾ ਸ਼ੇਰਨੀ ਮੇਰੇ ਨਾਲ ਸਰਕਾਰੀ ਦੌਰਿਆਂ 'ਤੇ ਜਾਂਦੀ ਐ। ਨਾ ਕਿਤੇ ਚੈਕਿੰਗ, ਨਾ ਅਸਲਾ ਲੱਭਣ ਵਾਲੇ ਕੁੱਤੇ। ਮੇਰਾ ਰਾਜ ਭਾਗ ਸ਼ਾਨੋ-ਸ਼ੌਕਤ ਨਾਲ ਚੱਲ ਰਿਹਾ ਹੈ। ਇਹ ਸਾਰੀਆਂ ਮਾੜੀਆਂ ਅਲਾਮਤਾਂ ਸਿਰਫ ਤੁਹਾਨੂੰ ਚਿੰਬੜੀਆਂ ਹੋਈਆਂ ਹਨ। ਜੰਗਲ ਦੀ ਪਰਜਾ ਇੰਨੀ ਸਿਆਣੀ ਰਹੀ ਹੈ ਕਿ ਉਨ੍ਹਾਂ ਕਦੇ ਸੋਚਿਆ ਹੀ ਨਹੀਂ ਕਿ ਬਾਦਸ਼ਾਹ ਵੋਟਾਂ ਪਾ ਕੇ ਚੁਣ ਲਈਦੇ ਹਨ। ਮੈਂ 'ਕੱਲਾ ਵੀ ਤੁਰਿਆ ਜਾ ਰਿਹਾ ਹੋਵਾਂ, ਤਦ ਵੀ ਹਰ ਜਾਨਵਰ ਸਲੂਟ ਮਾਰ ਕੇ ਲੰਘਦਾ ਹੈ। ਤੁਸੀਂ ਜੰਗਲ ਦੇ ਰਾਜੇ ਦੀ ਰੀਸ ਕਦੇ ਵੀ ਨਹੀਂ ਕਰ ਸਕਦੇ। ਕਿਤੇ ਮੈਨੂੰ ਦੋ ਪੈਰ ਇਨ੍ਹਾਂ ਕਾਲੇ ਕੱਪੜਿਆਂ ਵਾਲੇ ਜਮਾਂ ਤੇ ਰਫਲਾਂ, ਬੰਦੂਕਾਂ ਤੋਂ ਬਿਨਾਂ ਤੁਰ ਕੇ ਤਾਂ ਵਿਖਾਇਓ। ਆਪਣੀ ਪੀੜ੍ਹੀ ਹੇਠ ਸੋਟਾ ਨਹੀਂ, ਡਾਂਗ ਫੇਰੋ। ਭੰਡੀ ਖਾਹ-ਮਖਾਹ ਸਾਨੂੰ ਜਾਨੇ ਓ ...।

ਤੁਹਾਡੇ ਥਾਂ-ਥਾਂ 'ਤੇ ਬਾਲੜੀਆਂ ਨਾਲ, ਧੀਆਂ ਨਾਲ, ਬਜ਼ੁਰਗ ਔਰਤਾਂ ਨਾਲ ਨਿੱਤ ਬਲਾਤਕਾਰ ਹੋ ਰਹੇ ਹਨ। ਜੰਗਲ ਦੀ ਖ਼ਬਰ ਕਦੇ ਸੁਣੀ ਐ ਕਿ ਕਿਸੇ ਨਿੱਹਥੇ ਜਾਂ ਬੇਸਹਾਰਾ ਜਾਨਵਰ ਨਾਲ ਕਿਸੇ ਨੇ ਇੱਦਾਂ ਕੀਤਾ ਹੋਵੇ। ਜੰਗਲ ਦੇ ਬਘਿਆੜ ਗਊਆਂ ਵਰਗੇ ਆ, ਤੇ ਬੰਦੇ ਬਘਿਆੜਾਂ ਤੋਂ ਹਜ਼ਾਰਾਂ ਗੁਣਾਂ ਦਰਿੰਦੇ ਜ਼ਾਲਮ। ਇਥੇ ਕਦੇ ਕਿਸੇ ਨੇ, ਕਿਸੇ ਵੀ ਜਾਨਵਰ ਨੂੰ ਰੰਗ-ਰਲੀਆਂ ਮਨਾਉਂਦੇ ਨਹੀਂ ਦੇਖਿਆ। ਤੇ ਤੁਹਾਡੇ ਹੋਟਲਾਂ 'ਚ ਰੋਜ਼ ਵੱਗ ਫੜੇ ਜਾ ਰਹੇ ਹਨ। ਤੁਹਾਡੇ ਮੰਤਰੀਆਂ 'ਤੇ ਬਲਾਤਕਾਰ ਦੇ ਕੇਸ ਚੱਲ ਰਹੇ ਹਨ। ਜੰਗਲ ਦੀ ਕੋਈ ਇਕ ਵੀ ਉਦਾਹਰਨ ਪੇਸ਼ ਕਰ ਦਿਓ ਖਾਂ! ਦਿੱਲੀ ਵਿਚ ਅਬਲਾ ਨਾਲ ਜੋ ਹੋਇਆ, ਸਾਰਾ ਜੱਗ ਜਾਣਦੈ ਤੇ 'ਜੰਗਲ ਦਾ ਰਾਜ' ਕਹਿ ਕੇ ਦਫਾ ਸਾਡੀ ਪੁੱਟ ਰਹੇ ਹੋ! ਸੰਗ ਆਉਣੀ ਚਾਹੀਦੀ ਐ ਇੱਦਾਂ ਦੇ ਰਾਜ 'ਤੇ!!

ਮੇਰੇ ਹਮਰੁਤਬਾ ਪ੍ਰਧਾਨ ਮੰਤਰੀ ਜੀਓ! ਤੁਹਾਡੇ ਕੋਲ ਪੁਲਿਸ, ਫੌਜਾਂ ਦਾ ਲਾਮ-ਲਸ਼ਕਰ, ਬਰੂਦ, ਤੋਪਾਂ, ਰਾਕਟ, ਮਿਜ਼ਾਇਲਾਂ....ਇਹ ਹੇੜ੍ਹ ਫਿਰ ਵੀ ਲੋਕਾਂ ਨੂੰ ਕਾਬੂ ਨਹੀਂ ਰੱਖ ਸਕੀ। ਜੰਗਲ ਦੁਆਲੇ ਨਾ ਬੀ.ਐਸ.ਐਫ. ਨਾ, ਕੰਡਿਆਲੀ ਤਾਰ; ਕੀਹਦੀ ਮਜਾਲ ਅੰਦਰ ਆ ਜਾਵੇ। ਬੰਦਿਆਂ ਦਾ ਪੈਂਟ-ਪਜਾਮਾ ਗਿੱਲਾ ਨਾ ਕਰ ਦੇਈਏ ਵੜਦਿਆਂ ਦਾ...। ਤੁਸੀਂ ਇੰਨੇ ਵੱਗ ਨਾਲ ਵੀ ਸ਼ਾਂਤੀ ਨਹੀਂ ਰੱਖ ਸਕੇ। ਕਿਤੇ ਬੰਬ ਫਟ ਰਹੇ ਨੇ, ਕਿਤੇ ਸਰਹੱਦ ਪਾਰੋਂ ਦੁਸ਼ਮਣ ਨੇ ਤੁਹਾਡੀਆਂ ਪੂਛਾਂ ਚੁਕਾਈਆਂ ਹੋਈਆਂ ਨੇ। ਕਿਤੇ ਦੰਗੇ-ਫਸਾਦ ਹੋ ਰਹੇ ਨੇ, ਜੇਲ੍ਹਾਂ ਖੂੰਖਾਰ ਅਤਿਵਾਦੀਆਂ ਨਾਲ ਭਰੀਆਂ ਪਈਆਂ ਨੇ। ਸੱਚ ਪੁੱਛੋ ਤਾਂ ਮੁਲਕ ਦੇ ਹਰ ਹਿੱਸੇ ਵਿਚ ਹਾਹਾਕਾਰ ਮਚੀ ਹੋਈ ਐ ਤੇ ਮੇਰੇ ਜੰਗਲ ਦੇ ਲਾਅ ਐਂਡ ਆਰਡਰ ਦੀ ਸਥਿਤੀ ਕਿਸੇ ਤੋਂ ਲੁਕੀ ਹੋਈ ਨਹੀਂ। ਜਾਨਵਰ ਜ਼ਿੰਦਗੀ ਮਾਣ ਰਹੇ ਨੇ, ਤੁਸੀਂ ਭੋਗ ਰਹੇ ਹੋ। ਨਾ ਕਿਤੇ ਰੋਸ ਮੁਜ਼ਾਹਰਾ, ਨਾ ਹੜਤਾਲ; ਤੇ ਨਾ ਤਨਖ਼ਾਹਾਂ ਦਾ ਰੌਲਾ, ਨਾ ਤਰੱਕੀਆਂ ਦੀ ਲੜਾਈ। ਸਭ ਜਾਨਵਰਾਂ ਕੋਲ ਸਬਰ ਵੀ ਹੈ ਤੇ ਸੰਜਮ ਵੀ। ਤੁਸੀਂ ਤੀਏ ਦਿਨ ਬੇਨਿਆਈਂ ਮੌਤ ਮਰਨ ਵਾਲਿਆਂ 'ਤੇ ਹਾਅ ਦੇ ਨਾਅਰੇ ਮਾਰਦੇ ਹੋ, ਪਰਿਵਾਰਾਂ ਨੂੰ ਨੌਕਰੀਆਂ ਪੈਸੇ ਵੰਡਦੇ ਹੋ। ਕਿਹੜਾ ਜੰਗਲ ਐ ਜਿਥੇ ਬੰਬਾਂ ਗੋਲੀਆਂ ਨਾਲ ਜਾਨਵਰ ਮਰਦੇ ਹੋਣ? ਪ੍ਰਧਾਨ ਮੰਤਰੀ ਜੀਓ! ਐਵੇਂ ਪਰਦਾ ਈ ਐ। ਚਾਰ ਜਮਾਤਾਂ ਪੜ੍ਹ ਕੇ ਬੰਦੇ, ਬੰਦੇ ਹੋਣ ਦੀ ਰਾਗਣੀ ਛੇੜੀ ਬੈਠੇ ਜੇ... ਇਹ ਤਾਂ ਜਾਨਵਰਾਂ ਦੇ ਬਰਾਬਰ ਬਹਿਣ ਜੋਗੇ ਵੀ ਨਹੀਂ ਰਹੇ।

ਜੰਗਲ 'ਚ ਜਾਨਵਰਾਂ ਦਾ ਧਰਮ ਸਿਰਫ ਨੇਕ ਬਣੇ ਰਹਿਣਾ ਤੇ ਪਾਪ ਨਾ ਕਰਨਾ ਹੈ। ਅਸੀਂ ਘੁਰਨਿਆਂ ਵਿਚ ਨਹੀਂ ਰਹਿੰਦੇ, ਉਹਦੀ ਰਜ਼ਾ ਵਿਚ ਸਬਰ ਨਾਲ ਵੀ ਰਹਿੰਦੇ ਹਾਂ। ਤੁਸੀਂ ਧਰਮ ਕੋਲ ਮੁਲਕ ਗਿਰਵੀ ਰੱਖ ਦਿੱਤਾ ਹੈ। ਮੰਦਰਾਂ ਮਸੀਤਾਂ ਦੇ ਰੌਲੇ ਪਾ ਕੇ ਮਨੁੱਖਤਾ ਵਿਚ ਵੰਡੀਆਂ ਪਾ ਦਿੱਤੀਆਂ ਹਨ। ਧਰਮ ਦਾ ਵਾਸਤਾ ਪਾ ਕੇ ਵੋਟਾਂ ਮੰਗੀਆਂ ਜਾ ਰਹੀਆਂ ਹਨ। ਕਿਤੇ ਟੋਪੀ ਦਾ ਰੌਲਾ, ਕਿਤੇ ਨਿੱਕਰ ਦਾ। ਕਿਤੇ ਧਰਮ ਦੇ ਨਾਂ 'ਤੇ ਪਾਰਟੀਆਂ, ਕਿਤੇ ਧਰਮ ਦੇ ਨਾਂ 'ਤੇ ਕਤਲ। ਰੱਬ ਜਿਵੇਂ ਤੁਹਾਡਾ ਸਿੱਧਾ ਰਿਸ਼ਤੇਦਾਰ ਹੋਵੇ। ਚੰਦਰਾ ਸਵਾਮੀ ਤੋਂ ਲੈ ਕੇ ਆਸਾ ਰਾਮ ਤੱਕ ਧਰਮ ਦਾ ਚੋਲਾ ਪਹਿਨ ਕੇ ਤੁਹਾਡੀ ਸ਼ਹਿ ਤੋਂ ਬਿਨਾਂ ਬੱਚੀਆਂ ਦੀਆਂ ਇੱਜ਼ਤਾਂ ਨਾਲ ਖੇਡ ਸਕਦੇ ਹਨ? ਕਿਤੇ ਭਨਿਆਰਾਵਾਲੇ ਨੇ ਅੱਤ ਚੱਕੀ ਪਈ ਐ, ਕਿਤੇ ਸੌਦਾ ਸਾਧ ਸਾਨ੍ਹ ਬਣੀ ਫਿਰਦੈ। ਕੋਈ ਚਿਮਟੇ ਵਜਾ ਕੇ ਲੁੱਟ ਰਿਹੈ, ਕੋਈ ਖੜਤਾਲਾਂ ਨਾਲ। ਜੰਗਲ 'ਚ ਕਿਥੇ ਹੈ ਇਹ ਸਭ? ਮੰਦਿਰ ਕਿਥੇ ਹੈ? ਤੇ ਮਸਜਿਦ ਕਿੱਥੇ? ਕਿਥੇ ਹੈ ਗਿਰਜਾਘਰ ਤੇ ਕਿਥੇ ਹੈ ਗੁਰਦੁਆਰਾ? ਅਧਰਮੀ ਬੰਦੇ ਧਰਮ ਦੀਆਂ ਕੂਕਾਂ ਮਾਰ ਕੇ ਭੋਲੀ ਜਨਤਾ ਨੂੰ ਦੋਹਾਂ ਹੱਥਾਂ ਨਾਲ ਲੁੱਟ ਰਹੇ ਹਨ। ਜੇ ਸੱਚੀਂ ਰੱਬ ਵਸਦਾ ਵੇਖਣੈ, ਤਾਂ ਜੰਗਲ ਦਾ ਗੇੜਾ ਮਾਰ ਕੇ ਦੇਖੋ। ਜ਼ਰੂਰੀ ਨਹੀਂ, ਰੱਬ ਦੇ ਰਹਿਣ ਲਈ ਇਮਾਰਤਾਂ ਦੀ ਲੋੜ ਐ! ... ਤੇ ਤੁਸੀਂ ਜੰਗਲ ਰਾਜ ਦੀਆਂ ਵੱਖੀਆਂ ਭੰਨ ਰਹੇ ਹੋ। ਰੱਬ ਦੇ ਵਾਸਤੇ ਚੋਰਾਂ ਦੀ ਸਾਧਾਂ ਨਾਲ ਤੁਲਨਾ ਨਾ ਕਰੋ।

ਪਰਮ ਸਤਿਕਾਰਯੋਗ ਪ੍ਰਧਾਨ ਮੰਤਰੀ ਜੀਓ! ਅੱਖਾਂ ਤੋਂ ਪੱਟੀ ਥੋੜ੍ਹੀ ਜਿਹੀ ਹੇਠਾਂ ਕਰੋ। ਕਿਸੇ ਜਾਨਵਰ 'ਤੇ ਦੁਨੀਆਂ 'ਚ ਹਾਲੇ ਤੀਕ ਭ੍ਰਿਸ਼ਟ ਹੋਣ ਦਾ ਦੋਸ਼ ਨਹੀਂ ਲੱਗਾ। ਤੁਹਾਡੇ ਮੰਤਰੀ ਅਰਬਾਂ 'ਚ ਰਿਸ਼ਵਤ ਲੈਂਦੇ ਹਨ। ਕਾਮਨਵੈਲਥ ਦੀਆਂ ਖੇਡਾਂ 'ਚ ਕਲਮਾਡੀ ਜੁੰਡਲੀ ਨੇ ਕੀ ਕੀਤਾ? ਮੰਤਰੀ ਏ. ਰਾਜਾ ਨੇ ਟੈਲੀਫੂਨ ਘੁਟਾਲੇ 'ਚ ਛੱਡਿਆ ਕੀ ਐ? ਆਹ ਹੁਣ ਆ ਕੇ ਤੁਸੀਂ ਛਲਾਰੂ ਜਿਹਾ ਡੱਕਿਆ ਜੇਲ੍ਹ 'ਚ ਲੋਕ ਲੱਜ ਨੂੰ ਜਿਹੜਾ ਸਾਡਾ ਪਸ਼ੂਆਂ ਦਾ ਚਾਰਾ ਵੀ ਖਾ ਗਿਆ। ਬੰਦੇ ਜਾਨਵਰਾਂ ਦੀ ਖੁਰਾਕ ਖਾਣ ਲੱਗ ਪਏ! ਹੱਦ ਈ ਕਰ'ਤੀ ਤੁਸੀਂ ਤਾਂ!! ... ਤੇ ਉਲਾਂਭਿਆਂ ਦੇ ਠੀਕਰੇ ਸਾਡੇ ਸ਼ਰੀਫਾਂ ਦੇ ਸਿਰਾਂ 'ਚ ਭੰਨਦੇ ਓ! ਉਧਰ ਪੰਜਾਬ ਦੀਆਂ ਖ਼ਬਰਾਂ ਸੁਣੀਆਂ ਸੀ- ਇਕ ਟੱਬਰ ਈ ਸਭ ਕੁਝ ਕਰੀ ਜਾਂਦੈ। ਉਥੇ ਤਾਂ ਜਮਾਂ ਗੱਲ ਸਿਰੇ ਲੱਗੀ ਪਈ ਐ। ਜਿਹੜੀਆਂ ਵਸਤਾਂ ਕਿਸੇ ਤੋਂ ਵੀ ਖਾ ਨਹੀਂ ਹੋਈਆਂ, ਉਥੇ ਹਕੂਮਤਾਂ ਕਰਨ ਵਾਲੇ ਉਹ ਵੀ ਛੱਕ ਗਏ। ਰੇਤੇ ਬਜਰੀ ਦੇ ਰੌਲੇ ਦਾ ਤੁਹਾਨੂੰ ਕਿਹੜਾ ਪਤਾ ਨਹੀਂ ਹੋਣਾ। ਜੰਗਲ ਵਿਚ ਕੋਈ ਪੈਸੇ ਟਕੇ ਦਾ ਲੈਣ-ਦੇਣ ਨਹੀਂ ਚੱਲਦਾ। ਮੇਰੇ ਕੋਲ ਕੋਈ ਖ਼ਜ਼ਾਨਾ ਨਹੀਂ ਪਰ ਭੁੱਖੇ ਅਸੀਂ ਫਿਰ ਵੀ ਨਹੀਂ ਮਰਦੇ। ਇਥੇ ਕਿਸੇ ਅਨਾਜ ਸੁਰੱਖਿਆ ਬਿੱਲ ਦੀ ਚਰਚਾ ਨਹੀਂ। ਇਥੇ ਸਭ ਰਾਤ ਨੂੰ ਢਿੱਡ ਭਰ ਕੇ ਖਾਂਦੇ ਆ, ਢੋਲੇ ਦੀਆਂ ਲਾਉਂਦੇ ਆ, ਤੇ ਤੜਕੇ ਤੱਕ ਖਰਾਟੇ ਵੱਜਦੇ ਨੇ।



ਇਹ ਸੱਚ ਹੈ ਕਿ ਨਹੀਂ, ਕਿ ਤੁਹਾਡੇ ਮੁਲਕ ਵਿਚ ਘੱਟ-ਗਿਣਤੀ ਲੋਕਾਂ ਦਾ ਜਿਉਣਾ ਹਰਾਮ ਹੋਇਆ ਪਿਐ। ਮੁਸਲਮਾਨਾਂ, ਸਿੱਖਾਂ, ਇਸਾਈਆਂ ਨਾਲ ਕੀ ਹੋ ਰਿਹੈ? ਮੈਥੋਂ ਪੁੱਛਣਾ ਚਾਹੁੰਨੇ ਹੋ! ਇਹ ਸੱਚਾਈ ਜੱਗ ਜ਼ਾਹਿਰ ਹੈ। ਜੰਗਲ 'ਚ ਕੋਈ ਘੱਟ-ਗਿਣਤੀ ਵਿਚ ਹੋਏ, ਚਾਹੇ ਵੱਧ 'ਚ; ਮਜਾਲ ਹੈ ਕਿ ਮੇਰੇ ਰਾਜ 'ਚ ਕਿਸੇ ਵੱਲ ਕੋਈ ਅੱਖ ਭਰ ਕੇ ਵੀ ਤੱਕ ਸਕੇ। ਮੈਂ ਸੰਗਤ ਦਰਸ਼ਨ ਨਹੀਂ ਕਰਦਾ, ਕੰਮ ਪ੍ਰਦਰਸ਼ਨ ਕਰਦਾ ਹਾਂ। ਹਾਅ ਜਿਹੜਾ ਥੋਡੇ ਥਾਂ ਧਰਮ ਦੀ ਫੱਟੀ ਪਾ ਕੇ ਬਹਿਣ ਨੂੰ ਕਾਹਲਾ ਹੋਇਆ ਪਿਐ, ਉਨ੍ਹਾਂ ਨੂੰ ਰਤਾ ਕੋਲ ਬਿਠਾ ਕੇ ਪੁੱਛੋ ਤਾਂ ਸਹੀ, ਕਿ ਘੱਟ-ਗਿਣਤੀਆਂ ਵਾਲੇ ਦੁਹਾਈਆਂ ਕੀ ਦੇ ਰਹੇ ਹਨ? ਨਿਹੋਰਿਆਂ ਦੀ ਵਾਛੜ ਸਾਡੇ ਉਤੇ ਕਰ ਰਹੇ ਨੇ ਕਿ 'ਅਸੀਂ ਜੰਗਲ ਦਾ ਰਾਜ ਮੁਕਾ ਦਿਆਂਗੇ।'

ਤੁਹਾਡੇ ਰਾਜ ਵਿਚ ਲੀਡਰ ਘੱਟ ਐ, ਪਾਰਟੀਆਂ ਬਹੁਤ ਨੇ। ਹਰ ਕੋਈ ਆਪੋ ਆਪਣੀ ਟਿੰਡ ਵਜਾਈ ਫਿਰਦੈ। ਜੰਗਲ 'ਚ ਕਿਸੇ ਨੇ ਵੀ ਕਦੇ ਕਿਸੇ ਪਾਰਟੀ ਦਾ ਨਾਂ ਸੁਣਿਐ? ਇਹ ਧੜੇਬੰਦੀਆਂ, ਦੁਸ਼ਮਣੀਆਂ, ਵਿਰੋਧ; ਸਭ ਮਨੁੱਖ ਕਰ ਰਿਹੈ। ਕਿਸੇ ਦਾ ਕੋਈ ਦੀਨ-ਮਜ਼ਹਬ ਨਹੀਂ। ਕੱਲ੍ਹ ਅਲਾਦੀਨ ਨਾਲ ਹੁੰਦੇ ਨੇ, ਤੇ ਅੱਜ ਚਿਰਾਗਦੀਨ ਨਾਲ। ਜਿਥੋਂ ਖਾਣ ਨੂੰ ਮਿਲਦਾ, ਉਧਰ ਭੱਜੀ ਫਿਰਦੇ ਨੇ। ਇਹ ਭੋਲੇ ਲੋਕਾਂ ਨੂੰ ਲੜਾ ਕੇ ਆਪ ਕੰਧ 'ਤੇ ਬੈਠ ਕੇ ਤਮਾਸ਼ਾ ਵੇਖ ਰਹੇ ਨੇ। ਤੁਹਾਡੇ ਮੂਹਰੇ ਬਚੜਾ ਜਿਹਾ ਬੋਲੀ ਜਾਂਦਾ। ਟਿਚ ਕਰ ਕੇ ਨਹੀਂ ਜਾਣਦਾ ਤੁਹਾਨੂੰ! ਕਾਹਦੇ ਪ੍ਰਧਾਨ ਮੰਤਰੀ ਹੋ ਤੁਸੀਂ? ਮੈਂ ਜੰਗਲ ਵਿਚ ਕਿਸੇ ਨੂੰ ਘੂਰਦਾ ਵੀ ਨਹੀਂ, ਮਜਾਲ ਐ ਕਿ ਕੋਈ ਮੂਹਰੇ ਅੱਖ ਵੀ ਚੁੱਕ ਲਵੇ। ਤੁਹਾਡੇ ਤੋਂ ਟਟਿਹਣੇ ਜਿਹੇ ਕਾਬੂ ਨਹੀਂ ਆਉਂਦੇ, ਤੇ ਮੈਂ ਹਾਥੀ ਕੁੱਜੇ 'ਚ ਨਹੀਂ ਪਾਇਆ, ਕੁੱਜੀ 'ਚ ਬੰਦ ਕੀਤਾ ਹੋਇਐ! ਘੋੜੇ ਗੈਂਡੇ ਸਭ ਮੇਰੇ ਕਹਿਣ 'ਚ ਨੇ। ... ਤੇ ਜਿਹੜੀ ਹਾਲਤ ਥੋਡੀ ਹੈ, ਭਲਾ ਦੱਸਣ ਦੀ ਲੋੜ ਹੈਗੀ ਆ ਮੇਰੀ?

ਜੰਗਲ ਦੇ ਰਾਜ ਨੂੰ ਭੰਡਣ ਤੋਂ ਪਹਿਲਾਂ ਦਿਮਾਗ ਦੇ ਟੈਸਟ ਕਰਵਾਓ। ਸ਼ਰਾਬ ਵੇਚ ਕੇ ਤੁਸੀਂ ਮੁਲਕ ਚਲਾ ਰਹੇ ਹੋ। ਪੰਜਾਬ 'ਚ ਇਕ ਸਾਲ ਸ਼ਰਾਬ ਬੰਦ ਕਰ ਕੇ ਵੇਖ ਲਵੋ... ਜੇ ਮੰਤਰੀ, ਮੁੱਖ ਮੰਤਰੀ ਸਾਇਕਲਾਂ 'ਤੇ ਨਾ ਘੁੰਮਣ ਲੱਗ ਪਏ! ਚਲੋ ਸ਼ਰਾਬ ਵੇਚੀ ਜਾਂਦੇ, ਕੋਈ ਗੱਲ ਨਹੀਂ ਸੀ; ਜਵਾਨੀ ਨੂੰ ਨਸ਼ਿਆਂ 'ਚ ਕੌਣ ਗਾਲ ਰਿਹਾ ਹੈ? ਸਰਹੱਦਾਂ ਤੋਂ ਨਸ਼ੇ ਦੀ ਤਸਕਰੀ ਮੇਰੇ ਜੰਗਲ ਦੇ ਬਾਂਦਰ ਨਹੀਂ, ਤੁਹਾਡੇ ਰਾਜ ਦੇ ਬੰਦੇ ਕਰਵਾ ਰਹੇ ਹਨ। ਹਰ ਚੌਥਾ ਬੰਦਾ ਨਸ਼ਈ ਹੋਇਆ ਫਿਰਦੈ। ਮਾੜੇ ਦਾ ਜਿਉਣਾ ਹਰਾਮ ਹੋਇਆ ਪਿਐ। ਲੀਡਰ ਚਿੱਟੇ ਕੱਪੜੇ ਪਾ ਕੇ ਲੁੱਟੀ ਜਾਂਦੇ ਨੇ। ਲੁਟੇਰਿਆਂ ਨੇ ਅੱਜਕੱਲ੍ਹ ਕਾਲੇ ਕੱਛੇ ਸੁਆ ਲਏ ਆ। ਕਦੇ ਕਿਸੇ ਨੇ ਜੰਗਲ 'ਚ ਸ਼ਰਾਬ ਦਾ ਠੇਕਾ ਦੇਖਿਆ? ਕਿਸੇ ਜਾਨਵਰ ਨੂੰ ਕਦੇ ਨਸ਼ਾ ਕਰਦਿਆਂ ਫੜਿਆ ਕਿਸੇ ਨੇ? ਸਹੁੰ ਖਾ ਕੇ ਕਹੋ ਕਿ ਇਹ ਧੰਦਾ ਭਲਾ ਹਕੂਮਤ ਦੇ ਹਿੱਸੇਦਾਰ ਲੋਕ ਨਹੀਂ ਕਰ ਰਹੇ? ਫਿਰ ਰਾਜ ਥੋਡਾ ਚੰਗਾ ਕਿ ਜੰਗਲ ਦਾ?

ਆਬਾਦੀ ਵਧਾ ਕੇ ਸ਼ਰਮਿੰਦਾ ਕੀਹਨੇ ਕੀਤਾ ਏ ਮੁਲਕ ਨੂੰ? ਰੋਜ਼ ਜਿਹੜੀ ਇੰਨੀ ਆਬਾਦੀ ਵਧੀ ਜਾਂਦੀ ਆ, ਇਹ ਨਿਆਣਿਆਂ ਦੀਆਂ ਢੇਰੀਆਂ ਕੌਣ ਲਾ ਰਿਹੈ? ਬੰਦੇ ਤੀਵੀਂ 'ਚ ਫਰਕ ਪਾ ਕੇ ਕੁੱਖ 'ਚ ਧੀਆਂ ਕੌਣ ਮਰਵਾ ਰਿਹੈ? ਅਦਾਲਤਾਂ ਸਹੀ ਹਨ ਪਰ ਸਬੂਤ ਫੂਕੇ ਜਾ ਰਹੇ ਨੇ। ਜੰਗਲ 'ਚ ਵੰਸ਼ ਚਲਾਉਣ ਲਈ ਜਾਨਵਰ ਬੱਚੇ ਪੈਦਾ ਕਰ ਰਹੇ ਹਨ ਤੇ ਤੁਸੀਂ ਰੌਣਕਾਂ ਲਾਉਣ ਲਈ। ਜੰਗਲ 'ਚ ਨਾ ਕੋਈ ਸੁਪਰੀਮ ਕੋਰਟ ਹੈ, ਨਾ ਹਾਈ ਕੋਰਟ। ਇਨਸਾਫ਼ ਦਾ ਉਲਾਂਭਾ ਫਿਰ ਵੀ ਕੋਈ ਨਹੀਂ ਦੇ ਰਿਹਾ। ਫਿਰ ਰਾਮ ਰਾਜ ਜੰਗਲ 'ਚ ਹੈ, ਕਿ ਤੁਹਾਡੇ ਕੋਲ?

ਜੰਗਲ 'ਚ ਕੋਈ ਸਕੂਲ, ਕਾਲਜ ਨਹੀਂ; ਥਾਣਾ ਨਹੀਂ, ਹਸਪਤਾਲ ਨਹੀਂ। ਫਿਰ ਦੱਸੋ, ਪੜ੍ਹੇ-ਲਿਖੇ ਬੰਦਿਆਂ ਨਾਲੋਂ ਜਾਨਵਰ ਵਿਚ ਲਿਆਕਤ ਕਿਥੇ ਘੱਟ ਐ? ਜਾਨਵਰ ਜਿਹੜੇ ਤੁਸੀਂ ਘਰਾਂ 'ਚ ਪਾਲਦੇ ਹੋ, ਉਹੀ ਬਿਮਾਰ ਹੁੰਦੇ ਹਨ। ਇਸੇ ਕਰ ਕੇ ਡੰਗਰਾਂ, ਬਿੱਲੀਆਂ, ਕੁੱਤਿਆਂ ਦੇ ਹਸਪਤਾਲ ਅਤੇ ਡਾਕਟਰ ਤੁਸੀਂ ਬਣਾਏ ਹਨ, ਜੰਗਲ 'ਚੋਂ ਕਦੇ ਕਿਸੇ ਜਾਨਵਰ ਦੇ ਬਿਮਾਰ ਹੋਣ ਦੀ ਕਦੇ ਖ਼ਬਰ ਆਈ ਹੈ? ਫਿਰ ਸੰਗ ਕਰੋ, ਸ਼ਰਮ ਕਰੋ ਆਪਣੇ ਘਟੀਆ ਰਾਜ ਦੀ ਜੰਗਲ ਦੇ ਰਾਜ ਨਾਲ ਤੁਲਨਾ ਕਰਨ ਵੇਲੇ!

ਜੰਗਲ 'ਚ ਨਾ ਟੈਲੀਫੂਨ ਹੈ, ਨਾ ਟੈਲੀਵਿਜ਼ਨ ਹੈ। ਨਾ ਫਿਲਮਾਂ ਨੇ, ਨਾ ਕੋਈ ਕੋਇਲ ਤੋਂ ਸਿਵਾ ਗਾਉਂਦਾ ਹੈ। ਕੋਇਲ ਜੰਗਲ ਦੀ ਹਰ ਸਵੇਰ ਸੰਗੀਤਮਈ ਬਣਾ ਦਿੰਦੀ ਹੈ ਤੇ ਤੁਸੀਂ ਲੁੱਚ-ਗੜੁੱਚ ਤੇ ਨੰਗੇ-ਅੱਧਨੰਗੇ ਗੀਤਾਂ ਦੀ ਖੱਪ ਪਾਈ ਹੋਈ ਹੈ। ਜੰਗਲ ਵਿਚ ਨਾ ਬਿਜਲੀ ਦੀ ਸਮੱਸਿਆ ਹੈ, ਨਾ ਰੇਲਾਂ ਜਾਂ ਬੱਸਾਂ ਦੀ। ਨਾ ਟੈਲੀਫੋਨ ਨੇ ਤੇ ਨਾ ਹੀ ਅੜੇ ਇੰਟਰਨੈਟ! ਨਾ ਹੀ ਸਾਨੂੰ ਇਨ੍ਹਾਂ ਬੇਲੋੜੀਆਂ ਚੀਜ਼ਾਂ ਦੀ ਲੋੜ ਹੈ। ਜੰਗਲ 'ਚ ਪਖੰਡ ਤੇ ਝੂਠ ਦੀ ਕੋਈ ਦੁਕਾਨ ਵੀ ਨਹੀਂ।

ਪ੍ਰਧਾਨ ਮੰਤਰੀ ਜੀ! ਸਿਰਫ਼ ਹੈਲੋ ਕਹਿ ਕੇ ਗੱਲ ਨਾ ਮੁਕਾ ਦਿਓ। ਇਹਦੇ 'ਤੇ ਅਮਲ ਕਰਿਓ। ਹੁਕਮ ਕਰ ਦਿਓ ਕਿ ਤੁਹਾਡੇ ਰਾਜ ਵਿਚ ਹੁਣ ਕੋਈ ਭੈੜੀ ਹਰਕਤ ਜੰਗਲ ਦੇ ਰਾਜ ਨਾਲ ਨਾ ਜੋੜੇ। ਜੇ ਕੰਨ ਇਕ ਵਾਰ ਨਾ ਖੁੱਲ੍ਹੇ ਤਾਂ ਇਸ ਖਤ ਨੂੰ ਤਿੰਨ-ਚਾਰ ਵਾਰ ਪੜ੍ਹ ਲਿਓ। ਲਗਦੈ, ਭਲਾਮਾਣਸ ਪ੍ਰਧਾਨ ਮੰਤਰੀ ਸਾਡੀ ਬੇਨਤੀ ਸਵੀਕਾਰ ਕਰੇਗਾ।

ਜੰਗਲ 'ਚ ਨਾ ਈ-ਮੇਲ ਹੈ, ਨਾ ਡਾਕ ਸੇਵਾਵਾਂ।

ਉਂਜ ਹਮਰੁਤਬਾ ਲੋਕਾਂ ਤੱਕ ਦਿਲ ਦੀ ਗੱਲ ਪੁੱਜ ਹੀ ਜਾਂਦੀ ਹੈ।

ਆਸ ਤੇ ਉਦੀਮ ਨਾਲ...

ਜੰਗਲ ਦਾ ਬਾਦਸ਼ਾਹ।

# ਜੋਤਿ ਓਹਾ ਜੁਗਤਿ ਸਾਇ-4



ਡਾ. ਗੁਰਨਾਮ ਕੌਰ, ਕੈਨੇਡਾ

ਗੁਰੂ ਗੋਬਿੰਦ ਸਿੰਘ ਦੇ ਸਮੇਂ ਦਾ ਸਾਹਿਤ ਸੰਜੋਗ-ਵੱਸ ਅਜਿਹੇ ਸਮੇਂ ਵਿਚ ਰਚਿਆ ਗਿਆ ਜਿਸ ਵਿਚ ਇੱਕ ਪਾਸੇ ਹਥਿਆਰਾਂ ਦੇ ਖੜਕਣ ਅਤੇ ਟਕਰਾਉ ਤੋਂ ਪੈਦਾ ਹੋਈ ਖਣਕਾਹਟ, ਦੂਸਰੇ ਪਾਸੇ ਮਨੁੱਖ ਦਾ ਠਰੰਮਾ, ਇਸ ਦ੍ਰਿੜ ਵਿਸ਼ਵਾਸ ਨਾਲ ਉਤਸ਼ਾਹਿਤ ਹੈ ਕਿ ਉਹ ਉਨ੍ਹਾਂ ਵਿਅਰਥ ਕਰਮ-ਕਾਂਡ ਤੇ ਰੀਤੀ-ਰਿਵਾਜਾਂ ਦੀ ਹਾਨੀਕਾਰਕ ਗ਼ੁਲਾਮੀ ਤੋਂ ਛੇਤੀ ਹੀ ਛੁਟਕਾਰਾ ਪਾ ਲਵੇਗਾ ਜੋ ਕਈ ਸਦੀਆਂ ਤੋਂ ਉਸ ਦੀ ਅਧਿਆਤਮਕ ਅਤੇ ਰਾਜਨੀਤਕ ਗੁਲਾਮੀ ਦਾ ਕਾਰਨ ਬਣੇ ਹੋਏ ਸਨ। ਅੰਤ ਵਿਚ ਉਨ੍ਹਾਂ ਜੰਜ਼ੀਰਾਂ ਦੇ ਟੁੱਟਣ ਦੀ ਆਵਾਜ਼ ਸੁਣਾਈ ਦਿੰਦੀ ਹੈ ਜਿਸ ਨੂੰ ਬਾਈਬਲ ਦੇ ਮੁਹਾਵਰੇ ਵਿਚ 'ਅਸਲੀ ਨਾਇਕ ਦੇ ਚੇਲੇ' ਦਾ ਪਰਮਾਣ ਹੋਣਾ ਕਿਹਾ ਜਾ ਸਕਦਾ ਹੈ, ਜਿਸ ਬਾਰੇ ਗੁਰੂ ਨਾਨਕ ਸਾਹਿਬ ਨੇ ਭਵਿੱਖਵਾਣੀ ਕੀਤੀ ਸੀ, 'ਹੋਰੁ ਭੀ ਉਠਸੀ ਮਰਦ ਕਾ ਚੇਲਾ।' ਇਹ ਚੇਲਾ, ਜਿਹੜਾ 'ਸਰਬ-ਮਾਨਵ' ਦਾ ਪ੍ਰਤੀਕ ਹੈ, ਸਿੱਖ ਧਰਮ ਦੇ ਮਾਨਵਵਾਦੀ ਆਦਰਸ਼ ਦਾ ਸਿਖਰ ਹੈ।

ਗੁਰੂ ਗੋਬਿੰਦ ਸਿੰਘ ਤੋਂ ਬਾਅਦ ਦਾ ਸਮਾਂ ਰਹਿਤਨਾਮਿਆਂ ਦਾ ਸਮਾਂ ਹੈ, ਜਿਸ ਨੂੰ ਸਿੱਖ ਨੈਤਿਕ ਸ਼ਾਸਤਰ ਦੇ ਨਜ਼ਰੀਏ ਤੋਂ ਸਿੱਖ-ਰਹਿਣੀ ਸਬੰਧੀ ਸਾਹਿਤ ਦਾ ਸਮਾਂ ਕਿਹਾ ਜਾ ਸਕਦਾ ਹੈ ਜਿਸ ਦੀ ਰਚਨਾ ਤਾਂ ਭਾਵੇਂ 1699 ਈ. ਤੋਂ ਹੀ ਸ਼ੁਰੂ ਹੋ ਗਈ ਸੀ ਪਰ ਤੇਜ਼ ਗਤੀ 1708 ਈ. ਤੋਂ ਪਿੱਛੋਂ ਹੀ ਆਈ। ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਨਵੀਂ ਪ੍ਰਾਪਤ ਕੀਤੀ ਰਾਜਨੀਤਕ ਸ਼ਕਤੀ ਦੀ ਚੇਤੰਨਤਾ ਨੂੰ ਸੰਜਮ ਵਿਚ ਰੱਖਣ ਵਾਸਤੇ ਨੈਤਿਕ ਉਪਦੇਸ਼ਾਂ ਦੀ ਜ਼ਰੂਰਤ ਸੀ। ਰਹਿਤਨਾਮਿਆਂ ਦਾ ਉਦੇਸ਼ ਇਹੋ ਸੀ। ਇਨ੍ਹਾਂ ਦੇ ਸੰਕਲਨ ਕਰਤਾ-ਚੌਪਾ ਸਿੰਘ, ਭਾਈ ਨੰਦ ਲਾਲ ਅਤੇ ਬਾਕੀਆਂ ਨੇ ਆਪਣੇ ਰਹਿਤਨਾਮਿਆਂ ਦੀ ਪ੍ਰਮਾਣਿਕਤਾ ਨੂੰ ਮਜ਼ਬੂਤ ਬਣਾਉਣ ਲਈ 'ਆਦਿ ਗ੍ਰੰਥ' ਦਾ ਆਸਰਾ ਲਿਆ। ਇਨ੍ਹਾਂ ਰਹਿਤਨਾਮਿਆਂ ਦਾ ਸੰਕਲਨ ਕਰਨ ਵਾਲਿਆਂ ਨੇ ਕਈ ਮਾਮਲਿਆਂ ਵਿਚ ਇਨ੍ਹਾਂ ਨੂੰ ਦਸਮ ਪਾਤਿਸ਼ਾਹ ਨਾਲ ਵੀ ਜੋੜਿਆ ਅਤੇ ਇਸ ਨੂੰ 'ਮੁੱਖ ਵਾਕ' ਕਿਹਾ। ਪ੍ਰੰਤੂ ਬਹੁਤ ਸਾਰੇ ਰਹਿਤਨਾਮੇ ਜਿਸ ਰੂਪ ਵਿਚ ਉਹ ਹੁਣ ਪ੍ਰਾਪਤ ਹਨ, ਸਮੇਤ ਭਾਈ ਚੌਪਾ ਸਿੰਘ ਦੇ ਰਹਿਤਨਾਮੇ ਦੇ ਜਿਸ ਨੂੰ ਸਿੱਖ ਰੈਫਰੈਂਸ ਅਤੇ ਰਿਸਰਚ ਲਾਇਬ੍ਰੇਰੀ-ਅੰਮ੍ਰਿਤਸਰ ਵਿਚ ਸਭ ਤੋਂ ਪਹਿਲਾ ਪ੍ਰਾਪਤ ਖਰੜਾ ਮੰਨਿਆ ਜਾਂਦਾ ਹੈ, ਨੂੰ ਗੁਰੂ ਗੋਬਿੰਦ ਸਿੰਘ ਦੇ ਸਮੇਂ ਦਾ ਨਹੀਂ ਮੰਨਿਆ ਜਾ ਸਕਦਾ।

ਗੁਰੂ ਗੋਬਿੰਦ ਸਿੰਘ ਨਿਰਪੱਖਤਾ ਅਤੇ ਸਰਬ ਵਿਆਪਕਤਾ ਲਈ ਜਾਣੇ ਜਾਂਦੇ ਹਨ। ਹਿੰਦੂ ਅਤੇ ਮੁਸਲਮਾਨ-ਦੋਵੇਂ ਹੀ ਉਨ੍ਹਾਂ ਦੇ ਪੈਰੋਕਾਰ ਸਨ ਪਰ ਬਹੁਤ ਸਾਰੇ ਰਹਿਤਨਾਮਿਆਂ ਵਿਚ ਦੂਸਰੇ ਭਾਈਚਾਰਿਆਂ ਪ੍ਰਤੀ ਵਿਰੋਧ ਦੀ ਭਾਵਨਾ ਮਿਲਦੀ ਹੈ। ਇਨ੍ਹਾਂ ਵਿਚ ਸਿੱਖ ਭਾਈਚਾਰਕਤਾ 'ਤੇ ਬਹੁਤ ਜ਼ੋਰ ਦਿੱਤਾ ਗਿਆ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਇਹ ਰਹਿਤਨਾਮੇ ਉਸ ਸਮੇਂ ਨਾਲ ਸਬੰਧਤ ਹਨ ਜਦੋਂ ਸਿੱਖ 1708 ਈ. 'ਚ ਦਸਮ ਪਾਤਿਸ਼ਾਹ ਦੇ ਜੋਤੀ ਜੋਤਿ ਸਮਾਉਣ ਪਿਛੋਂ ਆਗੂ-ਰਹਿਤ ਹੋ ਗਏ ਸਨ ਅਤੇ ਸੰਗਠਤ ਹੋ ਰਹੇ ਸਨ। ਅਰਨੈਸਟ ਟਰੰਪ ਨੇ ਆਪਣੇ 'ਆਦਿ ਗ੍ਰੰਥ' ਦੇ ਅੰਗਰੇਜ਼ੀ ਅਨੁਵਾਦ ਵਿਚ ਪ੍ਰਹਿਲਾਦ ਰਾਇ ਅਤੇ ਭਾਈ ਨੰਦ ਲਾਲ ਦੇ ਰਹਿਤਨਾਮਿਆਂ ਨੂੰ ਸ਼ਾਮਲ ਕੀਤਾ ਹੈ।

ਰਹਿਤਨਾਮਿਆਂ ਦਾ ਸਮਾਂ ਸਿੱਖ ਧਰਮ ਵਿਚ ਨੈਤਿਕ ਉਪਦੇਸ਼ਾਂ ਦੀ ਬਣਤਰ ਦੀ ਆਖਰੀ ਅਸਲੀ ਕੋਸ਼ਿਸ਼ ਦੀ ਨਿਸ਼ਾਨਦੇਹੀ ਕਰਦਾ ਹੈ। ਉਸ ਪਿੱਛੋਂ ਸਿੱਖ ਧਰਮ ਵਿਚ ਆਮ ਸਾਹਿਤ ਦਾ ਯੋਗਦਾਨ ਮਹਿਜ ਵਿਵਰਣਾਤਮਕ ਅਤੇ ਵਿਆਖਿਆਤਮਕ ਹੈ। ਇਹ ਸਮਾਂ ਪੰਜਾਬ ਵਿਚ ਅੰਗਰੇਜ਼ ਹਕੂਮਤ ਕਾਇਮ ਹੋਣ ਤੋਂ ਸ਼ੁਰੂ ਹੁੰਦਾ ਹੈ। ਸਿੱਖ ਨੈਤਿਕ ਸ਼ਾਸਤਰ 'ਤੇ ਇਸ ਸਮੇਂ ਦਾ ਆਮ ਝੁਕਾਉ ਅਤੇ ਪ੍ਰਭਾਵ ਦੇਖਿਆ ਜਾ ਸਕਦਾ ਹੈ। ਪੰਜਾਬ ਵਿਚ ਅੰਗਰੇਜ਼ੀ ਰਾਜ ਦੀ ਸਥਾਪਤੀ ਨੇ 'ਆਦਿ ਗ੍ਰੰਥ' ਦੇ ਅੰਗਰੇਜ਼ੀ ਅਨੁਵਾਦ ਦਾ ਮੁੱਢ ਬੰਨ੍ਹਿਆ, ਜੋ ਕਿ 1877 ਵਿਚ ਛਪਿਆ। ਅਰਨੈਸਟ ਟਰੰਪ ਦਾ ਸਿੱਖ ਧਰਮ ਨਾਲ ਸੰਪਰਕ ਇਸ ਪੱਖੋਂ ਅਹਿਮ ਘਟਨਾ ਹੈ ਕਿ ਸਿੱਖ ਧਰਮ ਦੇ ਸਿਧਾਂਤਾਂ ਅਤੇ ਸਿੱਖਿਆਵਾਂ ਦਾ ਮੁਲੰਕਣ ਉਸ ਬੰਦੇ ਲਈ ਖੋਲਿਆ ਗਿਆ ਜਿਸ ਦੇ ਮਨ ਵਿਚ ਉਨ੍ਹਾਂ ਲਈ ਕੋਈ ਭਾਵੁਕ ਸਾਂਝ ਨਹੀਂ ਸੀ। ਉਸ ਨੇ ਆਦਿ ਗ੍ਰੰਥ ਦੇ ਅਨੁਵਾਦ ਦੀ 'ਜਾਣ-ਪਛਾਣ' ਵਿਚ ਕੁੱਝ ਸਿਧਾਂਤਕ ਅਤੇ ਅਮਲੀ ਪ੍ਰਸ਼ਨ ਉਠਾਏ।

ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਟਰੰਪ ਦੀ ਗੁਰੂਆਂ ਬਾਰੇ ਖਰਵੀ ਭਾਸ਼ਾ ਅਤੇ ਨਿਜੀ ਆਲੋਚਨਾ ਦਾ ਕਾਰਨ ਉਸ ਦੇ ਸਿੱਖ ਧਰਮ ਨਾਲ ਸੰਪਰਕ ਦੀਆਂ ਨਿੱਜੀ ਮੁਸ਼ਕਿਲਾਂ ਸਨ। ਇਹ ਕਾਫੀ ਹੱਦ ਤੱਕ ਸੱਚ ਹੋ ਸਕਦਾ ਹੈ ਕਿਉਂਕਿ ਬਹੁਤੀ ਵਾਰ ਉਸ ਦੀ ਪਹੁੰਚ ਉਸ ਦਾ ਮਖੌਲ ਉਡਾਉਣ ਅਤੇ ਬਦਲਾ ਲਊ ਭਾਵਨਾ ਵਿਚ ਰੰਗੀ ਹੋਈ ਹੈ। ਇਸ ਅਨੁਵਾਦ ਅਤੇ 'ਜਾਣ-ਪਛਾਣ' ਨੇ ਸਿੱਖ ਜਗਤ ਵਿਚ ਵੱਡੇ ਪੱਧਰ ਤੇ ਵਿਰੋਧ ਜਗਾਇਆ ਅਤੇ ਇਸ ਨੂੰ ਰੱਦ ਕਰਨ ਵੱਲ ਧੱਕਿਆ। ਡਾ. ਅਵਤਾਰ ਸਿੰਘ ਅਨੁਸਾਰ ਜੇ ਉਸ ਦੇ ਯੋਗਦਾਨ ਨੂੰ ਮੰਨਿਆ ਹੀ ਨਾ ਗਿਆ, ਇਹ ਵਿਦਵਤਾ ਦੀ ਸਪਿਰਿਟ ਨੂੰ ਤੋੜਨਾ-ਮਰੋੜਨਾ ਅਤੇ ਪੱਖਪਾਤ ਹੋਵੇਗਾ। ਸਿੱਖ ਧਰਮ ਦੇ ਆਲੋਚਨਾਤਮਕ ਅਧਿਐਨ ਪੱਖੋਂ ਉਸ ਦਾ ਯੋਗਦਾਨ ਅਹਿਮ ਹੈ। ਇਨ੍ਹਾਂ ਰਹਿਤਨਾਮਿਆਂ ਦੀ ਵੱਡੀ ਗਿਣਤੀ ਅਤੇ ਤਾਨਾਸ਼ਾਹੀ ਸੁਭਾ ਕਾਰਨ, ਉਸ ਵਲੋਂ ਅਲਪ ਫਰਮਾਣ ਨੂੰ ਵਿਹਾਰ ਦੇ ਨਿਯਮ ਮੰਨਣ ਦੀ ਕੀਤੀ ਤਿੱਖੀ ਆਲੋਚਨਾ ਨੇ, ਸਿੱਖਾਂ ਨੂੰ ਆਪਣੇ ਮਾਨਵਵਾਦੀ ਆਦਰਸ਼ ਦੀ ਰੂਹ ਨੂੰ ਮੁੜ ਜਕੜਨ ਵਿਰੁਧ ਖਬਰਦਾਰ ਕਰਨ ਦਾ ਕੰਮ ਕੀਤਾ, ਜਿਸ ਵਿਚ ਕਿ ਸਿੱਖ ਧਰਮ ਦੇ ਲਹਿ ਜਾਣ ਦਾ ਖ਼ਤਰਾ ਸੀ। ਕੋਈ ਇਹ ਵੀ ਸਮਝ ਸਕਦਾ ਹੈ ਕਿ ਕਿਸੇ ਅਦਾਰੇ ਜਾਂ ਸੰਸਥਾ ਨੂੰ ਦਰੁਸਤ ਅਤੇ ਕਾਇਮ ਰੱਖਣ ਲਈ ਕੁੱਝ ਪ੍ਰਬੰਧਕੀ ਅਸੂਲ ਜ਼ਰੂਰੀ ਹੁੰਦੇ ਹਨ। ਅਰਨੈਸਟ ਟਰੰਪ ਨੇ ਜਿਸ ਢੰਗ ਨਾਲ ਇੱਕ ਵੰਗਾਰ ਪੈਦਾ ਕੀਤੀ, ਉਸ ਪੱਖੋਂ ਵੀ ਅਹਿਮ ਹੈ। ਸਿੱਖਾਂ ਵਾਸਤੇ ਰਹਿਤਮਰਿਆਦਾ ਦੇ ਅਸੂਲ ਪੱਕੇ ਕਰਨ ਲਈ 1932 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਕ ਕਮੇਟੀ ਕਾਇਮ ਕਰਨ ਪਿੱਛੇ, ਕੁੱਝ ਅੰਦਰੂਨੀ ਲੋੜਾਂ ਦੇ ਨਾਲ ਨਾਲ ਹੋ ਸਕਦਾ ਹੈ ਟਰੰਪ ਦੀ ਇਨ੍ਹਾਂ ਅਲਪ ਹੁਕਮਨਾਮਿਆਂ ਦੀ ਤਿੱਖੀ ਆਲੋਚਨਾ ਵੀ ਇੱਕ ਕਾਰਨ ਹੋਵੇ। ਕਮੇਟੀ ਦੀਆਂ ਸਿਫਾਰਸ਼ਾਂ, ਜਿਨ੍ਹਾਂ ਨੂੰ ਅੰਤਮ ਛੋਹਾਂ ਦੇਣ ਲਈ ਪੂਰੇ ਦਸ ਸਾਲ ਲੱਗ ਗਏ, ਹੁਣ ਸਿੱਖ ਰਹਿਤ-ਮਰਿਆਦਾ ਦੇ ਛਪੇ ਹੋਏ ਸੈਂਤੀ ਪੰਨਿਆਂ ਦੇ ਕਿਤਾਬਚੇ ਦੇ ਰੂਪ ਵਿਚ ਮਿਲਦੀਆਂ ਹਨ।

ਅਰਨੈਸਟ ਟਰੰਪ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਤਿਅਧਿਕ ਆਲੋਚਨਾਤਮਕ ਅਨੁਵਾਦ ਬੱਚੇ ਦੇ ਮੁਰਦਾ-ਜਨਮ ਵਰਗਾ ਅਤੇ ਸਿੱਖਾਂ ਵਿਚ ਰੋਹ ਦਾ ਕਾਰਨ ਬਣਿਆ। ਇੱਕ ਹੋਰ ਵਿਦਵਾਨ ਮੈਕਸ ਆਰਥਰ ਮੈਕਾਲਿਫ ਨੇ ਸਿੱਖ ਧਰਮ ਦੇ ਵਿਸਤ੍ਰਿਤ ਅਧਿਐਨ ਦਾ ਕੰਮ ਸ਼ੁਰੂ ਕੀਤਾ ਅਤੇ ਦ੍ਰਿੜ ਕੀਤਾ ਕਿ ਉਸ ਦੇ ਆਪਣੇ ਦਾਅਵੇ ਅਨੁਸਾਰ, "ਉਸ (ਟਰੰਪ) ਨੇ ਸਿੱਖ ਧਰਮ ਅਤੇ ਉਨ੍ਹਾਂ ਦੇ ਗੁਰੂਆਂ ਦੀ ਜੋ ਬੇਇਜ਼ਤੀ ਕੀਤੀ ਸੀ ਉਸ ਨੂੰ ਸੁਧਾਰਨ ਦਾ ਯਤਨ ਕੀਤਾ ਜਾਵੇ।" ਮੈਕਾਲਿਫ ਭਾਵੇਂ ਦੂਸਰੀ ਹੱਦ ਤੇ ਪਹੁੰਚ ਗਿਆ ਅਤੇ ਉਸ ਨੇ ਆਪਣੀਆਂ ਲਿਖਤਾਂ ਵਿਚ ਉਹ ਸਭ ਕੁੱਝ ਸ਼ਾਮਲ ਕਰ ਲਿਆ ਜੋ ਉਸ ਨੂੰ ਸਿੱਖ ਧਰਮ ਵਿਚ ਸ਼ਰਧਾ ਰੱਖਣ ਵਾਲੇ ਲੋਕਾਂ ਨੇ ਦੱਸਿਆ। ਇਸ ਲਈ ਸਿੱਖ ਧਰਮ ਦੇ ਉਸ ਦੇ ਅਧਿਐਨ ਵਿਚ ਕੁੱਝ ਉਹ ਗੱਲਾਂ ਸ਼ਾਮਲ ਹਨ, ਜਿਨ੍ਹਾਂ ਨੂੰ ਹੁਣ ਬੇਲੋੜੀ ਕਲਪਨਾ ਤੇ ਭੋਲਾਪਣ ਹੀ ਮੰਨਿਆ ਜਾ ਸਕਦਾ ਹੈ। ਉਸ ਦਾ ਕੰਮ ਜੋ 6 ਭਾਗਾਂ ਵਿਚ ਹੈ, ਹੁਣ ਤੱਕ ਵੀ ਬਹੁਤ ਲੋਕਪ੍ਰਿਅ ਹੈ ਅਤੇ ਵੱਡੇ ਪੱਧਰ 'ਤੇ ਹਵਾਲੇ ਵਜੋਂ ਵਰਤਿਆ ਜਾਂਦਾ ਹੈ, ਖਾਸ ਕਰਕੇ ਪੱਛਮੀ ਵਿਦਵਾਨਾਂ ਵੱਲੋਂ। ਇਸ ਦਾ ਜ਼ਿਕਰ ਪਹਿਲਾਂ ਵੀ ਹੋ ਚੁੱਕਾ ਹੈ ਕਿ ਮੈਕਾਲਿਫ ਨੇ ਇੰਗਲੈਂਡ ਵਿਚ ਆਪਣੇ ਇੱਕ ਭਾਸ਼ਣ ਵਿਚ ਸਿੱਖ ਨੈਤਿਕਤਾ ਦੇ ਉਦਾਰ ਦਾਅਵੇ ਵੱਲ ਸੰਕੇਤ ਕੀਤਾ ਪਰ ਉਸ ਨੇ ਵੀ ਸਿੱਖ ਨੈਤਿਕਤਾ ਦਾ ਬਾਕਾਇਦਾ ਅਹਿਮ ਅਧਿਐਨ ਨਹੀਂ ਕੀਤਾ, ਜੋ ਬੇਸ਼ਕ ਉਸ ਦੇ ਅਧਿਐਨ ਦਾ ਕੇਂਦਰੀ ਮਕਸਦ ਵੀ ਨਹੀਂ ਸੀ।

ਸਿੱਖਾਂ ਦੇ ਇੱਕ ਹੋਰ ਫਿਰਕੇ ਜਿਨ੍ਹਾਂ ਨੂੰ ਹੁਣ ਨਿਰਮਲੇ ਕਿਹਾ ਜਾਂਦਾ ਹੈ, ਨੇ ਸਿੱਖ ਧਰਮ ਵਿਚ ਧਰਮ-ਸ਼ਾਸਤਰੀ ਪਰੰਪਰਾ ਨੂੰ ਅੱਗੇ ਵਧਾਇਆ। ਨਿਰਮਲੇ ਆਪਣੀ ਸ਼ੁਰੂਆਤ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਮੰਨਦੇ ਹਨ, ਪਰ ਬਹੁਤ ਸਾਰੇ ਵਿਦਵਾਨਾਂ ਦਾ ਖਿਆਲ ਹੈ ਕਿ ਨਿਰਮਲਾ ਸੰਪਰਦਾ ਗੁਰੂ ਗੋਬਿੰਦ ਸਿੰਘ ਦੇ ਵੇਲੇ ਸ਼ੁਰੂ ਹੋਈ। ਗੁਰੂ ਸਾਹਿਬ ਨੇ ਕੁੱਝ ਸਿੱਖਾਂ ਨੂੰ ਟਕਸਾਲੀ ਭਾਸ਼ਾਵਾਂ ਅਤੇ ਸ਼ਾਸਤਰਾਂ ਦੀ ਵਿਦਿਆ ਪ੍ਰਾਪਤ ਕਰਨ ਲਈ ਵਾਰਾਣਸੀ ਜਾਣ ਵਾਸਤੇ ਨਿਯੁਕਤ ਕੀਤਾ, ਜੋ ਉਸ ਵੇਲੇ ਵਿਦਿਆ ਦਾ ਕੇਂਦਰ ਸੀ ਤਾਂ ਕਿ ਉਹ ਫਿਰ ਉਸ ਵਿੱਦਿਆ ਦੀ ਜਾਤ-ਪਾਤ ਦੇ ਵਿਤਕਰੇ ਤੋਂ ਉਪਰ ਉਠ ਕੇ ਹਰ ਇੱਕ ਨੂੰ ਸਿੱਖਿਆ ਦੇਣ। ਇਥੇ ਜ਼ਿਕਰਯੋਗ ਹੈ ਕਿ ਸੰਸਕ੍ਰਿਤ ਭਾਸ਼ਾ ਅਤੇ ਸ਼ਾਸਤਰਾਂ ਦੇ ਅਧਿਐਨ ਦਾ ਹੱਕ ਸਿਰਫ ਉਚੀਆਂ ਜਾਤਾਂ ਨੂੰ ਸੀ ਪਰ ਸਿੱਖ ਧਰਮ ਨੇ ਇਸ ਵੰਡ ਨੂੰ ਨਕਾਰਿਆ ਪਰ ਨਿਰਮਲਿਆਂ ਨੇ ਵਧਦੇ ਹੋਏ ਵੇਦਾਂਤਕ ਅਸਰ ਹੇਠ ਹੌਲੀ ਹੌਲੀ ਅਜਿਹੀ ਦਿਸ਼ਾ ਅਖਤਿਆਰ ਕਰ ਲਈ ਜਿਥੇ ਉਨ੍ਹਾਂ ਦਾ ਸਿੱਖਾਂ ਦੀ ਮੁੱਖ ਧਾਰਾ ਨਾਲੋਂ ਬਹੁਤ ਹੱਦ ਤੱਕ ਨਾਤਾ ਟੁੱਟ ਗਿਆ। ਨਿਰਮਲ ਪੰਥੀ ਜੀਵਨ ਦੀ ਸਾਦਗੀ ਉਤੇ ਜ਼ੋਰ ਦਿੰਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਨੈਤਿਕ ਉਪਦੇਸ਼ਾਂ ਦਾ ਪ੍ਰਚਾਰ ਕਰਦੇ ਹਨ।

ਸਿੱਖਾਂ ਦੀ ਇੱਕ ਹੋਰ ਲਹਿਰ ਜਿਸ ਨੂੰ ਪੰਚ ਖਾਲਸਾ ਜਾਂ ਸਿੱਖਾਂ ਦੀ ਪਾਰਲੀਮੈਂਟ ਭਦੌੜ ਕਿਹਾ ਜਾਂਦਾ ਹੈ, ਨੇ ਸਿੱਖ ਰਹਿਤ ਮਰਿਆਦਾ 'ਬਿਬੇਕ ਰਹਿਤ' ਸੂਤਰਵਧ ਕੀਤੀ। ਉਨ੍ਹਾਂ ਵਲੋਂ ਸੰਕਲਿਤ ਰਹਿਤ ਮੁੱਖ ਤੌਰ 'ਤੇ ਰਹਿਤਨਾਮਿਆਂ 'ਤੇ ਆਧਾਰਤ ਹੈ, ਭਾਵੇਂ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਵਿਚੋਂ ਵੀ ਆਸਰਾ ਲੈਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਨੂੰ 'ਕੱਟੜਪੰਥੀ' ਵੀ ਕਿਹਾ ਜਾ ਸਕਦਾ ਹੈ ਕਿਉਂਕਿ ਉਹ ਅਕਸਰ ਕਹਿੰਦੇ ਰਹੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹੋਰ ਸੰਤਾਂ-ਭਗਤਾਂ ਦੀ ਬਾਣੀ ਕੱਢ ਦੇਣੀ ਚਾਹੀਦੀ ਹੈ ਅਤੇ ਸਿਰਫ ਸਿੱਖ ਗੁਰੂਆਂ ਦੀ ਬਾਣੀ ਹੀ ਰੱਖਣੀ ਚਾਹੀਦੀ ਹੈ (ਇਹ ਵਿਚਾਰ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦਾ ਕਿਉਂਕਿ ਸੰਤਾਂ, ਭਗਤਾਂ ਦੀ ਬਾਣੀ ਗੁਰੂ ਸਾਹਿਬਾਨ ਨੇ ਆਪ ਇਕੱਤਰ ਕੀਤੀ ਅਤੇ ਪੰਚਮ ਪਾਤਿਸ਼ਾਹ ਨੇ ਆਪ ਇਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ)। ਹੁਣ ਇਹ ਲਹਿਰ ਲਗਭਗ ਖਤਮ ਹੋ ਗਈ ਹੈ।

ਪਿਛਲੇ ਕੁੱਝ ਦਹਾਕਿਆਂ ਵਿਚ ਭਾਈ ਕਾਹਨ ਸਿੰਘ ਨਾਭਾ ਅਤੇ ਭਾਈ ਵੀਰ ਸਿੰਘ ਅੰਮ੍ਰਿਤਸਰ ਤੋਂ ਇਲਾਵਾ ਕੁੱਝ ਅਜਿਹੇ ਵਿਦਵਾਨ ਹੋਏ ਹਨ, ਜਿਨ੍ਹਾਂ ਨੇ ਸਿੱਖ ਧਰਮ ਵਿਚ ਹੌਲੀ ਹੌਲੀ ਇੱਕ ਨਵਾਂ ਧੜਾ ਬਣਾਇਆ, ਜਿਸ ਨੂੰ 'ਸਨਾਤਨੀ ਉਦਾਰਵਾਦ' ਕਿਹਾ ਜਾ ਸਕਦਾ ਹੈ। ਇਨ੍ਹਾਂ ਵਿਦਵਾਨਾਂ ਨੇ ਸਿੱਖ ਧਰਮ ਦੇ ਕੇਂਦਰੀ ਸਿਧਾਂਤਾਂ ਪ੍ਰਤੀ ਵਫਾਦਾਰ ਰਹਿੰਦੇ ਹੋਏ ਵੀ ਪੁਰਾਣਿਆਂ ਵੱਲੋਂ ਸੌਂਪੇ ਗਏ ਨੂੰ ਪੂਰੇ ਦਾ ਪੂਰਾ ਪ੍ਰਵਾਨ ਨਹੀਂ ਕੀਤਾ। ਭਾਈ ਕਾਹਨ ਸਿੰਘ ਨਾਭਾ ਨੇ ਆਪਣੇ 'ਗੁਰਮਤਿ ਸੁਧਾਕਰ' ਵਿਚ ਕੁੱਝ ਰਹਿਤਨਾਮਿਆਂ ਦਾ ਸੰਪਾਦਨ ਕੀਤਾ ਹੈ। ਇਨ੍ਹਾਂ ਰਹਿਤਾਂ ਦੀ ਕੱਟੜਤਾ ਨੂੰ ਨਰਮ ਕਰਨ ਲਈ ਉਨ੍ਹਾਂ ਨੇ ਪੈਰ-ਟਿੱਪਣੀਆਂ ਦਿੱਤੀਆਂ ਹਨ। ਉਨ੍ਹਾਂ ਨੇ 'ਗੁਰਸ਼ਬਦਰਤਨਾਕਰ' ਵਿਚ ਕਿਹਾ ਹੈ ਕਿ ਰਹਿਤ ਦੇ ਕੇਂਦਰੀ ਨਿਯਮ ਆਦਿ ਗ੍ਰੰਥ ਵਿਚ ਦਰਜ ਹਨ ਅਤੇ ਕਈ ਦੂਸਰੇ ਸੰਕਲਨਾਂ ਵਿਚ ਵੀ ਮਿਲਦੇ ਹਨ।

ਬਾਬਾ ਰਾਮ ਸਿੰਘ (1824-1885) ਜੋ ਇੱਕ ਧਰਮੀ ਅਤੇ ਸ਼ਰਧਾਲੂ ਸਿੱਖ ਸੀ, ਨੇ ਇਕ ਸੰਸਥਾ ਕਾਇਮ ਕੀਤੀ, ਜਿਸ ਨੂੰ ਹੁਣ ਨਾਮਧਾਰੀ ਸੰਪਰਦਾ ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਕੂਕੇ ਸਿੱਖ ਵੀ ਕਿਹਾ ਜਾਂਦਾ ਹੈ। ਇਸ ਸੰਪਰਦਾ ਨੇ ਭਾਵੇਂ ਗੁਰੂ ਗ੍ਰੰਥ ਸਾਹਿਬ ਦੀਆਂ ਕੇਂਦਰੀ ਸਿੱਖਿਆਵਾਂ ਨੂੰ ਮੰਨਣਾ ਜਾਰੀ ਰੱਖਿਆ ਹੈ, ਪ੍ਰੰਤੂ ਅਮਲੀ ਗੱਲਾਂ ਪੱਖੋਂ ਬਹੁਤ ਸਾਰੇ ਵਖਰੇਵੇਂ ਵੀ ਅਪਨਾ ਲਏ ਹਨ। ਆਦੇਸ਼ ਅਤੇ ਰਹਿਨੁਮਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਅਨੁਸਾਰ ਇਨ੍ਹਾਂ ਦੇ ਗੱਦੀ 'ਤੇ ਬਿਰਾਜਮਾਨ ਸਰੀਰਕ ਗੁਰੂ ਵੱਲੋਂ ਕੀਤੀ ਜਾਂਦੀ ਹੈ। (ਇਥੇ ਇਹ ਕਹਿਣਾ ਤਰਕ-ਸੰਗਤ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦਸਮ ਪਾਤਿਸ਼ਾਹ ਨੇ ਪੂਰਨ ਗੁਰ-ਮਰਿਆਦਾ ਅਨੁਸਾਰ ਦਿੱਤੀ ਸੀ, ਫਿਰ ਕਿਸੇ ਵੀ ਸੰਪਰਦਾ ਵੱਲੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਸ਼ਬਦ-ਗੁਰੂ ਨਾ ਮੰਨ ਕੇ, ਕਿਸੇ ਦੇਹ-ਧਾਰੀ ਗੁਰੂ ਨੂੰ ਮੰਨਣਾ ਗੁਰੂਆਂ ਰਾਹੀਂ ਦਿੱਤੀ ਰਹਿਤ ਦੀ ਘੋਰ-ਉਲੰਘਣਾ ਹੈ)।

ਸਤਿਸੰਗ ਬਿਆਸ ਅਤੇ ਨਿਰੰਕਾਰੀ ਮੰਡਲ ਦਿੱਲੀ ਵੀ ਸਿੱਖੀ ਤੋਂ ਪ੍ਰਭਾਵਿਤ ਰਹੇ ਹਨ ਅਤੇ ਆਪਣੇ ਉਪਦੇਸ਼ਾਂ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਅਤੇ ਸੰਤ ਬਾਣੀ ਨੂੰ ਬਣਾਉਂਦੇ ਰਹੇ ਹਨ। ਹਿੰਦੂ ਅਤੇ ਸਿੱਖ ਦੋਵੇਂ ਹੀ ਇਨ੍ਹਾਂ ਨੂੰ ਮੰਨਣ ਵਾਲੇ ਹਨ, ਨਤੀਜੇ ਵਜੋਂ ਅਮਲ ਅਤੇ ਰਹਿਤ ਪੱਖੋਂ ਸਿੱਖ ਰਹਿਣੀ 'ਤੇ ਜ਼ੋਰ ਨਹੀਂ ਦਿੱਤਾ ਜਾਂਦਾ। (ਕੋਈ ਵੀ ਸੰਪਰਦਾ ਜਿਸ ਨੂੰ ਦੇਹਧਾਰੀ ਗੁਰੂ ਚਲਾ ਰਹੇ ਹਨ ਭਾਵੇਂ ਉਪਦੇਸ਼ ਲੈਣ ਲਈ ਗੁਰਬਾਣੀ ਦਾ ਆਸਰਾ ਲੈਣ ਪਰ ਸਿੱਖ ਧਰਮ ਦੇ ਕੇਂਦਰੀ ਸਿਧਾਂਤਾਂ ਤੋਂ ਦੂਰ ਹੀ ਹਨ। ਇਹ ਮਿਲਗੋਭਾ ਡੇਰੇਦਾਰੀਆਂ ਹਨ ਜੋ ਸਿੱਖੀ ਸਿਧਾਂਤਾਂ ਨੂੰ ਉਸਾਰਨ ਦੀ ਥਾਂ ਉਨ੍ਹਾਂ ਵਿਚ ਮਿਲਾਵਟ ਕਰ ਰਹੀਆਂ ਹਨ। ਡੇਰਾ-ਰੂਪੀ ਸੰਸਥਾਵਾਂ ਨੇ ਸਿੱਖ ਧਰਮ ਦੇ ਕੇਂਦਰੀ ਸਿਧਾਂਤਾਂ ਦਾ ਨੁਕਸਾਨ ਹੀ ਕੀਤਾ ਹੈ)।

ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਸਿੰਧੀਆਂ ਵਿਚ ਵੀ ਬਹੁਤ ਵਧੀਆਂ-ਫੁੱਲੀਆਂ ਹਨ। ਇਨ੍ਹਾਂ ਵਿਚ ਵੀ ਦੋਵੇਂ ਤਰ੍ਹਾਂ ਦੇ ਸਿੱਖ ਸ਼ਾਮਲ ਹਨ-ਇੱਕ ਉਹ ਜਿਹੜੇ ਪੰਜ ਕੱਕਾਰੀ ਹਨ ਅਤੇ ਦੂਸਰੇ ਜੋ ਕੱਕਾਰਧਾਰੀ ਨਹੀਂ ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਪੂਰਨ ਸ਼ਰਧਾ ਨਾਲ ਜੁੜੇ ਹੋਏ ਹਨ। ਉਨ੍ਹਾਂ ਦੇ ਨੈਤਿਕ ਅਤੇ ਧਾਰਮਿਕ ਸਿਧਾਂਤ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਲਏ ਹੋਏ ਹਨ। ਭਾਈ ਚੇਲਾ ਰਾਮ ਨੇ ਜਪੁਜੀ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਹੈ ਅਤੇ ਸਿੱਖ ਧਰਮ ਬਾਰੇ ਵੀ ਲਿਖਿਆ ਹੈ।

ਸਿੱਖਾਂ ਦੀ ਮੁੱਖ ਧਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨੈਤਿਕ ਤੇ ਅਧਿਆਤਮਕ ਸਿੱਖਿਆ ਨੂੰ ਹੀ ਮੰਨਦੀ ਹੈ ਅਤੇ ਸਿੱਖ ਰਹਿਤ ਮਰਿਆਦਾ ਨੂੰ ਹੀ ਮੰਨਦੀ ਹੈ। ਸਿੰਘ ਸਭਾ ਲਹਿਰ ਨੇ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਨੂੰ ਲੋਕਾਂ ਵਿਚ ਮੁੜ ਪ੍ਰਚਾਰਨ ਦਾ ਕੰਮ ਕੀਤਾ ਅਤੇ ਗੁਰੂਆਂ ਦੇ ਦਿੱਤੇ ਕੇਂਦਰੀ ਸਿਧਾਂਤਾਂ ਪ੍ਰਤੀ ਚੇਤੰਨ ਕੀਤਾ। ਸਿੰਘ ਸਭਾ ਲਹਿਰ ਸਿੱਖਾਂ ਦੀ ਚੇਤਨਾ ਲਹਿਰ ਸੀ। ਇਸ ਲਹਿਰ ਦੌਰਾਨ ਰਚਿਆ ਗਿਆ ਸਾਹਿਤ ਧਾਰਮਿਕ ਪੁਨਰ-ਜਾਗ੍ਰਿਤੀ ਦੀ ਭਾਵਨਾ ਨਾਲ ਓਤ-ਪੋਤ ਹੈ ਜਿਸ ਦਾ ਵਿਸ਼ਾ ਆਮ ਤੌਰ 'ਤੇ ਇਤਿਹਾਸਕ ਤੇ ਸ਼ਰਧਾ ਵਾਲਾ ਹੈ। ਕਿਤੇ ਕਿਤੇ ਪ੍ਰਬੰਧਕੀ ਫਰਜ਼ਾਂ ਅਤੇ ਅਦੇਸ਼ਾਂ ਦਾ ਭਾਵਨਾਤਮਕ ਸਮਰਥਨ ਅਤੇ ਉਚਿਤਤਾ ਦਾ ਜ਼ਿਕਰ ਹੈ। ਇਸ ਸਮੇਂ ਦੇ ਪੰਜਾਬੀ ਸਾਹਿਤ ਵਿਚ ਬਹੁਤ ਕ੍ਰਿਆਸ਼ੀਲਤਾ ਨਜ਼ਰ ਆਉਂਦੀ ਹੈ ਅਤੇ ਇਸ ਖੇਤਰ ਵਿਚ ਸਿੱਖ ਸਿਧਾਂਤਾਂ ਦੀ ਪੁਨਰ-ਸਥਾਪਤੀ ਲਈ ਸਾਂਝਾ ਉਦਮ ਹੈ। ਹੁਣ ਦਾ ਸਮਾਂ ਗੁਰੂ ਸਹਿਬਾਨ ਦੀਆਂ ਸਿੱਖਿਆਵਾਂ (ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹਨ) 'ਤੇ ਆਧਾਰਤ ਸਿੱਖ ਸਿਧਾਂਤਾਂ ਦੀ ਪੁਨਰ-ਜਾਗ੍ਰਿਤੀ ਦੀ ਸੁਰ ਅਖਤਿਆਰ ਕਰ ਰਿਹਾ ਜਾਪਦਾ ਹੈ। (ਸਿੱਖਾਂ ਦੀ ਮੁੱਖ ਧਾਰਾ ਨੂੰ, 'ਦਸਮ ਗ੍ਰੰਥ' ਦਾ ਕਿਹੜਾ ਹਿੱਸਾ ਦਸਮ ਪਾਤਸ਼ਾਹ ਦੀ ਰਚਨਾ ਹੈ ਤੇ ਕਿਹੜਾ ਨਹੀਂ? ਇਸ ਪ੍ਰਸ਼ਨ ਨੂੰ ਹੱਲ ਕਰ ਲੈਣਾ ਚਾਹੀਦਾ ਹੈ)।

***ਨੋਟ:*** *ਇਹ ਲੇਖ ਸਵਰਗੀ ਡਾ. ਅਵਤਾਰ ਸਿੰਘ ਦੀ ਪੁਸਤਕ 'ਐਥਿਕਸ ਆਫ ਦ ਸਿੱਖਸ' ਉਤੇ ਆਧਾਰਤ ਹੈ।*

## ਗੁਰਮਤਿ ਵਿਚਾਰ

---

## ਗੁਰਬਾਣੀ ਗਿਆਨ

# ਹਮ ਮੈਲੇ ਤੁਮ ਊਜਲ ਕਰਤੇ...

**ਸੋਰਠਿ ਮਹਲਾ ੫**

ਹਮ ਮੈਲੇ ਤੁਮ ਊਜਲ ਕਰਤੇ
ਹਮ ਨਿਰਗੁਨ ਤੂ ਦਾਤਾ॥
ਹਮ ਮੂਰਖ ਤੁਮ ਚਤੁਰ ਸਿਆਣੇ
ਤੂ ਸਰਬ ਕਲਾ ਕਾ ਗਿਆਤਾ॥੧॥
ਮਾਧੋ ਹਮ ਐਸੇ ਤੂ ਐਸਾ॥
ਹਮ ਪਾਪੀ ਤੁਮ ਪਾਪ ਖੰਡਨ
ਨੀਕੋ ਠਾਕੁਰ ਦੇਸਾ॥ਰਹਾਉ॥
ਤੁਮ ਸਭ ਸਾਜੇ ਸਾਜਿ ਨਿਵਾਜੇ
ਜੀਉ ਪਿੰਡੁ ਦੇ ਪ੍ਰਾਨਾ॥
ਨਿਰਗੁਨੀਆਰੇ ਗੁਨੁ ਨਹੀ ਕੋਈ
ਤੁਮ ਦਾਨੁ ਦੇਹੁ ਮਿਹਰਵਾਨਾ॥੨॥
ਤੁਮ ਕਰਹੁ ਭਲਾ ਹਮ ਭਲੋ ਨ ਜਾਨਹ
ਤੁਮ ਸਦਾ ਸਦਾ ਦਇਆਲਾ॥
ਤੁਮ ਸੁਖਦਾਈ ਪੁਰਖ ਬਿਧਾਤੇ
ਤੁਮ ਰਾਖਹੁ ਅਪੁਨੇ ਬਾਲਾ॥੩॥
ਤੁਮ ਨਿਧਾਨ ਅਟਲ ਸੁਲਿਤਾਨ
ਜੀਅ ਜੰਤ ਸਭਿ ਜਾਚੈ॥
ਕਹੁ ਨਾਨਕ ਹਮ ਇਹੈ ਹਵਾਲਾ
ਰਾਖੁ ਸੰਤਨ ਕੈ ਪਾਛੈ॥੪॥

ਸੰਸਾਰ ਦੇ ਤਾਰਨਹਾਰ ਸਤਿਗੁਰ ਉਸ ਮਿਹਰਬਾਨ ਪ੍ਰਭੂ ਦੀ ਸਿਫਤ ਸਾਲਾਹ ਕਰਦੇ ਹਨ- ਹਮ ਮੈਲੇ ਤੁਮ ਊਜਲ ਕਰਤੇ, ਭਾਵ ਹੇ ਪ੍ਰਭੂ ਜੀਉ! ਅਸੀਂ ਜੀਵ ਤਾਂ ਵਿਕਾਰਾਂ ਦੀ ਮੈਲ ਨਾਲ ਭਰੇ ਪਏ ਹਾਂ ਪਰ ਹੇ ਕਰਣਹਾਰ ਕਰਤੇ! ਸਾਨੂੰ ਮੈਲਿਆਂ ਨੂੰ ਤੂੰ ਉਜਲੇ ਕਰਨ ਵਾਲਾ ਹੈਂ; ਅਸੀਂ ਗੁਣਹੀਨ ਹਾਂ, ਤੂੰ ਸਾਨੂੰ ਗੁਣ ਬਖ਼ਸ਼ਣ ਵਾਲਾ ਦਾਤਾ ਹੈਂ; ਹਮ ਮੂਰਖ ਤੁਮ ਚਤੁਰ ਸਿਆਣੇ, ਭਾਵ ਅਸੀਂ ਮੂਰਖ ਹਾਂ, ਤੂੰ ਸਿਆਣਾ ਹੈਂ; ਸਾਨੂੰ ਮੂਰਖਾਂ ਨੂੰ ਸਿਆਣੇ ਬਣਾਉਣ ਵਾਲੇ ਹੁਨਰਾਂ ਦਾ ਤੂੰ ਮਾਲਕ ਹੈਂ।

ਮਾਧੋ ਹਮ ਐਸੇ ਤੂ ਐਸਾ॥
ਹਮ ਪਾਪੀ ਤੁਮ ਪਾਪ ਖੰਡਨ
ਨੀਕੋ ਠਾਕੁਰ ਦੇਸਾ॥ਰਹਾਉ॥

ਗੁਰਦੇਵ ਪਿਤਾ ਆਖਦੇ ਹਨ, ਮਾਧੋ ਹਮ ਐਸੇ ਤੂ ਐਸਾ, ਭਾਵ ਹੇ ਮਿਹਰਾਂ ਦੇ ਮਾਲਕ! ਹੇ ਮਾਇਆਪਤੀ ਮਾਧਵ ਜੀਉ!! ਅਸੀਂ ਜਗਤ ਦੇ ਜੀਵ ਤਾਂ ਵਿਕਾਰਾਂ ਨਾਲ ਭਰੇ ਹੋਏ ਹਾਂ ਪਰ ਮਿਹਰਬਾਨ ਪ੍ਰਭੂ ਜੀਉ! ਤੂੰ ਐਸਾ ਉਪਕਾਰੀ ਹੈਂ ਕਿ ਤੇਰੇ ਜਿਹਾ ਹੋਰ ਕੋਈ ਨਹੀਂ। ਅਸੀਂ ਤਾਂ ਹਰ ਵੇਲੇ ਪਾਪਾਂ ਦੀ ਕਮਾਈ ਕਰਦੇ ਹਾਂ ਪਰ ਤੂੰ ਸਾਡੇ ਪਾਪਾਂ ਦਾ ਨਾਸ ਕਰਨ ਵਾਲਾ ਹੈਂ। ਨੀਕੋ ਠਾਕੁਰ ਦੇਸਾ, ਹੇ ਪਾਲਣਹਾਰ ਪ੍ਰਭੂ! ਤੇਰਾ ਦੇਸ ਅਤਿ ਸੋਹਣਾ ਹੈ। ਹੇ ਪ੍ਰੀਤਮ! ਜਿਥੇ ਤੂੰ ਵਸਦਾ ਹੈਂ, ਉਹ ਦੇਸ ਅਤਿ ਪਿਆਰਾ ਹੈ।

ਤੁਮ ਸਭ ਸਾਜੇ ਸਾਜਿ ਨਿਵਾਜੇ
ਜੀਉ ਪਿੰਡੁ ਦੇ ਪ੍ਰਾਨਾ॥
ਨਿਰਗੁਨੀਆਰੇ ਗੁਨੁ ਨਹੀ ਕੋਈ
ਤੁਮ ਦਾਨੁ ਦੇਹੁ ਮਿਹਰਵਾਨਾ॥੨॥

ਤੁਮ ਸਭ ਸਾਜੇ ਸਾਜਿ ਨਿਵਾਜੇ, ਭਾਵ ਹੇ ਮਿਹਰਬਾਨ ਪ੍ਰਭੂ ਜੀਉ! ਇਸ ਜਗਤ ਦੇ ਸਾਰੇ ਜੀਵਾਂ ਨੂੰ ਸਰੀਰ ਅਤੇ ਪ੍ਰਾਣ ਦੇ ਕੇ ਤੂੰ ਆਪ ਹੀ ਪੈਦਾ ਕੀਤਾ ਹੈ, ਪੈਦਾ ਕਰ ਕੇ ਫਿਰ ਉਨ੍ਹਾਂ ਉਤੇ ਆਪਣੀ ਮਿਹਰ ਭੀ ਬਣਾਈ ਰੱਖਦਾ ਹੈਂ; ਨਿਰਗੁਨੀਆਰੇ ਗੁਨੁ ਨਹੀ ਕੋਈ, ਭਾਵ ਹੇ ਪ੍ਰਭੂ ਜੀਉ! ਅਸੀਂ ਸਾਰੇ ਜੀਵ ਗੁਣਾਂ ਤੋਂ ਹੀਣੇ ਹਾਂ ਅਤੇ ਸਾਡੇ ਵਿਚ ਕੋਈ ਵੀ ਗੁਣ ਨਹੀਂ ਹੈ; ਤੁਮ ਦਾਨ ਦੇਹ ਮਿਹਰਵਾਨਾ, ਭਾਵ ਹੇ ਮਿਹਰਾਂ ਦੇ ਮਾਲਕ ਪ੍ਰਭੂ ਜੀਉ! ਤੂੰ ਆਪ ਹੀ ਮਿਹਰਾਂ ਵਿਚ ਆ ਕੇ ਸਾਨੂੰ ਗੁਣਾਂ ਦੀ ਦਾਤ ਦੇ ਕੇ ਨਿਵਾਜਦਾ ਹੈਂ, ਆਪਣੇ ਨਾਲ ਜੋੜ ਲੈਂਦਾ ਹੈਂ।

ਤੁਮ ਕਰਹੁ ਭਲਾ ਹਮ ਭਲੋ ਨ ਜਾਨਹ
ਤੁਮ ਸਦਾ ਸਦਾ ਦਇਆਲਾ॥
ਤੁਮ ਸੁਖਦਾਈ ਪੁਰਖ ਬਿਧਾਤੇ
ਤੁਮ ਰਾਖਹੁ ਅਪੁਨੇ ਬਾਲਾ॥੩॥

ਤੁਮ ਕਰਹੁ ਭਲਾ ਹਮ ਭਲੋ ਨ ਜਾਨਹ, ਭਾਵ ਹੇ ਪ੍ਰਭੂ! ਸਾਡੇ ਵਰਗੇ ਪਾਪੀ ਜੀਵਾਂ ਦੀ ਭਲਾਈ ਲਈ ਤੂੰ ਹਰ ਵੇਲੇ ਹੀ ਮਿਹਰਾਂ ਕਰਦਾ ਹੈਂ ਪਰ ਅਸੀਂ ਮੂਰਖ ਜੀਵ ਤੇਰੀ ਭਲਾਈ ਦੀ ਜ਼ਰਾ ਜਿੰਨੀ ਵੀ ਕਦਰ ਨਹੀਂ ਪਾਉਂਦੇ। ਤੁਮ ਸਦਾ ਸਦਾ ਦਇਆਲਾ, ਹੇ ਪ੍ਰਭੂ ਜੀਉ! ਤੂੰ ਫਿਰ ਵੀ ਸਾਡੇ ਉਤੇ ਸਦਾ ਹੀ ਦਇਆਵਾਨ ਰਹਿੰਦਾ ਹੈਂ; ਤੁਮ ਸੁਖਦਾਈ ਪੁਰਖ ਬਿਧਾਤੇ, ਭਾਵ ਹੇ ਸਰਬ ਵਿਆਪਕ ਸਿਰਜਣਹਾਰ ਪ੍ਰਭੂ ਜੀਉ! ਤੂੰ ਸਾਨੂੰ ਸਦਾ ਹੀ ਸੁਖ ਦੇਣ ਵਾਲਾ ਹੈਂ; ਹੇ ਪਤਿਤ-ਪਾਵਨ ਪ੍ਰਭੂ ਜੀਉ! ਤੂੰ ਆਪਣੇ ਬੱਚਿਆਂ ਦੀ ਸਦਾ ਹੀ ਰੱਖਿਆ ਕਰਦਾ ਹੈਂ।

ਤੁਮ ਨਿਧਾਨ ਅਟਲ ਸੁਲਿਤਾਨ
ਜੀਅ ਜੰਤ ਸਭਿ ਜਾਚੈ॥
ਕਹੁ ਨਾਨਕ ਹਮ ਇਹੈ ਹਵਾਲਾ
ਰਾਖੁ ਸੰਤਨ ਕੈ ਪਾਛੈ॥੪॥

ਤੁਮ ਨਿਧਾਨ ਅਟਲ ਸੁਲਿਤਾਨ, ਭਾਵ ਹੇ ਮਿਹਰਾਂ ਦੇ ਦਾਤੇ ਪ੍ਰਭੂ ਜੀ! ਤੁਸੀਂ ਤਾਂ ਸਾਰੇ ਹੀ ਗੁਣਾਂ ਦੇ ਖਜ਼ਾਨੇ ਹੋ ਅਤੇ ਸਦਾ ਹੀ ਅਟਲ ਰਹਿਣ ਵਾਲੇ ਪਾਤਸ਼ਾਹ ਹੋ; ਜੀਅ ਜੰਤ ਸਭਿ ਜਾਚੈ, ਭਾਵ ਸੰਸਾਰ ਦੇ ਸਾਰੇ ਹੀ ਜੀਵ ਤੇਰੇ ਦਰ ਤੋਂ ਮੰਗਾਂ ਮੰਗ ਰਹੇ ਹਨ; ਕਹੁ ਨਾਨਕ ਹਮ ਇਹੈ ਹਵਾਲਾ, ਭਾਵ ਹੇ ਮੇਰੇ ਮਾਲਕ ਪ੍ਰਭੂ ਜੀਉ! ਇਹ ਨਾਨਕ ਆਖਦਾ ਹੈ, ਸਾਰੇ ਜਗਤ ਦੇ ਜੀਵਾਂ ਦਾ ਤਾਂ ਇਹੋ ਜਿਹਾ ਹੀ ਹਾਲ ਹੈ; ਰਾਖੁ ਸੰਤਨ ਕੈ ਪਾਛੈ, ਭਾਵ ਹੇ ਮਿਹਰਵਾਨ ਪ੍ਰਭੂ ਜੀਉ! ਸਾਨੂੰ ਜੀਵਾਂ ਨੂੰ ਸੰਤ ਜਨਾਂ ਦੇ ਆਸਰੇ ਹੀ ਰੱਖ ਲੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

# ਸਭੁ ਦੇਸੁ ਪਰਾਇਆ

***ਸਿੱਖ ਗੁਰੂ ਸਾਹਿਬਾਨ ਨੇ ਜਾਤ-ਪਾਤ ਨੂੰ ਨਿਖੇਧ ਕੀਤਾ। ਬਾਵਜੂਦ ਇਸ ਦੇ ਪੰਜਾਬ ਵਿਚ ਅੱਜ ਵੀ ਇਹ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੈ। ਇਸ ਉਚ-ਨੀਚ ਵਿਚੋਂ ਹੀ ਸਮਾਜ ਅੰਦਰ ਅਨੇਕਾਂ ਕੁਰੀਤਾਂ ਬਣੀਆਂ। ਜਾਤ ਦੀ ਹਉਮੈ ਵਿਚ ਕੁਝ ਲੋਕ ਬਾਬੇ ਨਾਨਕ ਦੇ 'ਨੀਚਾਂ ਅੰਦਰ ਨੀਚ ਜਾਤ ਨੀਚੀ ਹੀ ਅਤਿ ਨੀਚ॥ ਨਾਨਕ ਤਿਨ ਕੇ ਸੰਗ ਸਾਥ ਵਡਿਆ ਸਿਉ ਕਿਆ ਰੀਸ' ਦੇ ਆਦੇਸ਼ ਨੂੰ ਵੀ ਭੁੱਲ ਭੁਲਾ ਬੈਠੇ ਹਨ। ਇਸੇ ਵਿਚੋਂ ਹੀ ਅਜੋਕੇ ਪਰਵਾਸ ਦਾ ਅਰੰਭ ਹੋਇਆ। ਪ੍ਰੋ. ਅਵਤਾਰ ਸਿੰਘ ਨੇ 'ਜਾਤ-ਪਾਤ ਦੇ ਕੋਹੜ' ਉਤੇ ਉਂਗਲ ਧਰਦਿਆਂ ਪਰਵਾਸ ਦੇ ਦਰਦ ਨੂੰ ਇਸ ਲੇਖ ਵਿਚ ਛੋਹਿਆ ਹੈ। -ਸੰਪਾਦਕ***



**ਪ੍ਰੋ. ਅਵਤਾਰ ਸਿੰਘ**
ਫੋਨ: 91-94175-18384

ਤਨ ਅਤੇ ਮਨ ਕਿਸੇ ਇੱਕੋ ਸ਼ੈ ਦੇ ਦੋ ਸੰਕਲਪ ਹਨ, ਜਿਸ ਕਰਕੇ ਤਨ ਹਮੇਸ਼ਾਂ ਮਨ ਦੀ ਓਟ ਭਾਲਦਾ ਹੈ ਅਤੇ ਮਨ ਤਨ ਦੀ। ਵਿਯੋਗ ਸਵੈ ਉਪਜ ਹੋਵੇ ਤਾਂ ਬਹੁਤ ਵੱਡਾ ਰੋਗ ਮੰਨਿਆਂ ਜਾਂਦਾ ਹੈ, ਜੇ ਇਸ ਦਾ ਕਾਰਣ ਗ਼ੈਰ ਹੋਵੇ ਤਾਂ ਸਖ਼ਤ ਸਜ਼ਾ, 'ਨਾਲੇ ਲੰਮੀ ਤੇ ਨਾਲੇ ਕਾਲੀ, ਚੰਨਾ ਵੇ ਰਾਤ ਜੁਦਾਈਆਂ ਵਾਲੀ।' ਗ਼ਾਲਿਬ ਨੇ ਕਿਹਾ, 'ਸੁਬਹ ਕਰਨਾ ਸ਼ਾਮ ਕਾ ਲਾਨਾ ਹੈ ਜੂਇ ਸ਼ੀਰ ਕਾ।'

ਰਾਜੇ ਅਤੇ ਪ੍ਰੇਮੀ ਦੇਸ਼ ਛੱਡ ਕੇ ਨਵੀਆਂ ਥਾਂਵਾਂ ਦੀ ਖੋਜ ਕਰਨ ਵਾਲੇ ਕੌਤਕੀ ਆਪਣੇ ਮਨੋਰਥ ਪ੍ਰਤੀ ਇਤਨੇ ਉਤਸੁਕ ਹੁੰਦੇ ਕਿ ਸ਼ਾਇਦ ਹੀ ਹੇਰਵੇ ਦਾ ਸ਼ਿਕਾਰ ਹੋਣ। ਸਰਬੱਤ ਦੇ ਭਲੇ ਨੂੰ ਪ੍ਰਣਾਏ ਪ੍ਰਚਾਰਕ ਧਰਤੀ ਅਤੇ ਖ਼ਲਕਤ ਨੂੰ ਇੱਕ ਮੰਨਦੇ ਹੋਏ ਉਦਰੇਵੇਂ ਤੋਂ ਨਿਰਲੇਪ ਰਹਿੰਦੇ। ਘੁਮੱਕੜ ਤਾਂ ਫ਼ਕੀਰੀ ਲਿਬਾਸ ਵਿਚ ਜਗਤ ਤਮਾਸ਼ਾ ਦੇਖਦੇ, "ਬਨਾ ਕਰ ਫ਼ਕੀਰੋਂ ਕਾ ਹਮ ਭੇਸ ਗ਼ਾਲਿਬ, ਤਮਾਸ਼ਾਇ ਅਹਲੇ ਕਰਮ ਦੇਖਤੇ ਹੈਂ।"

ਗੁਰੂ ਨਾਨਕ ਉਚਰਿਤ ਬਾਰਾਮਾਹਾ ਦੇ ਲੌਕਿਕ ਦ੍ਰਿਸ਼ ਬਾਰ ਨਾਲ ਸਬੰਧਤ ਹਨ। ਲੌਕਿਕ ਤੇ ਪ੍ਰਾਲੌਕਿਕ ਨੂੰ ਚਿਤਵਣਾ ਹੇਰਵਾ ਨਹੀਂ। ਬਾਣੀ ਵਿਚ ਪੇਸ਼ ਮਨੋਅਵਸਥਾ ਬਾਣੀਕਾਰ ਨਾਲ ਸਬੰਧਤ ਨਹੀਂ। ਬਾਬਾ ਫ਼ਰੀਦ ਦਾ ਪ੍ਰਚਾਰ ਢੰਗ ਵਿਚਰਨ ਸੀ। ਜੇ ਉਨ੍ਹਾਂ ਦੇ ਮਨ ਵਿਚ ਕੋਈ ਪਰਵਾਸ ਦਾ ਉਦਰੇਵਾਂ ਹੁੰਦਾ ਤਾਂ ਉਨ੍ਹਾਂ ਨਾਲ ਲਕਬ ਬਾਬਾ ਨਾ ਜੁੜਦਾ। ਹੇਰਵੇ ਵਾਲਾ ਮਨ ਓਪਰੀ ਭਾਸ਼ਾ ਨਾਲ ਮੁਹੱਬਤ ਨਹੀਂ ਪਾਲ਼ਦਾ। ਠੇਠ ਪੰਜਾਬੀ ਮਿਠਾਸ ਉਨ੍ਹਾਂ ਦੇ ਪ੍ਰਵਾਸੀ ਅਹਿਸਾਸ ਦੀ ਹੋਂਦ 'ਤੇ ਕਾਂਟਾ ਹੈ।

ਮੋਨਿਅਰ ਨੇ ਅਹਿਸਾਸ ਨੂੰ ਵ੍ਰਿਤੀ ਕਿਹਾ। ਪਤੰਜਲੀ ਨੇ ਕਿਹਾ, "ਯੋਗਾਹ ਚਿੱਤ ਵ੍ਰਿਤੀ ਨਿਰੋਧਹ।" ਵ੍ਰਿਤੀ ਰੋਕਣਾ ਯੋਗਾ ਹੈ। ਚਿੱਤ ਦਾ ਖ਼ਲਾਅ ਹੋਣਾ ਹੀ ਬ੍ਰਹਮ ਹੋਣਾ ਹੈ। ਵ੍ਰਿਤੀ ਪਰਮਾਤਮਾ ਨੂੰ ਜੀਵਾਤਮਾ ਕਰਦੀ ਅਤੇ ਰੁਕਣ 'ਤੇ ਜੀਵਾਤਮਾ ਪਰਮਾਤਮਾ ਹੁੰਦੀ ਹੈ। ਗ਼ਾਲਿਬ ਨੇ ਕਿਹਾ, 'ਨਾ ਥਾ ਕੁਛ ਤੋ ਖ਼ੁਦਾ ਥਾ, ਕੁਛ ਨਾ ਹੋਤਾ ਤੋ ਖ਼ੁਦਾ ਹੋਤਾ, ਡੁਬੋਯਾ ਮੁਝ ਕੋ ਹੋਨੇ ਨੇ, ਨਾ ਹੋਤਾ ਮੈਂ ਤੋ ਕਯਾ ਹੋਤਾ!' ਇਹ ਸਵਾਲ ਨਹੀਂ, ਵ੍ਰਿਤੀ ਦੀ ਯਾਤਨਾ ਹੈ। ਮਨ ਦਾ ਨਾ ਹੋਣਾ ਹੀ ਅਮਨ ਹੈ।

ਗੁਰੂ ਨਾਨਕ ਨੇ ਇਸ ਨੂੰ ਨਾਮ ਯੋਗ ਕਿਹਾ। ਯੋਗ ਜੁਟਣਾ ਹੈ ਤੇ ਇਹੀ ਸਿੱਖੀ ਹੈ। ਬਲਦਾਂ ਦਾ ਜੋੜਾ ਜੋਗ ਹੈ। ਪਰਮਾਤਮਾ ਨਾਲ ਜੁੜਨਾ ਸੰਗਤ। ਗੁਰੂ ਨਾਨਕ ਨੇ ਇਸ ਨੂੰ ਪਰਮ ਕਰਮ ਕਿਰਸਾਣੀ ਦੇ ਦ੍ਰਿਸ਼ਟਾਂਤ ਵਿਚ ਪੇਸ਼ ਕੀਤਾ। ਧਰਤੀ 'ਚੋਂ ਅਨਾਜ ਹਾਸਲ ਕਰਨ ਲਈ ਮੁਸ਼ੱਕਤ ਕਰਨੀ ਪੈਂਦੀ ਹੈ, ਜਿਸ ਵਿਚ ਕਿਰਤੀ ਹਮਰਕਾਬ ਹੁੰਦੇ ਹਨ। ਕਿਰਸਾਣੀ ਨਿਜਨਿਰਭਰ ਪੇਸ਼ਾ ਨਹੀਂ, ਪਰਨਿਰਭਰਤਾ ਇਸ ਦੀ ਬੁਨਿਆਦ ਅਤੇ ਜੁੜਨਾ ਅਨਿਵਾਰੀ। ਪੰਚਮ ਪਾਤਸ਼ਾਹ ਦਾ ਅੰਮ੍ਰਿਤਸਰ ਵਿਖੇ ਬਵੰਜਾ ਕਿਸਮ ਦੇ ਕਿਰਤੀ ਅਤੇ ਹੁਨਰੀ ਲੋਕਾਂ ਨੂੰ ਵਸਾਉਣਾ ਸੰਗਤ ਦੀ ਸੰਕਲਪਨਾ ਦਾ ਮਹਾਂ ਅਭਿਆਸ ਸੀ। ਗੁਰੂ ਨਾਨਕ ਦੀ ਸੰਗਤ ਵਿਚ ਕਿਰਤੀਆਂ ਨੇ ਕਿਰਸਾਣ ਨੂੰ ਆਪਣਾ ਭਾਈ ਮੰਨਿਆਂ ਹੋਇਆ ਸੀ ਅਤੇ ਉਹ ਭਾਈ ਦਾ ਧਰਮ ਵੀ ਪਾਲ਼ਦਾ। ਹੁਨਰੀ ਕਿਰਤੀਆਂ ਨੇ ਕਿਰਸਾਣ ਦੀ ਸਹਾਇਤਾ ਦਾ ਧਰਮ ਪਾਲਿਆ, ਜਿਸ ਦੇ ਬਦਲੇ ਕਿਰਸਾਣ ਵੀ ਹੁਨਰੀ ਭਾਈਆਂ ਦੀ ਕਦਰ ਕਰਦਾ ਰਿਹਾ। ਸਭਿਆਚਾਰ ਦਾ ਆਧਾਰ ਪਰਨਿਰਭਰਤਾ ਹੈ। ਨਿਜਮੁਖ ਅਭਿਆਸ ਵਿਚ ਸਭਿਆਚਾਰ ਗਤੀਸ਼ੀਲ ਨਹੀਂ ਰਹਿੰਦਾ, ਪ੍ਰਫੁੱਲਤਾ ਹਾਸਲ ਨਹੀਂ ਹੁੰਦੀ ਅਤੇ ਸਾਂਝੀਵਾਲਤਾ ਦਾ ਤ੍ਰਿਸਕਾਰ ਹੁੰਦਾ ਹੈ। ਪਰ ਮੁਖਤਾ ਹੀ ਗਤੀਸ਼ੀਲ ਅਤੇ ਸਿਹਤਮੰਦ ਸਭਿਆਚਾਰ ਦੀ ਆਧਾਰਸ਼ਿਲਾ ਹੈ।

ਮੜ੍ਹੀ ਦੇ ਦੀਵੇ ਵਿਚਲਾ ਕਿਰਸਾਣ ਭ੍ਰਾਤਰੀ ਧਰਮ ਪਾਲਣ ਕਰਕੇ ਹੀ ਧਰਮ ਸਿੰਘ ਹੈ। ਸਮੇਂ ਦੇ ਫ਼ੇਰ ਨਾਲ ਧਰਮ ਸਿੰਘ 'ਭੰਤਾ' ਹੋ ਗਿਆ। ਕਿਰਸਾਣ ਜ਼ਿਮੀਦਾਰ ਹੋ ਗਿਆ ਅਤੇ ਧਰਤੀ ਦਾ ਪੁੱਤ ਨਿੱਕਾ ਜਿਹਾ ਭੂਪਤੀ ਬਣ ਗਿਆ। ਰਿਸ਼ਤਿਆਂ 'ਤੇ ਹਾਵੀ ਅਸ਼ਿਸ਼ਟਤਾ ਅਨੈਤਕ ਸਮਾਜਿਕ ਤ੍ਰੇੜ ਬਣ ਉਭਰੀ। ਗੁਰਦਿਆਲ ਸਿੰਘ ਦੇ ਗਲਪੀ ਕਿਰਸਾਣ ਧਰਮ ਸਿੰਘ ਦੇ ਪੁੱਤਰ ਜ਼ਿਮੀਦਾਰ ਭੰਤੇ ਦੇ ਨਾਂ, ਸੋਚ ਅਤੇ ਵਿਵਹਾਰ ਵਿਚ ਉਸ ਤ੍ਰੇੜ ਦਾ ਸੰਕੇਤ ਹੈ, ਜਿਸ ਕਾਰਣ ਕਿਰਸਾਣ ਨੇ ਹੁਨਰੀ ਭਾਈਆਂ ਨੂੰ ਨਾਰਾਜ਼ ਕਰ ਲਿਆ। ਜਦੋਂ ਦੀ 'ਭਈਆਂ' ਨੇ 'ਭਾਈਆਂ' ਦੀ ਥਾਂ ਮੱਲੀ ਹੈ ਉਦੋਂ ਦਾ ਕਿਰਸਾਣੀ 'ਚੋਂ ਹੁਨਰੀ ਲਗਾਉ, ਆਪਸੀ ਪ੍ਰੇਮ ਅਤੇ ਸੇਵਾ ਭਾਵ ਬੇਕਿਰਕ ਮੁਨਾਫ਼ੇ ਵਿਚ ਢਲ ਗਿਆ। 'ਮਾਤਾ ਧਰਤਿ' ਨੂੰ 'ਪਾਣੀ ਪਿਤਾ' ਦੇ ਨੁਕਤੇ ਤੋਂ ਦੇਖਣ ਕਰਕੇ, ਮੂੰਹਾਂ 'ਤੇ ਨਕਾਬ ਦੀ ਤਰ੍ਹਾਂ ਰੁਮਾਲ ਬੰਨ੍ਹੀ ਸਫ਼ਰ ਕਰਦੇ ਧਰਤੀ ਦੇ ਪੁੱਤ 'ਪਵਣੁ ਗੁਰੂ' ਦੀ ਪ੍ਰਦੂਸ਼ਤ ਤਸ਼ਬੀਹ ਹਨ।

ਗੁਰੂ ਕਾਲ ਵਿਚ ਸਿੱਖ ਨੇ ਆਪਣੀ ਕਰਨੀ ਦੇ ਬਲਬੂਤੇ ਭਾਈ ਦਾ ਮਹਾਂ ਲਕਬ ਕਮਾਇਆ। ਮਿਸਲਾਂ ਵੇਲੇ ਸਿੱਖ ਪਹਿਲਾਂ ਜ਼ਿਮੀਦਾਰ ਫਿਰ ਸਰਦਾਰ ਬਣੇ ਅਤੇ ਹੰਨੇ ਹੰਨੇ ਮੀਰਾਂ ਨੇ ਪੀਰੀ ਵੱਲ ਪਿੱਠ ਕਰ ਲਈ। ਬੇਪੀਰ ਜ਼ਿਮੀਦਾਰ, ਮੀਰ ਸਰਦਾਰਾਂ ਨੇ ਕਿਰਤੀਆਂ ਦੇ ਲਕਬ ਭਾਈ ਦੀ ਮਹਾਨਤਾ ਨੂੰ ਘਟਾਉਂਦੇ ਘਟਾਉਂਦੇ ਪਾਠੀ ਤੱਕ ਸੀਮਤ ਕਰ ਦਿਤਾ। ਹੁਣ ਸਿੱਖ ਗੁਰੂ ਘਰਾਂ ਵਿਚ ਸਰਦਾਰ ਕੇਵਲ ਪ੍ਰਧਾਨ ਦੇ ਅਹੁਦੇ 'ਤੇ ਹੀ ਸੁਸ਼ੋਭਿਤ ਹੁੰਦੇ ਹਨ। ਪਾਠੀ, ਰਾਗੀ ਤੇ ਲਾਂਗਰੀ ਦੀ ਸੇਵਾ ਤੱਕ ਮਹਿਦੂਦ ਕਿਰਤੀ ਸਿੱਖ ਭਾਈ ਲਈ ਸਵੈਮਾਣ ਦੇ ਸਭ ਦਰਵਾਜ਼ੇ ਬੰਦ।

ਕਿਰਸਾਣੀ ਛੱਡ ਚੁੱਕੇ, ਠੇਕੇ, ਹਾਲ਼ੇ, ਜ਼ਮੀਨੀ ਵੇਚ ਵੱਟ ਅਤੇ ਰਾਜਸੀ ਅਹੁਦਿਆਂ ਦੀ ਚੜ੍ਹਤ ਚੜ੍ਹਾਵੇ 'ਤੇ ਪਲਣ ਵਾਲੇ ਸਰਦਾਰ ਨੇ ਕਿਰਤੀ ਦੀ ਜਗ੍ਹਾ ਘਟਾ ਘਟਾ ਕੇ ਸਿਫ਼ਰ ਤੱਕ ਲੈ ਆਂਦੀ ਅਤੇ ਉਸ ਨੂੰ ਆਪਣੀ ਜਨਮ ਭੂਮੀ ਨੂੰ ਹੀ ਅਲਵਿਦਾ ਕਹਿਣ ਲਈ ਮਜਬੂਰ ਕਰ ਦਿਤਾ। ਅੰਗਰੇਜ਼ੀ ਭਾਸ਼ਾ ਵਿਚ ਇਸ ਨੂੰ ਪਰਵਾਸੀ ਰੁਝਾਨ ਦਾ ਪੁਸ਼ ਫ਼ੈਕਟਰ ਕਿਹਾ ਜਾਂਦਾ ਹੈ। ਜਿਨ੍ਹਾਂ ਨੂੰ ਇਸ ਜ਼ਮੀਨ ਵਿਚ ਆਪਣੇ ਬਾਪ ਦੀ ਮੜ੍ਹੀ ਬਣਾਉਣ ਜੋਗੀ ਥਾਂ ਵੀ ਨਸੀਬ ਨਾ ਹੋਵੇ ਅਤੇ ਮੜ੍ਹੀ ਦੀਆਂ ਇੱਟਾਂ ਆਪਣੇ ਘਰ ਅੰਦਰ ਲਿਆ ਰੱਖਣ ਤੋਂ ਬਿਨਾ ਕੋਈ ਚਾਰਾ ਨਾ ਰਹੇ, ਉਹ ਇਸ ਮੁਲਕ ਤੋਂ 'ਸਦਕੇ' ਜਾਣ ਦੀ ਥਾਂ 'ਛੱਡ ਕੇ' ਨਾ ਜਾਣ ਤਾਂ ਹੋਰ ਕੀ ਕਰਨ! ਮੜ੍ਹੀ ਜੋਗੀ ਥਾਂ ਵੀ ਨਾ ਮਿਲਣ ਦੀ ਯਾਤਨਾ ਸਾਹਮਣੇ ਭੁੱਖ ਦਾ ਦੁੱਖ ਵੀ ਨਿਗੂਣਾ ਰਹਿ ਜਾਂਦਾ ਹੈ। ਹਵੇਲੀਆਂ 'ਚ ਮੌਜਾਂ ਲੁੱਟਣ ਵਾਲਾ ਵੀਰ ਜੇ ਆਪਣੇ ਭਾਈ ਦਾ ਰੀਝ ਨਾਲ ਪਾਲਿਆ, ਛਾਂ ਦਾ ਇਕੋ ਇਕ ਕੁਦਰਤੀ ਸਾਧਨ, ਟਾਹਲੀ ਦਾ ਰੁੱਖ ਵੀ ਵੱਢ ਕੇ ਵੇਚ ਦੇਵੇ ਤਦ ਉਹ ਕਿਵੇਂ ਇਸ ਮੁਲਕ ਅਤੇ ਸਭਿਆਚਾਰ ਨਾਲ ਮੋਹ ਕਾਇਮ ਰੱਖ ਸਕਦਾ ਹੈ!

'ਮਾਲ ਢਾਂਡਾ ਸਾਂਭਣੇ ਨੂੰ (ਜਿਸ ਨੂੰ ਘਰੇ) ਛੱਡ ਕੇ' ਮੇਲਿਆਂ 'ਚ 'ਦਮਾਮੇ' ਵੱਜਦੇ ਹਨ, ਉਸ ਦੀ 'ਕਿਰਤ' ਵਿਚ ਹਾਲੇ ਇਤਨੀ ਕੁ ਤਰੱਕੀ ਹੋਈ ਹੈ ਕਿ ਉਸ ਦੇ ਪੂਰਵਜ਼, ਜਿਨ੍ਹਾਂ ਦਾ ਕਦੀ ਮੈਲ਼ਾ ਢੋਂਦੇ ਸਨ, ਅੱਜ ਉਨ੍ਹਾਂ ਦੇ ਡੰਗਰਾਂ ਦਾ ਗੋਹਾ ਕੂੜਾ ਸਿਰ 'ਤੇ ਚੁੱਕਦੇ ਹਨ। ਇਨਸਾਨੀ ਮੈਲ਼ ਤੋਂ ਪਸ਼ੂ ਮੈਲ਼ ਤੱਕ ਦੀ 'ਤਰੱਕੀ' ਵੀ ਸਾਡੇ ਲਈ ਅਸਹਿ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਪਾਠ ਪੁਸਤਕ ਵਿਚ ਧਨੀ ਰਾਮ ਚਾਤ੍ਰਿਕ 'ਮੇਲੇ ਵਿਚ ਜੱਟ' ਦੇ ਇਸ ਕਾਵਿਕ ਕਲੰਕ ਨੂੰ 'ਕਾਮਾ' ਲਿਖ ਕੇ ਬੇਸ਼ੱਕ ਢਕਣ ਦੀ ਕੋਸ਼ਿਸ਼ ਕੀਤੀ ਗਈ, ਪਰ ਸਮਾਜ ਦੇ ਇਸ ਪਰਮ ਸੇਵਕ ਦੀ ਇਜ਼ਤ ਆਬਰੂ ਦੀ ਕਦਰ ਸਾਡੇ ਮਨਾਂ ਵਿਚ ਇਤਨੀ ਕੁ ਹੈ, ਜਿਸ ਦੇ ਕੇਵਲ ਇੱਕ ਦ੍ਰਿਸ਼ਟਾਂਤ ਵਿਚ ਹੀ ਸਾਡੇ ਸਮਾਜ ਦੇ ਪਤਨ ਦਾ ਕੁੱਲ੍ਹ ਸਮਾਨ ਹੈ। ਮਾਲਵੇ ਦੇ ਇਕ ਪਿੰਡ ਦੀ ਦਲਿਤ ਬੇਟੀ ਨਾਲ ਪਿੰਡ ਦੇ ਹੀ ਸਰਦਾਰ ਕਾਕੇ ਨੇ ਮੂੰਹ ਕਾਲ਼ਾ ਕਰ ਲਿਆ। ਪੰਚਾਇਤ ਨੇ ਪੱਚੀ ਹਜ਼ਾਰ ਛਿਲੜ ਦੇ ਕੇ ਗੱਲ 'ਰਫ਼ਾ ਦਫ਼ਾ' ਕਰਨ ਦਾ ਫ਼ੈਸਲਾ ਸੁਣਾਇਆ। 'ਰਫ਼ਾ ਦਫ਼ਾ' ਸੁਣਦਿਆਂ ਲੜਕੀ ਦੇ ਪਿਉ ਦੀ ਭੁੱਬ ਨਿਕਲ ਗਈ, ਜਿਸ ਦੇ ਜਵਾਬ ਵਿਚ, ਮੂੰਹ ਕਾਲਾ ਕਰੀ ਬੈਠੇ 'ਸ਼ੇਰ' ਨੇ ਬੁੱਭ ਮਾਰੀ, 'ਤੈਨੂੰ ਪੱਚੀ ਹਜ਼ਾਰ ਡੰਝ ਦਿਤਾ, ਹੋਰ ਕੀ ਦੇ ਦੇਈਏ!' ਗ਼ਰੀਬ ਦਲਿਤ ਦੀ 'ਭੁੱਬ' ਅਤੇ ਸ਼ੇਰ ਕਾਕੇ ਦੀ 'ਬੁੱਭ' ਵਿਚ ਗੁਰਮੁਖੀ ਦੇ ਬੱਬੇ ਅਤੇ ਭੱਬੇ ਅੱਖਰ ਦੇ ਇਧਰ ਉਧਰ ਹੋਣ ਜਿਤਨਾ ਹੀ ਫ਼ਰਕ ਸਮਝਿਆ ਗਿਆ, ਜਿਸ ਕਰਕੇ ਭਾਈਚਾਰਕ ਤ੍ਰੇੜਾਂ ਤੇ ਕਸ਼ਮਕਸ਼ ਦੇ ਚਿੰਨ੍ਹ ਪ੍ਰਤੱਖ ਹੋਣੇ ਅਰੰਭ ਹੋ ਗਏ। ਸਾਡੀ ਗੁਰਮੁਖਤਾਈ ਬੁੱਭ ਤੇ ਭੁੱਬ ਦੇ ਹੇਰ ਫ਼ੇਰ ਨੂੰ ਸਮਝਣੋ ਨਾਬਰ ਹੈ। ਖ਼ਤਰੇ ਦੀ ਘੰਟੀ ਸੁਣਨ ਲਈ ਸਾਡੇ ਕੰਨ ਰਾਜ਼ੀ ਨਹੀਂ। ਲੇਖਾਂ ਤੇ ਕਹਾਣੀਆਂ ਦੇ ਬੀਜ ਸਮੋਏ, ਜਲੰਧਰ ਕੈਂਟ ਦੇ ਰੇਲਵੇ ਸਟੇਸ਼ਨ 'ਤੇ ਖੜ੍ਹੀ, ਸੜੀ ਹੋਈ ਗੱਡੀ ਦੇ ਨਾਵਲੀ ਦ੍ਰਿਸ਼ ਦਾ ਯਥਾਰਥ ਸਾਡੇ ਚਿੰਤਨ ਅਤੇ ਗਲਪ ਦਾ ਤੀਸਰਾ, ਪਰ ਬੰਦ ਨੇਤਰ ਖੁੱਲਣ ਦੀ ਉਡੀਕ ਵਿਚ ਹੈ।

ਅਨੰਦਪੁਰ ਸਾਹਿਬ ਵਿਖੇ ਬਣੀ 'ਖ਼ਾਲਸਾ ਵਿਰਾਸਤ' ਵਿਚ ਦਾਖ਼ਲ ਹੁੰਦਿਆਂ ਹੀ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਦੇ ਸ਼ੋਰ ਵਿਚ, ਖ਼ਾਲਸਾ ਵਿਰਾਸਤ ਨੂੰ ਇਕ ਵਿਸ਼ੇਸ਼ ਜ਼ਾਤੀ ਸਭਿਆਚਾਰ ਦੀ ਪੁੱਠ ਚਾੜ੍ਹਨ ਦੀ 'ਸ਼ਰਧਾ' ਡੁਲ੍ਹ ਡੁਲ੍ਹ ਪੈਂਦੀ ਹੈ। ਖੇਤੀਬਾੜੀ ਨਾਲ ਸਬੰਧਤ ਗੀਤਾਂ, ਜ਼ਿਮੀਦਾਰ ਢਾਬੇ, ਟਰੱਕ ਅਤੇ ਛਕਦੇ ਛਕਾਉਂਦੇ ਡਰਾਇਵਰਾਂ ਦੇ ਕੰਧ ਚਿਤਰਾਂ ਨੂੰ ਖ਼ਾਲਸਾ ਵਿਰਾਸਤ ਵਿਚ ਘਸੋੜਨਾ 'ਰਾਜ' ਹੈ, 'ਸੇਵਾ' ਨਹੀਂ। ਜ਼ਿਮੀਦਾਰਾ ਢਾਬੇ ਦਾ ਖ਼ਾਲਸਾ ਵਿਰਾਸਤ ਨਾਲ ਇਤਨਾ ਹੀ ਸਬੰਧ ਹੈ ਕਿ ਉਥੇ ਸ਼੍ਰੋਮਣੀ ਕਮੇਟੀ ਦੇ ਵਰ੍ਹਿਆਂ ਤੱਕ ਪ੍ਰਧਾਨ ਰਹੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਹੱਥ ਦਾ ਅੰਗੂਠਾ ਸ਼ਹੀਦ ਹੋ ਗਿਆ ਸੀ। ਭਾਰ ਢੋਣ ਵਾਲਾ 'ਨਿੱਤ ਬੰਬਿਓਂ ਪਠਾਨਕੋਟ' ਜਾਣ ਵਾਲਾ 'ਯਾਰਾਂ ਦਾ ਟਰੱਕ' ਨਸ਼ਿਆਂ ਦੀ ਬਿਮਾਰੀ ਤੇ ਏਡਜ਼ ਦੀ ਮਹਾਂਮਾਰੀ ਦਾ ਵਾਹਕ ਸਮਝਿਆ ਜਾਂਦਾ ਹੈ ਅਤੇ 'ਜੱਟ ਦਿੱਲੀਓਂ ਮਰਸੀਡੀਜ਼ ਲਿਆਇਆ ਨੀਂ, ਸੁਣ ਜੱਟੀਏ' ਸਵਰਗੀ ਮਾਣਕ ਦਾ ਗਾਣਾ ਟਰੱਕ ਨੂੰ ਜ਼ਾਤੀ ਵਿਸ਼ੇਸ਼ ਨਾਲ ਹੀ ਜੋੜਦਾ ਹੈ। ਸੱਚ ਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਅਜਾਇਬਘਰ ਦੀ ਸ਼ਾਨ ਅਤੇ ਖ਼ਾਲਸੇ ਦੀ ਸ਼ੁੱਧ ਵਿਰਾਸਤੀ ਆਨ ਨੂੰ ਇੱਕ ਹੋਰ ਮਿਊਜ਼ੀਅਮ ਬਣਾਏ ਬਗ਼ੈਰ ਵਧਾਇਆ ਘਟਾਇਆ ਨਹੀਂ ਸੀ ਜਾ ਸਕਦਾ। ਖ਼ਾਲਸਾ ਵਿਰਾਸਤ ਨੂੰ ਪੰਜਾਬੀ ਸਭਿਆਚਾਰ ਦੇ ਜ਼ਰੀਏ ਜ਼ਾਤੀ ਖ਼ਾਸੇ ਤੱਕ ਸੀਮਤ ਕਰਨ ਅਤੇ ਜ਼ਾਤੀ ਫ਼ਿਤਰਤ ਨੂੰ ਪੰਜਾਬੀ ਸਭਿਆਚਾਰ ਦੇ ਬਹਾਨੇ ਖ਼ਾਲਸਾ ਵਿਰਾਸਤ ਤੱਕ ਫ਼ੈਲਾਉਣ ਦੀ ਦੋਤਰਫ਼ਾ ਮੁਹਿੰਮ ਜਾਰੀ ਹੈ। ਵਿਰਸਾ ਅਗਵਾ ਵੀ ਹੁੰਦਾ ਹੈ ਅਤੇ ਅਗਵਾਕਾਰ ਵਿਰਸੇ ਵਿਚੋਂ ਕਿਸੇ ਨੂੰ ਬੇਦਖ਼ਲ ਵੀ ਕਰ ਸਕਦੇ ਹਨ।

ਕਿਰਤੀ ਦੀ ਸਪੇਸ ਵਿਦਵਾਨਾਂ ਨੇ ਵੀ ਖ਼ਾਰਜ ਕੀਤੀ। ਸਿੱਖ ਚਿੰਤਨ ਅਤੇ ਮਾਰਕਸੀ ਖ਼ਿਆਲ ਦੇ ਮਰਮੱਗ 'ਬਾਬਾ ਬੋਹੜ' ਸੰਤ ਸਿੰਘ ਸੇਖੋਂ ਨੇ 'ਰੀਝਾਂ ਤੇ ਰਮਜ਼ਾਂ' ਪੁਸਤਕ ਵਿਚ ਆਪਣੀ 'ਰੀਝ' ਬਿਆਨ ਕੀਤੀ, 'ਪੰਜਾਬੀ ਲੋਕਾਂ ਦੇ ਸੁਭਾਵ ਨੂੰ ਬਾਕੀ ਭਾਰਤੀਆਂ ਨਾਲੋਂ ਨਿਖੇੜਨ ਵਾਲੇ ਪਠਾਣ, ਤੁਰਕ, ਮੁਗਲ, ਈਰਾਨੀ ਜਾਂ ਅਰਬ ਲੋਕ ਨਹੀਂ। ਨਾ ਹੀ ਇਸ ਦੇਸ਼ ਦਾ ਵਿਸ਼ੇਸ਼ ਸੁਭਾਵ ਇਸ ਦੇਸ਼ ਦੇ ਆਦੀ ਵਾਸੀਆਂ ਨੇ, ਜਿਨ੍ਹਾਂ ਵਿਚ ਅਸੀਂ ਅੱਜ ਕਲ ਦੀਆਂ ਦਲਤ ਜਾਤੀਆਂ ਦੇ ਵਰਗਾਂ ਨੂੰ ਗਿਣ ਸਕਦੇ ਹਾਂ, ਨਿਰਣੇ ਕੀਤਾ ਹੈ ਤੇ ਨਾ ਹੀ ਪੁਰਾਣੇ ਬ੍ਰਾਹਮਣਾਂ ਕਸ਼ਤਰੀਆਂ ਨੇ। ਮੰਨਣ ਯੋਗ ਹੈ ਕਿ ਇਸ ਦੇਸ਼ ਦਾ ਸੁਭਾਵ ਨਿਰਮਾਣ ਕਰਨ ਵਾਲੀ ਜਾਤੀ ਇਸ ਦੇ ਕਿਰਸਾਣ ਜੱਟਾਂ ਆਦਿ ਦੀ ਹੈ ਕਿਉਂਕਿ ਉਹ ਹੀ ਇਸ ਦੇ ਬਹੁ ਗਿਣਤੀ ਵਾਲੇ, ਸਮਾਜਕ ਤੇ ਰਾਜਸੀ ਬਲ, ਅਭਿਮਾਨ ਤੇ ਚਲੰਤ (ਡਾਇਨਾਮਿਕ?) ਵਾਲੇ ਲੋਕ ਹਨ।' ਬਾਰੀਕ ਅਤੇ ਤੰਗ ਨਜ਼ਰ 'ਬਾਬੇ ਬੋਹੜ' ਨੇ ਗ਼ੈਰ ਜੱਟ ਜਾਤੀਆਂ ਨੂੰ ਆਪਣੀ ਛਾਂ 'ਚੋਂ ਬੇਦਖ਼ਲ ਕਰਕੇ, ਪੰਜਾਬੀ ਸਪੇਸ 'ਚੋਂ ਵੀ 'ਚਲੰਤ' ਕਰ ਦਿੱਤਾ।

ਸੇਖੋਂ ਦੇ ਇਸ 'ਚਲੰਤ' ਪੁੱਤਰ ਨੇ ਪੋਸ਼ਣ ਦੀ ਥਾਂ ਧਰਤੀ ਮਾਂ ਦਾ ਸ਼ੋਸ਼ਣ ਅਰੰਭ ਦਿਤਾ। ਮੁਨਾਫ਼ੇ ਦੀ ਹੋੜ ਵਿਚ ਜ਼ਹਿਰੀਲੀਆਂ ਦਵਾਈਆਂ ਦੀ ਬੇਲੋੜੀ ਤੇ ਬੇਹਿਸਾਬੀ ਵਰਤੋਂ ਨੇ ਜ਼ਰਖ਼ੇਜ਼ ਧਰਤੀ ਨੂੰ ਰੋਗਣ ਕਰ ਦਿਤਾ। ਕਈ ਥਾਂ ਜ਼ਮੀਨ ਨੂੰ ਕੈਂਸਰ ਹੋ ਗਿਆ। ਮਰੀਜ਼ ਕੋਲ ਕੌਣ ਟਿਕੇ! ਨਵੇਂ ਜ਼ਿਮੀਦਾਰ ਦੇ ਮਨ ਵਿਚ ਪਰਵਾਸ ਦਾ ਖ਼ਿਆਲ ਆਉਣਾ ਹੀ ਸੀ।

ਨਵੇਂ ਭੂਪਤੀਆਂ ਵਲੋਂ ਦੁਰਕਾਰੇ ਹੋਏ, ਜਿਹੜੇ ਲੋਕ ਵਿਦੇਸ਼ਾਂ 'ਚ ਰੋਜ਼ੀ ਲਈ ਰੁਲਣ ਲਈ ਮਜਬੂਰ ਹੋਏ ਅਤੇ ਸਖ਼ਤ ਮੁਸ਼ੱਕਤ ਨਾਲ ਆਪਣੀ ਜੂਨ ਸੁਧਾਰਨ ਵਿਚ ਕਾਮਯਾਬੀ ਹਾਸਲ ਕਰਨ ਉਪਰੰਤ, ਜਦ ਵੀ ਆਪਣੇ ਦੇਸ਼ ਪਰਤਦੇ, ਤਦ ਉਨ੍ਹਾਂ ਪਰਵਾਸੀ ਕਿਰਤੀਆਂ ਨੂੰ ਸੁਖੀ ਹਾਲ ਦੇਖ ਦੇਖ, ਭੂਪਤੀ ਦੇ ਮਨ ਵਿਚ ਵੀ ਲਾਲਸਾ ਉਤਪਨ ਹੋਈ ਤੇ ਉਹ ਵੀ ਪਰਵਾਸੀ ਰੁਝਾਨ ਵੱਲ ਆਕਰਸ਼ਤ ਹੋ ਗਿਆ। ਪਰਵਾਸ ਦੇ ਇਸ ਰੁਝਾਨ ਨੂੰ ਅੰਗਰੇਜ਼ੀ ਵਿਚ ਪੁੱਲ ਫ਼ੈਕਟਰ ਕਹਿੰਦੇ ਹਨ। ਕਿਸੇ ਨੂੰ ਇਧਰੋਂ ਧੱਕੇ ਪਏ ਤੇ ਕਿਸੇ ਨੂੰ ਉਧਰੋਂ ਖਿੱਚ ਪਈ ਤਾਂ ਪਰਵਾਸ ਦਾ ਰੁਝਾਨ ਵਧਦਾ ਗਿਆ।

ਧਰਤੀ ਦੇ ਪੁੱਤਰ ਭੂਪਤੀ ਤੋਂ ਐਨ ਆਰ ਆਈ ਹੋ ਗਏ, ਜਿਸ ਦਾ ਵੇਰਵਾ ਅਤੇ ਹੇਰਵਾ ਪੰਜਾਬੀ ਗਾਣਿਆਂ ਦਾ 'ਸ਼ਿੰਗਾਰ' ਹੈ, 'ਆਪਣਾ ਪੰਜਾਬ ਹੋਵੇ...ਬਾਣ ਵਾਲਾ ਮੰਜਾ ਹੋਵੇ...ਮੰਜੇ ਉਤੇ ਬੈਠਾ ਜੱਟ ਬਣਿਆ ਨਵਾਬ ਹੋਵੇ।' ਇਤਿਹਾਸ ਵਿਚ ਜਿਸ ਨਵਾਬੀ ਨੂੰ ਇਸ 'ਮਾਤਾ ਧਰਤਿ ਮਹਤੁ' ਦੇ ਬੱਚੇ 'ਖ਼ਰਾਬੀ' ਸਮਝ ਕੇ ਠੋਕਰਾਂ ਮਾਰਦੇ ਸਨ ਹੁਣ ਪਰਵਾਸੀ ਸਰਦਾਰ ਉਸ ਦੇ ਹੇਰਵੇ ਵਿਚ ਹਨ। ਵਿਦੇਸ਼ੀ ਧਰਤੀ 'ਤੇ ਚਮਕ, ਦਮਕ, ਸੁੱਖ, ਸਹੂਲਤਾਂ ਬਥੇਰੀਆਂ ਪਰ ਖੋਟੀ ਨਵਾਬੀ 'ਟੈਂ' ਲਈ ਕੋਈ ਥਾਂ ਨਹੀਂ, ਜਿਸ ਦੀ ਪੂਰਤੀ ਲਈ ਪੰਜਾਬ ਦਾ ਹੇਰਵਾ ਜਾਗਦਾ ਹੈ, ਇਸੇ ਕਰਕੇ ਉਹ ਪੰਜਾਬ ਦੇ ਪਿੰਡ 'ਚ ਨਵਾਬ ਬਣ ਬਹਿਣਾ ਲੋਚਦਾ ਹੈ ਜਿਸ ਅੱਗੇ ਕਿਰਤੀ, ਕੰਮੀ ਹੱਥ ਜੋੜੀ ਬੈਠੇ ਹੋਣ।

ਵਿਰਕ ਦੀ ਸ਼ਿਲਪਕਾਰੀ ਦੇ 'ਉਤਮ' ਨਮੂਨੇ ਉਜਾੜਾ ਕਹਾਣੀ ਦਾ ਪਾਤਰ ਆਲਾ ਸਿੰਘ ਇਤਨੀ ਮਾਤਰਾ ਵਿਚ ਦੁੱਧ ਦਾ ਸੇਵਨ ਕਰਦਾ ਹੈ ਕਿ ਸਾਰੇ ਅੰਮ੍ਰਿਤਸਰ ਵਿਚੋਂ ਉਸ ਦੀ ਵੀਣੀ 'ਤੇ ਕੋਈ ਕੜਾ ਪੂਰਾ ਨਹੀਂ ਸੀ ਆਇਆ। ਪੁਰਾਣੇ ਦਿਨਾਂ ਨੂੰ ਝੂਰਦੇ ਇਸ ਤਕੜੇ ਜੁੱਸੇ ਵਾਲੇ ਮਹਾਂ ਨਾਇਕ ਦੀ ਮਾਰਫ਼ਤ ਕੁਲਵੰਤ ਸਿੰਘ ਵਿਰਕ ਨੇ ਇਕ ਗਿਲਾ ਪੇਸ਼ ਕੀਤਾ ਹੈ, 'ਖ਼ੱਤਰੀ ਤੇ ਕਮੀਨ ਵੀ ਬਹਿਸਾਂ ਵਿਚ ਨਾਲ ਰਲ ਜਾਂਦੇ ਤੇ ਫਿਰ ਇਹ ਲੋਕ ਟੱਪ ਥੱਲੇ ਭੋਇੰ ਜਾਂ ਆਪਣੀ ਵਖਰੀ ਮੰਜੀ 'ਤੇ ਬਹਿਣ ਦੀ ਥਾਂ ਬਹਿਸ ਕਰਦੇ ਜੱਟਾਂ ਦੇ ਨਾਲ ਹੀ ਤਖ਼ਤ ਪੋਸ਼ ਜਾਂ ਮੰਜੀ 'ਤੇ ਬੈਠ ਜਾਂਦੇ। ਕਈ ਵੇਰੀ ਤੇ ਇਹ ਕਮੀਨ ਬਹਿਸ ਵਿਚ ਕਿਸੇ ਜੱਟ ਨੂੰ ਹੌਲਿਆਂ ਕਰ ਦਿੰਦੇ। ਆਲਾ ਸਿੰਘ ਲਈ ਇਹ ਕਲਜੁਗ ਦੀ ਝਾਕੀ ਹੁੰਦੀ।' ਬਰਾਬਰੀ ਦੀਆਂ ਕਲਜੁਗੀ ਝਾਕੀਆਂ ਤੋਂ ਘਬਰਾ ਕੇ ਪ੍ਰਵਾਸੀ ਹੋਏ 'ਮੂਸੇ' ਨੂੰ ਅੱਗੋਂ ਬਰਾਬਰੀ ਦੇ ਸਮਾਜਕ ਹੱਕਾਂ ਦੇ ਹੋਰ ਵੀ ਘੋਰ ਅਤੇ ਉਗਰ ਰੂਪ ਦੇਖਣੇ ਪੈਣ ਤਾਂ ਉਹ 'ਆਪਣਾ ਪੰਜਾਬ ਹੋਵੇ' ਨਾ ਗਾਵੇ ਤਾਂ ਹੋਰ ਕੀ ਕਰੇ!

ਭਾਈ ਸਾਹਿਬ ਕਪੂਰ ਸਿੰਘ ਨੇ 'ਰਾਜ ਕਰੇਗਾ ਖ਼ਾਲਸਾ' ਨਿਬੰਧ ਵਿਚ ਦੱਸਿਆ ਸੀ ਕਿ ਛੋਟੇ ਮੁਲਕਾਂ ਵਿਚ ਗਏ ਸਿੱਖਾਂ ਨੇ ਆਪਣੀ ਸਾਬਤ ਸੂਰਤ ਕਾਇਮ ਰੱਖੀ, ਜਦਕਿ ਵੱਡੇ ਮੁਲਕਾਂ ਦੇ ਸਿੱਖ ਉਥੋਂ ਦੇ ਸ਼ੋਰ ਸ਼ਰਾਬੇ ਵਾਲੇ ਮਹਾਂ ਸਭਿਆਚਾਰ ਅੱਗੇ ਝੁਕ ਗਏ। ਉਨ੍ਹਾਂ ਲਿਖਿਆ, 'ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਪੱਛਮੀ ਮੁਲਕਾਂ ਵਿਚ ਗਏ ਨੱਬੇ ਪ੍ਰਤੀਸ਼ਤ ਸਿੱਖ ਬੇਸ਼ਰਮੀ ਨਾਲ ਭੱਦਾ ਅਤੇ ਬਦਸੂਰਤ ਲੱਗਣ ਵਾਲਾ ਸਿਰ-ਮੂੰਹ ਮੁਨਾ ਲੈਣ ਵਾਲਾ ਫ਼ੈਸ਼ਨ ਅਪਨਾ ਚੁੱਕੇ ਹਨ ਅਤੇ ਉਨ੍ਹਾਂ ਵਿਚੋਂ ਕਈ ਸਿਗਰਟਨੋਸ਼ੀ ਵਰਗੀ ਬੁਰੀ ਆਦਤ ਦੇ ਵੀ ਸ਼ਿਕਾਰ ਹੋ ਗਏ ਹਨ, ਜਦੋਂ ਕਿ ਅਫ਼ਰੀਕਨ ਮਹਾਂਦੀਪ ਅਤੇ ਦੱਖਣੀ ਪੂਰਬੀ ਏਸ਼ੀਆ ਵਿਚ ਰਹਿ ਰਹੇ ਸਿੱਖ ਕੇਸਾਂ ਦੀ ਬੇਅਦਬੀ ਨਹੀਂ ਕਰਦੇ ਅਤੇ ਸਿਗਰਟ ਦੀ ਵੀ ਉਸ ਤਰ੍ਹਾਂ ਵਰਤੋਂ ਨਹੀਂ ਕਰਦੇ।' ਇਸ ਸੱਚ ਨੂੰ ਇੱਕ ਹੋਰ ਪੱਖ ਤੋਂ ਵੀ ਦੇਖਣ ਦੀ ਜ਼ਰੂਰਤ ਹੈ ਕਿ ਗ਼ਰੀਬ ਮੁਲਕਾਂ ਵਿਚ ਗ਼ਰੀਬ ਕਿਰਤੀ, ਮਿਹਨਤੀ ਅਤੇ ਹੁਨਰੀ ਲੋਕ ਵਧੇਰੇ ਗਏ ਅਤੇ ਵੱਡੇ ਅਮੀਰ ਦੇਸ਼ਾਂ ਵਿਚ ਜ਼ਿਆਦਾਤਰ ਵੱਡੇ ਜ਼ਿਮੀਦਾਰ, ਦਿਹ ਰੱਖ ਅਤੇ ਸਲੋਨੇ ਸਰਦਾਰ ਲੋਕ ਗਏ, ਜਿਨ੍ਹਾਂ ਦੀ ਆਪਣਾ ਸਾਬਤ ਸੂਰਤ ਸਭਿਆਚਾਰ ਤਿਆਗ ਦੇਣ ਦੀ ਰਫ਼ਤਾਰ 'ਕੰਮੀਆਂ' ਦੇ ਮੁਕਾਬਲਤਨ ਤੇਜ ਅਤੇ ਪ੍ਰਬੱਲ ਹੈ।

ਗੁਰੂ ਨਾਨਕ ਨੇ ਪਵਣ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਆਖਿਆ। ਅਸੀਂ ਪੰਜਾਬ ਦਾ ਪੌਣ ਪਾਣੀ ਦੂਸ਼ਿਤ ਕਰ ਦਿਤਾ ਅਤੇ ਧਰਤੀ ਨੂੰ ਜ਼ਹਿਰੀਲੀ ਬਣਾ ਧਰਿਆ। ਹਰ ਤਰ੍ਹਾਂ ਦੇ ਸੰਸਕਾਰਾਂ ਤੋਂ ਸੱਖਣੀ ਨਵੀਂ ਪੀੜ੍ਹੀ ਦੇ ਪਾੜ੍ਹਿਆਂ ਲਈ ਧਰਤੀ ਮਾਂ, ਦੇਸ਼ ਪ੍ਰੇਮ, ਘਰ ਪਰਿਵਾਰ, ਮਾਤਾ ਪਿਤਾ ਅਤੇ ਭੈਣ ਭਾਈ ਦੇ ਕੋਈ ਅਰਥ ਨਹੀਂ ਰਹੇ। ਕਿਸੇ ਸਮੇਂ ਢਾਬਿਆਂ ਦੇ ਬਾਹਰ ਵੀ 'ਘਰ ਵਰਗੇ ਖਾਣੇ' ਦੇ ਹੋਕੇ ਸੁਣਦੇ ਸਾਂ। ਹੁਣ ਸ਼੍ਰੀ ਹਲ਼ਦੀ ਰਾਮ ਦੀ ਕਿਰਪਾ ਨਾਲ ਘਰ ਦੇ ਖਾਣੇ ਵੀ ਢਾਬਿਆਂ ਵਰਗੇ ਹੋ ਗਏ। ਘਰੋਂ ਬਾਹਰ ਰਹਿਣ ਦੇ ਸ਼ੌਂਕ ਨੇ ਪ੍ਰਵਾਸੀ ਤੇ ਪੈਰਾਸਾਈਟ ਵਿਚ ਫ਼ਰਕ ਮੇਟ ਦਿਤਾ ਹੈ। ਪੜ੍ਹਾਈ ਦੇ ਸਿਲਸਿਲੇ ਵਿਚ ਇੱਕ ਲੜਕੀ ਛੇ ਮਹੀਨੇ ਲਈ ਕੈਨੇਡਾ ਗਈ। ਦਾਦੀ ਨੇ ਫ਼ੋਨ 'ਤੇ ਹਾਲ ਪੁੱਛਿਆ ਤਾਂ ਕਹਿਣ ਲੱਗੀ, 'ਸੁਪਨੇ ਵਿਚ ਮੈਂ ਇੰਡੀਆ ਵਾਪਸ ਚਲੀ ਗਈ ਤਾਂ ਮੈਨੂੰ ਬਹੁਤ ਡਰ ਲੱਗਿਆ। ਜਦ ਜਾਗ ਆਈ ਤਾਂ ਖ਼ੁਦ ਨੂੰ ਕੈਨੇਡਾ ਵਿਚ ਦੇਖ ਕੇ ਸ਼ੁਕਰ ਕੀਤਾ।' ਉਸ ਨੂੰ ਆਪਣੇ ਵਿਦੇਸ਼ੀ ਖ਼ਰਚੇ ਦਾ ਭਾਰ ਚੁੱਕਣ ਵਾਲੇ, ਸਦਾ ਵਿਅਸਤ ਪਾਪਾ, ਨਾਸਾਜ਼ ਮਾਂ, ਛੋਟੇ ਭਰਾ ਅਤੇ ਦਾਦੇ-ਦਾਦੀ ਦੀ ਯਾਦ, ਸਤਾ ਤਾਂ ਕਿਤੇ ਰਹੀ, ਆ ਵੀ ਨਹੀਂ ਰਹੀ ਸੀ ਅਤੇ ਦਾਦੀ ਨੂੰ ਵੀ ਇਸ ਦਾ ਕੋਈ ਰੰਜ ਨਹੀਂ ਸੀ। ਆਪਣੀ ਧਰਤੀ ਅਤੇ ਲੋਕਾਂ ਤੋਂ ਮੋਹ ਭੰਗ ਦੀ ਸ਼ਾਇਦ ਹੀ ਕੋਈ ਹੱਦ ਬਚੀ ਹੋਵੇ। ਉਹ ਵੀ ਸਮਾਂ ਸੀ ਜਦ ਇਸੇ ਧਰਤੀ ਦੇ ਮਹਾਨ ਸੁਪੂਤ ਆਪਣੇ ਪਿਤਾ ਦੇ ਵਿਛੋੜੇ ਵਿਚ ਬਿਹਬਲਤਾ ਭਰੀਆਂ ਚਿੱਠੀਆਂ ਲਿਖਦੇ ਸਨ, 'ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥'

ਪ੍ਰਵਾਸੀ ਰੁਝਾਨ, ਯਾਤਨਾ ਅਤੇ ਚੇਤਨਾ ਦਾ ਮੂਲ ਧਰਮ ਸਿੰਘ ਦੇ ਭੰਤਾ, ਕਿਰਸਾਣ ਦੇ ਜ਼ਿਮੀਦਾਰ ਅਤੇ ਭੂਮੀ ਪੁੱਤਰ ਦੇ ਭੂਮੀ ਪਤੀ ਹੋਣ ਵਿਚ ਦੇਖਿਆ ਜਾ ਸਕਦਾ ਹੈ। 'ਏ ਭੂਪਤਿ ਸਭ ਦਿਵਸ ਚਾਰਿ ਕੇ' ਵਿਚਲੇ ਸੱਚ ਮੁਤਾਬਕ ਜਗੀਰਦਾਰੀ ਨਿਜ਼ਾਮ ਆਪਣਾ ਅੰਤ ਆਪਣੇ ਨਾਲ ਲੈ ਕੇ ਆਇਆ। ਜ਼ਿਮੀਦਾਰੀ, ਜ਼ਿਮੀਦਾਰ ਅਤੇ ਸਰਦਾਰ ਨੂੰ ਇਹ ਸੱਚ ਯਾਦ ਰੱਖਣਾ ਜ਼ਰੂਰੀ ਹੈ, ਜੋ ਉਸ ਦੇ ਵਰਤਮਾਨ ਸਵੈਘਾਤ ਵਿਚ ਰੰਗ ਦਿਖਾ ਰਿਹਾ ਹੈ। ਨਿੱਕੇ ਉਦਯੋਗਪਤੀ ਦੀ ਦਸ਼ਾ ਕਿਰਸਾਣ ਤੋਂ ਬਿਹਤਰ ਨਹੀਂ। ਮਿਹਨਤਕਸ਼ ਸੀਰੀ ਅਤੇ ਫ਼ੈਕਟਰੀ ਮਜ਼ਦੂਰ ਦੀ ਮੰਦਹਾਲੀ ਦੀ ਨਿਸਬਤ ਉਦਯੋਗਪਤੀ ਅਤੇ ਕਿਰਸਾਣ ਦੀ ਹਾਲਤ ਸੁਖਾਵੀਂ ਹੈ। ਫਿਰ ਵੀ ਪੰਜਾਬ ਵਿਚ ਹੋ ਰਹੀਆਂ ਕਿਸਾਨੀ ਖ਼ੁਦਕੁਸ਼ੀਆਂ ਆਰਥਕ ਤੰਗੀ ਨਾਲੋਂ ਵਧੇਰੇ ਉਸ ਦੀ 'ਬੁਲੰਦ' ਮਨੋਬਿਰਤੀ ਦੀਆਂ ਹੀ ਸੰਕੇਤਕ ਹਨ।

ਗਰੀਕ ਮਿੱਥ ਦੇ ਇਕ ਰਾਜੇ ਇਡੀਪਸ ਨੇ ਅਗਿਆਨ ਵੱਸ ਆਪਣੀ ਮਾਂ ਨਾਲ ਪਤੀ ਦਾ ਰਿਸ਼ਤਾ ਬਣਾ ਲਿਆ ਸੀ, ਜਿਸ ਦਾ ਗਿਆਨ ਹੋਣ 'ਤੇ ਉਸ ਨੇ ਆਪਣੀਆਂ ਅੱਖਾਂ ਵਿਚ ਸੂਏ ਮਾਰ ਮਾਰ ਖ਼ੁਦ ਨੂੰ ਅੰਨ੍ਹਾ ਕਰ ਲਿਆ ਅਤੇ ਉਸ ਦੀ ਅਭਾਗੀ ਮਾਂ ਨੇ ਫ਼ਾਹਾ ਲੈ ਲਿਆ। ਭਾਰਤੀ ਬੜੇ ਫ਼ਖ਼ਰ ਨਾਲ ਵੰਦੇ ਮਾਤਰਮ ਗਾਉਂਦੇ ਅਤੇ ਪ੍ਰਾਰਥਨਾ

***ਧਰਤੀ ਦੇ ਪੁੱਤਰ ਭੂਪਤੀ ਤੋਂ ਐਨ ਆਰ ਆਈ ਹੋ ਗਏ, ਜਿਸ ਦਾ ਵੇਰਵਾ ਅਤੇ ਹੇਰਵਾ ਪੰਜਾਬੀ ਗਾਣਿਆਂ ਦਾ 'ਸ਼ਿੰਗਾਰ' ਹੈ, 'ਆਪਣਾ ਪੰਜਾਬ ਹੋਵੇ...ਬਾਣ ਵਾਲਾ ਮੰਜਾ ਹੋਵੇ...ਮੰਜੇ ਉਤੇ ਬੈਠਾ ਜੱਟ ਬਣਿਆ ਨਵਾਬ ਹੋਵੇ।' ਇਤਿਹਾਸ ਵਿਚ ਜਿਸ ਨਵਾਬੀ ਨੂੰ ਇਸ 'ਮਾਤਾ ਧਰਤਿ ਮਹਤੁ' ਦੇ ਬੱਚੇ 'ਖ਼ਰਾਬੀ' ਸਮਝ ਕੇ ਠੋਕਰਾਂ ਮਾਰਦੇ ਸਨ ਹੁਣ ਪਰਵਾਸੀ ਸਰਦਾਰ ਉਸ ਦੇ ਹੇਰਵੇ ਵਿਚ ਹਨ। ਵਿਦੇਸ਼ੀ ਧਰਤੀ 'ਤੇ ਚਮਕ, ਦਮਕ, ਸੁੱਖ, ਸਹੂਲਤਾਂ ਬਥੇਰੀਆਂ, ਪਰ ਖੋਟੀ ਨਵਾਬੀ 'ਟੈਂ' ਲਈ ਕੋਈ ਥਾਂ ਨਹੀਂ, ਜਿਸ ਦੀ ਪੂਰਤੀ ਲਈ ਪੰਜਾਬ ਦਾ ਹੇਰਵਾ ਜਾਗਦਾ ਹੈ, ਇਸੇ ਕਰਕੇ ਉਹ ਪੰਜਾਬ ਦੇ ਪਿੰਡ 'ਚ ਨਵਾਬ ਬਣ ਬਹਿਣਾ ਲੋਚਦਾ ਹੈ ਜਿਸ ਅੱਗੇ ਕਿਰਤੀ, ਕੰਮੀ ਹੱਥ ਜੋੜੀ ਬੈਠੇ ਹੋਣ।***

(ਬਾਕੀ ਸਫਾ 27 'ਤੇ)

ਗਦਰੀ ਬਾਬੇ ਕੌਣ ਸਨ?-4

ਗਦਰ ਲਹਿਰ

# ਸਥਾਨਕਤਾ ਤੇ ਅੰਤਰਰਾਸ਼ਟਰੀਅਤਾ ਦਾ ਸੁਮੇਲ

***ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦੇ ਮਿਸਾਲੀ ਸੰਘਰਸ਼ 'ਗਦਰ ਲਹਿਰ' ਦਾ ਸ਼ਤਾਬਦੀ ਵਰ੍ਹਾ ਚੱਲ ਰਿਹਾ ਹੈ। ਵੀਹਵੀਂ ਸਦੀ ਦੇ ਅਰੰਭ ਵਿਚ ਇਨ੍ਹਾਂ ਗਦਰੀਆਂ ਨੇ ਇਕ ਵਾਰ ਤਾਂ ਅੰਗਰੇਜ਼ਾਂ ਦੀ ਹਕੂਮਤ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ ਸੀ। ਇਨ੍ਹਾਂ ਗਦਰੀਆਂ ਦੀ ਚਰਚਾ ਗਾਹੇ-ਬਗਾਹੇ ਹੁੰਦੀ ਰਹੀ ਹੈ ਅਤੇ ਸੰਜੀਦਾ ਜੁਝਾਰੂ ਲੋਕ ਉਨ੍ਹਾਂ ਦੀ ਵਿਰਾਸਤ ਨੂੰ ਅਗਾਂਹ ਤੋਰਨ ਦੇ ਆਹਰ ਵਿਚ ਲੱਗੇ ਰਹੇ ਹਨ। ਹੁਣ ਸ਼ਤਾਬਦੀ ਦੇ ਬਹਾਨੇ ਗਦਰੀਆਂ ਵੱਲੋਂ ਕੌਮੀ ਕਾਜ ਵਿਚ ਪਾਏ ਯੋਗਦਾਨ ਬਾਰੇ ਇਕ ਵਾਰ ਫਿਰ ਭਰਪੂਰ ਚਰਚਾ ਛਿੜੀ ਹੈ ਪਰ ਕੁਝ ਵਿਦਵਾਨ ਗਦਰੀਆਂ ਨੂੰ ਮਹਿਜ਼ ਸਿੱਖਾਂ ਤੱਕ ਸੀਮਤ ਕਰ ਰਹੇ ਹਨ। ਮਸ਼ਹੂਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਇਸ ਬਾਰੇ ਸਾਨੂੰ ਲੰਮਾ ਲੇਖ ਭੇਜਿਆ ਹੈ ਜੋ ਅਸੀਂ ਲੜੀਵਾਰ ਛਾਪ ਰਹੇ ਹਾਂ। ਇਨ੍ਹਾਂ ਲੇਖਾਂ ਦੇ ਵਿਚਾਰਾਂ ਬਾਰੇ ਆਈ ਹਰ ਰਾਇ ਨੂੰ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ***

ਅਸਲ ਵਿਚ ਬਾਬਿਆਂ ਦੀ ਸਿੱਖੀ ਤੇ ਦੀਨ ਵਿਚ ਤੇ ਹੁਣ ਜਿਸ ਸਿੱਖੀ ਜਾਂ ਦੀਨ ਦੇ ਹੱਕ ਵਿਚ ਉਨ੍ਹਾਂ ਨੂੰ ਭੁਗਤਾਇਆ ਜਾ ਰਿਹਾ ਹੈ, ਰੂਪਕੀ ਭਾਸ਼ਾ ਵਿਚ ਗੱਲ ਕਰਨੀ ਹੋਵੇ ਤਾਂ ਇੱਕ 'ਸਮੁੰਦਰ' ਹੈ ਤਾਂ ਦੂਜੀ 'ਕੁੱਜਾ'। ਗੁਰੂਆਂ ਤੇ ਉਨ੍ਹਾਂ ਦੀ ਸਿੱਖਿਆ ਅਨੁਸਾਰ ਚੱਲਣ ਵਾਲੇ ਗਦਰੀ ਬਾਬਿਆਂ ਦੀ ਸਿੱਖੀ ਦੇ ਸਮੁੰਦਰ ਨੂੰ ਕੁੱਜੇ ਵਿਚ ਪਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਅਜਿਹੇ ਮੌਕੇ ਸਾਨੂੰ ਬੜੇ ਸੁਚੇਤ ਹੋ ਕੇ ਬਾਬਿਆਂ ਦੇ 'ਧਰਮ' ਦੀ ਵਿਆਖਿਆ ਕਰਨੀ ਹੋਵੇਗੀ। ਇਨ੍ਹਾਂ ਲੋਕਾਂ ਨੇ 'ਸਰਬੱਤ ਦੇ ਭਲੇ' ਨੂੰ ਵੀ ਕਿੰਨਾ ਸੁੰਗੇੜ ਲਿਆ ਹੈ। ਇਹ ਅੱਜ ਮੁੜ ਤੋਂ ਝੂਠੇ ਮਜ਼ਹਬ



ਵਰਿਆਮ ਸਿੰਘ ਸੰਧੂ

ਲਈ ਲੋਕਾਂ ਨੂੰ ਲੜਾ ਲੜਾ ਕੇ ਮਰਵਾਉਣਾ ਚਾਹੁੰਦੇ ਹਨ ਜਿਨ੍ਹਾਂ ਬਾਰੇ ਗਦਰੀਆਂ ਨੇ ਕਿਹਾ ਸੀ,

ਝੂਠੇ ਮਜ਼ਹਬਾਂ ਤੋਂ ਮਰਨ
ਦਿਨ ਰਾਤ ਲੜ ਲੜ,
ਸੱਚੇ ਦੀਨ ਦੀ ਕਿਸੇ ਨੂੰ ਸੂਹ ਕੋਈ ਨਾ।

'ਸੱਚੇ ਦੀਨ' ਦੀ ਸੂਹ ਤਾਂ ਸੀ ਗ਼ਦਰੀ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਵਰਗਿਆਂ ਨੂੰ ਜਿਸ ਨੇ ਫ਼ਾਂਸੀ ਦੀ ਕੋਠੜੀ ਵਿਚੋਂ ਗ੍ਰੰਥੀ ਭਾਈ ਮਿਤ ਸਿੰਘ ਨੂੰ ਹਿੰਦੀਆਂ ਦੇ ਨਾਂ ਸੁਨੇਹਾ ਭੇਜਿਆ ਸੀ। ਇਸ ਸੁਨੇਹੇ ਵਿਚ ਏਕੇ ਦਾ ਸਿਧਾਂਤ ਇਸ ਪ੍ਰਕਾਰ ਦ੍ਰਿੜਾਇਆ ਗਿਆ ਸੀ,

"ਇਸ ਗੁਲਾਮੀ ਦੇ ਸਰਾਪ ਤੋਂ ਬਚ ਕੇ ਨਿਕਲਣ ਲਈ ਪੂਰੇ ਜ਼ੋਰ ਨਾਲ ਯਤਨ ਕਰੋ। ਇਹ ਕੰਮ ਤਾਂ ਹੀ ਹੋ ਸਕੇਗਾ, ਜੇ ਇਸ ਵਿਚ ਇਲਾਕੇਬੰਦੀ ਤੇ ਮਜ਼ਹਬੀ ਅਸਹਿਣਸ਼ੀਲਤਾ ਬਿਲਕੁਲ ਨਾ ਰਹੇ। ਨਾ ਮਾਝੇ, ਮਾਲਵੇ ਤੇ ਦੁਆਬੇ ਦੇ ਸਵਾਲ ਉਠਣ, ਨਾ ਹੀ ਹਿੰਦੂ, ਮੁਸਲਿਮ ਤੇ ਸਿੱਖ ਮਜ਼ਹਬਾਂ ਦੇ ਸਵਾਲ ਉਠਣ।"

ਦੋ ਨਜ਼ਮਾਂ ਦਾ ਹਵਾਲਾ ਦਿੰਦਿਆਂ ਇਤਿਹਾਸਕਾਰ ਵੇਦ ਵਟੁਕ ਨੇ ਦੱਸਿਆ ਹੈ ਕਿ ਇਹ ਕਰਤਾਰ ਸਿੰਘ ਸਰਾਭੇ ਦੀਆਂ ਲਿਖੀਆਂ ਹੋਈਆਂ ਹਨ। ਇਨ੍ਹਾਂ ਨਜ਼ਮਾਂ ਵਿਚ ਸਰਾਭਾ 'ਆਪਣੇ ਧਰਮ' ਨੂੰ ਪਰਿਭਾਸ਼ਿਤ ਕਰਦਾ ਨਜ਼ਰ ਆਉਂਦਾ ਹੈ। ਜਿਹੜੀ ਕਵਿਤਾ ਉਸ ਨੇ ਫ਼ਾਂਸੀ 'ਤੇ ਚੜ੍ਹਦਿਆਂ ਗਾਈ ਸੀ, ਉਸ ਦਾ ਉਤਾਰਾ ਹੇਠਾਂ ਦਿੱਤਾ ਜਾ ਰਿਹਾ ਹੈ,

ਯਹੀ ਪਾਓਗੇ ਮਹਿਸ਼ਰ ਮੇਂ ਜ਼ੁਬਾਂ ਮੇਰੀ,
ਬਿਆਂ ਮੇਰਾ।
ਮੈਂ ਬੰਦਾ ਹਿੰਦ ਵਾਲੋਂ ਕਾ ਹੂੰ,
ਹੈ ਹਿੰਦੁਸਤਾਂ ਮੇਰਾ।
ਮੈਂ ਹਿੰਦੀ, ਠੇਠ ਹਿੰਦੀ, ਖ਼ੂਨ ਹਿੰਦੀ,
ਜ਼ਾਤ ਹਿੰਦੀ ਹੂੰ,
ਯਹੀ ਮਜ਼ਹਬ, ਯਹੀ ਫ਼ਿਰਕਾ,
ਯਹੀ ਹੈ ਖ਼ਾਨਦਾਂ ਮੇਰਾ।
ਮੈਂ ਇਸ ਉਜੜੇ ਹੂਏ ਭਾਰਤ ਕੇ
ਖੰਡਰ ਕਾ ਏਕ ਜ਼ੱਰਾ ਹੂੰ,
ਯਹੀ ਬੱਸ ਏਕ ਪਤਾ,
ਯਹੀ ਨਾਮੋ-ਨਿਸ਼ਾਂ ਮੇਰਾ।
ਕਦਮ ਚੂਮ ਲੂੰ ਮਾਦਰੇ-ਭਾਰਤ ਤੇਰੇ,
ਮੈਂ ਉਠਤੇ ਔਰ ਬੈਠਤੇ,
ਕਹਾਂ ਕਿਸਮਤ ਮੇਰੀ ਐਸੀ,
ਨਸੀਬਾ ਯਹ ਕਹਾਂ ਮੇਰਾ।
ਤੇਰੀ ਖ਼ਿਦਮਤ ਮੇਂ ਐ ਭਾਰਤ,
ਯਹ ਸਰ ਜਾਏ, ਯਹ ਜਾਂ ਜਾਏ,
ਤੋ ਸਮਝੂੰਗਾ,
ਯਹ ਮਰਨਾ ਹਯਾਤੇ ਜਾਦਵਾ ਮੇਰਾ।

ਇਸ ਨਜ਼ਮ ਤੋਂ ਇਲਾਵਾ ਵੇਦ ਵਟੁਕ ਜਿਸ ਦੂਜੀ ਨਜ਼ਮ ਦਾ ਹਵਾਲਾ ਦਿੰਦੇ ਹਨ, ਉਹ ਗ਼ਦਰੀਆਂ 'ਚ ਬਹੁਤ ਚਰਚਿਤ ਰਹੀ ਹੈ ਤੇ ਉਹ ਇਸ ਨੂੰ ਅਕਸਰ ਗਾਉਂਦੇ ਸਨ। ਨਜ਼ਮ ਹੈ,

ਜੇ ਕੋਈ ਪੂਛੇ ਕਿ ਕੌਨ ਹੋ ਤੁਮ,
ਤੋ ਕਹਿ ਦੋ ਬਾਗ਼ੀ ਹੈ ਨਾਮ ਮੇਰਾ।
ਜ਼ੁਲਮ ਮਿਟਾਨਾ ਹਮਾਰਾ ਪੇਸ਼ਾ,
ਗ਼ਦਰ ਕਰਨਾ ਹੈ ਕਾਮ ਅਪਨਾ।
ਨਮਾਜ਼ ਸੰਧਿਆ ਯਹੀ ਹਮਾਰੀ,
ਔਰ ਪਾਠ ਪੂਜਾ ਸਭੀ ਯਹੀ ਹੈ,
ਧਰਮ ਕਰਮ ਸਭ ਯਹੀ ਹੈ ਹਮਾਰਾ,
ਯਹੀ ਖ਼ੁਦਾ ਔਰ ਰਾਮ ਅਪਨਾ।

ਇਹ ਨਜ਼ਮਾਂ ਗ਼ਦਰੀਆਂ ਦੇ 'ਧਰਮ-ਕਰਮ' ਬਾਰੇ ਮੱਤ ਨੂੰ ਨਿਰਣਾਜਨਕ ਢੰਗ ਨਾਲ ਪੇਸ਼ ਕਰਦੀਆਂ ਹਨ। ਗ਼ਦਰੀਆਂ ਨੇ ਦੇਸ਼ ਲਈ ਲੜੀ ਜਾਣ ਵਾਲੀ ਲੜਾਈ ਵਿਚ ਨਿੱਜੀ ਵਿਸ਼ਵਾਸ ਜਾਂ ਧਰਮ ਨੂੰ ਕਦੇ ਵੀ ਪਹਿਲ ਦੇ ਕੇ ਤੇ ਕਿਸੇ ਹੋਰ ਧਰਮ ਨੂੰ ਨਕਾਰ ਕੇ, ਦੇਸ਼ ਜਾਂ ਉਸ ਲਈ ਲੜੇ ਜਾ ਰਹੇ ਸੰਘਰਸ਼ ਨੂੰ ਹੇਠਾਂ ਨਹੀਂ ਰੱਖਿਆ। ਬਾਬਾ ਸੋਹਣ ਸਿੰਘ ਭਕਨਾ ਧਰਮ ਦੇ ਅਰਥ ਇਸ ਪ੍ਰਕਾਰ ਕਰਦੇ ਹਨ,

"ਮੈਨੂੰ ਕਿਸੇ ਖ਼ਾਸ ਫਿਰਕੇ ਤੇ ਮਜ਼ਹਬ ਨਾਲ ਕੋਈ ਲਿਹਾਜ਼ ਨਹੀਂ ਹੈ। ਮੈਂ ਖ਼ਾਲਸ ਹਿੰਦੁਸਤਾਨੀ ਤੇ ਹਿੰਦੀ ਕੌਮ ਦਾ ਸੇਵਕ ਹਾਂ ਅਤੇ ਸਾਰੀਆਂ ਮਜ਼ਹਬੀ ਧੜੇਬੰਦੀਆਂ ਤੋਂ ਨਿਰਲੇਪ ਹਾਂ। ਮੇਰੇ ਕਥਨ ਦਾ ਇਹ ਭਾਵ ਨਹੀਂ ਹੈ ਕਿ ਮੈਨੂੰ ਧਰਮ ਨਾਲ ਕੋਈ ਪਿਆਰ ਨਹੀਂ। ਮੈਂ ਸੱਚੇ ਧਰਮ ਨੂੰ ਮੰਨਦਾ ਹਾਂ ਜੋ ਦੁਨੀਆਂ ਦੇ ਹਰ ਇਕ ਮਨੁੱਖ (ਇਸਤਰੀ ਮਰਦ) ਲਈ ਜ਼ਰੂਰੀ ਹੈ। ਮੈਂ ਧਰਮ ਦੇ ਅਰਥ ਸਦਾਚਾਰ ਲੈਂਦਾ ਹਾਂ ਜੋ ਮਨੁੱਖ ਨੂੰ ਆਜ਼ਾਦੀ ਤੇ ਬਰਾਬਰੀ ਸਿਖਾਉਂਦਾ ਏ। ਧਰਮੀ ਜਾਂ ਸਦਾਚਾਰੀ ਮਨੁੱਖ ਦੀ ਇਹੋ ਪਛਾਣ ਹੈ ਕਿ ਉਹ ਸਾਰੀ ਮਨੁੱਖ ਜਾਤੀ ਨੂੰ ਆਜ਼ਾਦ ਤੇ ਸਮਾਨ ਦੇਖਣਾ ਚਾਹੁੰਦਾ ਏ, ਅਤੇ ਸਾਰੀ ਖ਼ਲਕਤ ਨਾਲ ਸੱਚਾ ਪ੍ਰੇਮ ਕਰਦਾ ਏ। ਉਸ ਨੂੰ ਜੋ ਪਿਆਰ ਆਪਣੇ ਆਪ ਨਾਲ ਹੈ, ਉਹੋ ਪਿਆਰ ਹੋਰਨਾਂ ਨਾਲ ਏ। ਜੇ ਉਸ ਨੂੰ ਸੰਸਾਰ ਦੀ ਕਿਸੇ ਸ਼ੈਅ ਤੋਂ ਘਿਰਣਾ ਹੈ ਤਾਂ ਉਹ ਗੁਲਾਮੀ ਹੈ।"

ਭਾਈ ਮੇਵਾ ਸਿੰਘ, ਕਰਤਾਰ ਸਿੰਘ ਸਰਾਭਾ ਤੇ ਬਾਬਾ ਸੋਹਣ ਸਿੰਘ ਭਕਨਾ ਦੇ ਵਿਚਾਰ ਸਾਰੀ ਗ਼ਦਰ ਲਹਿਰ ਦੇ ਵਿਚਾਰਾਂ ਦੀ ਪ੍ਰਤੀਨਿਧਤਾ ਕਰਦੇ ਹਨ। ਉਨ੍ਹਾਂ ਵੱਲੋਂ ਉਪਰੋਕਤ ਸ਼ਬਦਾਂ ਵਿਚ ਗ਼ਦਰੀਆਂ ਦੀ ਜਿਹੜੀ ਪਛਾਣ ਸਥਾਪਤ ਕਰ ਦਿੱਤੀ ਹੈ, ਉਹੋ ਹੀ ਗ਼ਦਰੀਆਂ ਦੀ ਪ੍ਰਮਾਣਿਕ ਪਛਾਣ ਹੈ। ਉਨ੍ਹਾਂ ਦੀ ਇਸ ਪਛਾਣ ਨੂੰ ਕਿਸੇ ਹੋਰ 'ਪਛਾਣ' ਤੱਕ ਘਟਾਉਣ ਦੀ ਕੋਸ਼ਿਸ਼ ਗ਼ਦਰੀਆਂ ਦੀ ਸੋਚ ਨਾਲ ਅਨਿਆਂ ਕਰਨ ਦੀ ਤੁਲ ਹੈ।

ਸਾਨੂੰ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਕੁਝ ਵਿਦਵਾਨ ਅੱਜ ਪੁਰਾਣੇ ਇਤਿਹਾਸ ਨੂੰ ਆਪਣੇ ਸੌੜੇ ਮਕਸਦਾਂ ਲਈ ਕਿਉਂ ਭੰਨ ਤੋੜ ਰਹੇ ਹਨ।

ਗ਼ਦਰ ਲਹਿਰ ਵਿਚ ਗਿਣਤੀ ਪੱਖੋਂ ਸ਼ਮੂਲੀਅਤ ਭਾਵੇਂ ਪੰਜਾਬੀਆਂ ਦੀ ਵਧੇਰੇ ਸੀ ਪਰ ਪਾਰਟੀ ਦੇ ਸਿਰਕੱਢ ਆਗੂਆਂ ਤੇ ਵਰਕਰਾਂ ਵਿਚ ਸਾਰੇ ਹਿੰਦੁਸਤਾਨ ਦੀ ਪ੍ਰਤੀਨਿਧਤਾ ਸੀ। ਪੂਰਬੀ ਭਾਰਤ ਵਿਚੋਂ ਤਾਰਕਨਾਥ ਦਾਸ, ਜਤਿੰਦਰ ਲਹਿਰੀ, ਰਾਸ ਬਿਹਾਰੀ ਬੋਸ, ਸਚਿੰਦਰ ਨਾਥ ਸਾਨਿਆਲ ਤੇ ਤ੍ਰਿਲੋਕੀ ਨਾਥ ਚੱਕਰਵਰਤੀ ਆਦਿ; ਮੱਧ ਭਾਰਤ ਵਿਚੋਂ ਪਰਮਾਨੰਦ ਝਾਂਸੀ ਤੇ ਮੌਲਵੀ ਬਰਕਤ-ਉਲਾ, ਉਤਰ-ਪੱਛਮੀ ਭਾਰਤ ਵਿਚੋਂ ਪਾਡੂੰਰੰਗ ਖ਼ਾਨਖੋਜੇ ਤੇ ਵਿਸ਼ਨੂੰ ਗਣੇਸ਼ ਪਿੰਗਲੇ; ਦੱਖਣ ਭਾਰਤ ਵਿਚੋਂ ਚੈਂਚਈਆ, ਹੈਨਰੀ ਐਡਵਰਡ ਪਾਂਦਿਆਨ, ਕੇਦਾਰ ਨਾਥ, ਬੀ.ਐਨ. ਸ਼ਰਮਾ ਤੇ ਪਿਲਈ ਆਦਿ ਆਗੂਆਂ ਤੇ ਵਰਕਰਾਂ ਦੀ ਲਹਿਰ ਵਿਚ ਸ਼ਮੂਲੀਅਤ ਇਸ ਲਹਿਰ ਦੇ ਵੱਡੇ ਤੇ ਵਿਆਪਕ ਘੇਰੇ ਦੀ ਤਸਦੀਕ ਕਰਦੀ ਹੈ। ਇਸ ਲਈ ਗ਼ਦਰ ਲਹਿਰ ਨੂੰ ਨਾ ਕਿਸੇ ਧਰਮ, ਜਾਤ ਜਾਂ ਵਿਸ਼ੇਸ਼ ਖਿੱਤੇ ਦੀ ਲੜਾਈ ਨਾਲ ਜੋੜਨਾ ਬਹੁਤ ਵੱਡਾ ਇਤਿਹਾਸਕ ਛਲ ਅਤੇ ਅਨਿਆਂ ਕਰਨਾ ਹੈ।

ਗ਼ਦਰੀ ਸੂਰਬੀਰ ਧਰਮ ਤੇ ਜਾਤ ਦੀਆਂ ਦੀਵਾਰਾਂ ਤੋੜ ਕੇ ਸਾਂਝੇ ਮਕਸਦ ਲਈ ਕਿਵੇਂ ਇਕ-ਦੂਜੇ ਨਾਲ ਖੰਡ-ਖੀਰ ਸਨ, ਇਸ ਦੀਆਂ ਉਸ ਵੇਲੇ ਦੇ ਇਤਿਹਾਸ ਵਿਚੋਂ ਕਈ ਦਿਲ ਨੂੰ ਛੂਹ ਲੈਣ ਵਾਲੀਆਂ ਉਦਾਹਰਣਾਂ ਮਿਲਦੀਆਂ ਹਨ। 'ਦਫੇਦਾਰ ਲਛਮਣ ਸਿੰਘ ਨਾਲ ਤੇਈਵੇਂ ਰਸਾਲੇ ਦੇ ਇਕ ਮੁਸਲਮਾਨ ਸ੍ਰੀ ਅਬਦੁੱਲਾ ਨੂੰ ਵੀ ਫਾਂਸੀ ਦਾ ਹੁਕਮ ਹੋਇਆ ਸੀ। ਜਦ ਸ੍ਰੀ ਅਬਦੁੱਲਾ ਨੂੰ ਜਾਨ ਬਖਸ਼ ਦੇਣ ਦਾ ਲਾਲਚ ਦੇ ਕੇ ਕੁਝ ਗੁਪਤ ਗੱਲਾਂ ਦੀ ਟੋਹ ਲੈਣ ਦੀ ਕੋਸ਼ਿਸ਼ ਕੀਤੀ ਗਈ ਅਤੇ ਕਿਹਾ ਗਿਆ ਕਿ ਤੂੰ ਕਾਫ਼ਰ ਨਾਲ ਫਾਂਸੀ ਚੜ੍ਹਨਾ ਕਿਸ ਤਰ੍ਹਾਂ ਪਸੰਦ ਕਰੇਂਗਾ, ਤਦ ਸ੍ਰੀ ਅਬਦੁੱਲਾ ਨੇ ਉਤਰ ਦਿੱਤਾ, "ਜੇਕਰ ਮੈਂ ਲਛਮਣ ਸਿੰਘ ਦੇ ਨਾਲ ਹੀ ਫਾਂਸੀ ਪਰ ਲਟਾਇਆ ਜਾਵਾਂ ਤਾਂ ਮੈਨੂੰ ਜ਼ਰੂਰ ਹੀ ਬਹਿਸ਼ਤ ਮਿਲੇ।" ਸ੍ਰੀ ਅਬਦੁੱਲਾ ਨੇ ਆਪਣੀ ਜਾਨ ਬਚਾਉਣ ਦੀ ਪ੍ਰਵਾਹ ਨਾ ਕੀਤੀ ਅਤੇ ਫਾਂਸੀ ਲੱਗ ਕੇ ਸ਼ਹੀਦ ਹੋ ਗਏ। ਇਸੇ ਤਰ੍ਹਾਂ ਸ੍ਰੀ ਸੋਹਨ ਲਾਲ ਪਾਠਕ ਨੂੰ ਬਰਮਾ ਦੇ ਗਵਰਨਰ ਨੇ ਭੇਟ ਲੈਣ ਖਾਤਰ ਆਪ ਆ ਕੇ ਸਮਝਾਇਆ ਕਿ ਜੇ ਉਹ ਇਕ ਵੇਰ ਮੁਆਫ਼ੀ ਮੰਗ ਲੈਣ ਤਾਂ ਉਨ੍ਹਾਂ ਦੀ ਜਾਨ ਬਖ਼ਸ਼ੀ ਕੀਤੀ ਜਾਵੇਗੀ ਪਰ ਸ੍ਰੀ ਸੋਹਨ ਲਾਲ ਪਾਠਕ ਨੇ ਉਤਰ ਦਿੱਤਾ ਕਿ ਖਿਮਾਂ ਤਾਂ ਸਗੋਂ ਅੰਗਰੇਜ਼ਾਂ ਨੂੰ ਮੰਗਣੀ ਚਾਹੀਦੀ ਹੈ, ਕਿਉਂਕਿ ਉਹ ਹਿੰਦੀਆਂ ਉਪਰ ਜ਼ੁਲਮ ਕਰਦੇ ਰਹੇ ਹਨ। ਫਾਂਸੀ ਦੇ ਤਖ਼ਤੇ ਉਤੇ ਖੜ੍ਹੇ ਹੋਣ ਵੇਲੇ ਵੀ ਅੰਗਰੇਜ਼ ਮੈਜਿਸਟਰੇਟ ਨੇ ਸ੍ਰੀ ਸੋਹਨ ਲਾਲ ਪਾਠਕ ਨੂੰ ਫਿਰ ਅਖ਼ੀਰੀ ਵਾਰ ਪ੍ਰੇਰਨ ਦੀ ਕੋਸ਼ਿਸ਼ ਕੀਤੀ ਕਿ ਉਹ ਮੁਆਫ਼ੀ ਮੰਗ ਲੈਣ, ਪਰ ਉਨ੍ਹਾਂ ਮੁਆਫ਼ੀ ਨਾ ਮੰਗੀ ਅਤੇ ਸ਼ਹੀਦ ਹੋ ਗਏ।

ਬਰਮਾ ਕੇਸ ਦਾ ਫੈਸਲਾ ਸੁਣਾਉਣ ਸਮੇਂ ਸ੍ਰੀ ਚਾਲੀਆ ਰਾਮ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ, ਪਰ ਉਨ੍ਹਾਂ ਉਤੇ ਰਹਿਮ ਕਰਨ ਦੀ ਸਿਫਾਰਸ਼ ਕੀਤੀ ਗਈ। ਸ੍ਰੀ ਚਾਲੀਆ ਰਾਮ ਨੇ ਇਹ ਕਹਿ ਕੇ ਅਪੀਲ ਕਰਨੋਂ ਨਾਂਹ ਕਰ ਦਿੱਤੀ, ਕਿ ਉਹ ਸ੍ਰੀ ਹਰਨਾਮ ਸਿੰਘ ਕਾਹਰੀ ਸਾਹਰੀ ਵਰਗੇ ਮਹਾਤਮਾ ਦਾ ਸੰਗ ਨਹੀਂ ਸੀ ਛੱਡਣਾ ਚਾਹੁੰਦੇ। ਸ੍ਰੀ ਚਾਲੀਆ ਰਾਮ ਫਾਂਸੀ ਉਪਰ ਲਟਕ ਗਏ ਪਰ ਮੌਤ ਵਿਚ ਵੀ ਸ੍ਰੀ ਹਰਨਾਮ ਸਿੰਘ ਦਾ ਸਾਥ ਨਾ ਛਡਿਆ। ਅਮਰੀਕਾ ਵਿਰੁਧ ਕਾਰਵਾਈਆਂ ਦੀ ਰਿਪੋਰਟ ਵਿਚ ਇਹ ਮੰਨਿਆ ਗਿਆ ਕਿ ਗ਼ਦਰ ਪਾਰਟੀ ਦੇ ਇਨਕਲਾਬੀਆਂ ਵਿਚ ਇਕ-ਦੂਜੇ ਲਈ ਵਫ਼ਾਦਾਰੀ ਕੁੱਟ ਕੇ ਭਰੀ ਹੋਈ ਸੀ।' (ਜਗਜੀਤ ਸਿੰਘ, ਗ਼ਦਰ ਪਾਰਟੀ ਲਹਿਰ, ਸਫਾ 406)

ਜਦੋਂ ਬੜੌਦਾ ਜੇਲ੍ਹ ਵਿਚ ਪੱਗ ਬੰਨ੍ਹਣ ਦੇ ਸਵਾਲ ਉਤੇ ਗ਼ਦਰੀਆਂ ਨੇ ਭੁੱਖ ਹੜਤਾਲ ਕਰ ਦਿੱਤੀ ਤਾਂ ਭਾਈ ਪਰਮਾਨੰਦ ਝਾਂਸੀ ਤੇ ਹਿਰਦੇ ਰਾਮ ਨੇ ਵੀ ਨਾਲ ਹੀ ਭੁੱਖ-ਹੜਤਾਲ ਕਰ ਦਿੱਤੀ। (ਸੋਹਨ ਸਿੰਘ ਭਕਨਾ, ਗ਼ਦਰ ਲਹਿਰ ਦੀ ਕਹਾਣੀ- ਗ਼ਦਰੀ ਬਾਬਿਆਂ ਦੀ ਜ਼ਬਾਨੀ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, 2002, ਸਫਾ 46) ਬਾਬਾ ਸੋਹਨ ਸਿੰਘ ਭਕਨਾ ਨੇ ਉਨ੍ਹਾਂ ਨੂੰ ਕਿਹਾ ਕਿ ਜਦੋਂ ਉਹ ਪੱਗ ਬੰਨ੍ਹਦੇ ਹੀ ਨਹੀਂ ਤਾਂ ਭੁੱਖ ਹੜਤਾਲ ਵਿਚ ਹਿੱਸਾ ਕਿਉਂ ਲੈ ਰਹੇ ਹਨ; ਤਾਂ ਭਾਈ ਪਰਮਾਨੰਦ ਨੇ ਜਵਾਬ ਦਿੱਤਾ ਕਿ ਇਥੇ ਸਵਾਲ ਇਕੱਲੇ ਸਿੱਖਾਂ ਦੀ ਪੱਗ ਦਾ ਨਹੀਂ ਸਗੋਂ ਹਿੰਦੁਸਤਾਨ ਦੀ ਪੱਗ ਦਾ ਹੈ। ਸਾਡੀ ਇਹ ਲੜਾਈ ਹਿੰਦੋਸਤਾਨ ਦੀ ਪੱਗ ਨੂੰ ਸਲਾਮਤ ਰੱਖਣ ਦੀ ਲੜਾਈ ਹੈ। ਅਸੀਂ ਇਸ ਲੜਾਈ ਤੋਂ ਅਲੱਗ ਕਿਵੇਂ ਰਹਿ ਸਕਦੇ ਹਾਂ।

ਇਹ ਜ਼ਾਹਿਰਾ ਹਕੀਕਤ ਹੈ ਕਿ 'ਹਿੰਦ ਦਾ ਵਾਯੂਮੰਡਲ ਫਿਰਕੇਦਾਰੀ ਨਾਲ ਭਰਪੂਰ ਰਿਹਾ ਹੈ ਅਤੇ ਪੰਜਾਬ ਇਸ ਦਾ ਗੜ੍ਹ ਸੀ। ਗ਼ਦਰ ਪਾਰਟੀ ਲਹਿਰ ਦੀ ਗੈਰ-ਫਿਰਕੂ ਸਪਿਰਟ ਦੀ ਇਹ ਵੱਡੀ ਸ਼ਾਹਦੀ ਹੈ ਕਿ ਇਸ ਦੇ ਫੇਲ੍ਹ ਹੋ ਜਾਣ ਪਿਛੋਂ ਅਮਰੀਕਾ ਤੋਂ ਆਏ ਪਹਿਲੇ ਕੇਸ ਵਿਚ ਸਜ਼ਾ ਪਾਉਣ ਵਾਲੇ ਉਘੇ ਗ਼ਦਰੀਆਂ ਵਿਚੋਂ ਇਕ ਨੇ ਵੀ ਰਿਹਾ ਹੋ ਕੇ ਕਿਸੇ ਫਿਰਕੂ ਲਹਿਰ ਵਿਚ ਹਿੱਸਾ ਨਹੀਂ ਲਿਆ, ਹਾਲਾਂਕਿ ਉਹ ਕੌਮੀ ਅਤੇ ਜਨਤਕ ਲਹਿਰਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੇ ਰਹੇ; ਬਲਕਿ ਉਨ੍ਹਾਂ ਵਿਚੋਂ ਬਹੁ-ਗਿਣਤੀ ਰਿਹਾਈ ਪਿਛੋਂ ਕਮਿਊਨਿਸਟ ਲਹਿਰ ਵਿਚ ਸ਼ਾਮਲ ਹੋ ਗਈ, ਅਤੇ ਗ਼ਦਰ ਪਾਰਟੀ ਲਹਿਰ ਫੇਲ੍ਹ ਹੋਣ ਪਿਛੋਂ ਗ਼ਦਰ ਪਾਰਟੀ ਦਾ ਰੁਖ ਕਮਿਊਨਿਜ਼ਮ ਵੱਲ ਹੋ ਗਿਆ। ਕਮਿਊਨਿਸਟ ਪਾਰਟੀ ਦੇ ਕੱਟੜ ਦੁਸ਼ਮਣ ਵੀ ਉਸ ਉਤੇ ਫਿਰਕੇਦਾਰੀ ਦਾ ਦੋਸ਼ ਨਹੀਂ ਲਾ ਸਕਦੇ।' (ਜਗਜੀਤ ਸਿੰਘ, ਗ਼ਦਰ ਪਾਰਟੀ ਲਹਿਰ, ਸਫਾ 147)

ਇਥੇ ਇੱਕ ਗੱਲ ਭਾਰਤ ਦੀ ਕਮਿਊਨਿਸਟ ਲਹਿਰ ਅਤੇ ਗ਼ਦਰੀਆਂ ਦੀ ਸੋਚ ਦੇ ਹਵਾਲੇ ਨਾਲ ਵੀ ਕਰਨੀ ਬਣਦੀ ਹੈ। ਸਾਡੀ ਕਮਿਊਨਿਸਟ ਪਾਰਟੀ ਨੇ ਜਨਮ ਲੈਂਦਿਆਂ ਹੀ ਅੰਤਰਰਾਸ਼ਟਰੀ ਕਮਿਊਨਿਸਟ ਲਹਿਰ ਨਾਲ ਤਾਂ ਆਪਾ ਜੋੜ ਲਿਆ ਪਰ ਆਪਣੇ ਸਥਾਨਕ ਇਨਕਲਾਬੀ ਇਤਿਹਾਸ ਨਾਲੋਂ ਆਪਣਾ ਨਾਤਾ ਤੋੜ ਲਿਆ। ਅਸੀਂ ਰੂਸ ਅਤੇ ਚੀਨ ਦੇ ਆਗੂਆਂ ਤੇ ਇਨਕਲਾਬਾਂ ਤੋਂ ਦਿਸ਼ਾ ਤੇ ਅਗਵਾਈ ਲੈਂਦੇ ਰਹੇ ਪਰ ਆਪਣੇ ਇਤਿਹਾਸ ਵਿਚ ਪਏ ਇਨਕਲਾਬੀ ਤੱਤ ਵਿਸਾਰ ਛੱਡੇ। ਅਸੀਂ ਅੱਕੀਂ-ਪਲਾਹੀਂ ਹੱਥ ਮਾਰਦੇ 'ਚੀਨ ਦਾ ਪ੍ਰਧਾਨ ਸਾਡਾ ਪ੍ਰਧਾਨ' ਵੀ ਆਖਦੇ ਰਹੇ ਪਰ ਆਪਣੇ ਨਾਇਕਾਂ ਨੂੰ ਮਨ ਚਿੱਤ ਤੋਂ ਵਿਸਾਰ ਛੱਡਿਆ। ਅਸਲ ਵਿਚ ਸਾਡੀ ਖੱਬੀ ਧਿਰ ਦਾ ਬਹੁਤ ਵੱਡਾ ਹਿੱਸਾ ਸਾਡੇ ਮੱਧਕਾਲੀਨ ਇਨਕਲਾਬੀ ਇਤਿਹਾਸ ਨੂੰ ਆਪਣੇ ਵਿਰਸੇ ਵਜੋਂ ਸਵੀਕਾਰਨ ਦੀ ਥਾਂ ਉਸ ਤੋਂ ਵਿੱਥ ਥਾਪ ਕੇ ਚੱਲਣ ਦਾ ਵਿਸ਼ਵਾਸੀ ਰਿਹਾ ਹੈ ਅਤੇ ਆਪਣੇ ਇਤਿਹਾਸ ਨੂੰ ਰੂਸ ਜਾਂ ਚੀਨ ਵਰਗੇ ਇਨਕਲਾਬਾਂ ਦੇ ਇਤਿਹਾਸ ਨਾਲ ਜੋੜ ਕੇ ਕੇਵਲ ਤੇ ਕੇਵਲ ਉਨ੍ਹਾਂ ਦੇ ਇਤਿਹਾਸ ਨੂੰ ਹੀ ਆਪਣਾ ਪ੍ਰੇਰਨਾ ਸ੍ਰੋਤ ਸਮਝਦਾ/ਸਮਝਾਉਂਦਾ ਰਿਹਾ ਹੈ। ਅਸੀਂ ਇਹ ਭੁੱਲ ਜਾਂਦੇ ਰਹੇ ਕਿ ਉਨ੍ਹਾਂ ਦੇਸ਼ਾਂ ਦੀਆਂ ਇਨਕਲਾਬੀ ਲਹਿਰਾਂ ਨੂੰ ਉਸਾਰਨ ਵਿਚ ਵੀ ਉਨ੍ਹਾਂ ਦੇ ਆਪਣੇ ਇਤਿਹਾਸ ਦੇ ਸ਼ਹੀਦ ਤੇ ਲੋਕ-ਨਾਇਕ ਹੀ ਉਨ੍ਹਾਂ ਦੀ ਪ੍ਰੇਰਨਾ ਦਾ ਸੋਮਾ ਬਣਦੇ ਰਹੇ ਸਨ। ਉਨ੍ਹਾਂ ਮੁਲਕਾਂ ਦੇ ਪੁਰਾਣੇ ਸਮਿਆਂ ਦੇ ਲੋਕ-ਨਾਇਕ ਜਿਹੜੇ ਨਿਸਚੈ ਹੀ ਮਾਰਕਸਵਾਦੀ ਭਾਵੇਂ ਨਹੀਂ ਸਨ (ਕਿਉਂਕਿ ਮਾਰਕਸ ਤਾਂ ਉਦੋਂ ਜੰਮਿਆ ਵੀ ਨਹੀਂ ਸੀ) ਪਰ ਲੋਕ-ਹਿਤੈਸ਼ੀ ਜ਼ਰੂਰ ਸਨ; ਜੇ ਉਨ੍ਹਾਂ ਮੁਲਕਾਂ ਦੀ ਲੋਕ-ਲਹਿਰ ਦੀ ਤਾਕਤ ਬਣ ਸਕਦੇ ਸਨ ਤਾਂ ਸਾਡੇ ਮੱਧ-ਕਾਲੀ ਨਾਇਕ ਸਾਡੇ ਲਈ ਇੰਨੇ ਅਛੂਤ ਤੇ ਓਪਰੇ ਕਿਉਂ ਹੋਣ!

'ਅਸਲ ਵਿਚ ਸਾਡਾ ਮੱਧ-ਕਾਲੀਨ ਇਤਿਹਾਸ 'ਭਾਗੋਆਂ' ਦੇ ਖ਼ਿਲਾਫ਼ 'ਲਾਲੋਆਂ' ਦੀ ਨਿਰੰਤਰ ਲੜਾਈ ਦਾ ਗਵਾਹ ਹੈ ਜਿਸ ਦੀ ਨੀਂਹ ਗੁਰੂ ਨਾਨਕ ਦੇਵ ਨੇ ਆਪਣੇ ਆਪ ਨੂੰ ਪ੍ਰੋਲੇਤਾਰੀ ਵਰਗ ਨਾਲ ਜੋੜ ਕੇ ਤੇ ਖ਼ੁਦ ਨੂੰ 'ਨੀਚਾਂ ਅੰਦਰ ਨੀਚ ਜਾਤ' ਹੋਣ ਦਾ ਐਲਾਨ ਕਰ ਕੇ ਕੀਤੀ ਸੀ। ਗੁਰੂ ਗੋਬਿੰਦ ਸਿੰਘ ਦਾ 'ਖ਼ਾਲਸਾ' ਵੀ ਦਲਿਆਂ-ਮਲਿਆਂ ਦੀ ਅਜਿਹੀ ਫੌਜੀ ਜਥੇਬੰਦੀ ਸੀ ਜਿਹੜੀ ਸਥਾਪਤ ਤਾਕਤਾਂ ਲਈ ਵੰਗਾਰ ਬਣ ਖੜੋਤੀ। ਗੁਰੂ ਸਹਿਬਾਨ ਦੀ ਸਿਧਾਂਤਕ ਸੇਧ ਅਤੇ ਕੁਰਬਾਨੀਆਂ ਦਾ ਸਿਲਸਿਲਾ ਹੀ ਅੱਗੇ ਜਾ ਕੇ ਬੰਦਾ ਬਹਾਦਰ ਦੀ ਅਗਵਾਈ ਵਿਚ ਪੰਜਾਬ ਵਿਚ ਪਹਿਲੀ ਵਾਰ ਜਾਗੀਰਦਾਰੀ ਪ੍ਰਬੰਧ ਦੇ ਖ਼ਿਲਾਫ਼ ਇਨਕਲਾਬੀ ਬਦਲ ਵਜੋਂ 'ਜ਼ਮੀਨ ਹਲ-ਵਾਹਕ ਦੀ' ਦੇ ਨਾਅਰੇ ਨੂੰ ਅਰਥਵਾਨ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਅਸੀਂ ਭਾਵੇਂ ਇਸ ਇਨਕਲਾਬੀ ਇਤਿਹਾਸ ਤੋਂ

(ਬਾਕੀ ਅਗਲੇ ਸਫੇ 'ਤੇ)



ਅਸ਼ਫ਼ਾਕ-ਉਲਾ



ਰਾਮ ਪ੍ਰਸਾਦ ਬਿਸਮਿਲ

***ਇਹ ਗ਼ਦਰੀਆਂ ਦਾ ਹੀ ਪ੍ਰਭਾਵ ਸੀ ਕਿ ਪਿਛਲੀਆਂ ਇਨਕਲਾਬੀ ਲਹਿਰਾਂ ਵਿਚ ਵੀ ਧਰਮ ਨੂੰ ਮੰਨਦਿਆਂ ਹੋਇਆਂ ਵੀ, ਧਰਮ ਤੋਂ ਉਪਰ ਉਠ ਕੇ ਦੇਸ਼ ਦੀ ਆਜ਼ਾਦੀ ਲਈ ਇਕ ਜਾਨ ਹੋ ਕੇ ਕੰਮ ਕਰਨ ਤੇ ਕੁਰਬਾਨ ਹੋਣ ਦੀਆਂ ਅਨੇਕਾਂ ਮਿਸਾਲਾਂ ਵਿਚੋਂ ਕਾਕੋਰੀ ਕੇਸ ਨਾਲ ਸੰਬੰਧਤ ਦੋ ਸ਼ਹੀਦਾਂ ਰਾਮ ਪ੍ਰਸਾਦ ਬਿਸਮਿਲ ਅਤੇ ਅਸ਼ਫ਼ਾਕ-ਉਲਾ ਦੇ ਆਪਸੀ ਪੀਚਵੇਂ ਪਿਆਰ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਦੋਵੇਂ ਹੀ ਆਪਣੇ-ਆਪਣੇ ਧਰਮ ਵਿਚ ਪਰਪੱਕ ਪਰ ਦੇਸ਼ ਪਿਆਰ ਤੇ ਕੁਰਬਾਨੀ ਦੇ ਜਜ਼ਬੇ ਨਾਲ ਵੀ ਭਰਪੂਰ। ਇੱਕ ਕੱਟੜ ਆਰੀਆ ਸਮਾਜੀ ਤੇ ਦੂਜਾ ਪੱਕਾ ਮੁਸਲਮਾਨ। ਤੇ ਇਹ ਉਸ ਵੇਲੇ ਦੀ ਗੱਲ ਹੈ ਜਦੋਂ ਹਿੰਦੂ ਮੁਸਲਮਾਨਾਂ ਵਿਚ ਬੜੀ ਵਿੱਥ ਪੈਂਦੀ ਜਾ ਰਹੀ ਸੀ। ਰਾਮ ਪ੍ਰਸਾਦ ਬਿਸਮਿਲ ਆਪਣੀ ਸਵੈਜੀਵਨੀ ਵਿਚ ਅਸ਼ਫ਼ਾਕ-ਉਲਾ ਨੂੰ 'ਸੱਚਾ ਮੁਸਲਮਾਨ ਤੇ ਸੱਚਾ ਦੇਸ਼ ਭਗਤ' ਆਖਦਾ ਹੈ ਤੇ ਇਹ ਵੀ ਮੰਨਦਾ ਹੈ, "ਤੇਰੇ ਮੇਰੇ ਵਿਚ ਕੋਈ ਫ਼ਰਕ ਹੀ ਨਹੀਂ ਸੀ। ਕਈ ਵਾਰ ਤੂੰ ਤੇ ਮੈਂ ਇਕੋ ਥਾਲੀ ਵਿਚ ਰੋਟੀ ਖਾਧੀ।"***

ਬੇਮੁੱਖ ਹੋਏ ਰਹੇ ਪਰ ਸਾਡੇ ਗ਼ਦਰੀ ਸੂਰਬੀਰ ਤੇ ਕਿਰਤੀ-ਕਿਸਾਨ ਲਹਿਰ ਦੇ ਆਗੂ ਆਪਣੇ ਸਜਿੰਦ ਇਤਿਹਾਸ ਨਾਲ ਨਾਤਾ ਜੋੜ ਕੇ, ਉਸ ਤੋਂ ਸਦਾ ਪ੍ਰੇਰਨਾ ਤੇ ਉਤਸ਼ਾਹ ਲੈ ਕੇ ਚੱਲਦੇ ਤੇ ਲੜਦੇ ਰਹੇ। ਉਹ ਜਾਣਦੇ ਸਨ ਕਿ ਸਾਡਾ ਆਪਣਾ ਜਾਨਦਾਰ ਇਤਿਹਾਸ ਹੀ ਸਾਡੇ ਪੈਰਾਂ ਹੇਠਲੀ ਜ਼ਮੀਨ ਬਣਦਾ ਹੈ ਜਿਸ ਉਤੇ ਖਲੋ ਕੇ ਅਸੀਂ ਆਪਣੇ ਸੁਪਨਿਆਂ ਦੇ ਆਕਾਸ਼ 'ਚੋਂ ਮਨ-ਚਾਹੇ ਤਾਰੇ ਤੋੜਨ ਦਾ ਉਦਮ ਕਰ ਸਕਦੇ ਹਾਂ। ਜਿਹੜੇ ਲੋਕ ਆਪਣੇ ਇਤਿਹਾਸ ਨਾਲ ਸਜਿੰਦ ਰਿਸ਼ਤਾ ਸਥਾਪਤ ਕਰਨ ਤੋਂ ਉਕ ਜਾਂਦੇ ਹਨ, ਉਹ ਆਪਣੇ ਪੈਰਾਂ ਹੇਠਲੀ ਜ਼ਮੀਨ ਗਵਾ ਬੈਠਦੇ ਹਨ। ਪੈਰਾਂ ਥੱਲਿਉਂ ਜ਼ਮੀਨ ਖਿਸਕਣ ਨਾਲ ਬੰਦੇ, ਧਿਰਾਂ 'ਤੇ ਲਹਿਰਾਂ ਪਤਾਲ ਵਿਚ ਗੁਰਕ ਹੋ ਜਾਂਦੇ ਹਨ। ਆਪਣੇ ਇਤਿਹਾਸ ਦੇ ਮਹੱਤਵ ਨੂੰ ਸਮਝਣ ਦੀ ਬਦੌਲਤ ਹੀ ਗ਼ਦਰ ਪਾਰਟੀ ਵਲੋਂ ਸ਼ੁਰੂ ਕੀਤੇ ਗਏ ਹਫ਼ਤਾਵਾਰੀ ਅਖ਼ਬਾਰ 'ਗ਼ਦਰ' ਉਤੇ ਲਿਖੀ ਹੋਈ ਗੁਰਬਾਣੀ ਦੀ ਸਤਰ 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥' ਵਿਚੋਂ ਕਿਸੇ ਨੂੰ 'ਪਿਛਾਂਹ-ਖਿਚੂ ਧਾਰਮਿਕ ਤੰਗ-ਦ੍ਰਿਸ਼ਟੀ' ਦੀ 'ਹੁਮਕ' ਨਹੀਂ ਸੀ ਆਈ; ਸਗੋਂ ਇਹ ਸਤਰ ਆਜ਼ਾਦੀ ਦੀ ਜੰਗ ਲਈ ਜੂਝਣ ਤੇ ਨਿੱਤਰਨ ਲਈ ਵੰਗਾਰ ਬਣ ਕੇ ਉਨ੍ਹਾਂ ਲੋਕਾਂ ਲਈ ਉਤਸ਼ਾਹ ਤੇ ਪ੍ਰੇਰਨਾ ਦਾ ਸੋਮਾ ਹੋ ਨਿੱਬੜੀ ਸੀ।

ਸੱਚੀ ਗੱਲ ਤਾਂ ਇਹ ਹੈ ਕਿ ਕਿਸੇ ਵੀ ਕੌਮ ਦਾ ਇਤਿਹਾਸ ਤੇ ਮਿਥਿਹਾਸ ਉਨ੍ਹਾਂ ਦੇ ਸੰਸਕਾਰਾਂ ਦਾ ਹਿੱਸਾ ਬਣ ਕੇ ਉਨ੍ਹਾਂ ਦੇ ਧੁਰ ਅਵਚੇਤਨ ਵਿਚ ਰਚਿਆ ਵੱਸਿਆ ਹੁੰਦਾ ਹੈ। ਜਦੋਂ ਕੋਈ ਉਨ੍ਹਾਂ ਦੇ ਇਸ ਅਵਚੇਤਨ ਨੂੰ ਛੂੰਹਦਾ, ਟੁੰਬਦਾ ਜਾਂ ਵੰਗਾਰਦਾ ਹੈ ਤਾਂ ਕੌਮਾਂ ਅਤੇ ਬੰਦਿਆਂ ਅੰਦਰ ਸੁੱਤੀਆਂ ਸੱਤੇ ਸੁਰਾਂ ਜਾਗ ਉਠਦੀਆਂ ਹਨ। ਉਨ੍ਹਾਂ ਦਾ ਆਪਾ ਇਕ ਸੁਰ ਹੋ ਕੇ ਪੂਰੇ ਜੋਸ਼ ਅਤੇ ਉਮਾਹ ਨਾਲ ਨਵੀਆਂ ਵੰਗਾਰਾਂ ਦੇ ਰੂਬਰੂ ਡਟ ਖਲੋਂਦਾ ਹੈ। ਸੁਚੇਤ ਕੌਮਾਂ ਜਾਂ ਲੋਕ ਇਤਿਹਾਸ ਦਾ ਅੰਨ੍ਹੇਵਾਹ ਅਨੁਕਰਨ ਨਹੀਂ ਕਰਦੇ ਸਗੋਂ ਉਸ ਨੂੰ ਨਵੇਂ ਹਾਲਾਤ ਦੀਆਂ ਲੋੜਾਂ ਦੇ ਸਨਮੁੱਖ ਨਵੀਂ ਪਿਉਂਦ ਕਰ ਕੇ ਸਮੇਂ ਦੇ ਹਾਣ ਦਾ ਬਣਾ ਕੇ ਵਰਤਦੇ ਹਨ। (ਵਰਿਆਮ ਸਿੰਘ ਸੰਧੂ, ਭਗਵਾਨ ਸਿੰਘ ਦੋਸਾਂਝ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਸਫ਼ਾ 16-17)

ਇਤਿਹਾਸ-ਮਿਥਿਹਾਸ ਦੇ ਜਾਮੂੰ ਪਹਿਲੂ ਕਿਵੇਂ ਵਰਤਮਾਨ ਵਿਚ ਗਤੀਸ਼ੀਲ ਹੋਣ ਲਈ ਸਾਡੀ ਧਿਰ ਤੇ ਧੁਰਾ ਬਣਦੇ ਹਨ ਇਸ ਦੀ ਇੱਕ ਉਦਾਹਰਣ ਭਾਈ ਸੰਤੋਖ ਸਿੰਘ ਵੱਲੋਂ 'ਕਿਰਤੀ' ਪਰਚਾ ਕੱਢਣਾ ਅਤੇ ਆਪਣੇ ਸਾਥੀਆਂ ਨਾਲ ਰਲ ਕੇ 'ਕਿਰਤੀ ਪਾਰਟੀ' ਦੀ ਸਥਾਪਨਾ ਕਰਨਾ ਸੀ। ਉਨ੍ਹਾਂ ਨੇ ਰੂਸ ਤੋਂ ਮਾਰਕਸਵਾਦ ਦੀ ਸਿੱਖਿਆ ਵੀ ਹਾਸਲ ਕੀਤੀ ਪਰ ਵੇਲੇ ਦੇ ਅੰਤਰਰਾਸ਼ਟਰੀ ਗਿਆਨ ਨੂੰ ਆਪਣੀ ਸਜਿੰਦ ਸਥਾਨਕ ਵਿਰਾਸਤ ਨਾਲ ਵੀ ਜੋੜਿਆ। ਉਹ ਜਾਣਦੇ ਸਨ ਕਿ ਆਪਣੀਆਂ ਜੜ੍ਹਾਂ ਨਾਲ ਜੋੜ ਕੇ ਸਮਝਾਇਆਂ ਹੀ ਵੇਲੇ ਦਾ ਲੋੜੀਂਦਾ ਫ਼ਲਸਫ਼ਾ ਤੇ ਗਿਆਨ ਲੋਕ-ਚੇਤਨਾ ਦਾ ਹਿੱਸਾ ਬਣ ਸਕਦਾ ਹੈ। ਉਨ੍ਹਾਂ ਨੇ ਜਦੋਂ 'ਕਿਰਤੀ' ਪਰਚੇ ਦੀ ਸੰਪਾਦਨਾ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਗੁਰੂ ਗ੍ਰੰਥ ਸਾਹਿਬ ਵਿਚੋਂ ਉਸੇ ਤਰ੍ਹਾਂ ਹੀ ਵਾਕ ਲਿਆ ਜਿਸ ਤਰ੍ਹਾਂ ਸਟਾਕਟਨ ਦਾ ਗੁਰਦੁਆਰਾ ਸਥਾਪਤ ਕਰਨ ਲਈ ਵਾਕ ਲੈ ਕੇ ਭਾਰਤ-ਵਰਸ਼ ਦੀ ਆਜ਼ਾਦੀ ਦਾ ਬਿਗਲ ਵਜਾਇਆ ਗਿਆ ਸੀ। ਉਨ੍ਹਾਂ ਨੇ ਉਹ ਵਾਕ 'ਆਪਨ ਹੱਥੀ ਆਪਣਾ ਆਪੇ ਹੀ ਕਾਜੁ ਸਵਾਰੀਐ' 'ਕਿਰਤੀ' ਦੇ ਪਹਿਲੇ ਪੰਨੇ ਉਤੇ ਛਾਪਣਾ ਸ਼ੁਰੂ ਕਰ ਦਿੱਤਾ। ਅਪਰੈਲ 1927 ਤੱਕ 'ਕਿਰਤੀ' ਦੇ ਪਹਿਲੇ ਪੰਨੇ ਉਤੇ ਇਹ ਤੁਕ ਦਰਜ ਹੁੰਦੀ ਸੀ ਪਰ ਜਦੋਂ ਭਾਈ ਸੰਤੋਖ ਸਿੰਘ ਦੀ ਮੌਤ ਹੋਣ ਪਿਛੋਂ ਸੋਹਣ ਸਿੰਘ ਜੋਸ਼ ਨੇ 'ਕਿਰਤੀ' ਦੇ ਸੰਪਾਦਨ ਦਾ ਕਾਰਜ-ਭਾਰ ਸੰਭਾਲਿਆ ਤਾਂ ਉਸ ਨੇ ਤੱਤੇ ਤੇ ਤਾਜ਼ੇ ਕਮਿਊਨਿਸਟ ਪ੍ਰਭਾਵ ਅਧੀਨ ਮਈ ਅੰਕ ਵਿਚ ਪਹਿਲੇ ਸਫ਼ੇ ਤੋਂ ਗੁਰਬਾਣੀ ਦੀ ਤੁਕ ਹਟਾ ਕੇ ਲਿਖਣਾ ਸ਼ੁਰੂ ਕਰ ਦਿੱਤਾ, 'ਉਠੋ, ਜਾਗੋ ਅਤੇ ਸੰਸਾਰ ਦੇ ਕਿਰਤੀਓ ਇਕੱਠੇ ਹੋ ਜਾਓ।"

ਇਹ ਇਕ ਤਰ੍ਹਾਂ ਨਾਲ ਸੰਕੇਤਕ ਤੌਰ 'ਤੇ ਕਮਿਊਨਿਸਟਾਂ ਵੱਲੋਂ ਸਥਾਨਕਤਾ ਨਾਲੋਂ ਨਾਤਾ ਤੋੜਨ ਦਾ ਐਲਾਨਨਾਮਾ ਸੀ ਜਿਸ ਦੇ ਫਲਸਰੂਪ ਕਮਿਊਨਿਸਟ ਲਹਿਰ ਸਾਰੇ ਯਤਨਾਂ ਦੇ ਬਾਵਜੂਦ ਲੋਕ ਮਨਾਂ ਵਿਚ ਜੜ੍ਹਾਂ ਨਹੀਂ ਲਾ ਸਕੀ। ਇਹ ਗ਼ਦਰੀ ਹੀ ਸਨ ਜਿਨ੍ਹਾਂ ਦੇ ਪੈਰ ਸਥਾਨਕ ਸਜਿੰਦ ਇਨਕਲਾਬੀ ਇਤਿਹਾਸ ਦੀ ਜ਼ਮੀਨ ਉਤੇ ਸਨ ਪਰ ਸਿਰ ਅੰਤਰਰਾਸ਼ਟਰੀ ਗਿਆਨ ਅਤੇ ਫ਼ਲਸਫ਼ੇ ਨਾਲ ਜੁੜਿਆ ਹੋਇਆ ਸੀ। ਇਹ ਵੱਖਰੀ ਗੱਲ ਹੈ ਕਿ ਹਾਲਾਤ ਦੇ ਵੇਗ ਅੱਗੇ ਉਨ੍ਹਾਂ ਦਾ ਸਥਾਨਕਤਾ ਤੇ ਅੰਤਰਰਾਸ਼ਟਰੀਅਤਾ ਦੇ ਸੁਮੇਲ ਵਾਲਾ ਰਾਜਨੀਤਕ ਮੌਤ ਕਮਿਊਨਿਸਟ ਲਹਿਰ ਵਿਚ ਜ਼ੋਰ ਨਾ ਪਕੜ ਸਕਿਆ ਕਿਉਂਕਿ ਕਮਿਊਨਿਸਟਾਂ ਨੂੰ ਇਹ ਨਜ਼ਰੀਆ ਪ੍ਰਵਾਨ ਨਹੀਂ ਸੀ। ਸੱਚੀ ਗੱਲ ਤਾਂ ਇਹ ਹੈ ਕਿ ਜਿਹੜੇ ਗ਼ਦਰੀ ਪਿਛੋਂ ਕਿਰਤੀ ਪਾਰਟੀ ਦੀ ਸ਼ਕਲ ਵਿਚ ਕਮਿਊਨਿਸਟ ਲਹਿਰ ਵਿਚ ਸ਼ਾਮਲ ਵੀ ਹੋਏ, ਉਨ੍ਹਾਂ ਨਾਲ ਪਾਰਟੀ ਕਦੀ ਵੀ ਖੰਡ-ਖੀਰ ਵਾਲਾ ਰਿਸ਼ਤਾ ਨਾ ਬਣਾ ਸਕੀ।



ਸੰਤ ਵਿਸਾਖਾ ਸਿੰਘ

***ਸੰਤ ਵਿਸਾਖਾ ਸਿੰਘ ਸਥਾਨਕਤਾ ਤੇ ਅੰਤਰਰਾਸ਼ਟਰੀਅਤਾ ਦੇ ਸੁੰਦਰ ਸੰਜੋਗ ਤੇ ਸੁਮੇਲ ਦੀ ਉਦਾਹਰਣ ਆਖੇ ਜਾ ਸਕਦੇ ਹਨ। ਰਾਜਿੰਦਰ ਸਿੰਘ ਚੀਮਾ ਆਪਣੀ ਉਸ ਵੇਲੇ ਦੀ ਯਾਦ ਵੀ ਸਾਂਝੀ ਕਰਦੇ ਹਨ ਜਦੋਂ 1968 ਵਿਚ ਬਾਬਾ ਬਾਬਾ ਸੋਹਣ ਸਿੰਘ ਭਕਨਾ ਦੀ ਮੌਤ ਸਮੇਂ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਨੇ ਕਿਹਾ ਸੀ, "ਕੇਡੀ ਮਹਾਨ ਸ਼ਖ਼ਸੀਅਤ ਸਨ ਬਾਬਾ ਜੀ! ਜੋ ਇਕੋ ਵੇਲੇ ਮਹਾਨ ਕਮਿਊਨਿਸਟ ਵੀ ਸਨ ਅਤੇ ਓਨੇ ਵੱਡੇ ਹੀ ਰਹੱਸਵਾਦੀ (ਮਿਸਟਿਕ) ਵੀ ਸਨ।"***

ਕਮਿਊਨਿਸਟ ਲਹਿਰ ਦੇ 'ਏਕੀਕਰਨ' ਤੋਂ ਬਾਅਦ ਵੀ ਕਿਰਤੀਆਂ (ਗ਼ਦਰੀਆਂ) ਤੇ ਕਮਿਊਨਿਸਟਾਂ ਵਿਚ ਵਿਰੋਧਾਭਾਸ ਕਾਇਮ ਰਿਹਾ ਜਿਸ ਦਾ ਤਿੱਖਾ ਪ੍ਰਗਟਾਵਾ ਕਮਿਊਨਿਸਟਾਂ ਵੱਲੋਂ ਦੂਜੀ ਵੱਡੀ ਜੰਗ ਨੂੰ 'ਪੀਪਲਜ਼ ਵਾਰ' ਦੇ ਸਿਧਾਂਤ ਨੂੰ ਲੈ ਕੇ ਵੀ ਸਾਹਮਣੇ ਆਇਆ। ਅੰਗਰੇਜ਼ ਹਕੂਮਤ ਦੇ ਖ਼ਿਲਾਫ਼ ਉਮਰਾਂ ਲਾ ਦੇਣ ਵਾਲੇ ਮਰਜੀਵੜਿਆਂ ਦੇ ਸੰਘੋਂ 'ਪੀਪਲਜ ਵਾਰ' ਦੀ ਇਹ ਗੱਲ ਹੇਠਾਂ ਨਹੀਂ ਸੀ ਉਤਰਦੀ। ਇੰਜ ਗ਼ਦਰੀ ਜਾਂ ਕਿਰਤੀ, ਕਮਿਊਨਿਸਟ ਪਾਰਟੀ ਵਿਚ ਰਹਿੰਦਿਆਂ ਹੋਇਆਂ ਵੀ ਸਦਾ ਓਪਰੇ ਤੇ ਅਣਗੌਲੇ ਮਹਿਸੂਸ ਕਰਦੇ ਰਹੇ। ਗ਼ਦਰੀਆਂ ਦੀ ਅਜਿਹੀ ਜ਼ਖ਼ਮੀ ਮਾਨਸਿਕਤਾ ਬਾਰੇ ਦੂਜੇ ਦੌਰ ਦੇ ਗ਼ਦਰੀ ਬਾਬਾ ਭਗਤ ਸਿੰਘ ਬਿਲਗਾ ਆਖਦੇ ਹਨ, "ਅੰਗਰੇਜ਼ ਤਾਂ ਗਦਰ ਪਾਰਟੀ ਵਾਲਿਆਂ ਬਾਰੇ ਸਾਰੇ ਸੰਸਾਰ ਨੂੰ ਸੁਚੇਤ ਕਰ ਰਿਹਾ ਸੀ ਪਰ ਸਾਡੀਆਂ ਇਨਕਲਾਬੀ ਧਿਰਾਂ ਇਥੇ ਗਦਰ ਪਾਰਟੀ ਦੇ ਮਹੱਤਵ ਨੂੰ ਸਵੀਕਾਰਦੀਆਂ ਨਹੀਂ। ਇਹੋ ਗਿਲਾ ਮੈਨੂੰ ਕਮਿਊਨਿਸਟ ਪਾਰਟੀਆਂ 'ਤੇ ਵੀ ਹੈ। ਉਹ ਸਾਡਾ ਜ਼ਿਕਰ ਕਰਦਿਆਂ ਸ਼ਰਮਾਉਂਦੇ ਨੇ। ਮੰਨਿਆ, ਅਸੀਂ 'ਗਦਰਾਈਟ ਕਮਿਊਨਿਸਟ' ਹੀ ਸਹੀ, ਵੱਖਰਾ ਹੀ ਕਰ ਲਓ ਪਰ ਸਾਡਾ ਜ਼ਿਕਰ ਤਾਂ ਹੈ ਫਿਰ ਵੀ। ਸਾਨੂੰ ਤਾਂ ਇਹ ਕਿਹਾ ਕਰਦੇ ਸਨ ਕਿ ਬਾਬੇ ਤਾਂ ਕਦੇ ਕਮਿਊਨਿਸਟ ਹੋ ਹੀ ਨਹੀਂ ਸਕਦੇ।" (ਵਰਿਆਮ ਸਿੰਘ ਸੰਧੂ, ਭਗਵਾਨ ਸਿੰਘ ਦੋਸਾਂਝ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਸਫ਼ਾ 16-17)

ਸੋ ਇਸ ਦੌਰ ਵਿਚ 'ਕਿੰਨੇ ਮਾਰ-ਖੋਰੇ, ਆਪਾ-ਵਾਰੂ ਤੇ ਅਥੱਕ ਕਮਿਊਨਿਸਟ ਵਰਕਰ ਗੁੱਠੇ ਲੱਗੇ ਰਹੇ, ਨਿਸਚੋਂਦ ਹੋਏ, ਇਸ ਦਾ ਅਨੁਮਾਨ ਉਹੋ ਪਾਰਟੀ ਵਰਕਰ, ਮੈਂਬਰ ਤੇ ਹਮਦਰਦ ਲਾ ਸਕਦੇ ਹਨ ਜੋ ਇਸ ਪ੍ਰਕਿਰਿਆ ਦੀ ਕੁਠਾਲੀ 'ਚੋਂ ਉਦੋਂ ਲੰਘ ਰਹੇ ਸਨ।' (ਵਰਿਆਮ ਸਿੰਘ ਸੰਧੂ, ਇਤਿਹਾਸ ਦਾ ਸਿਰਜਕ ਤੇ ਲੇਖਕ: ਬਾਬਾ ਭਗਤ ਸਿੰਘ ਬਿਲਗਾ, ਸਫ਼ਾ 13)

ਬਾਬਾ ਭਗਤ ਸਿੰਘ ਬਿਲਗਾ ਨੇ ਇਨ੍ਹਾਂ ਸਤਰਾਂ ਦੇ ਲੇਖਕ ਨਾਲ ਗੱਲਬਾਤ ਕਰਦਿਆਂ 'ਸਥਾਨਕਤਾ' ਤੇ 'ਅੰਤਰਰਾਸ਼ਟਰੀਅਤਾ' ਵਿਚਲੇ ਫ਼ਰਕ ਨੂੰ ਕੁਝ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਸੀ, "ਜਿੰਨਾ ਚਿਰ ਤੁਸੀਂ ਕਿਸੇ ਮੂਵਮੈਂਟ ਨੂੰ ਇੱਥੋਂ ਦੀ ਵਿਰਾਸਤ ਅਨੁਸਾਰ ਨਹੀਂ ਢਾਲ ਲੈਂਦੇ, ਜਾਂ ਮੈਂ ਇਹ ਕਹਾਂ ਕਿ ਅਸੀਂ ਬਾਹਰਲੀਆਂ ਮਿਸਾਲਾਂ ਦੇ ਕੇ ਫ਼ਿਲਾਸਫ਼ੀ ਨੂੰ ਪੜ੍ਹਾਵਾਂਗੇ, ਤਾਂ ਕਾਮਯਾਬ ਨਹੀਂ ਹੋ ਸਕਦੇ। ਅਸੀਂ ਇਹੋ ਹੀ ਗ਼ਲਤੀ ਕੀਤੀ। ਸਾਡੇ ਕਾਮਰੇਡ ਭਾਰਤ ਦੀ ਹਿੰਦੂ, ਸਿੱਖ ਜਾਂ ਮੁਸਲਿਮ ਫ਼ਿਲਾਸਫ਼ੀ ਅਤੇ ਇਤਿਹਾਸ ਤੋਂ ਜਾਣੂ ਨਹੀਂ ਸਨ। ਇਸੇ ਕਰ ਕੇ ਲੋਕਾਂ ਨੂੰ ਨਾਲ ਨਾ ਜੋੜ ਸਕੇ। ਬਾਬਾ ਬੂਝਾ ਸਿੰਘ ਭਾਵੇਂ ਬਹੁਤਾ ਪੜ੍ਹਿਆ-ਲਿਖਿਆ ਨਹੀਂ ਸੀ, ਪਰ ਉਹਦੇ ਸਟੱਡੀ ਸਰਕਲ ਤਕੜੇ ਤੋਂ ਤਕੜੇ ਬੰਦੇ ਸੁਣਦੇ ਅਤੇ ਅਸਰ ਕਬੂਲਦੇ ਸਨ, ਕਿਉਂਕਿ ਉਹ ਸਾਡੀ ਅਮੀਰ ਵਿਰਾਸਤ ਵਿਚੋਂ ਮਿਸਾਲਾਂ ਦਿਆ ਕਰਦਾ ਸੀ। ਜਵਾਨੀ ਦੇ ਦਿਨਾਂ ਵਿਚ ਉਹਦੇ ਘਰ ਸਾਧ-ਸੰਤ ਆਉਂਦੇ ਰਹਿੰਦੇ ਅਤੇ ਉਹ ਕਥਾ-ਵਾਰਤਾ ਸੁਣਿਆ ਕਰਦਾ ਸੀ। ਸੋ, ਆਪਣੇ ਇਸ ਪਿਛੋਕੜ ਨਾਲੋਂ ਟੁੱਟ ਜਾਣਾ ਗ਼ਲਤ ਬੈਠਾ। (ਕਿਰਪਾਲ ਸਿੰਘ ਆਜ਼ਾਦ, ਦੇਸ਼ ਭਗਤ ਰਾਮ ਸਿੰਘ ਘਾਲਾ-ਮਾਲਾ, ਪ੍ਰਕਾਸ਼ਕ ਅਨੂਪ ਸਿੰਘ, ਸਫ਼ਾ 12)

ਨਜ਼ਰੀਏ ਦੇ ਇਸ ਦਵੰਦ ਵਿਚਲੀ ਵਿਡੰਬਨਾ ਦਾ ਅਨੁਮਾਨ ਅਸੀਂ ਪ੍ਰਸਿੱਧ ਅਧਿਆਤਮਕ ਹਸਤੀ ਸੰਤ ਵਿਸਾਖਾ ਸਿੰਘ ਦੇ ਸ਼ਬਦਾਂ ਤੋਂ ਵੀ ਲਾ ਸਕਦੇ ਹਾਂ। ਉਹ ਅਕਸਰ ਮਜ਼ਾਕ ਨਾਲ ਆਖਿਆ ਕਰਦੇ ਸਨ, "ਸਿੱਖ ਮਹਿਸੂਸ ਕਰਦੇ ਸਨ ਕਿ ਮੈਂ ਚੰਗਾ ਸਿੱਖ ਨਹੀਂ ਕਿਉਂਕਿ ਮੇਰੇ ਸੰਗੀ-ਸਾਥੀ ਕਮਿਊਨਿਸਟ ਹਨ ਜਿਨ੍ਹਾਂ ਦਾ ਰੱਬ ਵਿਚ ਕੋਈ ਵਿਸ਼ਵਾਸ ਨਹੀਂ। ਦੂਜੇ ਪਾਸੇ ਕਮਿਊਨਿਸਟ ਆਖਦੇ ਸਨ ਕਿ ਮੈਂ ਕਦੀ ਵੀ ਚੰਗਾ ਕਮਿਊਨਿਸਟ ਨਹੀਂ ਬਣ ਸਕਦਾ ਕਿਉਂਕਿ ਮੇਰੀ ਪਹਿਲੀ ਵਫ਼ਾਦਾਰੀ ਪਰਮਾਤਮਾ ਪ੍ਰਤੀ ਹੈ।"

ਜਦੋਂ ਸੰਤ ਵਿਸਾਖਾ ਸਿੰਘ ਨੂੰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹੀਦੀ ਦਾ ਸਮਾਚਾਰ ਸੁਣਾਇਆ ਗਿਆ ਤਾਂ ਉਨ੍ਹਾਂ ਨੇ ਸ਼ਹੀਦਾਂ ਨੂੰ 'ਮੁਕਤਿਆਂ' ਦੇ ਵਿਸ਼ੇਸ਼ਣ ਨਾਲ ਸਨਮਾਨ ਦਿੱਤਾ ਸੀ।

ਸੰਤ ਵਿਸਾਖਾ ਸਿੰਘ ਸਥਾਨਕਤਾ ਤੇ ਅੰਤਰਰਾਸ਼ਟਰੀਅਤਾ ਦੇ ਸੁੰਦਰ ਸੰਜੋਗ ਤੇ ਸੁਮੇਲ ਦੀ ਉਦਾਹਰਣ ਆਖੇ ਜਾ ਸਕਦੇ ਹਨ। ਰਾਜਿੰਦਰ ਸਿੰਘ ਚੀਮਾ ਆਪਣੀ ਉਸ ਵੇਲੇ ਦੀ ਯਾਦ ਵੀ ਸਾਂਝੀ ਕਰਦੇ ਹਨ ਜਦੋਂ 1968 ਵਿਚ ਬਾਬਾ ਬਾਬਾ ਸੋਹਣ ਸਿੰਘ ਭਕਨਾ ਦੀ ਮੌਤ ਸਮੇਂ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਨੇ ਕਿਹਾ ਸੀ, "ਕੇਡੀ ਮਹਾਨ ਸ਼ਖ਼ਸੀਅਤ ਸਨ ਬਾਬਾ ਜੀ! ਜੋ ਇਕੋ ਵੇਲੇ ਮਹਾਨ ਕਮਿਊਨਿਸਟ ਵੀ ਸਨ ਅਤੇ ਓਨੇ ਵੱਡੇ ਹੀ ਰਹੱਸਵਾਦੀ (ਮਿਸਟਿਕ) ਵੀ ਸਨ।"

ਅੰਡੇਮਾਨ ਟਾਪੂਆਂ ਵਿਚ ਜਨੇਊ ਪਹਿਨਣ ਦੀ ਇਜਾਜ਼ਤ ਲੈਣ ਲਈ ਭੁੱਖ ਹੜਤਾਲ ਕਰਨ ਵਾਲਾ ਰਾਮ ਰੱਖਾ ਦੂਜੇ ਗ਼ਦਰੀ ਸਾਥੀਆਂ ਵੱਲੋਂ ਕੀਤੀ ਭੁੱਖ ਹੜਤਾਲ ਵਿਚ ਵੀ ਨਾਲ ਹੀ ਸ਼ਾਮਲ ਹੋ ਕੇ ਸ਼ਹੀਦ ਹੋ ਗਿਆ।

ਇਹ ਗਦਰੀਆਂ ਦਾ ਹੀ ਪ੍ਰਭਾਵ ਸੀ ਕਿ ਪਿਛਲੀਆਂ ਇਨਕਲਾਬੀ ਲਹਿਰਾਂ ਵਿਚ ਵੀ ਧਰਮ ਨੂੰ ਮੰਨਦਿਆਂ ਹੋਇਆਂ ਵੀ, ਧਰਮ ਤੋਂ ਉਪਰ ਉਠ ਕੇ ਦੇਸ਼ ਦੀ ਆਜ਼ਾਦੀ ਲਈ ਇਕ ਜਾਨ ਹੋ ਕੇ ਕੰਮ ਕਰਨ ਤੇ ਕੁਰਬਾਨ ਹੋਣ ਦੀਆਂ ਅਨੇਕਾਂ ਮਿਸਾਲਾਂ ਵਿਚੋਂ ਕਾਕੋਰੀ ਕੇਸ ਨਾਲ ਸਬੰਧਤ ਦੋ ਸ਼ਹੀਦਾਂ- ਰਾਮ ਪ੍ਰਸਾਦ ਬਿਸਮਿਲ ਅਤੇ ਅਸ਼ਫ਼ਾਕ-ਉਲਾ ਦੇ ਆਪਸੀ ਪੀਚਵੇਂ ਪਿਆਰ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਦੋਵੇਂ ਹੀ ਆਪਣੇ-ਆਪਣੇ ਧਰਮ ਵਿਚ ਪਰਪੱਕ ਪਰ ਦੇਸ਼ ਪਿਆਰ ਤੇ ਕੁਰਬਾਨੀ ਦੇ ਜਜ਼ਬੇ ਨਾਲ ਵੀ ਭਰਪੂਰ ਸਨ। ਇੱਕ ਕੱਟੜ ਆਰੀਆ ਸਮਾਜੀ ਤੇ ਦੂਜਾ ਪੱਕਾ ਮੁਸਲਮਾਨ। ਤੇ ਇਹ ਉਸ ਵੇਲੇ ਦੀ ਗੱਲ ਹੈ ਜਦੋਂ ਹਿੰਦੂ ਮੁਸਲਮਾਨਾਂ ਵਿਚ ਬੜੀ ਵਿੱਥ ਪੈਂਦੀ ਜਾ ਰਹੀ ਸੀ। ਰਾਮ ਪ੍ਰਸਾਦ ਬਿਸਮਿਲ ਆਪਣੀ ਸਵੈਜੀਵਨੀ ਵਿਚ ਅਸ਼ਫ਼ਾਕ-ਉਲਾ ਨੂੰ 'ਸੱਚਾ ਮੁਸਲਮਾਨ ਤੇ ਸੱਚਾ ਦੇਸ਼ ਭਗਤ' ਆਖਦਾ ਹੈ ਤੇ ਇਹ ਵੀ ਮੰਨਦਾ ਹੈ, "ਤੇਰੇ ਮੇਰੇ 'ਚ ਕੋਈ ਫ਼ਰਕ ਹੀ ਨਹੀਂ ਸੀ। ਕਈ ਵਾਰ ਤੂੰ ਤੇ ਮੈਂ ਇਕੋ ਥਾਲੀ ਵਿਚ ਰੋਟੀ ਖਾਧੀ।"

ਮੰਨ ਲਿਆ ਕਿ ਧਰਮ ਦਾ ਰੋਲ ਬਹੁਤ ਹੱਦ ਤੱਕ ਨਾਂਹਵਾਚਕ ਵੀ ਹੈ; ਧਰਮ ਦੇ ਨਾਂ 'ਤੇ ਹੋਈਆਂ ਲੜਾਈਆਂ ਵਿਚ ਲੱਖਾਂ ਲੋਕ ਮਾਰੇ ਜਾ ਚੁੱਕੇ ਹਨ; ਇਸ ਦੇ ਬਾਵਜੂਦ ਮੈਂ ਪਾਠਕਾਂ ਅੱਗੇ ਇਹ ਸਵਾਲ ਰੱਖਦਾ ਹਾਂ ਕਿ ਕੋਈ 'ਸੱਚਾ ਤੇ ਸ਼ੁਧ ਕਮਿਊਨਿਸਟ' ਭਾਵੇਂ ਜੰਮ ਜੰਮ ਹੋਵੇ ਪਰ ਕੀ 'ਸੱਚਾ ਮੁਸਲਮਾਨ', 'ਸੱਚਾ ਸਿੱਖ' ਜਾਂ 'ਸੱਚਾ ਬ੍ਰਾਹਮਣ' ਹੋ ਕੇ ਵੀ ਕੋਈ 'ਸੱਚਾ ਕਮਿਊਨਿਸਟ' ਬਣ ਸਕਦਾ ਹੈ ਕਿ ਨਹੀਂ? ਕੀ ਬਾਬੇ ਵਿਸਾਖਾ ਸਿੰਘ ਵਾਂਗ ਇਕੋ ਵੇਲੇ ਕਮਿਊਨਿਸਟ ਤੇ ਸਿੱਖ ਹੋਣ ਜਾਂ ਬਾਬੇ ਭਕਨੇ ਵਾਂਗ ਇਕੋ ਸਮੇਂ ਕਮਿਊਨਿਸਟ ਤੇ ਮਿਸਟਿਕ ਹੋਣ ਦੀ ਕੋਈ ਵਾਜਬੀਅਤ ਬਣਦੀ ਹੈ ਕਿ ਨਹੀਂ? ਕੀ ਇਸ ਤਰ੍ਹਾਂ ਦੀ ਸੰਜੋਗੀ ਸੋਚ ਨੂੰ ਅੱਜ ਵੀ ਹੁੰਗਾਰਾ ਦਿੱਤਾ ਜਾ ਸਕਦਾ ਹੈ ਕਿ ਨਹੀਂ?

ਅਣਮੁੱਕੀ ਬਾਤ ਸ਼ਾਇਦ ਇਸੇ ਹੁੰਗਾਰੇ ਨੂੰ ਉਡੀਕ ਰਹੀ ਹੈ।

ਸ਼ਾਇਦ ਇੰਜ ਹੀ ਸਥਾਨਕਤਾ ਤੇ ਅੰਤਰਰਾਸ਼ਟਰੀਅਤਾ ਦਾ ਕੋਈ ਆਪਸੀ ਨਾਤਾ ਜੁੜ ਸਕੇ।

ਕੀ ਇਹ ਨਾਤਾ ਜੁੜਨਾ ਚਾਹੀਦਾ ਹੈ ਕਿ ਨਹੀਂ?

**(ਸਮਾਪਤ)**

# ਕਾਵਿ-ਜਗਤ

## ਖਤਾਂ ਦੀ ਉਡੀਕ

ਇਸ ਨਗਰੀ ਤੇਰਾ ਜੀਅ ਨਹੀਂ ਲਗਦਾ
ਇਕ ਚੜਦੀ ਇਕ ਲਹਿੰਦੀ ਏ,
ਤੈਨੂੰ ਰੋਜ਼ ਉਡੀਕ ਖਤਾਂ ਦੀ
ਸਿਖਰ ਦੁਪਹਿਰੇ ਰਹਿੰਦੀ ਹੈ!
ਇਕ ਖਤ ਆਵੇ ਧੁੱਪ ਦਾ ਲਿਖਿਆ
ਮਹਿੰਦੀ-ਰੰਗੇ ਪੰਨੇ 'ਤੇ,
ਤੇਰੇ ਵਿਹੜੇ ਬੂਟਾ ਬਣ ਕੇ
ਉਗ ਆਵਾਂ ਜੇ ਮੰਨੇ ਤੇ!
ਇਕ ਖਤ ਆਵੇ ਮਾਂ-ਜਾਈ ਦਾ
ਬਾਝ ਵਿਯੋਗਣ ਰੁੱਤੇ ਵੀ,
ਵੀਰਾ ਪੱਤ ਸ਼ਰੀਂਹ ਦੇ ਬੱਝ ਗਏ
ਮੇਰੇ ਬੂਹੇ ਉਤੇ ਵੀ!
ਇਹ ਖਤ ਆਵਣਗੇ ਤਾਂ ਆਖਰ
ਲਿਖ-ਲਿਖ ਲੋਕੀਂ ਪਾਵਣਗੇ,
ਤੇਰੇ ਚਾਹੇ ਖਤ ਨੇ ਐਪਰ
ਹੋਰ ਕਿਸੇ ਘਰ ਜਾਵਣਗੇ!
ਪਰ ਤੂੰ ਆਸ ਨਾ ਛੱਡੀਂ ਆਖਰ
ਤੈਨੂੰ ਵੀ ਖਤ ਆਵੇਗਾ,
ਤੇਰਾ ਲਗਦਾ ਕੋਈ ਤਾਂ ਆਖਰ
ਲਿਖ-ਲਿਖ ਚਿੱਠੀਆਂ ਪਾਵੇਗਾ!
ਖਤ ਆਵੇਗਾ ਰਾਤ ਬਰਾਤੇ
ਖਤ ਆਵੇਗਾ ਅੰਮੀ ਦਾ,
ਪੁੱਤਰਾ ਇਉਂ ਨਹੀਂ ਭੁੱਲ ਜਾਈਦਾ
ਜਿਹੜੀ ਕੁੱਖੋਂ ਜੰਮੀਦਾ!
ਖੜਾ ਖੜੋਤਾ ਹਾਲ ਤਾਂ ਪੁੱਛ ਜਾ
ਬੁੱਢੀ ਜਾਨ ਨਿਕੰਮੀ ਦਾ,
ਉਮਰਾਂ ਵਾਂਗੂੰ ਅੰਤ ਵੀ ਹੁੰਦਾ
ਕਿਤੇ ਉਦਾਸੀ ਲੰਮੀ ਦਾ!
ਖਤ ਆਵੇਗਾ ਬਹੁਤ ਕੁਵੇਲੇ
ਧਰਤੀਓਂ ਲੰਮੀ ਛਾਂ ਦਾ ਖਤ,
ਚੁੱਪ ਦੇ ਸਫ਼ਿਆਂ ਉਤੇ ਲਿਖਿਆ
ਉਜੜੀ ਸੁੰਨ ਸਰਾਂ ਦਾ ਖਤ!
ਇਕ ਬੇਨਕਸ਼ ਖਿਲਾਅ ਦਾ ਲਿਖਿਆ
ਤੇਰੇ ਅਸਲੀ ਨਾਂ ਦਾ ਖਤ,
ਲੋਕ ਕਹਿਣਗੇ ਕਬਰ ਦਾ ਖਤ ਹੈ
ਤੂੰ ਆਖੇਂਗਾ ਮਾਂ ਦਾ ਖਤ!
ਖਤ ਖੁੱਲੇਗਾ ਖਤ ਵਿਚੋਂ ਇਕ
ਹੱਥ ਉਠੇਗਾ ਸ਼ਾਮ ਜਿਹਾ,
ਤੇਰੇ ਪਿੰਜਰ ਨੂੰ ਫੋਲੇਗਾ
ਬੇਫਿਕਰਾ ਬੇ'ਰਾਮ ਜਿਹਾ!
ਤੇਰੇ ਅੰਦਰੋਂ ਚੀਸ ਉਠੇਗੀ
ਮਚ ਜਾਊ ਕੁਹਰਾਮ ਜਿਹਾ,
ਤੇਰੇ ਅੰਦਰੋਂ ਪੰਛੀ ਉਡ ਉਡ
ਭਰ ਜਾਊ ਅਸਮਾਨ ਜਿਹਾ!
ਜਿਹੜਾ ਕਦੀ ਨਹੀਂ ਸੀ ਉਠਿਆ
ਉਠੂ ਦਰਦ ਬੇਨਾਮ ਜਿਹਾ,
ਪਰ ਫਿਰ ਤੇਰੀ ਤਪਦੀ ਰੂਹ ਨੂੰ
ਆ ਜਾਊ ਆਰਾਮ ਜਿਹਾ!
ਉਸ ਤੋਂ ਮਗਰੋਂ ਨਾ ਕੋਈ ਨਗਰੀ
ਨਾ ਕੋਈ ਸੰਝ ਸਵੇਰਾ ਹੀ,
ਨਾ ਕੋਈ ਫੇਰ ਉਡੀਕ ਖਤਾਂ ਦੀ
ਨਾ ਕੋਈ ਤੂੰ ਨਾ ਤੇਰਾ ਜੀ!!

-ਸੁਰਜੀਤ ਪਾਤਰ

---

## ਨਜ਼ਮ

ਜਦ ਤੁਸੀਂ ਨਜ਼ਮਾਂ ਦੇ ਮਸਤਕ 'ਤੇ
ਚੰਨ ਸਜਾਉਂਦੇ ਹੋ
ਜ਼ੁਲਫ਼ਾਂ 'ਚ ਤਾਰੇ ਟੰਗਦੇ ਹੋ
ਜਾਂ ਹਿੱਕ 'ਤੇ ਸੂਰਜ ਬਾਲਦੇ ਹੋ
ਤਾਂ ਉਹ ਕੌਣ ਹੁੰਦਾ ਹੈ ਤੁਹਾਡੇ ਸੰਗ?
ਜੋ ਖਾਮੋਸ਼ੀ ਦੀ ਜ਼ੁਬਾਨ 'ਚ ਪੁੱਛਦਾ ਹੈ
ਸ਼ਾਇਰੀ ਦੀ ਹੱਟੀ ਚਲਾਉਣ ਲਈ
ਹੋਰ ਕੀ ਕੀ ਤਰੱਦਦ ਕਰਦੇ ਹੋ? ਮੇਰੇ ਰਾਮ ਜੀਓ!

ਜਦ ਤੁਸੀਂ ਮਹਿਬੂਬ ਦੇ ਹੱਥ ਨਹੀਂ
ਦਸਤਾਨੇ ਚੁੰਮ ਰਹੇ ਹੁੰਦੇ ਹੋ
ਤਾਂ ਉਹ ਕੌਣ ਹੁੰਦਾ ਹੈ ਤੁਹਾਡੇ ਸੰਗ?
ਜੋ ਸੂਫੀਆਨਾ ਮਸਤੀ 'ਚ ਗਾਉਂਦਾ ਹੈ
ਆਸ਼ਕੀ ਇੰਜ ਨਹੀਂ ਹੁੰਦੀ ਮੇਰੇ ਲਾਲ ਜੀਓ!

ਜਦ ਤੁਸੀਂ ਆਪਣੇ ਬੱਚੇ ਬਾਰੇ ਨਹੀਂ
ਮਹਿਬੂਬ ਦੇ ਬੱਚੇ ਬਾਰੇ ਸੋਚ ਰਹੇ ਹੁੰਦੇ ਹੋ
ਤਾਂ ਉਹ ਕੌਣ ਹੁੰਦਾ ਹੈ ਤੁਹਾਡੇ ਸੰਗ?
ਜੋ ਸ਼ਾਹੀ ਹਾਸਾ ਹੱਸਦਾ ਹੈ ਤੇ ਪੁੱਛਦਾ ਹੈ
ਡੀ.ਏ. ਦੀ ਮਿਲੀ ਕਿਸ਼ਤ ਦਾ ਕੀ ਕਰੋਗੇ?
ਮੇਰੇ ਨਵਾਬ ਜੀਓ!

ਜਦ ਤੁਸੀਂ ਭੀੜ ਤੋਂ ਚੁਰਾ ਕੇ ਨਜ਼ਰਾਂ
ਤਿਤਲੀ ਸੰਗ ਕਰਦੇ ਹੋ ਇਸ਼ਨਾਨ
ਤਾਂ ਉਹ ਕੌਣ ਹੁੰਦਾ ਹੈ ਤੁਹਾਡੇ ਸੰਗ?
ਜੋ ਮੂੰਹ 'ਚੋਂ ਧੂੰਆਂ ਛੱਡਦਾ ਹੈ
ਤਾਂ ਤੁਹਾਡੇ ਮਨ ਦੇ ਅਸਮਾਨ 'ਤੇ ਛਪ ਜਾਂਦਾ ਹੈ
ਮੋਈ ਤਿਤਲੀ ਦਾ ਕੀ ਬਣਿਆ? ਮੇਰੇ ਸਾਬ੍ਹ ਜੀਓ!

ਜਦ ਤੁਸੀਂ ਦਫਤਰੀ ਫਾਈਲਾਂ 'ਚ
ਨਿੱਕਾ-ਨਿੱਕਾ ਮਰਦੇ ਹੋ
ਤੇ ਆਪਣੀ ਲਾਸ਼ ਵਾਲੀ ਫਾਈਲ
ਅਲਮਾਰੀ 'ਚ ਦਫਨ ਕਰਦੇ ਹੋ
ਤਾਂ ਉਹ ਕੌਣ ਹੁੰਦਾ ਹੈ ਤੁਹਾਡੇ ਸੰਗ?
ਜੋ ਫਾਈਲ 'ਤੇ ਲਿਖੀ ਇਬਾਰਤ ਪੜ੍ਹਦਾ ਹੈ
ਚੁਰਾਸੀ ਲੱਖ ਜੂਨ ਵੀ ਤਾਂ ਕੋਈ ਸ਼ੈਅ ਹੈ ਆਖਿਰ
ਮੇਰੇ ਭਗਤ ਜੀਓ!
ਜਦ ਤੁਸੀਂ ਸੁੰਨਸਾਨ ਸੜਕਾਂ 'ਤੇ
ਅਵਾਰਗੀ ਕਰਦੇ
ਲੱਭ ਰਹੇ ਹੁੰਦੇ ਹੋ ਕਿਸੇ ਵੀ ਪਾਸਿਉਂ
ਕੋਈ ਸਹਾਰਾ-ਕੋਈ ਇਸ਼ਾਰਾ
ਤਾਂ ਉਹ ਕੌਣ ਹੁੰਦਾ ਹੈ ਤੁਹਾਡੇ ਸੰਗ?
ਜੋ ਚੁੱਪ ਦੇ ਵਸਤਰ ਪਹਿਨੀ ਨੰਗੇ ਬੋਲ ਬੋਲਦਾ ਹੈ
ਇਸ਼ਾਰਾ ਕਿਸ ਦਾ ਤੱਕਦੇ ਹੋ? ਮੇਰੇ ਸ਼ਾਇਰ ਜੀਓ!

-ਸਵਿਤੋਜ
('ਸ਼ਬਦਾਂ ਦੀ ਸ਼ਤਰੰਜ' ਵਿਚੋਂ)

---

## ਉਹ ਕਿਧਰ ਗਏ ਦਿਹਾੜੇ

ਬਾਪੂ ਤੇਰੇ ਵਿਹੜੇ ਵਿਚ
ਖੇਡਦੀ ਸਾਂ ਗੁੱਡੀਆਂ ਪਟੋਲੇ
ਜਿਹੜੇ ਸਾਂਭਦੀ ਸਾਂ ਤਾਕੀ ਵਾਲੇ ਆਲੇ।
ਮਿੱਟੀ ਦੀ ਭੜੋਲੀ ਵਿਚ
ਕੜ੍ਹਦਾ ਸੀ ਦੁੱਧ ਜਿਹੜਾ
ਵੀਰਾਂ ਦੇ ਮੁਕਾਬਲੇ ਮੈਂ
ਜ਼ਿਦ ਨਾਲ ਪੀਂਦੀ ਉਹਨੂੰ
ਹੁੰਦਾ ਢੱਕਿਆ ਸੀ ਨਾਲ ਜੋ ਛਿਕਾਲੇ।

ਦਾਦੀ ਕੱਤੇ ਪੂਣੀਆਂ
ਮਾਂ ਫੇਰੇ ਗੋਹਾ ਕੱਚੇ ਵਿਹੜੇ
ਭੂਆ ਚਾਦਰਾਂ 'ਤੇ ਮੋਰ ਘੁੱਗੀ ਪਾਵੇ।
ਕੋਈ ਨਾ ਪਛਾਣ
ਵੀਰੇ ਆਪਣੇ ਤੇ ਦੂਜਿਆਂ 'ਚ
ਖੇਡਦੇ ਸੀ ਕੱਠੇ...
ਗੀਟੇ, ਕੋਟਲਾ ਛਪਾਕੀ, ਗੁੱਲੀ ਡੰਡਾ,
ਰਲ ਸਾਰੇ ਚਾਚੇ ਤਾਇਆਂ ਜਾਏ।

ਖੂਹ ਉਤੇ ਜਾਂਦੇ ਸਾਂ
ਤੇ ਤੱਤਾ ਗੁੜ ਖਾਂਦੇ ਸਾਂ
ਛੱਲੀਆਂ ਤੇ ਗਾਜਰਾਂ
ਤੇ ਗੰਨਿਆਂ ਦੇ ਖੇਤ
ਭਾਵੇਂ ਕਿਸੇ ਦੇ ਵੀ ਹੋਣ,
ਨਾ ਲੱਗਣ ਪਰਾਏ।
ਸਾਰਾ ਪਿੰਡ ਆਪਣਾ ਸੀ
ਵੈਰ ਨਾ ਵਿਰੋਧ ਕੋਈ
ਲੁਕਣਮੀਚੀ ਖੇਡਦੇ ਸਾਂ
ਚਾਚਾ ਕੋਈ ਤਾਇਆ ਕੋਈ
ਮਿੱਠੀ ਜਿਹੀ ਝਿੜਕੀ ਤੋਂ
ਅਸੀਂ ਬਣ ਜਾਂਦੇ ਸਾਂ ਵਿਚਾਰੇ।

ਲੌਢੇ ਵੇਲੇ ਹਵੇਲੀ ਵਿਚ
ਬਲਦਾਂ ਦੀਆਂ ਟੱਲੀਆਂ
ਤੇ ਟੋਕੇ ਵਾਲੀ ਹੁੰਦੀ ਚਰ ਚਰ,
ਯਾਦ ਜਦ ਕਰਾਂ ਇਹੋ
ਕੰਨਾਂ ਵਿਚ ਗੂੰਜਦੇ ਨੇ ਸਵਰਗ ਦੇ ਹੁਲਾਰੇ।

ਪਰ ਇਹ ਕੀ ਹੋਇਆ?
ਅੱਜ ਸਦੀ ਇੱਕੀਵੀਂ 'ਚ
ਆਪਣੇ ਹੀ ਭੈਣ ਭਾਈ
ਹੋ ਗਏ ਨੇ ਪਰਾਏ।
ਜਿਹਦੀ ਧੀ ਉਹਦੀ ਧੀ
ਜਿਹਦੀ ਭੈਣ ਉਹਦੀ ਭੈਣ
ਕਿਤੇ ਨਾ ਇਮਾਨ, ਨਾ ਪਿਆਰ।
ਨਾ ਹੀ ਮੁਹੱਬਤਾਂ
ਨਾ ਹੀ ਕਿਤੇ ਦਇਆ
ਕਿਥੇ ਗਏ ਸਾਰੇ ਦਇਆਵਾਨ।
ਰਿਸ਼ਤੇ ਵੀ ਹੋ ਗਏ ਸਾਰੇ
ਪੈਸੇ ਦੇ ਵਣਜਾਰੇ।

-ਸੁਖਨਿੰਦਰ ਕੌਰ ਫੇਅਰਫੀਲਡ
ਫੋਨ: 707-419-6040

ਕਹਾਣੀ

# ਔਰੰਗਜ਼ੇਬ ਦੀ ਪ੍ਰੇਮਿਕਾ

*'ਔਰੰਗਜ਼ੇਬ ਦੀ ਪ੍ਰੇਮਿਕਾ' ਰਚਨਾ ਦੇ ਲੇਖਕ ਨਰਿੰਜਨ ਸਿੰਘ ਸਾਥੀ ਨੇ ਸਾਰੀ ਉਮਰ ਪੱਤਰਕਾਰੀ ਦੇ ਲੇਖੇ ਲਾਈ ਹੈ। ਇਸ ਰਚਨਾ ਵਿਚ ਉਸ ਨੇ ਔਰੰਗਜ਼ੇਬ ਦੀ ਜ਼ਿੰਦਗੀ ਦੇ ਕੁਝ ਪੱਤਰੇ ਫਰੋਲੇ ਹਨ। ਇਸ ਰਚਨਾ ਦਾ ਮੁੱਖ ਪਾਤਰ ਜੇ ਔਰੰਗਜ਼ੇਬ ਦੀ ਥਾਂ ਕੋਈ ਹੋਰ ਵੀ ਹੁੰਦਾ, ਤਾਂ ਵੀ ਇਸ ਵਿਚੋਂ ਪਿਆਰ ਦੀ ਤਾਕਤ ਮਨਫੀ ਨਹੀਂ ਸੀ ਹੋਣੀ ਪਰ ਲੇਖਕ ਨੇ ਇਸ ਰਚਨਾ ਨੂੰ ਜਿਸ ਨੁਕਤਾ-ਨਿਗ੍ਹਾ ਤੋਂ ਪੇਸ਼ ਕੀਤਾ ਹੈ, ਉਸ ਤੋਂ ਕਿਸੇ ਜ਼ਾਲਮ ਸ਼ਖਸ ਤੋਂ ਪਿਆਰ ਵਿਚ ਹੜ੍ਹੇ ਜਾ ਰਹੇ ਬੰਦੇ ਦੀ ਕਨਸੋਅ ਮਿਲਦੀ ਹੈ। ਇਸ ਰਚਨਾ ਵਿਚ ਪਿਆਰ ਦੀ ਤਾਕਤ ਬਹੁਤ ਮੂੰਹ-ਜ਼ੋਰ ਹੋ ਕੇ ਪੇਸ਼ ਹੋਈ ਹੈ। -ਸੰਪਾਦਕ*

ਔਰੰਗਜ਼ੇਬ ਵੀ ਕਿਸੇ ਨੂੰ ਪਿਆਰ ਕਰ ਸਕਦਾ ਹੈ? ਗੱਲ ਤਾਂ ਅਣਹੋਣੀ ਜਾਪਦੀ ਹੈ ਪਰ ਮਿਰਜ਼ਾ ਗਾਲਿਬ ਕਹਿੰਦੇ ਹਨ- ਦਿਲ ਤਾਂ ਆਖ਼ਰ ਦਿਲ ਹੈ, ਇੱਟ ਜਾਂ ਪੱਥਰ ਦਾ ਕੋਈ ਟੁਕੜਾ ਨਹੀਂ; ਕਦੀ ਦਰਦ ਨਾਲ, ਕਦੀ ਪਿਆਰ ਨਾਲ ਭਰ ਹੀ ਜਾਂਦਾ ਹੈ 'ਦਿਲ ਹੀ ਤੋ ਹੈ, ਨਾ ਸੰਗੋ-ਖ਼ਿਸ਼ਤਦਰਦ ਸੇ ਭਰ ਨਾ ਆਏ ਕਿਉਂ।'

ਔਰੰਗਜ਼ੇਬ ਪੱਕਾ ਮੁਸਲਮਾਨ ਸੀ। ਪੰਜ ਵਕਤ ਨਮਾਜ਼ ਪੜ੍ਹਦਾ ਸੀ। ਰੋਜ਼ੇ ਰੱਖਦਾ ਸੀ। ਵਿਹਲੇ ਸਮੇਂ ਤਸਬੀ (ਮਾਲਾ) ਫੇਰਦਾ ਸੀ ਜਾਂ ਕੁਰਾਨ ਸ਼ਰੀਫ਼ ਦਾ ਪਾਠ ਕਰਦਾ ਸੀ। ਉਹ ਹਰ ਕੰਮ ਵਿਚ ਸ਼ਰ੍ਹਾ ਦਾ ਪਾਬੰਦ ਸੀ। ਮਾਸ ਨਹੀਂ ਸੀ ਖਾਂਦਾ। ਸ਼ਰਾਬ ਨੂੰ ਹਰਾਮ ਸਮਝਦਾ ਸੀ। ਉਸ ਨੂੰ ਗੀਤ-ਸੰਗੀਤ ਤੇ ਸ਼ਾਇਰੀ ਨਾਲ ਨਫ਼ਰਤ ਸੀ। ਉਹ ਹੀਰੇ-ਮੋਤੀਆਂ ਦੇ ਅਡੰਬਰ ਤੋਂ ਉਪਰ ਉਠ ਚਿੱਟਾ ਲਿਬਾਸ

ਨਰਿੰਜਨ ਸਿੰਘ ਸਾਥੀ
ਫੋਨ: 91-98155-40968

ਪਹਿਨਦਾ ਸੀ। ਉਹ ਇਸਲਾਮ ਤੇ ਕੁਰਾਨ ਸ਼ਰੀਫ਼ ਦੀ ਸਿੱਖਿਆ ਨੂੰ ਸਰਬ-ਉਚ ਸਮਝਦਾ ਸੀ ਅਤੇ ਸਾਰੇ ਹਿੰਦੁਸਤਾਨ ਨੂੰ ਇਸਲਾਮੀ ਰੰਗ ਵਿਚ ਰੰਗਣਾ ਚਾਹੁੰਦਾ ਸੀ। ਆਪਣੇ ਆਸ਼ੇ ਦੀ ਪੂਰਤੀ ਲਈ ਉਹ ਪਾਪ ਨੂੰ ਵੀ ਪੁੰਨ ਸਮਝਦਾ ਸੀ। ਉਹ ਬੜਾ ਕਠੋਰ-ਚਿੱਤ ਬਾਪ ਸੀ। ਆਪਣੇ ਧੀਆਂ-ਪੁੱਤਰਾਂ ਨੂੰ ਕਿਸੇ ਸਧਾਰਨ ਜਿਹੀ ਗਲਤੀ ਲਈ ਵੀ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਤੋਂ ਸੰਕੋਚ ਨਹੀਂ ਸੀ ਕਰਦਾ ਪਰ ਇੱਕ ਵਾਰ ਔਰੰਗਜ਼ੇਬ ਦਾ ਦਿਲ ਪਰੀਆਂ ਜਿਹੇ ਇੱਕ ਚਿਹਰੇ 'ਤੇ ਇੰਜ ਪਿਘਲ ਗਿਆ ਕਿ ਉਸ ਦਾ ਧਰਮ-ਕਰਮ ਤੇ ਸ਼ਰੀਅਤ ਧਰੀ-ਧਰਾਈ ਰਹਿ ਗਈ। ਉਸ ਦਾ ਮੂੰਹ-ਜ਼ੋਰ ਦਿਲ ਉਸ ਨੂੰ ਖਿੱਚ ਕੇ ਆਪਣੇ ਸੁਹਾਵਣੇ ਰਾਹ 'ਤੇ ਲੈ ਗਿਆ।

ਔਰੰਗਜ਼ੇਬ, ਸ਼ਾਹਜਹਾਂ ਦੇ ਚਾਰ ਪੁੱਤਰਾਂ ਵਿਚੋਂ ਤੀਜੇ ਨੰਬਰ 'ਤੇ ਸੀ। ਸ਼ਾਹਜਹਾਂ ਨੇ ਉਸ ਨੂੰ ਦੋ ਵਾਰ ਦੱਖਣ ਦਾ ਸੂਬੇਦਾਰ ਬਣਾਇਆ ਅਤੇ ਉਹ ਬਾਦਸ਼ਾਹ ਨਹੀਂ ਸੀ ਬਣਿਆ, ਸ਼ਹਿਜ਼ਾਦਾ ਹੀ ਕਹਾਉਂਦਾ ਸੀ। ਸੰਨ 1653 ਵਿਚ ਉਸ ਨੂੰ ਦੂਜੀ ਵਾਰ ਦੱਖਣ ਦਾ ਸੂਬੇਦਾਰ ਬਣਾ ਕੇ ਭੇਜਿਆ ਗਿਆ। ਉਹ ਆਗਰੇ ਤੋਂ ਦੱਖਣ ਦੀ ਰਾਜਧਾਨੀ ਔਰੰਗਾਬਾਦ ਨੂੰ ਰਵਾਨਾ ਹੋਇਆ ਤਾਂ ਰਾਹ ਵਿਚ ਕੁਝ ਸਮੇਂ ਲਈ ਬੁਰਹਾਨਪੁਰ ਅਟਕ ਗਿਆ। ਬੁਰਹਾਨਪੁਰ ਦਰਿਆ ਤਾਪਤੀ ਦੇ ਕਿਨਾਰੇ ਵਸਿਆ ਚੰਗਾ ਸ਼ਹਿਰ ਸੀ। ਇਸ ਸ਼ਹਿਰ ਵਿਚ ਕਿਲਾ, ਮੁਗ਼ਲ ਅਹਿਲਕਾਰਾਂ ਦੀਆਂ ਹਵੇਲੀਆਂ ਅਤੇ ਦਰਿਆ ਤਾਪਤੀ ਦੇ ਕਿਨਾਰੇ ਕਈ ਬਾਗ਼-ਬਗੀਚੇ ਸਨ। ਨਦੀ ਦਾ ਕਿਨਾਰਾ ਹੋਣ ਕਰ ਕੇ ਜਲਵਾਯੂ ਸੁਹਾਵਣਾ ਸੀ। ਬੁਰਹਾਨਪੁਰ ਵਿਚ ਸ਼ਾਹਜਹਾਂ ਦੀ ਮਲਿਕਾ ਮੁਮਤਾਜ਼ ਮਹਿਲ ਦੀ ਭੈਣ ਤੇ ਔਰੰਗਜ਼ੇਬ ਦੀ ਮਾਸੀ ਨਜੀਬਾ ਬਾਨੋ ਬੇਗਮ ਅਤੇ ਉਸ ਦਾ ਖਾਵੰਦ ਮੀਰ ਖ਼ਲੀਲ ਖਾਨ ਜ਼ਮਾਂ ਰਹਿੰਦੇ ਸਨ। ਮੀਰ ਖ਼ਲੀਲ ਪਹਿਲਾਂ ਦੱਖਣ ਦੇ ਤੋਪਖਾਨੇ ਦਾ ਮੁਖੀ (ਮੀਰ ਆਤਿਸ਼) ਸੀ ਤੇ ਔਰੰਗਜ਼ੇਬ ਦੇ ਬੁਰਹਾਨਪੁਰ ਪਹੁੰਚਣ ਸਮੇਂ ਕੁਝ ਕਿਲਿਆਂ ਦਾ ਨਿਗਰਾਨ ਅਫ਼ਸਰ ਸੀ। ਮੀਰ ਖ਼ਲੀਲ ਦੀ ਹਵੇਲੀ ਦੇ ਬਾਗ਼ ਦਰਿਆ ਤਾਪਤੀ ਦੇ ਦੱਖਣੀ ਕਿਨਾਰੇ 'ਤੇ ਪਿੰਡ ਜੈਨਾਬਾਦ ਦੀ ਜੂਹ ਵਿਚ ਸਨ। ਔਰੰਗਜ਼ੇਬ ਬੁਰਹਾਨਪੁਰ ਪਹੁੰਚਾ ਤਾਂ ਮਾਸੀ ਨਜੀਬਾ ਬਾਨੋ ਨੇ ਭਾਣਜੇ ਦਾ ਸ਼ਾਨਦਾਰ ਸਵਾਗਤ ਕੀਤਾ ਅਤੇ ਮੀਰ ਖ਼ਲੀਲ ਵੀ ਸ਼ਾਹੀ ਮਹਿਮਾਨ ਦੇ ਘਰ ਆਉਣ 'ਤੇ ਬੜਾ ਖ਼ੁਸ਼ ਹੋਇਆ। ਮੁਗ਼ਲ ਅਹਿਲਕਾਰਾਂ ਦੀਆਂ ਹਵੇਲੀਆਂ ਸ਼ਾਹੀ ਮਹਿਲਾਂ ਤੋਂ ਘੱਟ ਨਹੀਂ ਸਨ। ਰਾਤ ਦੇ ਖਾਣੇ ਸਮੇਂ ਮੀਰ ਖ਼ਲੀਲ ਨੇ ਸ਼ਹਿਜ਼ਾਦਾ ਔਰੰਗਜ਼ੇਬ ਨੂੰ ਵਧੀਆ ਸ਼ਰਾਬ ਦਾ ਜਾਮ ਪੇਸ਼ ਕੀਤਾ ਤਾਂ ਸ਼ਹਿਜ਼ਾਦਾ ਇਕਦਮ ਤ੍ਰਭਕ ਕੇ ਬੋਲਿਆ, "ਮੌਸਾ ਜਾਨ, ਤੁਹਾਨੂੰ ਪਤਾ ਨਹੀਂ, ਮੈਂ ਸ਼ਰਾਬ ਨਹੀਂ ਪੀਂਦਾ। ਇਸਲਾਮ ਸ਼ਰਾਬ ਦੀ ਇਜਾਜ਼ਤ ਨਹੀਂ ਦਿੰਦਾ।" ਮੀਰ ਖ਼ਲੀਲ ਨੇ ਖ਼ਾਤਰਦਾਰੀ ਦੇ ਖ਼ਿਆਲ ਨਾਲ ਇੱਕ-ਦੋ ਵਾਰ ਫਿਰ ਕਿਹਾ ਤਾਂ ਉਸ ਨੇ ਪੱਕੀ ਨਾਂਹ ਕਰ ਦਿੱਤੀ। ਔਰੰਗਜ਼ੇਬ ਨੇ ਸਾਦਾ ਖਾਣਾ ਖਾਧਾ। ਕੁਝ ਰਾਜ ਪ੍ਰਬੰਧ ਦੀਆਂ ਗੱਲਾਂ ਹੋਈਆਂ ਤੇ ਫਿਰ ਮਹਿਮਾਨ ਤੇ ਮੇਜ਼ਬਾਨ ਰਾਤ ਦੇ ਆਰਾਮ ਲਈ ਉਠ ਗਏ।

ਅਗਲੇ ਦਿਨ ਦੁਪਹਿਰ ਤੋਂ ਬਾਅਦ ਔਰੰਗਜ਼ੇਬ ਆਪਣੇ ਕੁਝ ਅਹਿਲਕਾਰ ਸਾਥੀਆਂ ਨਾਲ ਬਾਗ਼ ਦੀ ਸੈਰ ਕਰਨ ਗਿਆ। ਬਾਗ਼ ਦੀ ਹਰਿਆਲੀ, ਪੰਛੀਆਂ ਦੀ ਚਹਿਕ ਤੇ ਫੁੱਲਾਂ ਦੀ ਮਹਿਕ ਨੇ ਸ਼ਹਿਜ਼ਾਦੇ ਦਾ ਮਨ ਮੁਲਾਇਮ ਕਰ ਦਿੱਤਾ। ਚੜ੍ਹਦੀ ਉਮਰ ਵਿਚ ਔਰੰਗਜ਼ੇਬ ਦਾ ਕੱਦ ਲੰਮਾ, ਸਰੀਰ ਪਤਲਾ, ਰੰਗ ਗੋਰਾ ਤੇ ਨੈਣ-ਨਕਸ਼ ਤਿੱਖੇ ਸਨ। ਬਾਗ਼ ਵਿਚ ਟਹਿਲਦੇ ਸ਼ਹਿਜ਼ਾਦੇ ਦੇ ਕੰਨਾਂ ਵਿਚ ਪਹਿਲਾਂ ਸੁਰੀਲੇ ਗੀਤ ਦੀ ਆਵਾਜ਼ ਪਈ ਅਤੇ ਫਿਰ ਛੇਤੀ ਹੀ ਹਾਸਾ ਛਣਕਿਆ। ਥੋੜ੍ਹਾ ਜਿਹਾ ਪਰ੍ਹੇ ਕੁੜੀਆਂ ਦੀ ਟੋਲੀ ਘਾਹ ਦੇ ਹਰੇ ਵਿਛਾਉਣੇ 'ਤੇ ਟਹਿਲ ਰਹੀ ਸੀ। ਉਨ੍ਹਾਂ ਨੂੰ ਕੋਈ ਖ਼ਬਰ ਨਹੀਂ ਸੀ ਕਿ ਉਨ੍ਹਾਂ ਨੂੰ ਕੋਈ ਦੇਖ ਰਿਹਾ ਹੈ। ਆਪਣੇ ਆਪ ਵਿਚ ਮਸਤ ਉਹ ਹਾਸਾ-ਠੱਠਾ ਕਰ ਰਹੀਆਂ ਸਨ। ਉਨ੍ਹਾਂ ਵਿਚੋਂ ਇੱਕ ਕੁੜੀ ਦੀ ਨੁਹਾਰ ਕੁਝ ਵੱਖਰੀ ਸੀ। ਖ਼ੂਬਸੂਰਤ ਤਾਂ ਉਹ ਸਾਰੀਆਂ ਸਨ ਪਰ ਉਹ ਖ਼ੂਬਸੂਰਤਾਂ ਵਿਚੋਂ ਵੀ ਖ਼ੂਬਸੂਰਤ ਸੀ। ਚੰਚਲ ਤੇ ਸ਼ੋਖ। ਉਸ ਦੀ ਚਾਲ-ਢਾਲ ਵਿਚ ਕੋਈ ਜਾਦੂ ਸੀ। ਉਹ ਅੰਬ ਦੀ ਟਹਿਣੀ ਨਾਲ ਲਟਕਦਾ ਫਲ ਤੋੜਨ ਦੀ ਵਾਰ-ਵਾਰ ਕੋਸ਼ਿਸ਼ ਕਰ ਰਹੀ ਸੀ। ਔਰੰਗਜ਼ੇਬ ਉਸ ਨੂੰ ਟਿਕਟਿਕੀ ਬੰਨ੍ਹ ਕੇ ਦੇਖ ਰਿਹਾ ਸੀ। ਆਖ਼ਰ ਉਸ ਜੋਬਨ ਮੱਤੀ ਮੁਟਿਆਰ ਨੇ ਕੁਝ ਜ਼ੋਰ ਨਾਲ ਉਛਲ ਕੇ ਉਹ ਰਸੀਲਾ ਅੰਬ ਤੋੜ ਲਿਆ। ਚੰਚਲ ਕੁੜੀ ਦੀ ਇਸ ਮਨਮੋਹਣੀ ਅਦਾ ਨੇ ਔਰੰਗਜ਼ੇਬ 'ਤੇ ਜਾਦੂ ਕਰ ਦਿੱਤਾ। ਉਹ ਬੇਸੁਰਤਾਂ ਵਾਂਗ ਧਰਤੀ 'ਤੇ ਬੈਠ ਗਿਆ। ਉਸ ਦੀ ਜ਼ਬਾਨ ਬੰਦ ਹੋ ਗਈ। ਉਸ ਦੇ ਮਿੱਤਰ ਉਸ ਨੂੰ ਚੁੱਕ ਕੇ ਹਵੇਲੀ ਵਿਚ ਲੈ ਆਏ। ਸ਼ਹਿਜ਼ਾਦੇ ਦੀ ਬੇਹੋਸ਼ੀ ਦੀ ਖ਼ਬਰ ਸਾਰੀ ਹਵੇਲੀ ਵਿਚ ਉਡ ਗਈ। ਉਸ ਦੀ ਮਾਸੀ ਦੌੜੀ-ਦੌੜੀ ਆਈ, "ਕੀ ਹੋਇਆ, ਮੇਰੀ ਭੈਣ-ਜਾਏ ਸ਼ਹਿਜ਼ਾਦੇ ਨੂੰ?" ਉਹ ਔਰੰਗਜ਼ੇਬ ਦੇ ਗਲ ਨਾਲ ਲਿਪਟ ਗਈ। ਔਰੰਗਜ਼ੇਬ ਚੁੱਪ ਸੀ। ਕੋਈ ਪਾਣੀ ਪਿਆ ਰਿਹਾ ਸੀ। ਕੋਈ ਪੱਖਾ ਝੱਲ ਰਿਹਾ ਸੀ। ਲੰਮੀ ਚੁੱਪ ਤੋਂ ਬਾਅਦ ਔਰੰਗਜ਼ੇਬ ਕੁਝ ਸੰਭਲਿਆ ਤੇ ਬੋਲਿਆ, "ਮਾਸੀ, ਉਹ ਕੁੜੀ ਕੌਣ ਸੀ?" ਸਭ ਨੇ ਸੁੱਖ ਦਾ ਸਾਹ ਲਿਆ। ਮਾਸੀ ਬੋਲੀ, "ਵੇ ਕਿਹੜੀ ਕੁੜੀ?"

"ਉਹ ਜਿਹੜੀ ਬਾਗ਼ ਵਿਚ ਗਾਉਂਦੀ ਸੀ।" ਔਰੰਗਜ਼ੇਬ ਨੇ ਕਿਹਾ।

ਨਜੀਬਾ ਬਾਨੋ ਨੇ ਮਨ ਹੀ ਮਨ ਕਿਹਾ, "ਇਨ੍ਹਾਂ ਮੁਗ਼ਲਾਂ ਨੂੰ ਸੋਹਣੀਆਂ ਕੁੜੀਆਂ 'ਤੇ ਮਰਨ ਦੀ ਬਿਮਾਰੀ ਹੈ।" (ਨਜੀਬਾ ਬਾਨੋ, ਮੁਮਤਾਜ਼ ਮਹਿਲ ਤੇ ਨੂਰ ਜਹਾਂ ਦੇ ਬਾਪ-ਦਾਦੇ ਆਸਫ਼ ਖਾਨ ਤੇ ਗਿਆਸ ਬੇਗ ਇਰਾਨ ਦੇ ਸ਼ੀਆ ਮੁਸਲਮਾਨ ਸਨ।)

ਨਜੀਬਾ ਬਾਨੋ ਨੇ ਹਵੇਲੀ ਵਿਚ ਰਹਿੰਦੀਆਂ ਨੱਚਣ-ਗਾਉਣ ਵਾਲੀਆਂ ਕੁੜੀਆਂ ਨੂੰ ਪੁੱਛਿਆ ਤਾਂ ਪਤਾ ਲੱਗਾ ਕਿ ਔਰੰਗਜ਼ੇਬ 'ਤੇ ਹੀਰਾ ਬਾਈ ਦੇ ਹੁਸਨ ਦਾ ਜਾਦੂ ਚੱਲ ਗਿਆ ਹੈ।

ਮੀਰ ਖ਼ਲੀਲ ਆਮ ਮੁਗ਼ਲਾਂ ਵਾਂਗ ਰੰਗੀਨ ਮਿਜ਼ਾਜ ਤੇ ਅੱਯਾਸ਼ ਆਦਮੀ ਸੀ। ਉਸ ਨੇ ਕਈ ਨ੍ਰਿਤਕੀਆਂ ਤੇ ਰਖੇਲਾਂ ਰੱਖੀਆਂ ਹੋਈਆਂ ਸਨ। ਹੀਰਾ ਬਾਈ ਬਨਾਰਸ ਤੋਂ ਲਿਆਂਦੀ ਹਿੰਦੂ ਨ੍ਰਿਤਕੀ ਸੀ। ਉਸ ਦੀ ਆਵਾਜ਼ ਵਿਚ ਜਲ-ਤਰੰਗ ਦੇ ਸੁਰ ਬੋਲਦੇ ਸਨ। ਉਸ ਦਾ ਗਾਇਨ ਤੇ ਨ੍ਰਿਤ ਸਰੋਤੇ ਨੂੰ ਸੁਰ-ਤਾਲ ਦੀ ਲਹਿਰਾਉਂਦੀ ਦੁਨੀਆਂ ਵਿਚ ਲੈ ਜਾਂਦੇ ਸਨ। ਮੀਰ ਖ਼ਲੀਲ ਨੇ ਸ਼ਹਿਜ਼ਾਦੇ ਦੇ ਸੁਆਗਤ ਵਿਚ ਰਾਗ-ਰੰਗ ਦੀ ਮਹਿਫ਼ਿਲ ਸਜਾਈ। ਬਾਗ਼ ਵਿਚ ਵਾਪਰੀ ਘਟਨਾ ਨੇ ਔਰੰਗਜ਼ੇਬ ਦੀਆਂ ਕੱਸੀਆਂ ਹੋਈਆਂ ਮਨ ਤਰੰਗਾਂ ਨੂੰ ਕੁਝ ਢਿੱਲਾ ਕਰ ਦਿੱਤਾ ਸੀ। ਉਹ ਮਹਿਫ਼ਿਲ ਵਿਚ ਜਾਣ ਲਈ ਰਾਜ਼ੀ ਹੋ ਗਿਆ। ਉਸ ਨੇ ਗਾਉਂਦੀ ਤੇ ਚਹਿ-ਚਹਾਉਂਦੀ ਹੀਰਾ ਨੂੰ ਤਾਂ ਦੇਖ ਲਿਆ ਸੀ, ਹੁਣ ਉਸ ਦੇ ਥਿਰਕਦੇ ਨਾਜ਼ੁਕ ਪੈਰਾਂ ਦਾ ਜਾਦੂ ਦੇਖਣਾ ਚਾਹੁੰਦਾ ਸੀ। ਦਿਲਕਸ਼ ਪਹਿਰਾਵੇ ਵਿਚ ਹੀਰਾ ਬਾਈ ਮੰਚ 'ਤੇ ਆਈ ਤਾਂ ਔਰੰਗਜ਼ੇਬ ਦੀਆਂ ਨਜ਼ਰਾਂ ਉਸ ਉਤੇ ਟਿਕ ਗਈਆਂ। ਨ੍ਰਿਤ ਨੂੰ ਤਾਲ ਦਿੰਦੇ ਹੀਰਾ ਦੇ ਪੈਰ ਜਿਧਰ ਜਾਂਦੇ ਸਨ, ਔਰੰਗਜ਼ੇਬ ਦੀ ਨਜ਼ਰ ਵੀ ਉਨ੍ਹਾਂ ਦੇ ਨਾਲ-ਨਾਲ ਘੁੰਮਦੀ ਸੀ। ਹੀਰਾ ਬਾਈ ਦੇ ਰੰਗ-ਰੂਪ ਤੇ ਕਲਾ ਨੇ ਔਰੰਗਜ਼ੇਬ ਨੂੰ ਦੀਵਾਨਾ ਕਰ ਦਿੱਤਾ ਸੀ। ਰਾਤ ਭਰ ਉਸ ਨੂੰ ਹੀਰਾ ਬਾਈ ਦੇ ਸੁਪਨੇ ਹੀ ਆਉਂਦੇ ਰਹੇ।

ਦਿਨ ਚੜ੍ਹਿਆ ਤਾਂ ਔਰੰਗਜ਼ੇਬ ਖ਼ੁਦ ਆਪਣੀ ਮਾਸੀ ਦੇ ਕਮਰੇ ਵਿਚ ਗਿਆ। "ਮੌਸੀ ਜਾਨ, ਮੇਰੀ ਇੱਕ ਮੰਗ ਹੈ ਜੋ ਤੁਹਾਨੂੰ ਜ਼ਰੂਰ ਪੂਰੀ ਕਰਨੀ ਹੋਵੇਗੀ।" ਨਜੀਬਾ ਬਾਨੋ ਆਪਣੇ ਸ਼ਹਿਜ਼ਾਦੇ ਭਾਣਜੇ ਦੀ ਹਰ ਗੱਲ ਮੰਨਣ ਨੂੰ ਤਿਆਰ ਸੀ। ਉਹ ਬੋਲੀ, "ਦੱਸ ਪੁੱਤਰ, ਤੈਨੂੰ ਕੀ ਚਾਹੀਦਾ ਹੈ?"

"ਮੌਸੀ ਜਾਨ, ਮੈਨੂੰ ਹੀਰਾ ਬਾਈ ਦੇ ਦਿਓ।" ਔਰੰਗਜ਼ੇਬ ਨੇ ਬਿਨਾਂ ਝਿਜਕ ਆਪਣੇ ਦਿਲ ਦੀ ਗੱਲ ਕਹਿ ਦਿੱਤੀ।

ਔਰੰਗਜ਼ੇਬ ਦੀ ਮੰਗ ਸੁਣ ਕੇ ਨਜੀਬਾ ਬੇਗਮ ਦਾ ਸਿਰ ਚਕਰਾ ਗਿਆ। ਤੜਫ ਕੇ ਬੋਲੀ, "ਸ਼ਹਿਜ਼ਾਦੇ, ਇਹ ਤਾਂ ਸ਼ੇਰ ਦੇ ਮੂੰਹ ਵਿਚੋਂ ਹੱਡੀ ਕੱਢਣ ਵਾਲੀ ਗੱਲ ਹੈ। ਹੀਰਾ ਬਾਈ ਵਿਚ ਤੇਰੇ ਮੌਸਾ ਦੀ ਜਾਨ ਹੈ, ਉਹ ਉਸ ਨੂੰ ਕਿਸੇ ਤਰ੍ਹਾਂ ਵੀ ਛੱਡ ਨਹੀਂ ਸਕਦਾ।"

ਹੁਣ ਹਾਲਤ ਇਹ ਹੋ ਗਈ ਸੀ ਕਿ ਜੇ ਮੀਰ ਖ਼ਲੀਲ ਹੀਰਾ ਨੂੰ ਛੱਡ ਨਹੀਂ ਸਕਦਾ ਸੀ ਤਾਂ ਔਰੰਗਜ਼ੇਬ ਵੀ ਹੀਰਾ ਬਾਈ ਤੋਂ ਬਿਨਾਂ ਜੀਅ ਨਹੀਂ ਸੀ ਸਕਦਾ। ਉਹ ਉਦਾਸ ਚਿੱਤ ਆਪਣੀ ਮਾਸੀ ਦੇ ਘਰੋਂ ਮੁੜ ਆਇਆ।

ਮੁਰਸ਼ਦ ਕੁਲੀ ਖਾਨ ਨੂੰ ਔਰੰਗਜ਼ੇਬ ਦੇ ਨਾਲ ਹੀ ਦੱਖਣ ਦਾ ਦੀਵਾਨ ਨਿਯੁਕਤ ਕੀਤਾ ਗਿਆ ਸੀ। ਉਹ ਔਰੰਗਜ਼ੇਬ ਦਾ ਬੜਾ ਵਫ਼ਾਦਾਰ ਸਾਥੀ ਸੀ। ਔਰੰਗਜ਼ੇਬ ਨੇ ਉਸ ਨੂੰ ਸਾਰੀ ਗੱਲ ਦੱਸੀ ਅਤੇ ਆਖਿਆ, "ਤੂੰ ਮੇਰੇ ਮੌਸਾ ਕੋਲ ਜਾਹ। ਬੜੇ ਅਦਬ-ਅਦਾਬ ਨਾਲ ਆਖੀਂ, ਜਦੋਂ ਤੋਂ ਸ਼ਹਿਜ਼ਾਦਾ ਸਾਹਿਬ ਨੇ ਹੀਰਾ ਬਾਈ ਨੂੰ ਦੇਖਿਆ ਹੈ, ਉਦੋਂ ਤੋਂ ਹੀ ਸੁੱਧ-ਬੁੱਧ ਭੁੱਲ ਬੈਠੇ ਹਨ। ਉਨ੍ਹਾਂ ਦੀ ਮਰਜ਼ ਦਾ ਇਲਾਜ ਸਿਰਫ਼ ਹੀਰਾ ਬਾਈ ਹੈ। ਜੇ ਤੁਸੀਂ ਉਸ ਨੂੰ ਸ਼ਹਿਜ਼ਾਦੇ ਦੇ ਹਰਮ ਵਿਚ ਭੇਜ ਦਿਓ ਤਾਂ ਬਹੁਤ ਮਿਹਰਬਾਨੀ ਹੋਵੇਗੀ।"

ਮੁਰਸ਼ਦ ਕੁਲੀ ਖਾਨ ਦੀ ਗੱਲ ਸੁਣ ਕੇ ਇੱਕ ਵਾਰ ਤਾਂ ਮੀਰ ਖ਼ਲੀਲ ਦੇ ਭਰਵੱਟੇ ਤਣ ਗਏ। ਫਿਰ ਉਹ ਮਨ ਹੀ ਮਨ ਸੋਚਣ ਲੱਗਿਆ ਕਿ ਬੇਸ਼ੱਕ ਮੈਂ ਬਾਦਸ਼ਾਹ ਦਾ ਰਿਸ਼ਤੇਦਾਰ ਹਾਂ ਪਰ ਹਾਂ ਤਾਂ ਸਰਕਾਰੀ ਨੌਕਰ ਹੀ। ਸ਼ਹਿਜ਼ਾਦੇ ਨੂੰ ਕਿਸੇ ਗੱਲੋਂ ਨਾਂਹ ਕਰਨੀ ਦੂਰਅੰਦੇਸ਼ੀ ਨਹੀਂ ਹੋਵੇਗੀ। ਕੁਝ ਦੇਰ ਚੁੱਪ ਰਹਿ ਕੇ ਮੀਰ ਖ਼ਲੀਲ ਬੋਲਿਆ, "ਕੋਈ ਗੱਲ ਨਹੀਂ, ਸ਼ਹਿਜ਼ਾਦੇ ਦੀ ਖ਼ੁਸ਼ੀ ਵਿਚ ਹੀ ਸਾਡੀ ਖ਼ੁਸ਼ੀ ਹੈ। ਅਸੀਂ ਆਪਣੀ-ਆਪਣੀ ਪਸੰਦ ਦਾ ਵਟਾਂਦਰਾ ਕਰ ਲੈਂਦੇ ਹਾਂ।"

ਮੁਰਸ਼ਦ ਕੁਲੀ ਨੇ ਹੈਰਾਨ ਹੁੰਦਿਆਂ ਪੁੱਛਿਆ, "ਜਨਾਬ ਕੀ ਕਹਿਣਾ ਚਾਹੁੰਦੇ ਹਨ?" ਮੀਰ ਖ਼ਲੀਲ ਨਿੰਮਾ ਜਿਹਾ ਮੁਸਕਰਾ ਕੇ ਬੋਲਿਆ, "ਸ਼ਹਿਜ਼ਾਦਾ ਸਾਹਿਬ ਆਪਣੇ ਹਰਮ ਦੀ ਸੁੰਦਰੀ ਚਤਰ ਬਾਈ ਨੂੰ ਮੇਰੇ ਹਰਮ ਵਿਚ ਭੇਜ ਦੇਣ ਤੇ ਹੀਰਾ ਬਾਈ ਸ਼ਹਿਜ਼ਾਦਾ ਸਾਹਿਬ ਪਾਸ ਚਲੀ ਜਾਏਗੀ।"

ਮੁਰਸ਼ਦ ਕੁਲੀ ਖਾਨ ਖ਼ੁਸ਼ੀ ਨਾਲ ਬਾਵਰਾ ਹੋ ਗਿਆ। ਉਸ ਨੂੰ ਉਮੀਦ ਨਹੀਂ ਸੀ ਕਿ ਏਨਾ ਜੋਖ਼ਮ ਭਰਿਆ ਕੰਮ ਏਨੀ ਆਸਾਨੀ ਨਾਲ ਹੱਲ ਹੋ ਜਾਏਗਾ। ਉਹ ਨੱਸਾ-ਨੱਸਾ ਔਰੰਗਜ਼ੇਬ ਕੋਲ ਗਿਆ ਤੇ ਮੌਸਾ ਖ਼ਲੀਲ ਦੀ ਤਜਵੀਜ਼ ਉਸ ਨੂੰ ਦੱਸੀ। ਔਰੰਗਜ਼ੇਬ ਆਮ ਤੌਰ 'ਤੇ ਕਦੇ ਆਪਣੇ ਦਿਲ ਦੇ ਭਾਵ ਆਪਣੇ ਚਿਹਰੇ 'ਤੇ ਨਹੀਂ ਸੀ ਆਉਣ ਦਿੰਦਾ ਪਰ ਮੁਰਸ਼ਦ ਕੁਲੀ ਦੇ ਮੂੰਹੋਂ ਇਹ ਖ਼ਬਰ ਸੁਣ ਕੇ ਉਸ ਦਾ ਚਿਹਰਾ ਗੁਲਾਬ ਦੇ ਫੁੱਲ ਵਾਂਗ ਖਿੜ ਗਿਆ। ਉਸੇ ਸ਼ਾਮ ਸੁਨਹਿਰੀ ਪਾਲਕੀ ਵਿਚ ਹੀਰਾ ਬਾਈ ਔਰੰਗਜ਼ੇਬ ਦੇ ਹਰਮ 'ਚ ਆ ਗਈ ਤੇ ਉਸੇ ਪਾਲਕੀ ਵਿਚ ਬੈਠ ਕੇ ਔਰੰਗਜ਼ੇਬ ਦੀ ਕਨੀਜ਼ ਚਤਰ ਬਾਈ ਮੀਰ ਖ਼ਲੀਲ ਦੇ ਜ਼ਨਾਨਖਾਨੇ ਵਿਚ ਚਲੀ ਗਈ।

ਔਰੰਗਜ਼ੇਬ ਲਈ ਤਾਂ ਜਿਵੇਂ ਆਸਮਾਨ ਦਾ ਚੰਦ ਉਸ ਕੋਲ ਆ ਗਿਆ ਸੀ। ਸਜੀ-ਸੰਵਰੀ ਹੀਰਾ ਬਾਈ ਉਸ ਦੇ ਕੋਲ ਬੈਠੀ ਸੀ। ਹੀਰਾ ਬਾਈ ਵੀਹ-ਬਾਈ ਸਾਲ ਦੀ ਖ਼ੂਬਸੂਰਤ ਨ੍ਰਿਤਕੀ ਸੀ। ਉਸ ਦੀ ਹਰ ਗੱਲ ਵਿਚ ਅਦਾ ਸੀ। ਉਸ ਦੀ ਆਵਾਜ਼ ਤੇ ਉਸ ਦੇ ਪੈਰਾਂ ਵਿਚ ਨ੍ਰਿਤ ਦੇ ਸਾਰੇ ਤਾਲ ਥਿਰਕਦੇ ਸਨ। ਹੀਰਾ ਬਾਈ ਨੂੰ ਪਾ ਕੇ ਔਰੰਗਜ਼ੇਬ ਨੂੰ ਬਹਿਸ਼ਤ ਦੀਆਂ ਹੂਰਾਂ ਭੁੱਲ ਗਈਆਂ।



ਪੰਜ ਵਕਤ ਦੇ ਨਮਾਜ਼ੀ ਸ਼ਹਿਜ਼ਾਦੇ ਨੂੰ ਸ਼ਰ੍ਹਾ-ਸ਼ਰੀਅਤ ਭੁੱਲ ਗਈ। ਗਾਉਂਦੀ ਤੇ ਨੱਚਦੀ ਹੀਰਾ ਬਾਈ ਕਿਸੇ ਰੱਬੀ ਕਰਾਮਾਤ ਤੋਂ ਘੱਟ ਨਹੀਂ ਸੀ। ਜਿਸ ਸ਼ਾਮ ਹੀਰਾ ਬਾਈ ਥੋੜ੍ਹੀ ਜਿਹੀ ਸੁਰਖ਼ ਸ਼ਰਾਬ ਚੱਖ ਲੈਂਦੀ, ਉਸ ਦੀਆਂ ਬਦਾਮੀ ਅੱਖਾਂ ਨਰਗਸ ਦੇ ਅੱਧ-ਖਿੜੇ ਫੁੱਲਾਂ ਵਰਗੀਆਂ ਹੋ ਜਾਂਦੀਆਂ। ਸਾਰੇ ਦੱਖਣ 'ਤੇ ਰਾਜ ਕਰਨ ਵਾਲਾ ਸ਼ਹਿਜ਼ਾਦਾ, ਹੀਰਾ ਬਾਈ ਦੇ ਹੁਸਨ ਦਾ ਗ਼ੁਲਾਮ ਹੋ ਗਿਆ ਸੀ। ਆਗਰੇ ਤੋਂ ਸ਼ਹਿਜ਼ਾਦੇ ਨਾਲ ਆਏ ਅਹਿਲਕਾਰ ਹੈਰਾਨ ਸਨ ਕਿ ਸ਼ਹਿਜ਼ਾਦੇ ਨੂੰ ਹੋ ਕੀ ਗਿਆ ਹੈ? ਸਾਰਾ ਸਰਕਾਰੀ ਕਾਰੋਬਾਰ ਠੱਪ ਹੋ ਗਿਆ ਸੀ। ਰਾਜ ਪ੍ਰਬੰਧ ਦੇ ਸਾਰੇ ਕੰਮ ਰੁਕ ਗਏ ਸਨ। ਜਿਸ ਦਿਨ ਦੀ ਹੀਰਾ ਆਈ ਸੀ, ਉਸ ਦਿਨ ਤੋਂ ਸ਼ਹਿਜ਼ਾਦਾ ਆਪਣੇ ਮਹਿਲ ਤੋਂ ਬਾਹਰ ਨਹੀਂ ਸੀ ਨਿਕਲਿਆ। ਆਗਰੇ ਤੋਂ ਔਰੰਗਜ਼ੇਬ ਦੇ ਪਰਿਵਾਰ ਨੂੰ ਬੁਰਹਾਨਪੁਰ ਆਇਆਂ ਕਈ ਦਿਨ ਹੋ ਗਏ ਸਨ। ਦੋ ਪਤਨੀਆਂ ਤੇ ਛੇ ਬੱਚੇ ਪਰ ਔਰੰਗਜ਼ੇਬ ਪਾਸ ਆਪਣੇ ਪਰਿਵਾਰ ਨੂੰ ਮਿਲਣ ਦੀ ਫ਼ੁਰਸਤ ਨਹੀਂ ਸੀ।

ਕੁਝ ਮਹੀਨੇ ਬੁਰਹਾਨਪੁਰ ਵਿਚ ਪੜਾਅ ਕਰ ਕੇ ਔਰੰਗਜ਼ੇਬ ਦਾ ਅਮਲਾ-ਫੈਲਾ ਤੇ ਪਰਿਵਾਰ ਔਰੰਗਾਬਾਦ ਪਹੁੰਚ ਗਿਆ। ਔਰੰਗਾਬਾਦ ਵਿਚ ਦੋਵਾਂ ਬੇਗ਼ਮਾਂ ਦੀਆਂ ਵੱਖ-ਵੱਖ ਹਵੇਲੀਆਂ ਸਨ। ਔਰੰਗਜ਼ੇਬ ਦਾ ਦਰਬਾਰ ਆਲੀਸ਼ਾਨ ਮਹਿਲ ਵਿਚ ਲੱਗਦਾ ਸੀ। ਹੀਰਾ ਬਾਈ ਲਈ ਬਹੁਤ ਹੀ ਖ਼ੂਬਸੂਰਤ ਹਵੇਲੀ ਦੀ ਚੋਣ ਕੀਤੀ ਗਈ ਜਿਸ ਦਾ ਵਾਤਾਵਰਨ ਫੁੱਲ-ਬੂਟਿਆਂ ਦੀ ਸੁਗੰਧੀ ਨਾਲ ਮਹਿਕਿਆ ਰਹਿੰਦਾ ਸੀ। ਔਰੰਗਜ਼ੇਬ ਆਪਣੇ ਦਰਬਾਰ 'ਚੋਂ ਉਠਦਾ ਤੇ ਸਿੱਧਾ ਹੀਰਾ ਬਾਈ ਦੀ ਹਵੇਲੀ ਵਿਚ ਚਲਾ ਜਾਂਦਾ। ਹੀਰਾ ਬਾਈ ਦੀ ਹਵੇਲੀ ਔਰੰਗਜ਼ੇਬ ਲਈ ਸਵਰਗ ਦਾ ਟੁਕੜਾ ਸੀ। ਉਸ ਦਾ ਸੌਣਾ-ਜਾਗਣਾ ਤੇ ਖਾਣਾ-ਪੀਣਾ ਇਸੇ ਹਵੇਲੀ ਵਿਚ ਹੁੰਦਾ ਸੀ। ਉਹ ਰੰਗੀਨ ਤੇ ਹੁਸੀਨ ਸੁਪਨੇ ਵਿਚ ਜੀਅ ਰਿਹਾ ਸੀ। ਹੀਰਾ ਬਾਈ ਨੂੰ ਉਸ ਨੇ ਸਭ ਤੋਂ ਪਹਿਲਾਂ ਤਾਪਤੀ ਨਦੀ ਕਿਨਾਰੇ ਜੈਨਾਬਾਦ ਦੇ ਬਾਗ਼ ਵਿਚ ਦੇਖਿਆ ਸੀ। ਇਸ ਲਈ ਉਹ ਉਸ ਨੂੰ 'ਜੈਨਾਬਾਦੀ ਬੇਗ਼ਮ' ਕਹਿ ਕੇ ਬੁਲਾਉਂਦਾ ਸੀ। ਸਾਰਾ ਬੁਰਹਾਨਪੁਰ ਤੇ ਸਾਰਾ ਔਰੰਗਾਬਾਦ ਜੇ ਜੈਨਾਬਾਦੀ ਤੇ ਔਰੰਗਜ਼ੇਬ ਬਾਰੇ ਗੱਲਾਂ ਕਰਦਾ ਸੀ ਤਾਂ ਔਰੰਗਜ਼ੇਬ ਨੂੰ ਇਸ ਦੀ ਕੋਈ ਪਰਵਾਹ ਨਹੀਂ ਸੀ। ਇਸਲਾਮ ਦੇ ਕਈ ਦਾਅਵੇਦਾਰ ਜੋ ਔਰੰਗਜ਼ੇਬ 'ਤੇ ਬਹੁਤ ਮਾਣ ਕਰਦੇ ਸਨ, ਉਸ ਦੀ ਇਸ ਹਰਕਤ ਤੋਂ ਬੜੇ ਪ੍ਰੇਸ਼ਾਨ ਸਨ।

ਕੁਝ ਸਮਕਾਲੀ ਤੇ ਮਗਰਲੇ ਇਤਿਹਾਸਕਾਰ ਲਿਖਦੇ ਹਨ ਕਿ ਆਖ਼ਰ ਇਸ ਪ੍ਰੇਮ ਕਹਾਣੀ ਦੀ ਖ਼ਬਰ ਆਗਰੇ ਵਿਚ ਬਾਦਸ਼ਾਹ ਸ਼ਾਹਜਹਾਂ ਤਕ ਵੀ ਪਹੁੰਚ ਗਈ। ਦਾਰਾ ਸ਼ਿਕੋਹ ਤੇ ਔਰੰਗਜ਼ੇਬ, ਦੋਵਾਂ ਭਰਾਵਾਂ ਵਿਚ ਇੱਟ-ਕੁੱਤੇ ਦਾ ਵੈਰ ਸੀ। ਦਾਰਾ ਸ਼ਿਕੋਹ ਨੇ ਇੱਕ ਦਿਨ ਬਾਦਸ਼ਾਹ ਨੂੰ ਕਿਹਾ, "ਦੇਖ ਲਓ ਅੱਬਾ ਹਜ਼ੂਰ! ਆਪਣੇ ਨਮਾਜ਼ੀ ਤੇ ਪਾਖੰਡੀ ਸ਼ਹਿਜ਼ਾਦੇ ਦੀ ਕਰਤੂਤ। ਬੜਾ ਮੋਮਨ ਬਣਿਆ ਫਿਰਦਾ ਸੀ, ਹੁਣ ਨੱਚਣ ਵਾਲੀ ਕੁੜੀ 'ਤੇ ਆਪਣਾ ਸਭ ਕੁਝ ਲੁਟਾ ਰਿਹਾ ਹੈ।"

ਇੱਕ ਦਿਨ ਬੜੀ ਅਜੀਬ ਗੱਲ ਹੋਈ। ਰਾਤ ਦੇ ਖਾਣੇ ਦਾ ਵਕਤ ਹੋਇਆ ਤਾਂ ਜੈਨਾਬਾਦੀ ਨੇ ਮੇਜ਼ ਉਤੇ ਬੋਤਲ ਅਤੇ ਦੋ ਗਲਾਸ ਰੱਖ ਦਿੱਤੇ। ਦੋਵਾਂ ਗਲਾਸਾਂ ਵਿਚ ਥੋੜ੍ਹੀ-ਥੋੜ੍ਹੀ ਸ਼ਰਾਬ ਪਾਈ ਤੇ ਬੋਲੀ, "ਇੱਕ ਗਲਾਸ ਤੁਹਾਡਾ, ਇੱਕ ਮੇਰਾ।" ਔਰੰਗਜ਼ੇਬ ਅਹਿਲ ਬੈਠਾ ਰਿਹਾ। ਉਹ ਹੀਰਾ ਬਾਈ ਦੀਆਂ ਅੱਖਾਂ 'ਚੋਂ ਤਾਂ ਪੀ ਸਕਦਾ ਸੀ ਪਰ ਗਲਾਸ ਵਿਚੋਂ ਨਹੀਂ। ਹੀਰਾ ਬਾਈ ਨੇ ਕਈ ਵਾਰ ਕਿਹਾ ਪਰ ਔਰੰਗਜ਼ੇਬ ਨੇ ਗਲਾਸ ਨੂੰ ਹੱਥ ਨਹੀਂ ਲਾਇਆ। ਹੀਰਾ ਬਾਈ ਗਲਾਸ ਚੁੱਕ ਕੇ ਔਰੰਗਜ਼ੇਬ ਦੇ ਹੋਠਾਂ ਤਕ ਲੈ ਗਈ। "ਸਿਰਫ਼ ਇੱਕ ਘੁੱਟ ਮੇਰੇ ਆਸ਼ਨਾ, ਇੱਕ ਘੁੱਟ।" ਆਖ਼ਰ ਹੀਰਾ ਬਾਈ ਦੇ ਹਠ ਅੱਗੇ ਔਰੰਗਜ਼ੇਬ ਦੀ ਨਾਂਹ ਹਾਰ ਗਈ। ਉਸ ਨੇ ਹੀਰਾ ਬਾਈ ਦੇ ਹੱਥੋਂ ਗਲਾਸ ਫੜ ਲਿਆ।

ਹੀਰਾ ਬਾਈ ਦੀ ਖ਼ੁਸ਼ੀ ਲਈ ਅੱਜ ਉਹ ਇਹ ਗੁਨਾਹ ਕਰਨ ਲਈ ਵੀ ਤਿਆਰ ਸੀ। ਗਲਾਸ ਦਾ ਕਿਨਾਰਾ ਜਦੋਂ ਔਰੰਗਜ਼ੇਬ ਦੇ ਬੁੱਲ੍ਹਾਂ ਨਾਲ ਛੂਹਿਆ ਤਾਂ ਹੀਰਾ ਬਾਈ ਨੇ ਝਪਟ ਮਾਰ ਕੇ ਗਲਾਸ ਖੋਹ ਲਿਆ। ਕਹਿਣ ਲੱਗੀ, "ਬੱਸ ਮੇਰੇ ਸ਼ਹਿਜ਼ਾਦੇ,

(ਬਾਕੀ ਅਗਲੇ ਸਫੇ 'ਤੇ)

# ਊਈ ਮਾਮਾ ਜੀ, ਮਾਰ ਸੁੱਟਿਆ ਈ

## ਛਾਤੀ ਅੰਦਰਲੇ ਥੇਹ (5)



**ਗੁਰਦਿਆਲ ਦਲਾਲ**
**ਫੋਨ: 91-98141-85363**

***ਗੁਰਦਿਆਲ ਦਲਾਲ ਬੁਨਿਆਦੀ ਰੂਪ ਵਿਚ ਗਲਪਕਾਰ ਹੈ। ਹੁਣੇ-ਹੁਣੇ ਉਨ੍ਹਾਂ ਦਾ ਵੱਡ-ਆਕਾਰੀ ਨਾਵਲ 'ਪੈੜਾਂ' ਛਪਿਆ ਹੈ। 'ਛਾਤੀ ਅੰਦਰਲੇ ਥੇਹ' ਲੇਖ-ਲੜੀ ਵਿਚ ਉਨ੍ਹਾਂ ਆਪਣੇ ਜੀਵਨ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਵੱਖਰੇ ਢੰਗ ਨਾਲ ਕੀਤੀਆਂ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਨ੍ਹਾਂ ਗੱਲਾਂ ਦੀਆਂ ਤੰਦਾਂ, ਬੰਦੇ ਦੇ ਬੰਦਾ ਹੋਣ ਨਾਲ ਗਹਿਰੀਆਂ ਜੁੜੀਆਂ ਹੋਈਆਂ ਹਨ। ਆਸ ਹੈ, ਧੜਕਦੇ ਦਿਲ ਨਾਲ ਕੀਤੀਆਂ ਇਹ ਗੱਲਾਂ ਪਾਠਕਾਂ ਨੂੰ ਆਪਣੀਆਂ ਹੀ ਗੱਲਾਂ ਲੱਗਣਗੀਆਂ। -ਸੰਪਾਦਕ***

ਸਰਹਿੰਦ ਨਹਿਰ ਦੇ ਸੱਜੇ ਕੰਢੇ ਵਸਿਆ ਸਾਡਾ ਪਿੰਡ ਪੰਜਾਹ ਕੁ ਵਰ੍ਹੇ ਪਹਿਲਾਂ ਜੰਗਲਾਂ ਨਾਲ ਘਿਰਿਆ ਹੁੰਦਾ ਸੀ। ਚਾਰੇ ਪਾਸੇ ਖਜੂਰਾਂ, ਕਿੱਕਰਾਂ, ਟਾਹਲੀਆਂ, ਜਾਮਣਾਂ, ਜਮੋਇਆਂ, ਤੂਤਾਂ, ਫਲਾਹੀਆਂ ਅਤੇ ਪਹਾੜੀ ਕਿੱਕਰਾਂ ਦੀ ਭਰਮਾਰ ਹੁੰਦੀ ਸੀ। ਇਨ੍ਹਾਂ ਦਰਖ਼ਤਾਂ ਵਿਚਾਲੇ ਜਿਹੜੀ ਖਾਲੀ ਜਗ੍ਹਾ ਬਚਦੀ, ਉਸ ਵਿਚ ਕਾਹੀ, ਸਰਕੜਾ ਅਤੇ ਨੜੇ ਉੱਗ ਪੈਂਦੇ। ਸੱਪਾਂ ਦੀ ਭਰਮਾਰ ਹੁੰਦੀ। ਥਾਂ ਪੁਰ ਥਾਂ ਜ਼ਹਿਰੀਲੇ ਭੜਪਿੱਸੂਆਂ ਦੇ ਛੱਤੇ ਹੁੰਦੇ। ਲੋਕ ਐਨੇ ਜਾਂਗਲੀ ਕਿ ਬਿਨਾਂ ਕਿਸੇ ਡਰ ਭੈਅ ਦੇ ਇਨ੍ਹਾਂ ਜੰਗਲਾਂ ਨੂੰ ਚੀਰਦੇ ਲੰਘ ਜਾਂਦੇ। ਇਲਾਕਾ ਸੇਮ ਦਾ ਮਾਰਿਆ ਹੋਇਆ ਸੀ। ਕਈ ਥਾਂਵਾਂ 'ਤੇ ਧਰਤੀ ਵਿਚੋਂ ਪਾਣੀ ਆਪ ਮੁਹਾਰੇ ਫੁੱਟਦਾ ਰਹਿੰਦਾ। ਤੀਵੀਆਂ ਇਨ੍ਹਾਂ ਬੂੰਬਾਂ 'ਤੇ ਰੇਹੀ (ਸ਼ੋਰੇ ਵਾਲੀ ਮਿੱਟੀ) ਨਾਲ ਕੱਪੜੇ ਧੋਂਦੀਆਂ। ਬਹੁਤੀ ਖੇਤੀ ਇੱਖ, ਧਾਨ, ਚਰ੍ਹੀ, ਬਾਜਰਾ, ਲਸਣ, ਪਿਆਜ਼ ਆਦਿ ਦੀ ਹੁੰਦੀ। ਸਾਲ ਦਾ ਅੱਧਾ ਸਮਾਂ ਲੋਕ ਵਿਹਲੇ ਹੀ ਰਹਿੰਦੇ। ਉਹ ਖੁੰਢਾਂ 'ਤੇ ਬੈਠ ਟਿੱਚਰ, ਮਖੌਲ ਤੇ ਚੁਗਲੀਆਂ ਕਰਦੇ; ਤਾਸ਼ ਕੁੱਟਦੇ, ਸਰਦਾਈਆਂ ਘੋਟਦੇ; ਰੂੜੀ-ਮਾਰਕਾ ਸ਼ਰਾਬ ਕੱਢਦੇ ਜਾਂ ਫਿਰ ਕਿਸੇ ਜੰਗਲੀ ਸ਼ਿਕਾਰ ਦੀ ਭਾਲ ਵਿਚ ਨਿਕਲੇ ਰਹਿੰਦੇ।

ਸਾਧੂ ਛੜਾ ਅਤੇ ਰਾਜਾ ਪਿਆਰਾ ਸਾਰਾ ਦਿਨ ਜਾਲ ਚੁੱਕੀ ਖਰਗੋਸ਼ ਫੜਦੇ ਰਹਿੰਦੇ। ਰਿਖੀ ਮੱਛੀਆਂ ਫੜਨ ਲਈ ਕੁੰਡੀ ਸੁੱਟੀ ਨਹਿਰ ਦੇ ਕੰਢੇ ਬੈਠਾ ਚਿਲਮ ਪੀਂਦਾ ਰਹਿੰਦਾ। ਕਪਤਾਨ ਤੇਜਾ ਸਿੰਘ ਨਿੱਤ ਤਿੱਤਰ ਮਾਰ ਕੇ ਲਿਆਉਂਦਾ। ਅਸੀਂ ਦਾਣੇ ਖਿਲਾਰ ਟੋਕਰਿਆਂ ਹੇਠ ਕਬੂਤਰ ਦੱਬ ਲੈਂਦੇ। ਕਈ ਰਫ਼ਲਾਂ ਚੁੱਕੀ ਪਰਵਾਸੀ ਕੂੰਜਾਂ, ਮਘਾਂ ਨੂੰ ਮਾਰਨ ਲਈ ਜੱਜਲਾਂ ਵਿਚ ਘੁੰਮਦੇ ਰਹਿੰਦੇ। ਕਮਾਦ ਦੀ ਬਹੁਤੀ ਖੇਤੀ ਕਰ ਕੇ ਸੂਰਾਂ, ਪਾੜ੍ਹਿਆਂ ਦੀ ਆਵਾਜਾਈ ਆਮ ਰਹਿੰਦੀ। ਸਾਰੇ ਲੋਕ ਮਾਸਾਹਾਰੀ ਸਨ। ਗਾਜਰ-ਮੂਲੀ ਵਾਂਗ ਜਾਨਵਰ ਨੂੰ ਜਿਬ੍ਹਾ ਕਰਨਾ ਉਨ੍ਹਾਂ ਲਈ ਮਾਮੂਲੀ ਗੱਲ ਸੀ। ਲੋਕ ਰੂੜੀ ਮਾਰਕਾ ਸ਼ਰਾਬ ਪੀਂਦੇ। ਖੂਬ ਤੁੜਕੇ ਲਾ ਕੇ ਮੀਟ ਰਿੰਨ੍ਹਦੇ। ਬਹੁਤੀਆਂ ਤੀਵੀਆਂ ਮੀਟ ਦੀ ਤਰੀ ਤਰੀ ਹੀ ਲੈਂਦੀਆਂ ਤੇ ਵਿਚਾਰੇ ਮਾਰੇ ਗਏ ਜਾਨਵਰ ਦੇ ਹੱਕ ਵਿਚ 'ਹਾਅ ਦਾ ਨਾਅਰਾ' ਵੀ ਮਾਰੀ ਜਾਂਦੀਆਂ।

ਇਕ ਦਿਨ ਕਿਸੇ ਪੈਡੂ ਨੇ ਕਮਾਦਾਂ ਵਿਚ ਵੜੇ ਸੂਰਾਂ ਦੇ ਟੋਲੇ ਦੀਆਂ ਤਾਜ਼ੀਆਂ ਪੈੜਾਂ ਦੇਖੀਆਂ ਤੇ ਪਿੰਡ ਆ ਕੇ ਰੌਲਾ ਪਾ ਦਿੱਤਾ। ਪਲਾਂ ਵਿਚ ਹੀ ਲੋਕ ਡਾਂਗਾਂ, ਬਰਛੇ ਚੁੱਕੀ ਝਾੜ ਪਾਉਣ ਲਈ ਇਕੱਠੇ ਹੋ ਗਏ। ਮੋਢਿਆਂ ਨਾਲ ਰਫ਼ਲਾਂ ਲਟਕਾਈ ਤਾਰਾ ਸਿੰਘ ਸਫੈਦਪੋਸ਼ ਅਤੇ ਕਰੋੜੀ ਵੀ ਆ ਗਏ। ਇੱਖਾਂ ਲਾਗੇ ਜਾ, ਕੁਝ ਜਣਿਆਂ ਨੇ ਟਾਹਲੀਆਂ 'ਤੇ ਚੜ੍ਹ ਹਾਲਾਤ ਦਾ ਜਾਇਜ਼ਾ ਲਿਆ ਤੇ ਝਾੜ ਪਾਉਣ ਦਾ ਖਾਕਾ ਉਲੀਕਿਆ। ਜਿਥੋਂ ਸੂਰਾਂ ਦੇ ਨਿਕਲਣ ਦੀ ਸੰਭਾਵਨਾ ਸੀ, ਉਥੇ ਰਫ਼ਲਾਂ ਵਾਲੇ ਲੁਕ ਕੇ ਬੈਠ ਗਏ। ਅਸੀਂ ਤਿੰਨੋਂ ਭਰਾ ਹੰਸੂ, ਬੰਤਾ ਤੇ ਛੋਟੂ (ਅਜੀਤ, ਜਸਵੰਤ ਅਤੇ ਗੁਰਦਿਆਲ) ਵੀ ਝਾੜ ਪਾਉਣ ਵਾਲਿਆਂ ਵਿਚ ਸ਼ਾਮਲ ਸਾਂ। ਸਾਰੇ ਜਣੇ ਇਕ ਸਿਰਿਉਂ ਇੱਖਾਂ



ਵਿਚ ਵੜ ਗਏ ਤੇ ਗੰਨਿਆਂ ਉਤੇ ਸੋਟੀਆਂ ਮਾਰਦੇ 'ਹੋਏ ਹੋਏ' ਕਾਰਨ ਲੱਗੇ। ਅਚਾਨਕ ਇਕ ਮੋਟੇ ਤਾਜ਼ੇ ਜੰਗਲੀ ਸੂਰ ਨੇ ਸਾਡੇ ਨਾਲ ਤੁਰੇ ਜਾਂਦੇ ਨਸੀਬੂ ਨੂੰ ਟੱਕਰ ਮਾਰ ਕੇ ਹੇਠਾਂ ਸੁੱਟ ਲਿਆ ਅਤੇ ਕਾਫੀ ਜ਼ਿਆਦਾ ਮਧੋਲ ਦਿੱਤਾ। ਨਸੀਬੂ ਵੀ ਦੇਹ ਦਾ ਭਾਰਾ ਤੇ ਤਕੜਾ ਸੀ। 'ਊਈ ਮਾਮਾ ਜੀ, ਮਾਰ ਸੁੱਟਿਆ ਈ... ਊਈ ਮਾਮਾ ਜੀ, ਮਾਰ ਸੁੱਟਿਆ ਈ' ... ਉਹ ਉਚੀ ਉਚੀ ਰੌਲਾ ਵੀ ਪਾਉਂਦਾ ਰਿਹਾ ਤੇ ਸੂਰ ਨਾਲ ਹੇਠ ਉਪਰ ਵੀ ਹੁੰਦਾ ਰਿਹਾ। ਉਸ ਨੇ ਸੂਰ ਦੀ ਲੱਤ ਨਾਲ ਅਜਿਹਾ ਜੱਫਾ ਮਾਰਿਆ ਕਿ ਅਸੀਂ ਉਸ ਦੇ ਨੇੜੇ ਪਹੁੰਚ ਕੇ ਡਾਂਗਾਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਜੇ ਸੂਰ ਦੇ ਇਕ ਵੱਜਦੀ ਤਾਂ ਨਸੀਬੂ ਦੇ ਚਾਰ ਵੱਜਦੀਆਂ। ਉਹ ਲਗਾਤਾਰ 'ਊਈ ਮਾਮਾ ਜੀ, ਮਾਰ ਸੁਟਿਆ ਈ' ਚਿੱਲਾਈ ਗਿਆ। ਲੱਤ ਜ਼ਖ਼ਮੀ ਕਰਵਾ ਕੇ ਸੂਰ ਉਸ ਕੋਲੋਂ ਛੁੱਟ ਗਿਆ। ਅਸੀਂ ਸਾਰੇ 'ਹੋਏ ਹੋਏ' ਦੀ ਥਾਂ 'ਤੇ 'ਊਈ ਮਾਮਾ ਜੀ ਮਾਰ ਸੁੱਟਿਆ ਈ' ਕਹਿੰਦੇ ਝਾੜ ਪਾਉਂਦੇ ਰਹੇ। ਜ਼ਖ਼ਮੀ ਸੂਰ ਭਟਕ ਕੇ ਤਾਰਾ ਸਿੰਘ ਦੀ ਸ਼ਿਸ਼ਤ ਵਿਚ ਆ ਗਿਆ। ਫਾਇਰ ਹੋਇਆ ਤਾਂ ਅਸੀਂ ਸਾਰੇ 'ਊਈ ਮਾਮਾ ਜੀ, ਮਾਰ ਸੁੱਟਿਆ ਈ' ਕਹਿ ਕੇ ਕਿਲਕਾਰੀਆਂ ਮਾਰਨ ਲੱਗੇ। ਫੁੰਡੇ ਹੋਏ ਸੂਰ ਕੋਲ ਪੁੱਜ, ਲਹੂ ਲੁਹਾਣ ਹੋਏ ਨਸੀਬੂ ਦਾ ਖਿੜਿਆ ਚਿਹਰਾ ਦੇਖਿਆਂ ਹੀ ਬਣਦਾ ਸੀ। ਬਾਕੀ ਦੇ ਸੂਰ ਗੋਲੀ ਵਾਂਗ ਦੌੜੇ ਤੇ ਅੱਖਾਂ ਤੋਂ ਓਝਲ ਹੋ ਗਏ। ਪੈੜਾਂ ਦਾ ਪਿੱਛਾ ਕਰਦਿਆਂ ਅਸੀਂ ਸਾਰੇ ਬੇਲੇ ਵਾਲੀ ਸੜਕ 'ਤੇ ਜਾ ਚੜ੍ਹੇ। ਬਾਕੀ ਦੇ ਸੂਰ ਸਰਕੜਿਆਂ, ਨੜਿਆਂ ਵਿਚ ਛੁਪ ਗਏ ਸਨ।

ਨਵੇਂ ਸਿਰਿਉਂ ਵਿਉਂਤ ਬਣਾ ਕੇ ਝਾੜ ਫਿਰ ਸ਼ੁਰੂ ਕੀਤਾ ਗਿਆ। ਸ਼ਾਮ ਹੋਣ ਤੱਕ ਇਕ ਸੂਰ ਹੋਰ ਫੁੰਡ ਲਿਆ ਗਿਆ। ਦੋਹਾਂ ਸੂਰਾਂ ਨੂੰ ਚਮਕੌਰ ਸਰਹਿੰਦ ਨਹਿਰ ਦੇ ਪੁਲ਼ 'ਤੇ ਲਿਆ ਕੇ ਧੂਣੀ ਬਾਲ ਉਨ੍ਹਾਂ ਦੇ ਵਾਲ ਜਲਾਏ ਗਏ ਤੇ ਫਿਰ ਸਫਾਈ ਕਰ ਕੇ ਵੱਢ-ਟੁੱਕ ਕਰ ਦਿੱਤੀ ਗਈ। ਹਨ੍ਹੇਰ ਪੱਖ ਹੋਣ ਕਰ ਕੇ ਛੇਤੀ ਹੀ ਹਨ੍ਹੇਰਾ ਹੋਣ ਲੱਗਾ। ਕੋਲੋਂ ਲੰਘਿਆ ਜਾਂਦਾ ਮਾਣੇ ਮਾਜਰੇ ਦਾ ਟਾਂਗੇ ਵਾਲਾ ਮਲ੍ਹਾਰਾ ਲੋਕਾਂ ਦਾ ਰੌਲਾ ਸੁਣ ਕੇ ਲਾਗੇ ਆ ਗਿਆ ਤੇ ਮੀਟ ਦੀ ਇਕ ਢੇਰੀ ਬਦਲੇ ਆਪਣੀ ਲਾਲਟੈਣ ਦੇਣ ਦੀ ਪੇਸ਼ਕਸ਼ ਕੀਤੀ। ਆਮ ਸਹਿਮਤੀ ਮਗਰੋਂ ਉਸ ਨੇ ਲਾਲਟੈਣ ਬਾਲ ਪੁਲ ਦੀ ਮਢੌਲ ਉਤੇ ਰੱਖ ਦਿੱਤੀ। ਝਾੜ ਵਾਲੇ ਬੰਦਿਆਂ ਨੂੰ ਲਾਈਨ ਵਿਚ ਖੜ੍ਹੇ ਕਰ ਕੇ ਗਿਣਤੀ ਕੀਤੀ ਗਈ। ਫੋਸ ਖਾਣਿਆਂ ਦੇ ਥੁੱਕੂ ਅਤੇ ਚਾਰ ਪੰਜ ਹੋਰਾਂ ਨੂੰ ਉਥੋਂ ਭਜਾ ਦਿੱਤਾ ਗਿਆ, ਕਿਉਂਕਿ ਉਹ ਝਾੜ ਵਿਚ ਸ਼ਾਮਿਲ ਹੀ ਨਹੀਂ ਸਨ। ਫਿਰ ਗਿਣਤੀ ਮੁਤਾਬਕ ਮੀਟ ਦੀਆਂ ਢੇਰੀਆਂ ਬਣਾਈਆ ਗਈਆਂ। ਲੋਕ ਢੇਰੀਆਂ ਲਾਉਣ ਵਾਲਿਆਂ ਨੂੰ ਟੋਕਦੇ ਰਹੇ, "ਇਹਦੇ ਵਿਚ ਵੱਧ ਆ ਬਈ, ਇਹਦੇ 'ਚ ਘੱਟ ਆ ਬਈ।"

ਜਦੋਂ ਬੰਦੂਕਾਂ ਵਾਲਿਆਂ ਲਈ ਸਿਰੀ ਅਤੇ ਇਕ ਇਕ ਵਾਧੂ ਢੇਰੀ ਲਾਈ ਗਈ ਤਾਂ ਮਲ੍ਹਾਰਾ ਬੋਲ ਪਿਆ, "ਮੈਨੂੰ ਵੀ ਦੋ ਢੇਰੀਆਂ ਲਾਉ, ਇਕ ਮੇਰੀ, ਇਕ ਲਾਲਟੈਣ ਦੀ।" ਸਾਰੇ ਜਣੇ ਹੱਸਣ ਲੱਗੇ ਤੇ ਉਸ ਦਾ ਮਜ਼ਾਕ ਉਡਾਉਣ ਲੱਗੇ ਪਰ ਮਲ੍ਹਾਰਾ ਇਸ ਗੱਲ 'ਤੇ ਅੜ ਗਿਆ ਕਿ ਉਹ ਤਾਂ ਦੋ ਢੇਰੀਆਂ ਹੀ ਲਵੇਗਾ। ਲੋਕ ਖੁਸ਼ੀ ਕਰ ਕੇ ਮਜ਼ਾਕ ਦੇ ਮੂਡ ਵਿਚ ਸਨ। ਕਿਸੇ ਨੇ ਟਿੱਚਰ ਕਰ ਦਿੱਤੀ, "ਇਹਦੀਆਂ ਦੋ ਨਹੀਂ ਬਈ, ਚਾਰ ਢੇਰੀਆਂ ਲਾਉ। ਇਕ ਘੋੜੀ ਦੀ ਤੇ ਇਕ ਟਾਂਗੇ ਦੀ ਹੋਰ।" ਵਿਚੋਂ ਹੀ ਕੋਈ ਹੋਰ ਬੁੜ੍ਹਕਿਆ, "ਉਇ ਚਾਰ ਨਹੀਂ ਪੰਜ ਲਾਉ, ਇਕ ਇਹਦੇ ਬੁੜ੍ਹੇ ਦੀ। ਉਹ ਅੱਜ ਅਰਦਾਸ ਕਰਦਾ ਰਿਹਾ ਏ ਬਈ ਦੋ ਸੂਰ ਮਾਰੇ ਜਾਣ।" ਸੁਣਦੇ ਸਾਰ ਭੀੜ ਵਿਚ ਹਾਸਾ ਮਚ ਗਿਆ। ਮਲ੍ਹਾਰਾ ਵੀ ਮਚ ਗਿਆ।

ਉਸ ਨੇ ਖੜ੍ਹਾ ਹੁੰਦਿਆਂ ਸਾਰਿਆਂ ਨੂੰ 'ਥੋਡੀ ਉਇ...' ਕਹਿ ਕੇ ਗਾਲ੍ਹ ਕੱਢੀ ਤੇ ਢਿੰਬਰੀ ਘੁਮਾ ਕੇ ਲਾਲਟੈਣ ਬੁਝਾ ਦਿੱਤੀ। ਇਕਦਮ ਹਨ੍ਹੇਰਾ ਹੁੰਦੇ ਸਾਰ ਜਿਵੇਂ ਭੂਚਾਲ ਹੀ ਆ ਗਿਆ। ਸਾਰੀ ਭੀੜ ਮੀਟ ਉਤੇ ਟੁੱਟ ਕੇ ਪੈ ਗਈ। ਆਪਸ ਵਿਚ ਸਿਰ ਭਿੜਨ ਲੱਗੇ। ਘਸੁੰਨ-ਮੁੱਕੇ ਚੱਲਣ ਲੱਗੇ। ਘਮਸਾਣ ਬੜੀ ਦੇਰ ਤੱਕ ਚਲਦਾ ਰਿਹਾ। ਸਾਡੇ ਤਿੰਨਾਂ ਭਰਾਵਾਂ ਦੇ ਵੀ ਕਾਫ਼ੀ ਸੱਟਾਂ ਵੱਜੀਆਂ, ਪਰ ਫਿਰ ਵੀ ਅਸੀਂ ਖ਼ੁਸ਼ ਸਾਂ ਕਿਉਂਕਿ ਅਸੀਂ ਮੀਟ ਨਾਲ ਪੱਲੇ ਭਰ ਕੇ ਘਰ ਪੁੱਜੇ। ਮਾਂ (ਨਾਨੀ) ਨੇ ਮਸਾਲਾ ਕੁੱਟਿਆ, ਬੇਬੇ ਨੇ ਤੁੜਕਾ ਲਾਇਆ ਤੇ ਮਾਮੀ ਚੁੰਨੀ ਨਾਲ ਨੱਕ ਬੰਦ ਕਰੀ ਚੁੱਲ੍ਹੇ ਮੂਹਰੇ ਬੈਠੀ ਰਹੀ। ਮਾਮਾ ਗਾਲੂ ਤੋਂ ਢੇਰ ਮਾਰਕੇ ਦੀ ਬੋਤਲ ਫੜ ਲਿਆਇਆ। ਅਸੀਂ ਸਾਰਿਆਂ ਨੇ ਪੀਤੀ। ਅੱਧੀ ਰਾਤ ਤੱਕ ਘਰ ਵਿਚ ਜਸ਼ਨ ਚਲਦਾ ਰਿਹਾ। ਪਿੰਡ ਵਿਚੋਂ ਲਲਕਾਰਿਆਂ ਦੀਆਂ ਆਵਾਜ਼ਾਂ ਆਉਂਦੀਆਂ ਰਹੀਆਂ। ਲਾਲਚ ਵਸ ਅਗਲੇ ਦਿਨ ਅਸੀਂ ਤੜਕੇ ਹੀ ਉਠੇ ਤੇ ਘਮਸਾਣ ਵਾਲੀ ਥਾਂ 'ਤੇ ਪੁੱਜ ਗਏ ਕਿ ਸ਼ਾਇਦ ਮੀਟ ਦੀ ਕੋਈ ਬੋਟੀ ਹੋਰ ਲੱਭ ਜਾਵੇ, ਪਰ ਉਥੇ ਤਾਂ ਭੂਰੀ ਕੀੜੀ ਫਿਰ ਗਈ ਸੀ।

ਇਸ ਘਟਨਾ ਮਗਰੋਂ ਨਸੀਬੂ ਜਦ ਵੀ ਕਿਸੇ ਦੇ ਸਾਹਮਣੇ ਆਉਂਦਾ ਤਾਂ ਅਗਲਾ ਜ਼ਰੂਰ ਕਹਿੰਦਾ, 'ਊਈ ਮਾਮਾ ਜੀ, ਮਾਰ ਸੁੱਟਿਆ ਈ।' ਕਿਉਂਕਿ ਉਹ ਇਸ ਗੱਲੋਂ ਖਿਝਣ ਲੱਗ ਪਿਆ ਸੀ, ਇਹ ਉਸ ਦੀ ਅੱਲ ਹੀ ਪੈ ਗਈ।

--

ਪੁਲ਼ ਦੀ ਮਢੌਲ ਜਿੱਥੇ ਮਲ੍ਹਾਰੇ ਦੀ ਲਾਲਟੈਣ ਜਗ ਰਹੀ ਸੀ, ਅੱਜ ਵੀ ਉਵੇਂ ਬਰਕਰਾਰ ਹੈ। ਮੈਂ ਇਕ ਦਿਨ ਪਿੰਡ ਗਿਆ ਤੇ ਉਥੇ ਬੈਠਾ ਕਾਫ਼ੀ ਦੇਰ ਆਪਣੇ ਬਚਪਨ ਦੇ ਦੋਸਤਾਂ ਨੂੰ ਯਾਦ ਕਰਦਾ ਰਿਹਾ। ਬੀਰੂ, ਕੀੜੂ, ਬਲਜੀਤ, ਸੱਜਣ, ਸਰੂਪ, ਮਿਹਰੂ... ਇਸ ਜਹਾਨ ਤੋਂ ਤੁਰ ਗਏ। ਬਾਕੀ ਕਬੀਲਦਾਰੀ ਵਿਚ ਸਭ ਕੁਝ ਭੁੱਲ-ਭੁਲਾ ਗਏ। ਤਾਰਾ ਸਿੰਘ, ਕਰੋੜੀ, ਤੇਜਾ ਸਿੰਘ, ਹਰੀ ਸਿੰਘ, ਜੁਗਿੰਦਰ, ਸਰਬਣ, ਸਾਧੂ, ਰਾਜਾ ਪਿਆਰਾ ਤੇ ਮਾਮਾ ਅਮੀ ਚੰਦ ਮੇਰੀਆਂ ਅੱਖਾਂ ਅੱਗਿਉਂ ਲੰਘੇ। ਅੱਖਾਂ ਭਰ ਆਈਆਂ। ਤਦੇ ਨਸੀਬੂ ਚੇਤੇ ਆਇਆ। ਮੇਰੇ ਵਾਂਗ ਉਹ ਵੀ ਇਸ ਪਿੰਡ ਦਾ ਦੋਹਤਮਾਨ ਸੀ। 'ਊਈ ਮਾਮਾ ਜੀ, ਮਾਰ ਸੁੱਟਿਆ ਈ।' ਮੇਰੇ ਬੁੱਲ੍ਹਾਂ 'ਤੇ ਮੁਸਕਰਾਹਟ ਤੈਰ ਗਈ।

**(ਚਲਦਾ)**

# ਔਰੰਗਜ਼ੇਬ ਦੀ ਪ੍ਰੇਮਿਕਾ

*(ਪਿਛਲੇ ਸਫੇ ਦੀ ਬਾਕੀ)*

ਮੈਂ ਸਿਰਫ਼ ਤੁਹਾਡਾ ਪਿਆਰ ਪਰਖਣਾ ਸੀ। ਤੁਹਾਡਾ ਈਮਾਨ ਭੰਗ ਕਰਨ ਦਾ ਮੇਰਾ ਕੋਈ ਇਰਾਦਾ ਨਹੀਂ ਹੈ।" ਔਰੰਗਜ਼ੇਬ ਹੈਰਾਨ ਸੀ ਕਿ ਸਾਧਾਰਨ ਗਾਇਕਾ ਤੇ ਨ੍ਰਿਤਕੀ ਵਿਚ ਐਸਾ ਸਲੀਕਾ ਤੇ ਸਮਝਦਾਰੀ ਵੀ ਹੋ ਸਕਦੀ ਹੈ। ਉਸ ਨੇ ਹੀਰਾ ਦਾ ਮੂੰਹ ਚੁੰਮ ਲਿਆ।

ਔਰੰਗਜ਼ੇਬ ਸੋਚਣ ਲੱਗਾ, ਨਿਰੀ ਪ੍ਰਹੇਜ਼ਗਾਰੀ ਤੇ ਮਨਾਹੀਆਂ ਦਾ ਜੀਵਨ ਵੀ ਕੋਈ ਜੀਵਨ ਹੈ? ਪਿਆਰ ਨੂੰ ਜ਼ਿੰਦਗੀ 'ਚੋਂ ਕਦੀ ਖਾਰਜ ਨਹੀਂ ਕਰਨਾ ਚਾਹੀਦਾ।

ਤਕਰੀਬਨ ਦੋ ਸਾਲ ਬੀਤ ਗਏ ਪਰ ਦੋਵਾਂ ਪ੍ਰੇਮੀਆਂ ਨੂੰ ਕੁਝ ਪਤਾ ਨਹੀਂ ਸੀ, ਕਦੋਂ ਦਿਨ ਚੜ੍ਹਦਾ ਹੈ, ਕਦੋਂ ਰਾਤ ਪੈਂਦੀ ਹੈ। ਚੰਦ ਤੇ ਸੂਰਜ ਕਦੀ ਮਿਲ ਕੇ ਨਹੀਂ ਬੈਠਦੇ ਪਰ ਹੀਰਾ ਤੇ ਔਰੰਗਜ਼ੇਬ ਨੇ ਇਸ ਅਣਹੋਣੀ ਨੂੰ ਸੱਚ ਕਰ ਦਿੱਤਾ ਸੀ।

ਦਿਨ ਫਿਰਦਿਆਂ ਦੇਰ ਨਹੀਂ ਲੱਗਦੀ। ਇੱਕ ਦਿਨ ਦਰਬਾਰ ਵਿਚ ਬੈਠੇ ਔਰੰਗਜ਼ੇਬ ਨੂੰ ਅਚਾਨਕ ਸੁਨੇਹਾ ਮਿਲਿਆ ਅਤੇ ਉਹ ਇਕਦਮ ਸਭ ਕੁਝ ਛੱਡ ਕੇ ਹੀਰਾ ਬਾਈ ਦੀ ਹਵੇਲੀ ਵੱਲ ਤੁਰ ਪਿਆ। ਹੀਰਾ ਬਾਈ ਦੇ ਪਲੰਘ ਦੁਆਲੇ ਜ਼ਨਾਨੀਆਂ ਦੀ ਭੀੜ ਲੱਗੀ ਹੋਈ ਸੀ। ਔਰੰਗਜ਼ੇਬ ਸਭ ਨੂੰ ਪਿੱਛੇ ਹਟਾ ਕੇ ਪਲੰਘ ਕੋਲ ਜਾ ਖਲੋਤਾ। ਹੀਰਾ ਬਾਈ ਦੀਆਂ ਅੱਖਾਂ ਬੰਦ ਤੇ ਉਸ ਦਾ ਲੰਮਾ, ਪਤਲਾ ਸਰੀਰ ਪਲਸੇਟੇ ਖਾ ਰਿਹਾ ਸੀ। "ਹੀਰਾ, ਮੈਂ ਤੈਨੂੰ ਨੌਂ-ਬਰ-ਨੌਂ ਛੱਡ ਕੇ ਗਿਆ ਸੀ। ਅਚਾਨਕ ਤੈਨੂੰ ਕੀ ਹੋ ਗਿਆ?" ਪਰ ਹੀਰਾ ਬਾਈ ਨੇ ਕੋਈ ਉਤਰ ਨਹੀਂ ਦਿੱਤਾ। ਉਸ ਵਿਚ ਉਤਰ ਦੇਣ ਦੀ ਤਾਕਤ ਨਹੀਂ ਸੀ। ਸ਼ਹਿਜ਼ਾਦੇ ਨੇ ਪਲੰਘ 'ਤੇ ਬੈਠ ਕੇ ਹੀਰਾ ਦਾ ਸਿਰ ਆਪਣੀ ਗੋਦ ਵਿਚ ਰੱਖ ਲਿਆ। ਉਹ ਹੀਰਾ ਬਾਈ ਨੂੰ ਉਸੇ ਤਰ੍ਹਾਂ ਟਿਕਟਿਕੀ ਬੰਨ੍ਹ ਕੇ ਦੇਖਣ ਲੱਗਾ ਜਿਵੇਂ ਜੈਨਾਬਾਦ ਦੇ ਬਾਗ਼ ਵਿਚ ਉਸ ਨੂੰ ਪਹਿਲੀ ਵਾਰ ਦੇਖਿਆ ਸੀ।

ਹਕੀਮਾਂ ਨੇ ਸਾਰੇ ਓੜ੍ਹ-ਪੋੜ੍ਹ ਕੀਤੇ। ਬਦਲ-ਬਦਲ ਕੇ ਦਵਾਈਆਂ ਦਿੱਤੀਆਂ ਪਰ ਨਾ ਤਾਂ ਹੀਰਾ ਨੇ ਅੱਖਾਂ ਖੋਲ੍ਹੀਆਂ ਅਤੇ ਨਾ ਹੀ ਜ਼ੁਬਾਨ। ਉਸ ਦਾ ਦਰਦ ਵਧਦਾ ਹੀ ਗਿਆ। ਔਰੰਗਜ਼ੇਬ ਹੀਰਾ ਬਾਈ ਦੇ ਚਿਹਰੇ 'ਤੇ ਹੱਥ ਫੇਰ ਕੇ, ਉਸ ਦੇ ਉਲਝੇ ਵਾਲਾਂ ਨੂੰ ਪਿੱਛੇ ਹਟਾ ਕੇ ਪਿਆਰੀ ਜੈਨਾ ਦੀ ਪੀੜ ਘਟਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਸਭ ਬੇਕਾਰ। ਆਖ਼ਰ ਦੇਖਦੇ ਹੀ ਦੇਖਦੇ ਹੀਰਾ ਬਾਈ ਨੇ ਔਰੰਗਜ਼ੇਬ ਦੀ ਗੋਦ ਵਿਚ ਦਮ ਤੋੜ ਦਿੱਤਾ। ਜ਼ਨਾਨਖ਼ਾਨੇ ਦੀਆਂ ਲੇਰਾਂ ਨੇ ਹਵੇਲੀ ਦੇ ਸ਼ਾਂਤ ਵਾਤਾਵਰਨ ਨੂੰ ਲੀਰੋ-ਲੀਰ ਕਰ ਦਿੱਤਾ। ਔਰੰਗਜ਼ੇਬ ਕੁਝ ਦੇਰ ਤਕ ਬੁੱਤ ਬਣ ਕੇ ਹੀਰਾ ਦੇ ਚਿਹਰੇ ਨੂੰ ਦੇਖਦਾ ਰਿਹਾ ਅਤੇ ਫੇਰ ਜਿਨ੍ਹਾਂ ਲੋਕਾਂ ਨੇ ਕਦੀ ਸ਼ਹਿਜ਼ਾਦੇ ਦੀ ਗਿੱਲੀ ਅੱਖ ਨਹੀਂ ਸੀ ਦੇਖੀ, ਉਨ੍ਹਾਂ ਨੇ ਔਰੰਗਜ਼ੇਬ ਨੂੰ ਫੁੱਟ-ਫੁੱਟ ਕੇ ਰੋਂਦਿਆਂ ਵੇਖਿਆ। ਹੀਰਾ ਬਾਈ ਅਜਿਹਾ ਫੁੱਲ ਸੀ ਜੋ ਬਹਾਰ ਦੀ ਰੁੱਤ ਵਿਚ ਹੀ ਮੁਰਝਾ ਗਿਆ। ਸ਼ੱਕ ਹੈ ਕਿ ਕਿਸੇ ਸਾਜ਼ਿਸ਼ ਅਧੀਨ ਹੀਰਾ ਨੂੰ ਜ਼ਹਿਰ ਦਿੱਤਾ ਗਿਆ ਸੀ।

ਜਿਸ ਦਿਨ ਹੀਰਾ ਬਾਈ ਨੂੰ ਔਰੰਗਾਬਾਦ ਦੇ ਵੱਡੇ ਤਾਲਾਬ ਦੇ ਕਿਨਾਰੇ ਦਫ਼ਨਾਇਆ ਗਿਆ, ਉਸ ਦਿਨ ਦੁਪਹਿਰ ਤੋਂ ਬਾਅਦ ਸ਼ਹਿਜ਼ਾਦਾ ਸ਼ਿਕਾਰ ਖੇਡਣ ਚਲਾ ਗਿਆ। ਮੀਰ ਅਸਕਰੀ ਆਕਿਲ ਖ਼ਾਨ ਵੀ ਉਸ ਦੇ ਨਾਲ ਸੀ। ਆਕਿਲ ਖ਼ਾਨ ਨੇ ਪੁੱਛਿਆ, "ਸ਼ਹਿਜ਼ਾਦੇ, ਦਿਲ ਦੀ ਐਸੀ ਦੁਖਿਆਰੀ ਹਾਲਤ ਵਿਚ ਕੀ ਸ਼ਿਕਾਰ ਖੇਲ੍ਹਣਾ ਠੀਕ ਹੈ?" ਸ਼ਹਿਜ਼ਾਦਾ ਬੋਲਿਆ, "ਆਕਿਲ ਖ਼ਾਨ, ਘਰ ਬੈਠ ਕੇ ਗ਼ਮ ਤੋਂ ਛੁਟਕਾਰਾ ਨਹੀਂ ਮਿਲਦਾ, ਜੰਗਲ ਵਿਚ ਆ ਕੇ ਬੰਦਾ ਖੁੱਲ੍ਹ ਕੇ ਰੋ ਸਕਦਾ ਹੈ।" ਔਰੰਗਜ਼ੇਬ ਜਿੰਨਾ ਚਿਰ ਜਿਉਂਦਾ ਰਿਹਾ, ਹੀਰਾ ਬਾਈ ਦੇ ਮਕਬਰੇ ਦੀ ਜ਼ਿਆਰਤ ਕਰਨ ਜਾਂਦਾ ਰਿਹਾ।

ਇਤਿਹਾਸਕਾਰਾਂ ਦੀ ਰਾਇ ਹੈ ਕਿ ਹੀਰਾ ਬਾਈ ਦੇ ਪਿਆਰ ਨੇ ਔਰੰਗਜ਼ੇਬ ਵਿਚੋਂ ਕੱਟੜਤਾ ਦੇ ਸਾਰੇ ਕੰਡੇ ਕੱਢ ਦਿੱਤੇ ਸਨ। ਉਸ ਨੂੰ ਨਰਮ ਦਿਲ ਇਨਸਾਨ ਬਣਾ ਦਿੱਤਾ ਸੀ। ਜੇ ਉਹ ਲੰਮੇ ਸਮੇਂ ਤਕ ਜਿਉਂਦੀ ਰਹਿੰਦੀ ਤਾਂ ਸ਼ਾਇਦ ਔਰੰਗਜ਼ੇਬ ਦਾ ਜੀਵਨ ਅਤੇ ਹਿੰਦੁਸਤਾਨ ਦਾ ਇਤਿਹਾਸ ਬਦਲ ਜਾਣਾ ਸੀ!

#

# ਸਭੁ ਦੇਸੁ ਪਰਾਇਆ

*(ਸਫਾ 23 ਦੀ ਬਾਕੀ)*

ਕਰਦੇ, 'ਹੇ ਪਿਆਰੀ ਭਾਰਤ ਮਾਂ ਅਸੀਂ ਤੈਨੂੰ ਸੀਸ ਨਿਵਾਉਂਦੇ ਹਾਂ ਤੇਰੇ ਤੋਂ ਸਦਕੇ ਜਾਂਦੇ ਹਾਂ।' ਪੰਜਾਬ ਧਰਤੀ ਦਾ ਇਕ ਬਿਹਤਰੀਨ ਟੁਕੜਾ ਸੀ, ਜਿਸ ਦੇ ਅਸੀਂ ਖ਼ੁਦ ਨੂੰ ਹੋਣਹਾਰ ਸਪੂਤ ਅਨੁਮਾਨਦੇ ਸਾਂ। ਅਸੀਂ ਆਪਣੀਆਂ ਅੱਖਾਂ ਅੱਗੇ ਪੱਟੀ ਬੰਨ੍ਹ ਕੇ, ਇਸ ਨਾਲ ਇਡੀਪਸ ਵਾਲਾ ਰਿਸ਼ਤਾ ਕਾਇਮ ਕੀਤਾ ਅਤੇ ਉਗਰ ਪਾਪ ਉਪਰੰਤ ਕਿਤੇ ਮੂੰਹ ਦੇਣ ਜੋਗੇ ਨਹੀਂ। ਹੁਣ ਵਿਦੇਸ਼ਾਂ 'ਚ ਮੂੰਹ ਛਿਪਾਉਣ ਦੀ ਕੋਸ਼ਿਸ਼ ਵਿਚ ਪ੍ਰਵਾਸੀ ਚੇਤਨਾ ਦੇ ਲਫ਼ਾਫ਼ੇ ਵਿਚ ਪਾਪ ਲੁਕੋਣ ਦਾ ਯਤਨ ਕਰਦੇ ਹਾਂ।

ਮਾਤ ਭੂਮੀ ਦੀ ਤ੍ਰਾਸਦੀ ਅਤੇ ਹਮਸਾਇਆਂ ਅੰਮਾਂ ਜਾਇਆਂ ਦੀ ਯਾਤਨਾ ਦੀ ਗੰਭੀਰਤਾ ਅਤੇ ਗਹਿਰਾਈ ਨੂੰ ਪੂਰੀ ਸੰਜੀਦਗੀ ਨਾਲ ਸਮਝਣ ਅਤੇ ਮਹਿਸੂਸ ਕਰਨ ਵਾਲੇ ਵਿਦਵਾਨ ਡਾ. ਸਵਰਾਜ ਸਿੰਘ ਨੇ 'ਨਿਰਮਲ ਦੇਹੀ' ਰਸਾਲੇ ਵਿਚ ਲਿਖਿਆ ਕਿ ਵਿਦੇਸ਼ ਜਾਣ ਵਾਲੇ ਤਮਾਮ ਭਾਰਤੀਆਂ ਵਿਚੋਂ ਨੱਬੇ ਪ੍ਰਤੀਸ਼ਤ ਪੰਜਾਬੀ ਹੁੰਦੇ ਹਨ ਅਤੇ ਇਨ੍ਹਾਂ ਪੰਜਾਬੀਆਂ ਵਿਚੋਂ ਵੀ ਨੱਬੇ ਪ੍ਰਤੀਸ਼ਤ ਜੱਟ। ਇਹ ਅੰਕੜਾ ਕਿੰਨਾ ਠੀਕ ਹੈ ਇਹ ਤਾਂ ਲੇਖਕ ਹੀ ਦੱਸ ਸਕਦਾ ਹੈ। ਪਰ ਇਹ ਪੰਜਾਬ ਦੀ ਧਰਤੀ ਦਾ ਮਹਾਂ ਅਪਮਾਨ ਹੈ, ਜਿਸ ਤੋਂ ਵਧੇਰੇ ਨਿਰਾਦਰ ਸ਼ਾਇਦ ਹੀ ਕਿਸੇ ਧਰਤੀ ਦੇ ਵਸਨੀਕ ਕਰਦੇ ਹੋਣ। ਪ੍ਰਾਚੀਨ ਭਾਰਤੀ ਪਰੰਪਰਾ ਵਿਚ ਦੇਸ਼ ਛੱਡਣ ਵਾਲਾ ਘੋਰ ਪਤਿਤ ਮੰਨਿਆ ਜਾਂਦਾ ਸੀ। ਪਰ ਅੱਜ ਬਾਹਰ ਜਾਣ ਦੀ ਹੋੜ ਵਿਚ ਭੈਣਾਂ, ਮਾਸੀਆਂ ਦੇ ਰਿਸ਼ਤੇ ਦਾਉ 'ਤੇ ਲੱਗ ਰਹੇ ਹਨ। ਜਿਹੜੇ ਵੀ ਤੌਰ ਤਰੀਕੇ ਅਪਨਾ ਕੇ ਅਸੀਂ ਬਾਹਰ ਜਾ ਰਹੇ ਹਾਂ, ਜਾਗਦੀ ਜ਼ਮੀਰ ਨਾਲ ਸ਼ਾਇਦ ਅਸੀਂ ਉਹ ਖ਼ਬਰ ਰੂਪ 'ਚ ਵੀ ਪੜ੍ਹ ਨਾ ਸਕੀਏ। ਭੈਣ ਦੇ ਅਨਾਦਰ ਤੇ ਮਾਂ ਦੇ ਨਿਰਾਦਰ ਤੋਂ ਵੱਡਾ ਪਾਪ ਹੋਰ ਕੀ ਸਕਦਾ ਹੈ!

ਅਸੀਂ ਖ਼ੁਦ ਨੂੰ ਵਿਸ਼ਵ ਦੇ ਮਹਾਨ ਗ੍ਰੰਥ ਅਤੇ ਵਿਰਾਸਤ ਦੇ ਵਾਰਸ ਮੰਨਦੇ ਹਾਂ, ਪਰ ਚਰਿਤਰ ਵਿਚ ਇਸ ਕਦਰ ਪੱਛੜ ਗਏ ਹਾਂ ਕਿ ਸਾਡੇ ਬੱਚੇ ਸੁਰਤ ਸੰਭਲਦੇ ਹੀ ਸੋਚਦੇ ਹਨ ਕਿ ਇਸ ਡੁਬਦੀ ਕਿਸ਼ਤੀ 'ਚੋਂ ਉਹ ਕਿਸੇ ਨਾ ਕਿਸੇ ਤਰ੍ਹਾਂ ਬਾਹਰ ਨਿਕਲ ਜਾਣ। ਬਿਮਾਰ ਬੁਢੇ ਦੇ ਸੱਤ ਪੁਤਰਾਂ ਕੋਲੋਂ ਇਕ ਇਕ ਸੋਟੀ ਦੇ ਟੁੱਟ ਜਾਣ, ਪਰ ਬੰਡਲ ਨੂੰ ਨਾ ਤੋੜ ਸਕਣ ਦੀ ਕਹਾਣੀ ਅਸੀਂ ਭੁੱਲ ਚੁੱਕੇ ਹਾਂ। ਪ੍ਰਗਤੀ ਦਾ ਪ੍ਰਥਮ ਸਬਕ ਸਾਂਝੀਵਾਲਤਾ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਹੈ। ਸਾਹਿਤ ਵਿਚੋਂ ਪ੍ਰਗਤੀ ਦਾ ਅਨੁਮਾਨ ਲਗ ਸਕਦਾ ਹੈ। 'ਮਾਨ' ਗੋਤ ਦਾ ਹੋਣ ਕਰਕੇ, ਪੰਜਾਬ ਦਾ ਮਾਣ ਸਦਾਉਂਦੇ ਕਲਾਕਾਰ ਦਾ ਵਿਅੰਗ ਉਦੋਂ ਤੱਕ 'ਸੰਪੰਨ' ਨਹੀਂ ਹੁੰਦਾ, ਜਦ ਤੱਕ ਬੂਟੀਦਾਰ ਪੱਗ ਵਾਲੇ 'ਅਚਲੰਤ' ਸਿੱਖ ਦਾ ਉਪਹਾਸ ਨਹੀਂ ਉੜਾਇਆ ਜਾਂਦਾ। ਸਾਡੇ ਹੱਸ ਹੱਸ ਢਿੱਡੀਂ ਪੀੜਾਂ ਪੈ ਜਾਂਦੀਆਂ, ਜਦੋਂ ਇਸ ਸਵਾਲ, 'ਚਾਚਾ, ਛਿੰਦਾ ਜੱਟ ਐ' ਦਾ ਜਵਾਬ ਸੁਣਦੇ ਹਾਂ, 'ਨਹੀਂ ਭਤੀਜ, ਥੋੜਾ ਜਿਹਾ ਘੱਟ ਐ।' ਜਿਥੇ ਇਕ ਵਿਸ਼ੇਸ਼ ਜ਼ਾਤੀ ਨਾਲ ਸਬੰਧਤ ਹੋਣਾ ਹੀ 'ਪੂਰਾ' ਹੋਣਾ ਹੋਵੇ, ਉਥੇ 'ਊਣਿਆਂ' ਦੇ ਪੱਲੇ ਸਿਵਾਇ ਰੋਣ ਦੇ ਕੀ ਹੋ ਸਕਦਾ ਹੈ!

ਕਦੇ ਕਦੇ ਬੰਦਾ ਔਝੜੇ ਪੈ ਜਾਂਦਾ ਹੈ, ਕੁਝ ਨਹੀਂ ਸੁਝਦਾ। ਅਜਿਹੇ ਸਮੇਂ ਪਿਛੇ ਮੁੜਨ 'ਚ ਵੀ ਭਲਾ। ਬੈਕ ਗਿਅਰ ਬਗ਼ੈਰ ਗੱਡੀ ਠੀਕ ਰਸਤੇ ਨਹੀਂ ਲਿਆਂਦੀ ਜਾ ਸਕਦੀ। ਸਮੇਂ ਦਾ ਉਲਟ ਗੇੜ ਬੇਸ਼ੱਕ ਅਸੰਭਵ ਹੈ, ਪਰ ਕਦੀ ਕਦੀ ਪਿਛੇ ਮੁੜਨਾ ਵੀ ਅੱਗੇ ਵਧਣਾ ਹੁੰਦਾ। ਗ਼ਲਤੀ ਪਿੱਛੇ ਹੋਈ, ਕੋਈ ਚੀਜ਼ ਪਿੱਛੇ ਛੱਡ ਆਏ, ਜਿਸ ਲਈ ਪਿਛੇ ਪਰਤਣ ਬਗ਼ੈਰ ਕੋਈ ਚਾਰਾ ਨਹੀਂ। ਸਿਆਣੇ ਸੋਚਣ ਕਿ ਕਿਵੇਂ 'ਭੰਤਾ' 'ਧਰਮ ਸਿੰਘ' ਸਜ਼ੇ, ਜ਼ਿਮੀਦਾਰ ਕਿਰਸਾਣ ਬਣੇ, ਭੂਪਤੀ ਭੂਪੁੱਤਰ ਹੋਵੇ ਤੇ ਸਾਰੇ ਕਿਰਤੀ ਭੈਣ ਭਾਈ। ਇਸ ਲਈ ਗੁਰੂ ਨਾਨਕ ਦਾ ਸੁਝਾਇਆ ਸਿੱਖ ਯੋਗਾ ਹੀ ਇਕ ਰਾਹ ਹੈ, ਜਿਸ 'ਤੇ ਤੁਰਿਆਂ ਮਾਤ ਭੂਮੀ 'ਚੋਂ ਭੱਜੀਆਂ ਵਹੀਰਾਂ, ਭੱਜੀਆਂ ਬਾਹਾਂ ਦੀ ਤਰ੍ਹਾਂ ਮੁੜ ਗਲ਼ੇ ਵੱਲ ਪਰਤ ਸਕਦੀਆਂ ਹਨ। ਪਰਵਾਸੀ ਚੇਤਨਾ ਅਤੇ ਯਾਤਨਾ ਤੋਂ ਮੁਕਤ ਹੋਣ ਦਾ ਇਹੋ ਰਾਹ ਹੈ। ਪਿਛੇ ਰਹਿ ਗਈ 'ਵਥ' ਸੰਭਾਲ ਕੇ ਹੀ ਅਗੇ ਵਧਣਾ ਸਿਆਣਪ ਹੈ। ਡੁੱਲ੍ਹੇ ਬੇਰਾਂ ਦਾ ਕੁਝ ਨਾ ਵਿਗੜਨ ਦੀ ਕੋਈ ਸੀਮਾ ਹੈ। ਈਦੋਂ ਬਾਦ ਮਿਲਿਆ ਨਿਆਂ ਅਨਿਆਂ ਹੈ। ਸਾਹਿਰ ਨੇ ਲਿਖਿਆ, 'ਚੁੱਪ ਰਹੇਗੀ ਜੁ ਜ਼ੁਬਾਨਿ ਖ਼ੰਜਰ, ਲਹੂ ਪੁਕਾਰੇਗਾ ਆਸਤੀਂ ਕਾ।'

# ਮੁਕਤੀ ਪਾਈਏ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਜੂਨਾਂ ਦੇ ਕ੍ਰਮਵਿਕਾਸਵਾਦੀ ਸਿਧਾਂਤ ਨੇ ਮਨੁਖੀ ਜੂਨ ਦੀ ਵਿਗਿਆਨਕ ਵਿਆਖਿਆ ਕੀਤੀ ਹੈ ਜਿਸ ਅਨੁਸਾਰ ਇਹ ਇਕ-ਸੈਲ ਦੇ ਜੀਵ ਤੋਂ ਵਿਗਸਦਾ ਲੰਮੀ ਘਾਲਣਾ ਪਿਛੋਂ ਮਨੁਖੀ ਜੂਨ ਧਾਰ ਸਕਿਆ ਹੈ। ਇਹ ਸਭ ਜੀਵਾਂ ਤੋਂ ਸਿਰਮੌਰ ਹੈ। ਧਾਰਮਕ ਵਿਸ਼ਵਾਸ ਅਨੁਸਾਰ ਵੀ ਮਾਣਸ ਜਨਮ ਅਣਮੋਲ ਹੈ। ਪਰ ਇਹ ਆਵਾਗਮਨ ਦੇ ਗੇੜ ਵਿਚ ਪੈ ਕੇ ਮੁਸ਼ਕਿਲ ਨਾਲ ਹੀ ਇਸ ਜੂਨ ਵਿਚ ਆਉਂਦਾ ਹੈ। ਧਰਮ ਇਸ ਅਣਮੋਲ ਜੂਨ ਤੋਂ ਵੀ ਮੁਕਤੀ ਪਾਉਣ 'ਤੇ ਜ਼ੋਰ ਦਿੰਦੇ ਹਨ। ਅਸਲ ਵਿਚ ਭੂਤਕਾਲ ਵਿਚ ਮਨੁਖ ਦਾ ਜੀਵਨ ਬਹੁਤ ਹੀ ਜਦੋਜਹਿਦ ਭਰਿਆ ਰਿਹਾ ਹੈ। ਬ੍ਰਹਿਮੰਡ ਦੇ ਭੇਦ ਉਸ ਦੀ ਸਮਝ ਤੋਂ ਬਾਹਰ ਰਹਿੰਦੇ ਸਨ। ਉਸ ਨੂੰ ਨਿਤ ਪੇਸ਼ ਆਫਤਾਂ ਦੀ ਸਮਝ ਨਹੀਂ ਸੀ ਆ ਰਹੀ। ਜਿੰਦਗੀ ਦੇ ਕਸ਼ਟਾਂ ਤੋਂ ਮੁਕਤੀ ਦਾ ਇਕ ਰਾਹ ਇਸ ਜੀਵਨ ਤੋਂ ਹੀ ਨਿਜਾਤ ਪਾ ਲੈਣਾ ਹੋ ਸਕਦਾ ਹੈ।

ਧਿਆਨ ਦਿਉ ਕਿ ਧਰਮ ਦੇ ਪ੍ਰਸੰਗ ਵਿਚ ਕਰਮ ਦੇ ਅਰਥ ਜੀਵਨ ਸੰਘਰਸ਼ ਨਾ ਹੋ ਕੇ ਕਰਮ ਕਾਂਡ ਬਣ ਜਾਂਦਾ ਹੈ ਪਰ ਧਰਮ ਇਸ ਸਮੱਸਿਆ ਦੇ ਹੱਲ ਨੂੰ ਇਸ ਤਰ੍ਹਾਂ ਨਹੀਂ ਸੀ ਪੇਸ਼ ਕਰ ਸਕਦਾ। ਧਰਮ ਨੇ ਇਸ ਦਾ ਰਹੱਸੀਕਰਣ ਕੀਤਾ। ਇਸ ਲਈ ਅਕਸਰ ਮੁਕਤੀ ਦਾ ਮਨੋਰਥ ਜਿੰਦਗੀ ਨੂੰ ਇਸ ਸਭ ਪਰਪੰਚ ਦੀ ਚਾਲਕ ਕਲਪਿਤ ਪਰਾਸਰੀਰਕ ਸ਼ਕਤੀ ਨੂੰ ਅਰਪਤ ਕਰ ਦੇਣਾ ਬਣ ਗਿਆ। ਮਿਸਾਲ ਵਜੋਂ ਮਹਾਨ ਕੋਸ਼ ਅਨੁਸਾਰ ਸਿੱਖ ਮਤ ਦੀ ਮੁਕਤੀ ਹੈ ਗੁਰਮੁਖਾਂ ਦੀ ਸੰਗਤ ਦੁਆਰਾ ਨਾਮ ਦੇ ਤੱਤ ਅਤੇ ਅਭਿਆਸ ਦੇ ਪ੍ਰਕਾਰ ਨੂੰ ਜਾਣ ਕੇ ਸਿਰਜਣਹਾਰ ਨਾਲ ਲਿਵ ਦਾ ਜੋੜਨਾ, ਹਊਮੈ ਤਿਆਗ ਕੇ ਪਰੋਪਕਾਰ ਕਰਨਾ, ਅੰਤਹਕਰਣ ਨੂੰ ਅਵਿਦਿਆ ਅਤੇ ਭ੍ਰਮਜਾਲ ਤੋਂ ਸ਼ਰੀਰ ਨੂੰ ਅਪਵਿਤ੍ਰਤਾ ਤੋਂ ਪਾਕ ਰੱਖਣਾ। ਸਾਰ ਇਹ ਹੈ ਕਿ ਧਰਮ ਅਨੁਸਾਰ ਇਸ ਜੀਵਨ ਦੌਰਾਨ ਇਸ ਦੀ ਮਾਇਆ ਅਰਥਾਤ ਪਦਾਰਥਾਂ ਨਾਲ ਲਗਾਉ ਹੀ ਮਨੁਖ ਦੀਆਂ ਸਮੱਸਿਆਵਾਂ ਦਾ ਕਾਰਨ ਹੈ ਜਦ ਕਿ ਮਨੁਖਾ ਜਿੰਦਗੀ ਕਿਸੇ ਹੋਰ ਵਡੇਰੇ ਮਨੋਰਥ ਲਈ ਹੈ। ਮਾਰੂ ਸੋਲਹੇ ਵਿਚ ਗੁਰੂ ਨਾਨਕ ਦੇ ਇਹ ਸ਼ਬਦ ਸੁਣੋ,

ਕਰਮ ਧਰਮ ਕਰਿ ਮੁਕਤਿ ਮੰਗਾਹੀ॥
ਮੁਕਤਿ ਪਦਾਰਥੁ ਸਬਦਿ ਸਲਾਹੀ॥
ਬਿਨ ਗੁਰਸਬਦੈ ਮੁਕਤਿ ਨ ਹੋਈ
ਪਰਪੰਚੁ ਕਰਿ ਭਰਮਾਈ ਹੇ॥

ਤੀਜੇ ਗੁਰੂ ਦਾ ਕਥਨ ਹੈ, 'ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ॥' ਇਸਲਾਮ, ਈਸਾਈ, ਬੁਧ, ਜੈਨ ਤੇ ਯੋਗ ਮਤ-ਹਰ ਧਰਮ ਨੇ ਮਨੁਖ ਦੀ ਮੁਕਤੀ ਦੀ ਗੱਲ ਕੀਤੀ ਹੈ ਜੋ ਤੱਤ ਰੂਪ ਵਿਚ ਜੀਵਨ ਤੋਂ ਕਿਨਾਰਾਕਸ਼ੀ ਵਾਲੀ ਹੈ। ਗੱਲ ਕੀ ਧਰਮ ਜੇ ਮਨੁਖ ਦੀ ਸਰੀਰਕ ਮੌਤ ਦਾ ਨਹੀਂ ਤਾਂ ਉਸ ਦੀ ਹਉਮੈ ਜਾਂ ਆਪੇ ਦੀ ਮੌਤ ਦਾ ਆਦਰਸ਼ੀਕਰਣ ਕਰਦਾ ਹੈ। ਗੌਰਤਲਬ ਹੈ ਕਿ 'ਮੁੱਕਣਾ' ਸ਼ਬਦ ਵੀ ਮੁਕਤੀ ਦਾ ਭਾਈਬੰਦ ਹੀ ਹੈ। ਮੁੱਕਣਾ ਵਿਚ ਕਿਸੇ ਚੀਜ਼ ਦੇ ਖਲਾਸ ਹੋਣ ਤੇ ਖਤਮ ਹੋਣ ਤੋਂ ਲੈ ਕੇ ਮਰਨ ਤੱਕ ਦੇ ਭਾਵ ਹਨ। ਸ਼ਾਹ ਹੁਸੈਨ ਨੇ ਮੁੱਕੀ ਸ਼ਬਦ ਜਿਸ ਤਰ੍ਹਾਂ ਵਰਤਿਆ ਹੈ ਉਸ ਵਿਚ ਮੁੱਕ ਜਾਣ ਤੇ ਮੁਕਤੀ ਦੇ ਭਾਵ ਇਕ ਮਿੱਕ ਹੋ ਗਏ ਪ੍ਰਤੀਤ ਹੁੰਦੇ, 'ਮੇਰੇ ਸਾਹਿਬਾ ਮੈਂ ਤੇਰੀ ਹੋ ਮੁੱਕੀ ਆਂ। ਮਨਹੁੰ ਨਾ ਵਿਸਾਰੀ ਤੂੰ ਮੇਰੇ ਸਾਹਿਬਾ।' ਤੀਸਰੇ ਗੁਰੂ ਦੇ ਬੋਲ ਹਨ, 'ਚਰਣ ਕਰ ਦੇਖਤ ਸੁਣਿ ਥਕੇ ਦਿਹ ਮੁਕੇ ਨੇੜੈ ਆਏ।' ਭਾਵ ਪੈਰ ਹੱਥ ਤੇ ਅੱਖਾਂ ਵੇਖ ਵੇਖ ਕੇ ਤੇ ਕੰਨ ਸੁਣ ਸੁਣ ਕੇ ਥੱਕ ਗਏ ਹਨ, ਜ਼ਿੰਦਗਾਨੀ ਦੇ ਦਿਨ



ਵੀ ਮੁੱਕ ਗਏ ਹਨ। ਮੂਰਖ ਆਪਣੀ ਇਸ ਜਿੰਦਗੀ ਵਿਚ ਸੱਚਾ ਨਾਮ ਨਹੀਂ ਧਿਆਉਂਦਾ।

ਸੰਸਕ੍ਰਿਤ ਦਾ ਇਕ ਧਾਤੂ 'ਮੁਚ' ਹੈ ਜਿਸ ਦਾ ਅਰਥ ਛੱਡਣਾ, ਖਲਾਸ ਕਰਨਾ ਆਦਿ ਹੈ। ਇਸ ਤੋਂ ਵਿਉਤਪਤ ਰੂਪ ਹੋਇਆ 'ਮੁੱਕੁ' ਜਿਸ ਤੋਂ ਭਾਵਵਾਚੀ ਨਾਂਵ ਮੁਕਤੀ ਬਣਿਆ। ਇਸ ਦਾ ਭੂਤਕਾਰਦੰਤਕ ਮੁਕਤ ਹੈ, ਅਰਥਾਤ ਖਲਾਸ ਹੋਇਆ।

ਮੁਕਤੀ ਦਾ ਪੰਜਾਬੀ ਵਿਚ ਇਕ ਹੋਰ ਰੂਪ 'ਮੋਖ' ਹੈ ਜਿਸ ਦਾ ਸੰਸਕ੍ਰਿਤ ਪਰਾਰੂਪ ਮੋਕਸ਼ ਹੈ। ਸੰਸਕ੍ਰਿਤ ਦੀ 'ਕਸ਼' ਧੁਨੀ ਅਕਸਰ ਹੀ ਪੰਜਾਬੀ ਤੇ ਹੋਰ ਭਾਰਤੀ ਬੋਲੀਆਂ ਵਿਚ ਆ ਕੇ 'ਖ' ਵਿਚ ਬਦਲ ਜਾਂਦੀ ਹੈ। ਗੁਰਬਾਣੀ ਵਿਚ ਮੋਖ ਰੂਪ ਬਹੁਤ ਵਾਰੀ ਆਇਆ ਹੈ, 'ਸਰਬ ਬੈਕੁੰਠ ਮੁਕਤਿ ਮੋਖ ਪਾਏ' -ਗੁਰੂ ਅਰਜਨ। 'ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ' -ਗੁਰੂ ਨਾਨਕ ਦੇਵ। ਗੁਰੂ ਗ੍ਰੰਥ ਵਿਚ ਮੋਖ ਸ਼ਬਦ ਬਹੁਤਾ ਗੁਰੂ ਅਮਰ ਦਾਸ ਨੇ ਹੀ ਵਰਤਿਆ ਹੈ। ਕਈ ਥਾਂਵਾਂ 'ਤੇ ਮੁਕਤਿ ਮੋਖ ਇਕੱਠੇ ਵੀ ਆਏ ਹਨ ਜਿਵੇਂ 'ਸਰਬ ਬੈਕੁੰਠ ਮੁਕਤਿ ਮੋਖ ਪਾਏ।' ਧਾਰਮਿਕ ਪ੍ਰਸੰਗ ਵਿਚ ਮੁਕਤੀ ਤੇ ਮੋਖ ਦੇ ਅਰਥਾਂ ਵਿਚ ਥੋੜਾ ਭੇਦ ਮਾਲੂਮ ਹੁੰਦਾ ਹੈ। ਮੋਖ ਮੁਕਤੀ ਦਾ ਪਰਿਣਾਮ ਕਹਿ ਸਕਦੇ ਹਾਂ ਅਰਥਾਤ ਸਭ ਬੰਧਨਾਂ ਤੋ ਖਲਾਸ ਹੋ ਕੇ ਪ੍ਰਾਪਤ ਹੋਈ ਅਨੰਦ ਆਦਿ ਦੀ ਅਵਸਥਾ। ਪਰ ਬੋਲਚਾਲ ਜਾਂ ਆਮ ਭਾਸ਼ਾ ਵਿਚ ਅਸੀਂ ਮੁਕਤੀ ਸ਼ਬਦ ਛੁਟਕਾਰਾ, ਬੰਦ-ਖਲਾਸੀ ਜਾਂ ਆਜਾਦੀ ਦੇ ਭਾਵਾਂ ਵਿਚ ਵਰਤਦੇ ਹਾਂ। ਜਿਵੇਂ ਰਾਸ਼ਟਰੀ ਮੁਕਤੀ ਅੰਦੋਲਨ ਨੂੰ ਅਸੀਂ ਰਾਸਟਰੀ ਮੋਖ ਅੰਦੋਲਨ ਨਹੀਂ ਕਹਿ ਸਕਦੇ। ਮੋਖ ਦਾ ਇਕ ਹੋਰ ਵਿਉਤਪਤ ਰੂਪ ਮੋਖੰਤਰ ਵੀ ਹੈ, 'ਜੀਵਤੁ ਮਰੈ ਮਰੈ ਫੁਨਿ ਜੀਵੈ ਤਾਂ ਮੋਖੰਤਰ ਪਾਏ' -ਗੁਰੂ ਅਮਰ ਦਾਸ। ਜੋ ਜਿਉਂਦਿਆਂ ਹੀ ਇਕ ਤਰ੍ਹਾਂ ਸੰਸਾਰਕ ਤੌਰ 'ਤੇ ਮੁਰਦਾ ਹੈ ਉਹ ਸਚਮੁਚ ਮਰ ਕੇ ਮੁਕਤੀ ਪਾ ਲੈਂਦਾ ਹੈ। ਮੋਖ ਦਾ ਇਕ ਅਰਥ ਪੈਸੇ ਚੁਕਤਾ ਕਰਨਾ ਵੀ ਹੈ ਅਰਥਾਤ ਕਰਜ਼ੇ ਆਦਿ ਤੋਂ ਛੁਟਕਾਰਾ ਪਾ ਲਿਆ ਗਿਆ ਹੈ। ਬਦਲਦਾ ਬਦਲਦਾ ਇਸ ਦਾ ਅਰਥ ਕੀਮਤ, ਭੇਟਾ ਵੀ ਹੋ ਗਿਆ ਹੈ। ਮੁਕਤੀ ਤੋਂ ਹੀ ਮੁਕਤੀਦਾਤਾ ਸ਼ਬਦ ਬਣਿਆ ਜੋ ਮੁਕਤੀ ਪ੍ਰਦਾਨ ਕਰਨ ਵਾਲਾ ਗੁਰੂ ਆਦਿ ਹੈ। ਮੁਕਤਾ ਦਾ ਅਰਥ ਹੈ, ਬੰਧਨ ਰਹਿਤ, ਮੁਕਤੀ ਨੂੰ ਪ੍ਰਾਪਤ ਹੋਇਆ ਵੀ ਹੈ, 'ਹਰਖ ਸੋਗ ਦੋਹਾ ਤੇ ਮੁਕਤਾ' -ਅਮਰ ਦਾਸ। ਕਿਸੇ ਲਗ ਮਾਤਰ ਤੋਂ 'ਮੁਕਤ' ਅੱਖਰ ਵੀ ਮੁਕਤਾ ਕਹਾਉਂਦਾ ਹੈ। ਮੁਕਤਾ ਦਾ ਬਹੁਵਚਨ 'ਮੁਕਤੇ' ਨਾਂਵ ਰੂਪ ਵਿਚ ਆਮ ਤੌਰ 'ਤੇ ਚਾਲੀ ਮੁਕਤਿਆਂ ਦੇ ਪ੍ਰਸੰਗ ਵਿਚ ਹੀ ਵਰਤਿਆ ਜਾਂਦਾ ਹੈ ਪਰ ਭੂਤਕਾਰਦੰਤਕ ਕਿਰਿਆ ਦੇ ਰੂਪ ਵਿਚ 'ਮੁਕਤ ਹੋਏ' ਅਰਥ ਹੀ ਹੈ, 'ਗੁਰ ਸਬਦੀ ਦਰੁ ਜੋਈਐ ਮੁਕਤੇ ਭੰਡਾਰਾ' -ਗੁਰੂ ਨਾਨਕ।

ਜਿਵੇਂ ਉਪਰ ਜ਼ਿਕਰ ਆ ਚੁਕਾ ਹੈ, 'ਮੁਕੁ' ਤੋਂ ਹੀ ਮੁੱਕਣਾ ਸ਼ਬਦ ਵੀ ਬਣਿਆ ਹੈ। ਮੁੱਕਣ ਵਿਚ ਛੁਟਕਾਰਾ ਹੋਣ ਦਾ ਭਾਵ ਹੈ। ਮੌਤ ਤਾਂ ਖੈਰ ਹੈ ਹੀ ਜਿੰਦਗੀ ਦੇ ਜੰਜਾਲਾਂ ਤੋਂ ਛੁਟਕਾਰਾ; ਕੰਮ ਵੀ ਬੰਧਨ ਹੀ ਹੁੰਦਾ ਹੈ, ਇਸ ਲਈ ਕੰਮ ਮੁੱਕ ਗਿਆ ਦਾ ਮਤਲਬ ਕੰਮ ਦੇ ਬੰਧਨਾਂ ਤੋਂ ਛੁਟਕਾਰਾ ਹੋ ਗਿਆ। ਫਿਰ ਮੁਕਾਣ ਜਾਂ ਮਕਾਣ ਦੇਖ ਲਵੋ। ਕਿਸੇ ਦੇ ਮਰ ਮੁੱਕਣ 'ਤੇ ਢੁਕਣਾ ਮਕਾਣ ਕਹਾਉਂਦਾ ਹੈ। ਏਹੀ ਮਕਾਣ ਹੌਲੀ ਹੌਲੀ ਇਕ ਰੀਤੀ ਬਣ ਕੇ ਪਿੱਟ ਸਿਆਪੇ ਵਿਚ ਬਦਲ ਗਈ। ਸੰਭਵ ਹੈ ਸੁਖਾਂ ਲੱਧੀ ਰੀਤੀ 'ਮੁਕਲਾਵਾ' ਦਾ ਵੀ ਇਸ ਨਾਲ ਸਬੰਧ ਹੋਵੇ ਪਰ ਹੋਰ ਸੋਚਣ ਦੀ ਲੋੜ ਹੈ। ਮੁਕਲਾਵਾ ਵੀ ਜ਼ਿੰਦਗੀ ਦੇ ਇਕ ਦੌਰ ਦੇ ਮੁੱਕਣ ਵੱਲ ਹੀ ਇਸ਼ਾਰਾ ਕਰਦਾ ਹੈ। ਭਾਸ਼ਾਵਾਂ ਵਿਚ ਇਸੇ ਤਰ੍ਹਾਂ ਹੁੰਦਾ ਹੈ। ਇਕੋ ਮੂਲ ਤੋਂ ਕਈ ਸ਼ਬਦ ਬਣਦੇ ਹਨ ਤੇ ਵਿਭਿੰਨ ਭਾਸ਼ਾਵਾਂ ਵਿਚ ਉਨ੍ਹਾਂ ਦੇ ਅਲੱਗ ਅਲੱਗ ਪਰ ਮਿਲਦੇ ਜੁਲਦੇ ਅਰਥ ਤੇ ਰੂਪ ਰੂੜ੍ਹ ਹੋ ਜਾਂਦੇ ਹਨ। ਕਈ ਵਾਰੀ ਕੁਝ ਸ਼ਬਦ, ਉਨ੍ਹਾਂ ਦੇ ਰੂਪਾਂਤਰ ਤੇ ਵਿਸ਼ੇਸ਼ ਅਰਥ ਸਮਾਂ ਪੈਣ ਨਾਲ ਵਰਤੋਂ ਵਿਚ ਆਉਣੋਂ ਬੰਦ ਹੋ ਜਾਂਦੇ ਹਨ। ਕੋਈ ਦੂਸਰੀ ਭਾਸ਼ਾ ਦਾ ਸ਼ਬਦ ਉਸ ਦੀ ਥਾਂ ਮੱਲ ਲੈਂਦਾ ਹੈ। ਸ਼ਬਦਾਂ ਦਾ ਇਹ ਵਰਤਾਰਾ ਬਹੁਤ ਹੀ ਦਿਲਚਸਪ ਹੈ।

'ਮੁਕਤ' ਹੋ ਜਾਣ ਤੋਂ ਹੀ 'ਮੋਤੀ' ਸ਼ਬਦ ਬਣਿਆ। 'ਮੁਕਤੀ' ਸ਼ਬਦ ਵਿਚੋਂ 'ਕ' ਧੁਨੀ ਮੁਕਤ ਹੋ ਗਈ ਤੇ ਹਾਸਿਲ ਆ ਗਿਆ 'ਮੁੱਤ' ਜਿਸ ਤੋਂ ਮੋਤੀ ਬਣਿਆ। ਪਰ ਮੋਤੀ ਜਿਹੀ ਸ਼ੈਅ ਦਾ ਮੁਕਤੀ ਦੇ ਭਾਵ ਨਾਲ ਕੀ ਰਿਸ਼ਤਾ ਹੈ? ਮੋਤੀ ਸਿੱਪ ਦੇ ਖੋਲ ਵਿਚੋਂ ਮੁਕਤ ਹੋ ਕੇ ਹੀ ਨਿਕਲਦਾ ਹੈ। ਮੋਤੀ ਜੇਹੀ ਕਲੀ ਵਾਲਾ ਪੌਦਾ ਵੀ ਮੋਤੀ ਕਹਾਉਂਦਾ ਹੈ ਜੋ ਰਾਇਬੇਲ ਜਾਤੀ ਦਾ ਹੈ। ਮੋਤੀ ਤੋਂ ਅੱਗੇ ਮੋਤੀਆ ਸ਼ਬਦ ਬਣ ਗਿਆ ਜਿਸ ਦਾ ਇਕ ਭਾਵ ਮੋਤੀ ਰੰਗਾ ਤੇ ਦੂਜਾ ਅੱਖਾਂ ਦੀ ਇਕ ਬੀਮਾਰੀ ਜਿਸ ਦਾ ਪੂਰਾ ਰੂਪ ਹੈ ਮੋਤੀਆਬਿੰਦ ਤੇ ਮੁਢਲਾ ਰੂਪ ਮੁਕਤਾਵਿੰਦੁ। ਭਾਈ ਕਾਹਨ ਸਿੰਘ ਨੇ ਇਸ ਦੀ ਬਹੁਤ ਖੂਬਸੂਰਤ ਵਿਆਖਿਆ ਕੀਤੀ ਹੈ, 'ਮੋਤੀ ਦੇ ਅਕਾਰ ਦਾ ਇਕ ਰਤੂਬਤ ਦਾ ਦਾਣਾ, ਜੋ ਅੱਖ ਦੀ ਨਜ਼ਰ ਨੂੰ ਰੋਕ ਲੈਂਦਾ ਹੈ।...ਪਹਿਲਾਂ ਝਾਉਲਾ ਦਿਖਾਈ ਦਿੰਦਾ ਹੈ। ਫੇਰ ਜਿਉਂ ਜਿਉਂ ਰਤੂਬਤ ਗਾੜ੍ਹੀ ਹੁੰਦੀ ਜਾਂਦੀ ਹੈ ਤਿਉਂ ਤਿਉਂ ਨਿਗਹ ਘਟਦੀ ਜਾਂਦੀ ਹੈ ਅੰਤ ਨੂੰ ਰਤੂਬਤ ਬਹੁਤ ਗਾੜ੍ਹੀ ਹੋ ਕੇ ਮੋਤੀ ਦੇ ਅਕਾਰ ਦੀ ਬਣ ਕੇ ਨਜ਼ਰ ਨੂੰ ਪੂਰੀ ਤਰ੍ਹਾਂ ਰੋਕ ਲੈਂਦੀ ਹੈ। ਇਸੇ ਕਾਰਣ ਇਸ ਰੋਗ ਦਾ ਨਾਉਂ ਮੋਤੀਆਬਿੰਦ (ਵਿੰਦੁ) ਹੈ।' ਵਰਤਿਆ ਗਿਆ ਸ਼ਬਦ ਰਤੂਬਤ ਅਰਬੀ ਅਸਲੇ ਦਾ ਹੈ ਤੇ ਇਸ ਦਾ ਅਰਥ ਤਰ ਹੈ। ਕਿਸੇ ਹੋਰ ਸਮੇਂ ਵਿਚਾਰ ਕਰਾਂਗੇ ਕਿ ਕਾਣਾ ਸ਼ਬਦ ਵਿਚ ਵੀ ਇਕ ਵਿਚਾਰ ਅਨੁਸਾਰ ਬਿੰਦੂ ਦਾ ਭਾਵ ਹੀ ਹੈ।

ਮੁਕਤ ਸ਼ਬਦ ਵਿਚ ਖੁਲ੍ਹ ਦਾ ਭਾਵ ਨਿਹਿਤ ਹੈ। ਆਖਰ ਛੁਟਕਾਰਾ, ਆਜ਼ਾਦੀ ਆਦਿ ਖੁਲ੍ਹ ਹੀ ਹੈ। ਖੁਲ੍ਹੀ ਜ਼ਮੀਨ ਆਦਿ ਲੰਬੀ ਚੌੜੀ ਹੈ ਭਾਵ ਸੀਮਾ ਦੇ ਬੰਨਣ ਵਿਚ ਨਹੀਂ ਬੰਨ੍ਹੀ ਹੋਈ। ਇਸੇ ਲਈ ਮੁਕੁ ਤੋਂ ਮੋਕਲਾ ਸ਼ਬਦ ਬਣਿਆ ਜੋ ਖੁਲ੍ਹਾ ਦੇ ਅਰਥ ਦਿੰਦਾ ਹੈ। ਹਿੰਦੀ ਦੇ ਇਕ ਸ਼ਬਦ ਮੁਕਲਾਈ ਦਾ ਭਾਵ ਮੁੱਕਣਾ ਹੀ ਹੈ ਹਾਲਾਂਕਿ ਹਿੰਦੀ ਵਿਚ ਮੁੱਕਣਾ ਸ਼ਬਦ ਮੌਜੂਦ ਨਹੀਂ। ਇਸ ਸ਼ਬਦ ਦਾ ਗੁਰੂ ਗ੍ਰੰਥ ਸਾਹਿਬ ਵਿਚ ਇਕ ਰੁਪਾਂਤਰ 'ਮੋਕਲਾਈ' ਮਿਲਦਾ ਹੈ, 'ਭੀੜਹੁ ਮੋਕਲਾਈ ਕੀਤੀਅਨੁ ਸਭ ਰੈਖੈ ਕੁਟੰਬੇ ਨਾਲਿ' -ਗੁਰੂ ਅਰਜਨ। ਏਥੈ ਮੋਕਲਾਈ ਦੇ ਦੋ ਅਰਥ ਕੀਤੇ ਜਾਂਦੇ ਹਨ। ਇਕ ਅਨੁਸਾਰ 'ਉਸ ਨੇ ਮੇਰਾ ਭੀੜਾ ਰਸਤਾ (ਭੀੜਹੁ) ਮੋਕਲਾ ਕਰ ਦਿੱਤਾ ਹੈ ਤੇ ਪਰਿਵਾਰ ਸਹਿਤ ਮੇਰੀ ਰੱਖ ਲਈ ਹੈ' ਦੂਜੇ ਅਰਥਾਂ ਅਨੁਸਾਰ ਏਥੇ ਮੋਕਲਾਈ ਸ਼ਬਦ ਖਲਾਸ ਕਰਨ ਦੇ ਅਰਥ ਦਿੰਦਾ ਹੈ ਤੇ ਭੀੜ ਮੁਸੀਬਤ ਦੇ, ਤੇ ਤੁਕ ਦਾ ਅਰਥ ਬਣਦਾ ਹੈ ਕਿ ਪ੍ਰਭੂ ਦੁਖਾਂ ਤੋਂ ਖਲਾਸੀ ਦਿੰਦਾ ਹੈ ਤੇ ਤੇਰੇ ਪਰਿਵਾਰ ਦੀ ਰੱਖਿਆ ਕਰਦਾ ਹੈ। ਪਰ ਮੈਨੂੰ ਏਥੇ ਭੀੜੀ ਗਲੀ ਨੂੰ ਖੁਲ੍ਹਾ ਕਰਨ ਦੇ ਭਾਵ ਵਧੇਰੇ ਦਰੁਸਤ ਲਗਦੇ ਹਨ। ਇਸ ਗੱਲ ਦੀ ਪੁਸ਼ਟੀ ਗੁਰੂ ਅਰਜਨ ਦੇਵ ਦੀ ਤੁਕ 'ਨਾਮ ਤੇਰੇ ਕੀ ਮੁਕਤੇ ਬੀਥੀ ਜਮ ਕਾ ਮਾਰਗੁ ਦੂਰਿ ਰਹਿਆ' ਤੋਂ ਹੁੰਦੀ ਹੈ।

ਇਸ ਮੂਲ ਵਿਚ ਛੁੱਟਣ ਦੇ ਭਾਵ ਤੋਂ ਹੀ 'ਮੋਕ' ਸ਼ਬਦ ਬਣਿਆ ਜੋ ਮੁਢਲੇ ਤੌਰ 'ਤੇ ਪਸ਼ੂਆਂ ਦਾ ਦਸਤ ਹੈ ਤੇ ਲਾਖਣਿਕ ਤੌਰ 'ਤੇ ਮਨੁੱਖਾਂ ਦਾ। ਅਤਿ ਦੀ ਘਬਰਾਹਟ ਜਾਂ ਡਰ ਵਿਚ ਮੇਰੇ ਵਰਗੇ ਮਨੁਖ ਬਹੁਤ ਸਾਰੀਆਂ ਸਰੀਰਕ ਕ੍ਰਿਆਵਾਂ 'ਤੇ ਕਾਬੂ ਨਹੀਂ ਰੱਖ ਸਕਦੇ ਇਸ ਲਈ ਇਹ ਕ੍ਰਿਆਵਾਂ ਖੁਲ੍ਹ ਖੇਲਦੀਆਂ ਹਨ। ਮੋਕ ਮਾਰਨਾ ਅਜਿਹੀ ਸਥਿਤੀ ਦਾ ਸੂਚਕ ਮੁਹਾਵਰਾ ਹੈ। ਦਿਲਚਸਪ ਗੱਲ ਹੈ ਕਿ ਹਿੰਦੀ ਵਿਚ ਮੋਕ ਦਾ ਅਰਥ ਮੋਖ ਵੀ ਹੈ। ਇਹ ਸਾਰੇ ਸ਼ਬਦ ਹਿੰਦ-ਆਰਿਆਈ ਅਸਲੇ ਦੇ ਹਨ ਇਸ ਲਈ ਹੋਰ ਭਾਰੋਪੀ ਭਾਸ਼ਾਵਾਂ ਵਿਚ ਇਸ ਦੇ ਸੁਜਾਤੀ ਮਿਲਦੇ ਹਨ। ਇਨ੍ਹਾਂ ਦਾ ਜ਼ਿਕਰ ਅਗਲੇ ਕਾਲਮ ਵਿਚ ਕਰਾਂਗੇ।

# ਔਰਤ ਦਾ ਸੰਤਾਪ

***ਪੰਜਾਬ ਦੇ ਕਸਬਾ ਪਾਤੜਾਂ ਵਿਚ ਕੁਝ ਸਾਲ ਪਹਿਲਾਂ ਸੁੱਕੇ ਖੂਹ ਵਿਚ ਗਰਭਪਾਤ ਕੀਤੀਆਂ ਬੱਚੀਆਂ ਦੀਆਂ ਬਹੁਤ ਸਾਰੀਆਂ ਲੋਥਾਂ ਮਿਲੀਆਂ ਸਨ। ਇਸ ਘਿਨਾਉਣੇ ਦ੍ਰਿਸ਼ ਅਤੇ ਵਾਰਦਾਤ ਉਤੇ ਅਮਿਤ ਅਤੇ ਜਯੋਤੀ ਬਾਵਾ ਨੇ ਨਾਟਕ 'ਖੂਹ ਬੋਲਦਾ ਹੈ' ਲਿਖਿਆ ਸੀ। ਇਹ ਲੇਖ ਇਸ ਨਾਟਕ ਦੇ ਮੁਖਬੰਦ ਦਾ ਹਿੱਸਾ ਹੈ।***

ਔਰਤ ਨੇ ਸਦੀਆਂ ਤੋਂ ਸੰਤਾਪ ਹੰਢਾਇਆ ਹੈ, ਦੁੱਖ ਭੋਗਿਆ ਹੈ, ਬੇਇਨਸਾਫੀ ਜਰੀ ਹੈ, ਅੱਤਿਆਚਾਰ ਨਾਲ ਜੂਝਿਆ ਹੈ, ਧੱਕੇਸ਼ਾਹੀ ਸਹੀ ਹੈ ਅਤੇ ਮਰਦ ਦੀ ਜ਼ਿਆਦਤੀ ਝੱਲੀ ਹੈ। ਦੁਨੀਆਂ ਦੇ ਹਰ ਕੋਨੇ ਵਿਚ ਆਮ ਤੌਰ 'ਤੇ ਮਰਦ ਪ੍ਰਧਾਨ ਰਿਹਾ ਹੈ ਅਤੇ ਔਰਤ ਨੂੰ ਹਮੇਸ਼ਾ ਦੂਜਾ ਦਰਜਾ ਮਿਲਿਆ ਹੈ। ਬਹੁਤ ਸਾਰੇ ਅਮੀਰ ਪੱਛਮੀ ਦੇਸ਼ਾਂ ਵਿਚ ਭਾਵੇਂ ਬਹੁਤ ਕੁਝ ਬਦਲ ਗਿਆ ਹੈ ਪਰ ਹਾਲੇ ਵੀ ਔਰਤ ਨੂੰ ਅਮਲੀ ਰੂਪ 'ਚ ਬਰਾਬਰੀ ਹਾਸਲ ਨਹੀਂ ਹੋਈ।



ਪ੍ਰੇਮ ਮਾਨ
ਫੋਨ: 860-983-5002

ਜੇ ਪੰਜਾਬੀ ਤੇ ਭਾਰਤ ਦੇ ਸਮਾਜ ਦੀ ਗੱਲ ਕਰੀਏ ਤਾਂ ਔਰਤ ਨੂੰ ਹਮੇਸ਼ਾ ਗ਼ੁਲਾਮ ਬਣਾ ਕੇ ਰੱਖਿਆ ਜਾਂਦਾ ਰਿਹਾ ਹੈ ਅਤੇ ਹਾਲੇ ਵੀ ਬਹੁਤੇ ਘਰਾਂ ਵਿਚ ਗ਼ੁਲਾਮ ਬਣਾ ਕੇ ਹੀ ਰੱਖਿਆ ਜਾਂਦਾ ਹੈ। ਔਰਤ ਨੂੰ ਪੈਰ ਦੀ ਜੁੱਤੀ ਕਹਿ ਕੇ ਉਸ ਦਾ ਨਿਰਾਦਰ ਕੀਤਾ ਜਾਂਦਾ ਰਿਹਾ ਹੈ। ਉਸ ਨੂੰ ਬੇਅਕਲ ਦਿਖਾਉਣ ਲਈ ਉਸ ਬਾਰੇ 'ਗੁੱਤ ਪਿੱਛੇ ਮੱਤ' ਵਾਲਾ ਮੁਹਾਵਰਾ ਵਰਤਿਆ ਜਾਂਦਾ ਰਿਹਾ ਹੈ। ਔਰਤ ਨੂੰ ਪੈਰ ਦੀ ਜੁੱਤੀ ਅਤੇ ਅਕਲ ਨੂੰ ਗੁੱਤ ਪਿੱਛੇ ਮੱਤ ਆਖਣਾ ਉਸ ਨੂੰ ਨੀਵੇਂ ਥਾਂ ਗ਼ੁਲਾਮ ਬਣਾ ਕੇ ਰੱਖਣ ਵਾਲੀ ਗੱਲ ਸੀ।

ਔਰਤ ਨੇ ਹਮੇਸ਼ਾ ਦੁੱਖ ਜ਼ਿਆਦਾ ਅਤੇ ਸੁੱਖ ਘੱਟ ਭੋਗਿਆ ਹੈ। ਔਰਤ ਦੀਆਂ ਤਕਲੀਫ਼ਾਂ ਮਰਦ ਨਾਲੋਂ ਜ਼ਿਆਦਾ ਹਨ। ਔਰਤ ਨੇ ਹਮੇਸ਼ਾ ਮਰਦ ਨਾਲੋਂ ਕਿਤੇ ਵੱਧ ਮਜਬੂਰੀਆਂ ਦਾ ਸਾਹਮਣਾ ਕੀਤਾ ਹੈ, ਵੱਧ ਅੱਥਰੂ ਕੇਰੇ ਹਨ ਅਤੇ ਸ਼ਾਇਦ ਹਮੇਸ਼ਾ ਮਰਦ ਤੋਂ ਘੱਟ ਹੱਸੀ ਹੈ। ਔਰਤ ਹਮੇਸ਼ਾ ਸਮਾਜ ਤੋਂ ਡਰਦੀ ਆਪਣੀਆਂ ਇੱਛਾਵਾਂ ਅਤੇ ਅਰਮਾਨ ਦਬਾ ਕੇ ਰੱਖਦੀ ਰਹੀ ਹੈ। ਹਿੰਦੁਸਤਾਨ ਵਰਗੇ ਮੁਲਕਾਂ ਵਿਚ, ਖਾਸ ਕਰ ਕੇ ਪੰਜਾਬ ਦੇ ਇਤਿਹਾਸ ਵਿਚ ਔਰਤ ਆਮ ਤੌਰ 'ਤੇ ਘਰ ਵਿਚ ਬੰਦ ਦਰਵਾਜ਼ਿਆਂ ਪਿੱਛੇ ਕੰਮ ਕਰਦੀ ਰਹੀ ਹੈ। ਮਰਦ ਬਾਹਰ ਕੰਮ ਕਰਦਾ, ਦੋਸਤਾਂ ਦੀਆਂ ਢਾਣੀਆਂ ਵਿਚ ਸ਼ਰਾਬਾਂ ਪੀਂਦਾ, ਸੱਥਾਂ ਵਿਚ ਖੇਡਾਂ ਖੇਡਦਾ, ਬੰਬੀਆਂ 'ਤੇ ਬੈਠ ਕੇ ਗੱਪ-ਸ਼ੱਪ ਦਾ ਅਨੰਦ ਮਾਣਦਾ ਅਤੇ ਮੇਲਿਆਂ ਵਿਚ ਨੱਚਦਾ-ਗਾਉਂਦਾ ਰਿਹਾ ਹੈ। ਔਰਤ ਨੂੰ ਤਾਂ ਕੁਝ ਸਾਲਾਂ ਤੋਂ ਹੀ ਨੱਚਣ ਗਾਉਣ ਦੀ ਥੋੜ੍ਹੀ ਬਹੁਤ ਖੁੱਲ੍ਹ ਮਿਲੀ ਹੈ। ਮਰਦ ਸਦੀਆਂ ਤੋਂ ਖੇਡਾਂ ਖੇਡਦੇ ਆਏ ਹਨ-ਕਬੱਡੀ, ਫੁੱਟਬਾਲ, ਘੋੜ ਦੌੜਾਂ ਅਤੇ ਇਹੋ ਜਿਹੀਆਂ ਹੋਰ ਖੇਡਾਂ ਉਤੇ ਕੁਝ ਸਾਲ ਪਹਿਲਾਂ ਤੱਕ ਸਿਰਫ਼ ਮਰਦ ਦੀ ਜਕੜ ਰਹੀ ਹੈ। ਔਰਤਾਂ ਨੂੰ ਹਾਲੇ ਵੀ ਹਿੰਦੁਸਤਾਨ ਵਰਗੇ ਮੁਲਕਾਂ ਵਿਚ ਖੇਡਾਂ ਵਿਚ ਖੁੱਲ੍ਹ ਕੇ ਹਿੱਸਾ ਲੈਣ ਦੀ ਪੂਰੀ ਬਰਾਬਰੀ ਹਾਸਲ ਨਹੀਂ।

ਸਦੀਆਂ ਪਹਿਲਾਂ ਸਤੀ ਦੀ ਪ੍ਰਥਾ ਸੀ। ਪਤੀ ਦੇ ਮਰਨ 'ਤੇ ਪਤਨੀ ਨੂੰ ਜਿਉਂਦਿਆਂ ਹੀ ਸੜਨਾ ਪੈਂਦਾ ਸੀ। ਕਾਰਨ ਕੁਝ ਵੀ ਹੋਣ ਪਰ ਸਤੀ ਦੀ ਪ੍ਰਥਾ ਔਰਤ ਨਾਲ ਘੋਰ ਬੇਇਨਸਾਫ਼ੀ ਸੀ। ਪਤੀ ਦੇ ਮਰਨ 'ਤੇ ਔਰਤ ਨੂੰ ਜਿਉਣ ਦਾ ਅਧਿਕਾਰ ਨਹੀਂ ਸੀ! ਮਰਦ ਪ੍ਰਧਾਨ ਸਮਾਜ ਵਿਚ ਔਰਤ ਨੂੰ ਕੌਣ ਸੁਣਦਾ ਸੀ? ਪੁਰਾਣੇ ਜ਼ਮਾਨੇ ਵਿਚ ਜੰਗਾਂ ਅੱਜ ਨਾਲੋਂ ਵੱਖਰੀਆਂ ਹੁੰਦੀਆਂ ਸਨ। ਦੂਜੇ ਦੇਸ਼ਾਂ ਜਾਂ ਸਲਤਨਤਾਂ ਤੋਂ ਧਾੜਵੀ ਆਉਂਦੇ ਸਨ। ਲੜਾਈਆਂ ਹੁੰਦੀਆਂ ਸਨ। ਜੰਗ ਜਿੱਤ ਕੇ ਜਾਣ ਵੇਲੇ ਧਾੜਵੀ ਹਾਰਨ ਵਾਲਿਆਂ ਦੀਆਂ ਧੀਆਂ, ਭੈਣਾਂ ਅਤੇ ਮਾਂਵਾਂ ਚੁੱਕ ਕੇ ਲੈ ਜਾਂਦੇ ਸਨ। ਇਨ੍ਹਾਂ ਔਰਤਾਂ ਨਾਲ ਕੀ ਬੀਤਦੀ ਹੋਵੇਗੀ? ਉਨ੍ਹਾਂ ਔਰਤਾਂ ਨੇ ਕਿਵੇਂ ਜ਼ਿੰਦਗੀ ਕੱਟੀ ਹੋਵੇਗੀ? ਪਿੱਛੇ ਰਹਿ ਗਏ ਮਾਂ-ਪਿਉ, ਭੈਣਾਂ-ਭਰਾਵਾਂ ਅਤੇ ਪੁੱਤਰਾਂ-ਧੀਆਂ ਨੇ ਕੀ ਕੀ ਸੋਚਿਆ ਹੋਵੇਗਾ? ਉਨ੍ਹਾਂ ਦੇ ਦਿਲਾਂ ਵਿਚ ਬਦਲੇ ਦੇ ਕਿੰਨੇ ਭਾਂਬੜ ਮਚੇ ਹੋਣਗੇ? ਪਰ ਬੇਵਸੀ ਨੇ ਕੁਝ ਨਾ ਕਰਨ ਦਿੱਤਾ ਹੋਵੇਗਾ। ਹਿੰਦੁਸਤਾਨ ਦੀ ਵੰਡ ਵੇਲੇ ਔਰਤਾਂ ਨੇ ਮਰਦਾਂ ਨਾਲੋਂ ਕਿਤੇ ਵੱਧ ਦੁੱਖ ਝੱਲਿਆ। ਬੇਹਿਸਾਬ ਔਰਤਾਂ ਨੂੰ ਜ਼ਬਰਦਸਤੀ ਚੁੱਕ ਲਿਆ ਗਿਆ, ਪਰਿਵਾਰਾਂ ਨਾਲੋਂ ਵਿਛੋੜ ਦਿੱਤੀਆਂ ਗਈਆਂ ਅਤੇ ਬੇਹਿਸਾਬ ਔਰਤਾਂ ਨਾਲ ਬਲਾਤਕਾਰ ਕੀਤੇ ਗਏ। ਇਨ੍ਹਾਂ ਔਰਤਾਂ ਨੇ ਰਹਿੰਦੀ ਜ਼ਿੰਦਗੀ ਕਿਵੇਂ ਕੱਟੀ ਹੋਵੇਗੀ? ਸੋਚ ਕੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ।

ਇਹ ਬਹੁਤੇ ਚਿਰ ਦੀ ਗੱਲ ਨਹੀਂ ਕਿ ਔਰਤਾਂ ਪਸ਼ੂਆਂ ਵਾਂਗ ਆਮ ਵੇਚੀਆਂ-ਖਰੀਦੀਆਂ ਜਾਂਦੀਆਂ ਸਨ। ਇਹ ਸਿਲਸਿਲਾ ਹਾਲੇ ਵੀ ਕਈ ਮੁਲਕਾਂ ਵਿਚ ਪ੍ਰਚਲਿਤ ਹੈ। ਹਾਲੇ ਵੀ ਹਿੰਦੁਸਤਾਨ ਵਿਚ ਬਹੁਤ ਮਰਦ ਜ਼ਨਾਨੀਆਂ ਵੇਚਦੇ-ਖਰੀਦਦੇ ਹਨ। ਹਾਲੇ ਵੀ ਅਰਬ ਦੇਸ਼ਾਂ ਦੇ ਧਨਾਢ ਸ਼ੇਖ਼ ਗ਼ਰੀਬਾਂ ਦੀਆਂ ਛੋਟੀਆਂ ਛੋਟੀਆਂ ਬੱਚੀਆਂ ਖਰੀਦ ਲੈਂਦੇ ਹਨ। ਹਾਲੇ ਵੀ ਬਹੁਤ ਮੁਲਕਾਂ ਵਿਚ ਔਰਤ, ਮਰਦ ਅੱਗੇ ਬੋਲਣ ਦਾ ਹੌਸਲਾ ਨਹੀਂ ਕਰ ਸਕਦੀ, ਔਰਤ ਕਮਜ਼ੋਰ ਹੈ ਅਤੇ ਮਰਦ ਤਾਕਤਵਰ। ਹਾਲੇ ਵੀ ਬਹੁਤ ਸਾਰੇ ਮੁਲਕਾਂ ਵਿਚ ਔਰਤਾਂ ਨੂੰ ਵੋਟ ਪਾਉਣ ਜਾਂ ਕਾਰ ਚਲਾਉਣ ਦਾ ਅਧਿਕਾਰ ਤੱਕ ਨਹੀਂ।

ਕੋਈ ਜ਼ਮਾਨਾ ਸੀ, ਪਿੰਡ ਦੀਆਂ ਬੱਚੀਆਂ ਨੂੰ ਕੰਜਕਾਂ ਕਿਹਾ ਜਾਂਦਾ ਸੀ। ਪਿੰਡ ਦੀਆਂ ਧੀਆਂ, ਧਿਆਣੀਆਂ ਸਨ। ਪਿੰਡ ਦੀ ਧੀ-ਭੈਣ ਸਭ ਦੀ ਧੀ-ਭੈਣ ਹੁੰਦੀ ਸੀ, ਪਿੰਡ ਦੀ ਇੱਜ਼ਤ ਹੁੰਦੀ ਸੀ ਪਰ ਜ਼ਮਾਨਾ ਬਦਲ ਗਿਆ ਹੈ। ਅੱਜਕੱਲ੍ਹ ਲੋਕ ਪਿੰਡ ਦੀਆਂ ਕੰਜਕਾਂ ਨਾਲ ਹੀ ਬਲਾਤਕਾਰ ਕਰ ਰਹੇ ਹਨ। ਮੁਟਿਆਰਾਂ ਨਾਲ ਸਮੂਹਿਕ ਬਲਾਤਕਾਰ ਕੀਤੇ ਜਾ ਰਹੇ ਹਨ। ਕੁੜੀਆਂ 'ਤੇ ਤੇਜ਼ਾਬ ਸੁੱਟ ਕੇ ਉਨ੍ਹਾਂ ਨੂੰ ਬੇਸ਼ਕਲ ਕੀਤਾ ਜਾ ਰਿਹਾ ਹੈ। ਸੜਕਾਂ 'ਤੇ ਤੁਰੀਆਂ ਜਾਂਦੀਆਂ ਔਰਤਾਂ ਨਾਲ ਬਦਸਲੂਕੀ ਕੀਤੀ ਜਾਂਦੀ ਹੈ। ਅੱਜ ਵੀ ਪੰਜਾਬ ਵਿਚ ਧੀਆਂ, ਭੈਣਾਂ ਅਤੇ ਮਾਂਵਾਂ ਜੁਰਮ ਦੇ ਡਰੋਂ ਘਰੋਂ ਨਿਕਲਣ ਤੋਂ ਡਰਦੀਆਂ ਹਨ। ਪੰਜਾਬ ਵਿਚ ਔਰਤਾਂ ਦਾ ਸੰਤਾਪ ਘਟਣ ਦੀ ਬਜਾਏ ਵਧ ਰਿਹਾ ਹੈ।

## ਦੁਖਦੀ ਰਗ

ਪਤਾ ਨਹੀਂ ਕਿੰਨੀਆਂ ਸਦੀਆਂ ਤੋਂ ਮਾਂ-ਪਿਉ ਧੀਆਂ ਦੇ ਵਿਆਹਾਂ ਵਿਚ ਦਾਜ ਦਿੰਦੇ ਆਏ ਹਨ। ਸ਼ਾਇਦ ਇਹ ਪ੍ਰਥਾ ਇਸ ਕਰ ਕੇ ਚੱਲੀ ਸੀ ਕਿ ਵਿਆਹ ਤੋਂ ਬਾਅਦ ਧੀ ਨੇ ਸਹੁਰੇ ਘਰ ਜਾ ਕੇ ਵਸਣਾ ਹੈ ਅਤੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਲਈ ਉਸ ਨੂੰ ਕੁਝ ਲੋੜੀਂਦੀਆਂ ਚੀਜ਼ਾਂ ਦੇ ਦਿੱਤੀਆਂ ਜਾਣ। ਹੌਲੀ ਹੌਲੀ ਇਸ ਰਿਵਾਜ਼ ਨੇ ਬਹੁਤ ਘਿਨਾਉਣਾ ਰੂਪ ਧਾਰਨ ਕਰ ਲਿਆ। ਲੜਕੇ ਵਾਲੇ ਦਾਜ ਮੂੰਹੋਂ ਮੰਗਦੇ ਹਨ। ਗ਼ਰੀਬਾਂ ਲਈ ਧੀਆਂ ਦਾ ਵਿਆਹ ਕਰਨਾ ਸੂਲੀ 'ਤੇ ਚੜ੍ਹਨ ਬਰਾਬਰ ਹੋ ਗਿਆ ਹੈ। ਗ਼ਰੀਬ ਮਾਂ-ਪਿਉ ਧੀ ਦੇ ਵਿਆਹ 'ਤੇ ਕਰਜ਼ਾਈ ਹੋ ਜਾਂਦੇ ਹਨ। ਬਹੁਤ ਸਾਰੇ ਲੜਕਿਆਂ ਦੇ ਮਾਂ-ਬਾਪ ਫਿਰ ਵੀ ਖ਼ੁਸ਼ ਨਹੀਂ ਹੁੰਦੇ। ਨੂੰਹਾਂ ਨੂੰ ਦਾਜ ਨਾ ਲਿਆਉਣ ਖ਼ਾਤਰ ਮਾਰਿਆ ਜਾ ਰਿਹਾ ਹੈ। ਸਹੁਰੇ ਘਰ ਵੱਲੋਂ ਸਤਾਈਆਂ ਔਰਤਾਂ ਖ਼ੁਦਕੁਸ਼ੀ ਕਰ ਰਹੀਆਂ ਹਨ। ਗ਼ਰੀਬ ਮਾਂ-ਪਿਉ ਕੀ ਕਰਨ? ਹੁਣ ਗ਼ਰੀਬ ਮਾਂ-ਪਿਉ ਗ਼ਲਤ ਪਾਸੇ ਤੁਰ ਪਏ ਹਨ। 'ਨਾ ਰਹੇ ਬਾਂਸ ਤੇ ਨਾ ਵੱਜੇ ਬਾਂਸਰੀ' ਵਾਲੇ ਮੁਹਾਵਰੇ ਵਾਂਗ, ਮਾਂ ਪਿਉ ਬਹੁਤ ਸਾਲਾਂ ਤੋਂ ਧੀਆਂ ਕੁੱਖਾਂ ਵਿਚ ਹੀ ਮਾਰਨ ਲੱਗ ਪਏ ਹਨ।

ਅਮੀਰ ਪੱਛਮੀ ਮੁਲਕਾਂ ਵਿਚ ਕਾਫ਼ੀ ਹੱਦ ਤੱਕ ਔਰਤਾਂ ਨੂੰ ਮਰਦਾਂ ਦੇ ਬਰਾਬਰ ਦੇ ਹੱਕ ਮਿਲ ਗਏ ਹਨ। ਔਰਤਾਂ ਆਜ਼ਾਦ ਹਨ, ਬਗੈਰ ਕਿਸੇ ਡਰ ਦੇ ਘਰੋਂ ਬਾਹਰ ਜਾ ਸਕਦੀਆਂ ਹਨ। ਲੜਕੀ ਦੇ ਮਾਂ-ਪਿਉ ਨੂੰ ਵਿਆਹ ਵਿਚ ਕੋਈ ਦਾਜ ਨਹੀਂ ਦੇਣਾ ਪੈਂਦਾ। ਵਿਆਹ ਦਾ ਖਰਚ ਵੀ ਲੜਕਾ ਅਤੇ ਲੜਕੀ ਜਾਂ ਉਨ੍ਹਾਂ ਦੇ ਮਾਂ-ਪਿਉ ਰਲ ਕੇ ਕਰਦੇ ਹਨ ਪਰ ਹਿੰਦੁਸਤਾਨ ਵਰਗੇ ਗ਼ਰੀਬ

(ਬਾਕੀ ਅਗਲੇ ਸਫੇ 'ਤੇ)

ਸਤਿਜੁਗੀ ਲੋਕ-2

# ਪਿੰਡ ਦੀ ਇੱਜ਼ਤ ਦਾ ਰਖਵਾਲਾ

1953 ਵਿਚ ਮੈਂ ਐਫ਼. ਐਸ-ਸੀ. ਕਰਨ ਮਗਰੋਂ ਡੀ. ਐਮ. ਕਾਲਜ ਮੋਗਾ ਛੱਡ ਦਿੱਤਾ ਪਰ ਮੇਰੇ ਦੋ ਮਿੱਤਰ-ਬੰਤ ਸਿੰਘ ਬਾਹੀਆ ਅਤੇ ਗੁਰਮੇਲ ਸਿੰਘ ਸਿੱਧੂ ਉਥੇ ਹੀ ਅੱਗੇ ਬੀ. ਏ. ਵਿਚ ਦਾਖ਼ਲ ਹੋ ਗਏ। ਉਹ ਸਟੇਟ ਹਾਈ ਸਕੂਲ ਮੰਡੀ ਫੂਲ ਤੋਂ ਹੀ ਮੇਰੇ ਹਮਜਮਾਤੀ ਸਨ। ਕਦੀ ਵਾਰ ਦਿਲ ਕਰਦਾ, ਆਪਣੇ ਪੁਰਾਣੇ ਕਾਲਜ ਦਾ ਚੱਕਰ ਲਾਈਏ ਅਤੇ ਦੋਸਤਾਂ ਨੂੰ ਮਿਲ ਕੇ ਆਈਏ।

ਅਗਲੇ ਸਿਆਲਾਂ ਦੀ ਗੱਲ ਹੈ, ਮੈਨੂੰ ਮੋਗੇ ਦੇ ਰਾਹ ਵਿਚ ਪੈਂਦੇ ਪਿੰਡ ਬੀਲ੍ਹੋਂ ਜਾਣਾ ਪੈ ਗਿਆ। ਉਥੇ ਮੇਰੇ ਵੱਡੇ ਭਾਈ ਦੇ ਸਹੁਰੇ ਸਨ ਤੇ ਕੋਈ ਚੀਜ਼ ਪੁਜਦੀ ਕਰਨੀ ਸੀ। ਉਦੋਂ ਸੜਕਾਂ ਅਤੇ ਬੱਸਾਂ ਦਾ ਤਾਣਾ-ਬਾਣਾ ਹੁਣ ਵਰਗਾ ਨਹੀਂ ਸੀ।



ਗੁਰਬਚਨ ਸਿੰਘ ਭੁੱਲਰ
ਫੋਨ:91-11-65736868
e-mail: bhullargs@gmail.com

ਬੀਲ੍ਹੋਂ ਅਸੀਂ ਆਮ ਕਰਕੇ ਫੂਲ ਤੋਂ ਨਹਿਰ ਦੀ ਪਟੜੀ ਪੈ ਕੇ ਸਾਈਕਲ 'ਤੇ ਹੀ ਆਉਂਦੇ ਜਾਂਦੇ। ਹਾਂ, ਬੀਲ੍ਹੋਂ ਨੇੜਲੇ ਪਿੰਡ ਟੱਲੇਵਾਲ ਦੇ ਪੁਲ ਤੋਂ ਦੀ ਬਰਨਾਲਾ-ਮੋਗਾ ਸੜਕ ਉਦੋਂ ਵੀ ਹੈ ਸੀ। ਮੈਂ ਸੋਚਿਆ, ਅੱਧ 'ਚ ਤਾਂ ਪਹੁੰਚ ਹੀ ਜਾਊਂਗਾ, ਕਿਉਂ ਨਾ ਮੋਗੇ ਜਾ ਕੇ ਬੰਤ ਤੇ ਗੁਰਮੇਲ ਨੂੰ ਵੀ ਮਿਲ ਆਵਾਂ!

ਬੀਲ੍ਹੋਂ ਚਾਹ-ਪਾਣੀ ਪੀ ਕੇ ਮੈਂ ਸਾਈਕਲ ਨੂੰ ਫੇਰ ਥਾਪੀ ਦੇ ਲਈ। ਰਿਸ਼ਤੇਦਾਰਾਂ ਨੇ ਕਿਹਾ ਵੀ ਕਿ ਰਾਹ ਵਿਚ ਆਥਣ ਹੋ ਜਾਊ। ਮੈਂ ਕਿਹਾ, ਆਥਣ ਮੈਨੂੰ ਕੀ ਕਹਿੰਦੀ ਹੈ। ਕੁਦਰਤ ਦੀ ਕਰਨੀ, ਜਦੋਂ ਮੈਂ ਪੁਲ ਤੋਂ ਸੜਕ ਪਿਆ, ਬਿਲਕੁਲ ਅੱਗੋਂ ਹਵਾ ਵਗ ਪਈ। ਪਹਿਲਾਂ ਮੱਠੀ, ਫੇਰ ਤੇਜ਼ ਅਤੇ ਅੰਤ ਨੂੰ ਹਨੇਰੀ ਵਾਂਗ ਹੋ ਗਈ। ਸਾਈਕਲ ਗੱਡਾ ਖਿੱਚਣ ਵਾਂਗ ਹੋ ਗਿਆ। ਕੁਛ ਚਿਰ ਮੈਂ ਰੁਕਿਆ ਰਿਹਾ। ਪੰਜ-ਸੱਤ ਕੋਹ ਜਾ ਕੇ ਹਨੇਰੀ ਮੱਠੀ ਪੈ ਕੇ ਉਪਰ-ਵਾ ਜਿਹੀ ਬਣ ਗਈ ਪਰ ਉਦੋਂ ਤੱਕ ਮੇਰੀ ਬੱਸ ਹੋ ਚੁੱਕੀ ਸੀ। ਮੈਂ ਸੋਚਿਆ, ਹੁਣ ਧੁਰ ਮੋਗੇ ਤਾਂ ਪਹੁੰਚਿਆ ਨਹੀਂ ਜਾਣਾ, ਐਥੇ ਕਾਹਦੇ ਲਈ ਹੋਣਾ। ਰਾਹ ਵਿਚ ਰਾਤ ਕੱਟ ਲੈਂਦੇ ਹਾਂ! ਇਸ ਰਾਹ ਮੈਂ ਪਹਿਲੀ ਵਾਰ ਆਇਆ ਸੀ। ਅੱਗੇ ਪਿੰਡ ਬੌਡੇ ਆ ਗਿਆ। ਮੈਂ ਸਾਈਕਲ ਪਿੰਡ ਵਿਚ ਮੋੜਿਆ ਤਾਂ ਕੁਛ ਲੋਕ ਖੁੰਢਾਂ ਉਤੇ ਬੈਠੇ ਗੱਲਾਂ ਮਾਰ ਰਹੇ ਸਨ। ਦੋ-ਚਾਰ ਬੰਦੇ ਕੋਟ-ਪਜਾਮਿਆਂ ਤੇ ਖੂੰਡੀਆਂ ਆਦਿ ਨਾਲ ਵਾਹਵਾ ਖੜਪੈਂਚ ਜਿਹੇ ਵੀ ਦਿਸਦੇ ਸਨ।

ਮੈਂ ਫ਼ਤਿਹ ਬੁਲਾ ਕੇ ਪੁੱਛਿਆ, ਜੀ ਗੁਰਦੁਆਰਾ ਸਾਹਿਬ ਕਿਧਰ ਐ? ਉਹ ਬੋਲੇ, ਭਾਈ, ਸਾਡੇ ਪਿੰਡ ਗੁਰਦੁਆਰਾ ਨਹੀਂ। ਮੈਂ ਪੁੱਛਿਆ, ਕੋਈ ਮੰਦਰ-ਡੇਰਾ? ਕਹਿੰਦੇ, ਮੰਦਰ-ਡੇਰਾ ਵੀ ਨਹੀਂ। ਧਰਮਸਾਲਾ? ਉਹ ਵੀ ਨਹੀਂ। ਮੈਂ ਸੋਚਿਆ, ਅਜੀਬ ਪਿੰਡ ਹੈ! ਹਾਰ ਕੇ ਮੈਂ ਕਿਹਾ, ਜੀ ਗੱਲ ਇਹ ਹੈ, ਮੈਂ ਮੋਗੇ ਜਾਣ ਵਾਸਤੇ ਤੁਰਿਆ ਸੀ, ਰਾਹ ਵਿਚ ਹਨੇਰੀ ਨੇ ਕੰਮ ਖ਼ਰਾਬ ਕਰ ਦਿੱਤਾ, ਮੈਂ ਰਾਤ ਕੱਟਣੀ ਹੈ। ਉਹ ਦੋ-ਟੁੱਕ ਬੋਲੇ, ਰਾਤ ਕੱਟਣ ਦਾ ਤਾਂ ਇਥੇ ਕੋਈ ਟਿਕਾਣਾ ਨਹੀਂ। ਮੈਂ ਸਾਈਕਲ ਪੁੱਠਾ ਮੋੜਦਿਆਂ ਆਖਿਆ, ਤੁਹਾਡਾ ਪਿੰਡ ਸੜਕ ਕਿਨਾਰੇ ਹੈ, ਇਥੇ ਕਦੇ ਕੋਈ ਰਾਹੀ-ਪਾਂਧੀ ਨਹੀਂ ਆਉਂਦਾ? ਇਕ ਆਦਮੀ ਨੇ ਦੱਸਿਆ, ਅੱਧਾ-ਪੌਣਾ ਕੋਹ ਜਾ ਕੇ ਅੱਗੇ ਸੜਕ ਉਤੇ ਹੀ ਵਰਿਆਮ ਦਾਸ ਦਾ ਡੇਰਾ ਹੈ, ਉਹ ਤੇਰੀ ਰਾਤ ਕਟਵਾ ਦੇਣਗੇ। ਮੈਂ ਦੋ-ਚਾਰ ਕਦਮ ਹੀ ਤੁਰਿਆ ਸੀ, ਪਿੱਛੋਂ ਆਵਾਜ਼ ਆਈ, ਠਹਿਰ ਭਾਈ, ਆ ਮੇਰੇ ਨਾਲ ਆ। ਸਿਰ ਉਤੇ ਪਰਨਾ ਲਪੇਟਿਆ ਹੋਇਆ, ਆਮ ਕਿਸਾਨੀ ਕੱਪੜੇ, ਕੋਈ ਮੈਨੂੰ ਬੁਲਾ ਰਿਹਾ ਸੀ। ਸੱਥ 'ਚ ਬੈਚੈਨ ਚੁੱਪ ਵਰਤ ਗਈ।

ਉਹਨੇ ਆਪਣਾ ਨਾਂ ਕਰਨੈਲ ਸਿੰਘ ਦੱਸਿਆ ਅਤੇ ਮੈਨੂੰ ਵਿਹੜੇ ਵਿਚ ਪਏ ਮੰਜੇ ਉਤੇ ਲਿਜਾ ਬਿਠਾਇਆ। ਇਹ ਵਿਹੜਾ ਅਤੇ ਸੱਜੇ ਹੱਥ ਇਕ ਸਬਾਤ, ਇਹੋ ਉਹਦਾ ਘਰ ਸੀ। ਉਹ ਸਬਾਤ ਵਿਚ ਗਿਆ ਅਤੇ ਪੀਣ ਨੂੰ ਪਾਣੀ ਲੈ ਆਇਆ। ਦੂਜੇ ਗੇੜੇ ਉਹਨੇ ਨਿੱਘੇ ਪਾਣੀ ਦਾ ਬੱਠਲ ਲਿਆਂਦਾ ਅਤੇ ਕਹਿੰਦਾ, ਲੈ ਭਾਈ, ਹੱਥ-ਮੂੰਹ ਧੋ ਲੈ। ਫੇਰ ਉਹ ਗਲਾਸ ਵਿਚ ਤੱਤਾ ਦੁੱਧ ਲੈ ਆਇਆ। ਮੈਂ ਕਿਹਾ, ਹੁਣ ਦੁੱਧ ਕੀ ਕਰਨਾ ਹੈ ਵੀਰ, ਰੋਟੀ ਖਾਵਾਂਗੇ। ਉਹ ਕਹਿੰਦਾ, ਰੋਟੀ ਅਜੇ ਬਣਦੀ ਹੈ, ਤੱਤੇ ਤੱਤੇ ਦੁੱਧ ਨਾਲ ਥਕੇਵਾਂ ਲਹਿ ਜਾਊ।

ਵਿਹੜੇ ਵਿਚ ਖਲੋਤੇ ਡੰਗਰ-ਪਸੂ ਛਤੜੇ ਵਿਚ ਬੰਨ੍ਹ ਕੇ ਉਹਨੇ ਕਿਹਾ, ਆ ਜਾ, ਰੋਟੀ ਅੰਦਰ ਹੀ ਖਾਵਾਂਗੇ। ਸਬਾਤ ਵਿਚ ਹੀ ਇਕ ਪਾਸੇ ਉਹਦੀ ਪਤਨੀ ਰੋਟੀ-ਟੁੱਕ ਦਾ ਆਹਰ ਕਰ ਰਹੀ ਸੀ। ਬੋਲੀ, "ਜੀ ਆਏ ਨੂੰ ਭਾਈ। ਚੰਗਾ ਕੀਤਾ ਤੂੰ ਰਹਿ ਪਿਆ। ਕਿਥੇ ਕੁਵੇਲੇ ਪੈਡਲ ਮਾਰਦਾ ਜਾਂਦਾ। ਭਾਈ, ਸਾਗ ਨਾਲ ਬਾਜਰੇ ਦੀ ਰੋਟੀ ਐ। ਖਾ ਲਏਂਗਾ ਨਾ ਤੂੰ? ਪਤੰਦਰ ਕਣਕ ਖਾਣ ਗਿੱਝੇ ਹੁੰਦੇ ਨੇ।" ਮੈਂ ਕਿਹਾ, "ਬੀਬੀ, ਸਿਆਲਾਂ ਵਿਚ ਇਹਤੋਂ ਵੱਧ ਪਦਾਰਥ ਹੋਰ ਕੀ ਹੋਊ!" ਸਾਗ ਨਾਲ ਹਰੀਆਂ ਮਿਰਚਾਂ ਦਾ ਬੜਾ ਹੀ ਸੁਆਦ ਅਚਾਰ ਸੀ। ਬਹੁਤ ਸਾਲ ਮਗਰੋਂ ਜਦੋਂ ਮੈਂ ਕਹਾਣੀ 'ਨਿੱਕੀ ਬੂਟੀ ਦਾ ਸੂਟ' ਲਿਖੀ, ਉਸ ਵਿਚ ਭੂਆ ਦੇ ਖੁਆਏ 'ਰਾਈ ਨਾਲ ਭਰੀ ਹੋਈ ਹਰੀ ਹਰੀ ਗਿੱਠ ਲੰਮੀ ਮਿਰਚ' ਦੇ ਜਿਸ ਅਚਾਰ ਦਾ ਜ਼ਿਕਰ ਹੈ, ਉਹ ਅਸਲ ਵਿਚ ਮੈਂ ਬੌਡਿਆਂ ਵਾਲੀ ਬੀਬੀ ਪਾਲ ਕੌਰ ਦੇ ਅਚਾਰ ਨੂੰ ਯਾਦ ਕਰ ਕੇ ਹੀ ਲਿਖਿਆ ਸੀ।

ਕਰਨੈਲ ਸਿੰਘ ਨੇ ਸਬਾਤ ਦੇ ਇਕ ਪਾਸੇ ਆਪਣਾ ਅਤੇ ਮੇਰਾ-ਦੋ ਮੰਜੇ ਵਿਛਾ ਲਏ। ਭਾਂਡਾ-ਟੀਂਡਾ ਨਿਬੇੜ ਕੇ ਬੀਬੀ ਨੇ ਉਸੇ ਸਬਾਤ ਵਿਚ ਸਾਥੋਂ ਦੋ ਕੁ ਗਜ਼ ਹਟਵਾਂ ਆਪਣਾ ਮੰਜਾ ਡਾਹਿਆ ਤੇ ਨਿਆਣੇ ਪੁੱਤਰ ਨੂੰ ਨਾਲ ਲੈ ਕੇ ਪੈ ਗਈ। ਥਾਂ ਹੀ ਏਨੀ ਸੀ। ਸਬਾਤ ਨਾਂ ਹੀ ਸ਼ਾਇਦ ਇਸ ਕਰਕੇ ਟਿਕਿਆ ਹੈ ਕਿ ਮੰਜੇ-ਪੀੜ੍ਹੀਆਂ, ਬਿਸਤਰੇ, ਸੰਦੂਖ, ਦਾਣਿਆਂ ਦੀਆਂ ਬੋਰੀਆਂ ਆਦਿ ਘਰ ਦਾ ਸਭ ਕੁਛ ਇਸੇ ਵਿਚ ਹੁੰਦਾ ਹੈ। ਨਿੱਕੀਆਂ-ਮੋਟੀਆਂ ਗੱਲਾਂ ਕਰਦਿਆਂ ਵਿਚ ਹੀ ਸਭ ਨੂੰ ਨੀਂਦ ਆ ਗਈ।

ਸਵੇਰੇ ਵਿਹੜੇ ਵਿਚ ਬੈਠ ਕੇ ਚਾਹ ਪੀਣ ਲੱਗੇ। ਕਰਨੈਲ ਸਿੰਘ ਨੂੰ ਅਜੇ ਵੀ ਲਗਦਾ ਸੀ, ਮੈਂ ਉਹਦੇ ਪਿੰਡ ਬਾਰੇ ਕਿਤੇ ਬੁਰਾ ਪ੍ਰਭਾਵ ਨਾ ਲੈ ਜਾਵਾਂ! ਕਹਿੰਦਾ, "ਭਾਈ ਗੁਰਬਚਨ ਸਿਆਂ, ਸਾਡਾ ਪਿੰਡ ਮਾੜਾ ਨਹੀਂ। ਕੁਛ ਦਿਨ ਪਹਿਲਾਂ ਕਿਸੇ ਨੇ ਇਕ ਰਾਹੀ ਨੂੰ ਘਰ ਰੱਖ ਲਿਆ, ਉਹ ਅੱਧੀ ਰਾਤ ਨੂੰ ਵਹਿੜਕਾ ਖੋਲ੍ਹ ਕੇ ਤੁਰ ਪਿਆ। ਏਸ ਕਰਕੇ ਲੋਕ ਡਰਦੇ ਐ।" ਉਦੋਂ ਵੀ ਮੈਨੂੰ ਇਹੋ ਲੱਗਿਆ ਸੀ, ਅੱਜ ਜ਼ਿੰਦਗੀ ਦੇ ਏਨੇ ਅਨੁਭਵ ਤੋਂ ਮਗਰੋਂ ਵੀ ਮੇਰਾ ਇਹੋ ਵਿਸ਼ਵਾਸ ਹੈ ਕਿ ਉਸ ਭਲੇ ਪੁਰਸ਼ ਨੇ ਇਹ ਕਹਾਣੀ ਪਿੰਡ ਦੀ ਇੱਜ਼ਤ ਬਚਾਉਣ ਵਾਸਤੇ ਝੂਠੀ ਘੜੀ ਸੀ।

ਤੁਰਨ ਲੱਗਿਆਂ ਮੈਂ ਬੱਚੇ ਦਾ ਸਿਰ ਪਲੋਸ ਕੇ ਪੰਜਾਂ ਦਾ ਨੋਟ ਫੜਾਇਆ ਤਾਂ ਬੀਬੀ ਨੇ ਕੋਰੀ ਨਾਂਹ ਕੀਤੀ, "ਨਾ ਵੇ ਵੀਰਾ, ਕੋਈ ਰੋਟੀ ਦਾ ਮੁੱਲ ਲੈਣਾ ਐ?" ਮੈਂ ਦਿਲ ਵਿਚ ਕਿਹਾ, ਕਮਲੀਏ, ਤੇਰੀ ਰੋਟੀ ਦਾ ਮੁੱਲ ਤਾਂ ਸੈਂਆਂ-ਹਜ਼ਾਰਾਂ ਵਿਚ ਨਹੀਂ ਤਾਰਿਆ ਜਾ ਸਕਦਾ ਪਰ ਉਹਨੂੰ ਆਖਿਆ, "ਭਾਈ ਬੀਬੀ, ਜੇ ਮੈਂ ਬੱਚੇ ਦੇ ਸਿਰ ਉਤੇ ਹੱਥ ਰੱਖੇ ਬਿਨਾਂ ਹੀ ਚਲਿਆ ਗਿਆ, ਸਾਰੀ ਗੱਲ ਸੁਣ ਕੇ ਮੈਨੂੰ ਤਾਂ ਮੇਰੀ ਬੇਬੇ ਮਾਰੂ।" ਉਹ ਹੱਸੀ, "ਭਾਈ, ਬੇਬੇ ਦੀ ਮਾਰ ਕਾਹਨੂੰ ਖਾਣੀ ਐ। ਵੀਰਾ ਬੱਸ ਇਕ ਰੁਪਈਆ ਦੇ ਦੇ, ਲੱਖ ਵਰਗਾ ਐ।"

ਕਰਨੈਲ ਸਿੰਘ ਸੜਕ ਤੱਕ ਮੈਨੂੰ ਵਿਦਾ ਕਰ ਕੇ ਮੁੜਿਆ ਤਾਂ ਮੈਂ ਪਿੰਡ ਉਤੇ ਨਜ਼ਰ ਮਾਰ ਕੇ ਮਨ ਹੀ ਮਨ ਆਖਿਆ, "ਪਿੰਡ ਵਾਲਿਓ, ਤੁਹਾਡੇ ਵਿਚੋਂ ਸਭ ਤੋਂ ਦੌਲਤਮੰਦ ਆਦਮੀ ਹੈ ਕਰਨੈਲ ਸਿੰਘ ਜਿਸ ਕੋਲ ਇਨਸਾਨੀਅਤ ਦੀ ਦੌਲਤ ਦੇ ਅੰਬਾਰ ਹਨ, ਤੇ ਸਭ ਤੋਂ ਸੁੰਦਰ ਮਕਾਨ ਦਾ ਮਾਲਕ ਵੀ ਇਹੋ ਹੈ ਜਿਸ ਕੋਲ ਓਪਰਿਆਂ ਦੇ ਆਸਰੇ ਲਈ ਦਿਲ ਦਾ ਵਿਸ਼ਾਲ ਮਹਿਲ ਹੈ!"

ਮਨੁੱਖੀ ਜੀਵਨ ਅਜੀਬ ਹੈ। ਉਨ੍ਹਾਂ ਦੋਵਾਂ ਨੇ ਆਖਿਆ ਸੀ, ਕਦੇ ਵੀ ਏਧਰ ਆਵੇਂ, ਜ਼ਰੂਰ ਮਿਲ ਕੇ ਜਾਵੀਂ। ਉਧਰ ਮੇਰਾ ਕੋਈ ਲਾਂਘਾ ਹੈ ਨਹੀਂ ਸੀ, ਚਾਹੁੰਦਿਆਂ ਵੀ ਕੰਮਾਂ-ਧੰਦਿਆਂ ਵਿਚ ਮੁੜ ਕੇ ਕਦੀ ਉਸ ਭਲੀ ਜੋੜੀ ਨੂੰ ਮਿਲਣ ਜਾਇਆ ਹੀ ਨਾ ਗਿਆ। 1967 ਵਿਚ ਤਾਂ ਮੈਂ ਦਿੱਲੀ ਹੀ ਆ ਵਸਿਆ। ਇਕ ਵਾਰ ਮੈਂ ਲੇਖਕ ਗੁਰਮੇਲ ਸਿੰਘ ਬੌਡੇ ਤੋਂ ਪੁੱਛਿਆ ਪਰ ਉਹ ਉਨ੍ਹਾਂ ਨੂੰ ਪਛਾਣ ਨਾ ਸਕਿਆ। ਪਿਛਲੇ ਦਿਨੀਂ ਮੇਰਾ ਇਕ ਲੇਖ ਪੜ੍ਹ ਕੇ ਪਾਠਕ ਮਾਸਟਰ ਇੰਦਰ ਸਿੰਘ ਬੌਡੇ ਦਾ ਫ਼ੋਨ ਆਇਆ। ਮੈਂ ਲੇਖ ਦੀ ਗੱਲ ਛੇਤੀ ਹੀ ਮੁਕਾ ਕੇ ਉਸ ਪਰਿਵਾਰ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ, ਕਰਨੈਲ ਸਿੰਘ 1964 ਵਿਚ ਹੀ ਕੈਂਸਰ ਦੀ ਨਾਮੁਰਾਦ ਬੀਮਾਰੀ ਨਾਲ ਗੁਜ਼ਰ ਗਿਆ ਸੀ ਅਤੇ ਬੀਬੀ ਪਾਲ ਕੌਰ ਬਹੁਤ ਮਗਰੋਂ ਕੁਦਰਤੀ ਮੌਤੇ ਚੱਲ ਵਸੀ ਸੀ। ਇਕ ਪੁੱਤਰ ਵੀ ਕੈਂਸਰ ਨਾਲ ਪੂਰਾ ਹੋ ਗਿਆ ਸੀ। ਦੂਜੇ ਭਜਨ ਸਿੰਘ ਦਾ ਚੰਗਾ ਘਰ-ਪਰਿਵਾਰ ਹੈ।

ਉਹ ਜੋੜੀ ਭਾਵੇਂ ਚਲੀ ਗਈ ਪਰ ਉਨ੍ਹਾਂ ਦੀ ਮਿੱਠੀ ਯਾਦ ਅੱਜ ਵੀ ਮੇਰੇ ਦਿਲ ਵਿਚ ਸੱਜਰੀ ਹੈ ਕਿਉਂਕਿ ਇਹ ਅਜਿਹੇ ਭਲੇ ਲੋਕ ਹੀ ਹਨ ਜਿਨ੍ਹਾਂ ਕਰਕੇ ਇਹ ਦੁਨੀਆਂ ਅਜੇ ਵੀ ਰਹਿਣਯੋਗ ਬਣੀ ਹੋਈ ਹੈ!

ਖੇਡ ਤੇ ਖਿਡਾਰੀ

# ਕਰਤਾਰ ਸਿੰਘ ਫਿਰ ਬਣਿਆ ਵਰਲਡ ਚੈਂਪੀਅਨ

ਪਹਿਲਵਾਨ ਕਰਤਾਰ ਸਿੰਘ ਨੇ ਬੋਸਨੀਆ ਦੇ ਸ਼ਹਿਰ ਸਰੀਜੋਵਾ ਵਿਚ ਹੋਈ ਕੁਸ਼ਤੀ ਦੀ ਵਿਸ਼ਵ ਵੈਟਰਨ ਚੈਂਪੀਅਨਸ਼ਿਪ 17ਵੀਂ ਵਾਰ ਜਿੱਤ ਲਈ ਹੈ। ਇਹ 17ਵਾਂ ਗੋਲਡ ਮੈਡਲ ਉਸ ਦਾ 7 ਅਕਤੂਬਰ ਨੂੰ 60ਵਾਂ ਜਨਮ ਦਿਨ ਮਨਾਏ ਜਾਣ ਦਾ ਭਾਰਤੀ ਕੁਸ਼ਤੀ ਨੂੰ ਤੋਹਫ਼ਾ ਹੈ। ਉਸ ਨੇ 55 ਤੋਂ 60 ਸਾਲ ਦੀ ਉਮਰ ਦੇ 97 ਕਿੱਲੋ ਵਜ਼ਨ ਵਰਗ ਵਿਚ ਭਾਗ ਲਿਆ। ਪੰਜਾਬ ਦੇ ਮਾਣ ਕਰਤਾਰ ਸਿੰਘ ਨੇ ਕੁਆਟਰ ਫਾਈਨਲ ਵਿਚ ਤੁਰਕੀ ਦੇ ਦੋਗਨ ਰਮਾਦਾਨ, ਸੈਮੀ ਫਾਈਨਲ ਵਿਚ ਦੱਖਣੀ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਅਫਰੀਕਾ ਦੇ ਵੇਰਮਾਕ ਪੀਟਰਜ਼ ਤੇ ਫਾਈਨਲ ਵਿਚ ਫਰਾਂਸ ਦੇ ਕੋਹੇਨ ਜੀਨ ਜੀਨੋਨ ਨੂੰ ਹਰਾਇਆ। 17ਵਾਂ ਗੋਲਡ ਮੈਡਲ ਜਿੱਤਣਾ ਕੁਸ਼ਤੀ ਦਾ ਅਜਿਹਾ ਰਿਕਾਰਡ ਹੈ ਜਿਸ ਦਾ ਇੰਦਰਾਜ ਰਿਕਾਰਡਾਂ ਦੀਆਂ ਕਿਤਾਬਾਂ 'ਚ ਚੜ੍ਹੇਗਾ। ਉਸ ਨੇ ਤਿੰਨ ਓਲੰਪਿਕ ਖੇਡਾਂ, ਤਿੰਨ ਏਸ਼ਿਆਈ ਖੇਡਾਂ, ਤਿੰਨ ਕਾਮਨਵੈਲਥ ਖੇਡਾਂ, ਤਿੰਨ ਏਸ਼ਿਆਈ ਚੈਂਪੀਅਨਸ਼ਿਪਾਂ ਤੇ ਅਠਾਰਾਂ ਵਿਸ਼ਵ ਵੈਟਰਨ ਚੈਂਪੀਅਨਸ਼ਿਪਾਂ ਵਿਚ ਭਾਗ ਲਿਆ ਹੈ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ 'ਚੋਂ ਸੋਨੇ, ਚਾਂਦੀ ਤੇ ਤਾਂਬੇ ਦੇ 28 ਤਮਗੇ ਜਿੱਤੇ ਹਨ। ਉਸ ਨੇ ਪੰਜਾਬ ਕੇਸਰੀ ਤੋਂ ਲੈ ਕੇ ਭਾਰਤ ਕੁਮਾਰ, ਭਾਰਤ ਕੇਸਰੀ, ਮਹਾਂਵੀਰ ਕੇਸਰੀ, ਭਾਰਤ ਮੱਲ ਸਮਰਾਟ, ਰੁਸਤਮੇ ਹਿੰਦ ਤੇ ਰੁਸਤਮੇ ਜ਼ਮਾਂ ਤਕ ਸਾਰੇ ਖ਼ਿਤਾਬ ਹਾਸਲ ਕੀਤੇ ਹਨ।

ਉਹ ਸਕੂਲਾਂ ਕਾਲਜਾਂ ਤੋਂ ਲੈ ਕੇ ਏਸ਼ੀਆ ਤੇ ਕਾਮਨਵੈਲਥ ਖੇਡਾਂ ਅਤੇ ਵਿਸ਼ਵ ਵੈਟਰਨ ਕੁਸ਼ਤੀ ਮੁਕਾਬਲਿਆਂ ਤਕ ਦੀਆਂ ਅਨੇਕਾਂ ਗੁਰਜਾਂ ਸਾਂਭੀ ਬੈਠਾ ਹੈ। ਬੈਠਾ ਕਿਥੇ! ਪੰਜਾਬ ਪੁਲਿਸ ਦਾ ਆਈ. ਜੀ. ਬਣ ਕੇ ਵੀ ਰੋਜ਼ਾਨਾ ਜ਼ੋਰ ਕਰਦਾ ਹੈ ਤੇ 60ਵੇਂ ਸਾਲ ਵਿਚ ਵੀ 40-45 ਸਾਲਾਂ ਦਾ ਜੁਆਨ ਲੱਗਦਾ ਹੈ। ਬਹੁਤੇ ਖਿਡਾਰੀ ਤਾਂ ਹਵਾਲਦਾਰ ਜਾਂ ਠਾਣੇਦਾਰ ਦੀ ਨੌਕਰੀ ਲੈਣ ਸਾਰ ਹੀ ਆਪਣੀ ਖੇਡ ਨੂੰ ਅਲਵਿਦਾ ਕਹਿ ਦਿੰਦੇ ਹਨ!

ਕਰਤਾਰ ਸਿੰਘ ਦਾ ਜਨਮ ਮਾਝੇ ਦੇ ਮਸ਼ਹੂਰ ਪਿੰਡ ਸੁਰ ਸਿੰਘ ਵਿਚ 7 ਅਕਤੂਬਰ 1953 ਨੂੰ ਸਾਧਾਰਨ ਕਿਸਾਨ ਕਰਨੈਲ ਸਿੰਘ ਢਿੱਲੋਂ ਦੇ ਘਰ ਹੋਇਆ ਸੀ। ਉਹਦਾ ਆਲਾ ਦੁਆਲਾ ਪਹਿਲਵਾਨੀ ਵਾਲਾ ਹੋਣ ਕਾਰਨ ਉਹ ਬਚਪਨ ਵਿਚ ਹੀ ਘੁਲਣ ਲੱਗ ਪਿਆ ਸੀ। ਉਹਦੀਆਂ ਕੁਸ਼ਤੀਆਂ ਦਾ ਦੌਰ 1968 ਤੋਂ ਸ਼ੁਰੂ ਹੋਇਆ ਤੇ ਫਿਰ ਦਹਾਕਿਆਂ ਤਕ ਚੱਲਿਆ। ਪਹਿਲਾਂ ਪਹਿਲ ਉਹ ਪਿੰਡਾਂ ਦੀਆਂ ਛਿੰਝਾਂ ਵਿਚ ਘੁਲਿਆ। 1970-71 ਵਿਚ ਉਹ ਆਲ ਇੰਡੀਆ ਸਕੂਲਾਂ ਦਾ ਨੈਸ਼ਨਲ ਚੈਂਪੀਅਨ ਬਣਿਆ। ਫਿਰ ਯੂਨੀਵਰਸਿਟੀ ਤੇ ਇੰਟਰਵਰਸਿਟੀ ਜਿੱਤਿਆ ਤੇ 1974 'ਚ ਮਾਸਕੋ ਦੇ ਵਿਸ਼ਵ ਯੂਨੀਵਰਸਿਟੀ ਕੁਸ਼ਤੀ ਮੁਕਾਬਲਿਆਂ ਵਿਚ ਭਾਗ ਲਿਆ। 1978 ਵਿਚ ਏਸ਼ਿਆਈ ਤੇ ਕਾਮਨਵੈਲਥ ਖੇਡਾਂ 'ਚੋਂ ਮੈਡਲ ਜਿੱਤੇ।

ਉਹਦਾ ਕੱਦ ਪੰਜ ਫੁੱਟ ਦਸ ਇੰਚ ਹੈ ਤੇ ਵਜ਼ਨ ਨੱਬੇ ਕਿੱਲੋ ਤੋਂ ਸੌ ਕਿੱਲੋ ਦੇ ਵਿਚ ਵਿਚਾਲੇ ਰੱਖਦਾ ਹੈ। ਛਾਤੀ ਦਾ ਘੇਰਾ ਅਠਤਾਲੀ ਇੰਚ ਹੈ ਤੇ ਜੁੱਸਾ ਪੂਰਾ ਗੱਠਿਆ ਹੋਇਐ। ਸੋਹਣਾ ਸੁਨੱਖਾ ਯੂਸਫ ਵਰਗਾ ਹੈ ਜਿਸ ਕਰਕੇ ਦਰਸ਼ਕ ਉਹਦੇ ਦਰਸ਼ਨਾਂ ਨੂੰ ਤਾਂਘਦੇ ਰਹਿੰਦੇ ਹਨ। ਉਹਦੇ ਜੀਵਨ 'ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇਕ ਸਾਧਾਰਨ ਪਰਿਵਾਰ ਦਾ ਆਮ ਜਿਹਾ ਬੱਚਾ ਆਪਣੀ ਮਿਹਨਤ ਦੇ ਬਲਬੂਤੇ ਕੁਛ ਦਾ ਕੁਛ ਕਰ ਸਕਦਾ ਹੈ। ਉਹ ਨਿੱਕਾ ਹੁੰਦਾ ਹੀ ਘੁਲਣ ਲੱਗ ਪਿਆ ਸੀ। ਉਸ ਦੇ ਤਾਏ ਦਾ ਲੜਕਾ ਜੋਗਿੰਦਰ ਸਿੰਘ ਪਹਿਲਵਾਨੀ ਦਾ ਸ਼ੌਕੀਨ ਸੀ। ਉਹਦੇ ਨਾਲ ਕਰਤਾਰ ਦਾ ਵੱਡਾ ਭਾਈ ਅਮਰ ਸਿੰਘ ਬਾਹਰਲੀ ਹਵੇਲੀ ਵਿਚ ਅਖਾੜਾ ਪੁੱਟ ਕੇ ਜ਼ੋਰ ਕਰਿਆ ਕਰਦਾ ਸੀ। ਉਨ੍ਹਾਂ ਦੀ ਰੀਸੇ ਛੋਟੇ ਭਾਈ ਗੁਰਚਰਨ ਤੇ ਕਰਤਾਰ ਵੀ ਇਕ ਦੂਜੇ ਨਾਲ ਖਹਿਣ ਲੱਗ ਪਏ ਤੇ ਪਹਿਲਵਾਨੀ ਦੇ ਰਾਹ ਪੈ ਗਏ।

1986 ਵਿਚ ਸਿਓਲ ਦੀਆਂ ਏਸ਼ਿਆਈ ਖੇਡਾਂ 'ਚੋਂ ਸੋਨ-ਤਮਗਾ ਜਿੱਤਣ ਵਾਲਾ ਉਹ ਇਕੱਲਾ ਭਾਰਤੀ ਮਰਦ ਸੀ। ਜਦੋਂ ਉਹ ਏਸ਼ੀਆ ਦਾ ਚੈਂਪੀਅਨ ਬਣ ਕੇ ਚੰਡੀਗੜ੍ਹ ਮੁੜਿਆ ਤਾਂ ਪੰਜਾਬ ਦੀ ਕੈਬਨਿਟ ਨੇ ਉਹਦਾ ਖੜ੍ਹੇ ਹੋ ਕੇ ਸਵਾਗਤ ਕੀਤਾ। ਪੰਜਾਬ ਸਰਕਾਰ ਨੇ ਉਹਨੂੰ ਕਾਰ ਭੇਟ ਕੀਤੀ। ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਲੁਧਿਆਣੇ ਉਹਨੂੰ ਕਾਰ ਦੀਆਂ ਚਾਬੀਆਂ ਸੌਂਪੀਆਂ ਤਾਂ ਦਰਸ਼ਕਾਂ ਦੀ ਮੰਗ ਉਤੇ ਕਰਤਾਰ ਸਿੰਘ ਨੇ ਕਾਰ 'ਤੇ ਚੜ੍ਹ ਕੇ ਗੁਰੂ ਨਾਨਕ ਸਟੇਡੀਅਮ ਦਾ ਚੱਕਰ ਲਾਇਆ। ਉਹਦੇ ਕੋਚ ਨੂੰ ਮੋਟਰ ਸਾਈਕਲ ਮਿਲਿਆ ਸੀ। ਅਨਾਊਂਸਰ ਨੇ ਕਿਹਾ, "ਮਿੱਤਰਾ, ਤੂੰ ਵੀ ਲਾ ਲੈ ਆਪਦਾ ਬੁੱਬੂਕਾਟ ਕਾਰ ਦੇ ਮਗਰ!"

1978 'ਚ ਉਹ ਬੀ. ਐਸ. ਐਫ਼. ਵਿਚ



*ਪਹਿਲਵਾਨ ਕਰਤਾਰ ਸਿੰਘ*

ਭਰਤੀ ਹੋਇਆ। ਪਹਿਲਾਂ ਉਸ ਨੇ ਪਹਿਲਵਾਨ ਦਾਰਾ ਸਿੰਘ ਨੂੰ ਉਸਤਾਦ ਧਾਰਿਆ ਜਿਸ ਨੇ ਉਸ ਨੂੰ ਗੁਰੂ ਹਨੂਮਾਨ ਦੇ ਲੜ ਲਾ ਦਿੱਤਾ। ਗੁਰੂ ਹਨੂਮਾਨ ਦੇ ਅਖਾੜੇ ਵਿਚ ਉਸ ਨੇ ਕਈ ਸਾਲ ਮਿਹਨਤ ਕੀਤੀ। ਉਥੇ ਮੈਂ ਉਹਨੂੰ ਪਹਿਲੀ ਵਾਰ ਮਿਲਿਆ ਸਾਂ। ਅਖਾੜੇ ਦਾ ਤੰਗ ਜਿਹਾ ਹਾਤਾ ਭਲਵਾਨਾਂ ਨਾਲ ਭਰਿਆ ਪਿਆ ਸੀ। ਅਲੂੰਏਂ ਪੱਠੇ ਸਰਦਾਈਆਂ ਰਗੜ ਰਹੇ ਸਨ ਤੇ ਕਈ ਰੱਸਿਆਂ ਨਾਲ ਝੂਟ ਰਹੇ ਸਨ। ਕਿਧਰੇ ਡੰਡ ਬੈਠਕਾਂ ਲੱਗ ਰਹੀਆਂ ਸਨ ਤੇ ਕਿਧਰੇ ਮੱਲਾਂ ਦੇ ਜੋੜ ਅਖਾੜੇ ਦੀ ਮਿੱਟੀ ਵਿਚ ਮਿੱਟੀ ਹੋਏ ਪਏ ਸਨ। ਗੁਰੂ ਹਨੂਮਾਨ ਦੀ ਉਹ ਅਨੋਖੀ ਟਕਸਾਲ ਸੀ ਜਿਥੇ ਹੱਡ ਮਾਸ ਦੇ ਜੁੱਸੇ ਫੌਲਾਦੀ ਬਣਾਏ ਜਾ ਰਹੇ ਸਨ। ਅੰਦਰ ਗੱਦੇ ਉਤੇ ਪ੍ਰੈਕਟਿਸ ਕਰਨ ਤੋਂ ਵਿਹਲਾ ਹੋ ਕੇ ਕਰਤਾਰ ਸਿੰਘ ਮਿਲਿਆ ਤਾਂ ਉਹਦਾ ਗੋਰਾ ਬਦਨ ਪਸੀਨੇ ਵਿਚ ਤਰ ਸੀ ਤੇ ਭਖਿਆ ਹੋਇਆ ਸੂਹੀ ਭਾਅ ਮਾਰ ਰਿਹਾ ਸੀ। ਉਦਣ ਸਾਰਾ ਦਿਨ ਮੈਂ ਕਰਤਾਰ ਕੋਲ ਈ ਰਿਹਾ।

ਉਹਦਾ ਬਚਪਨ ਆਮ ਕਿਸਾਨ ਮੁੰਡਿਆਂ ਵਾਂਗ ਸਕੂਲੇ ਜਾਂਦਿਆਂ ਤੇ ਡੰਗਰ ਚਾਰਦਿਆਂ ਲੰਘਿਆ ਸੀ। ਉਹਦੇ ਅੰਦਰ ਛੁਪੇ ਬੈਠੇ ਰੁਸਤਮ ਦਾ ਉਦੋਂ ਕਿਸੇ ਨੂੰ ਖ਼ਾਬ ਖ਼ਿਆਲ ਵੀ ਨਹੀਂ ਸੀ। ਕਰਤਾਰ ਸਿੰਘ ਨੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖ਼ਲਾ ਲੈ ਲਿਆ। ਫਿਰ ਪੜ੍ਹਾਈ ਵਿਚੇ ਛੱਡ ਕੇ ਉਹ ਕੁਲਵਕਤੀ ਪਹਿਲਵਾਨ ਬਣ ਗਿਆ ਤੇ ਪਹਿਲਵਾਨੀ ਦੇ ਸਿਰ 'ਤੇ ਨੌਕਰੀ ਲੈਣ ਪਿਛੋਂ ਤਰੱਕੀਆਂ ਕਰਦਾ ਪੰਜਾਬ ਪੁਲਿਸ ਦਾ ਆਈ. ਜੀ. ਬਣਿਆ। ਉਹ ਪੰਜਾਬ ਦੇ ਖੇਡ ਵਿਭਾਗ ਦਾ ਡਾਇਰੈਕਟਰ ਵੀ ਰਿਹਾ। ਨੌਕਰੀ 'ਚ ਏਨੀ ਤਰੱਕੀ ਸ਼ਾਇਦ ਹੀ ਕਿਸੇ ਖਿਡਾਰੀ ਨੇ ਕੀਤੀ ਹੋਵੇ। ਉਹ ਪੰਜਾਬ ਕੁਸ਼ਤੀ ਸੰਘ ਦਾ ਪ੍ਰਧਾਨ ਤੇ ਭਾਰਤੀ ਕੁਸ਼ਤੀ ਸੰਘ ਦਾ ਜਨਰਲ ਸਕੱਤਰ ਵੀ ਰਿਹਾ। ਉਸ ਨੇ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਕੁਸ਼ਤੀ ਦੇ ਅੰਤਰਰਾਸ਼ਟਰੀ ਦੰਗਲ ਕਰਵਾਏ। ਪੰਜਾਬ ਸਰਕਾਰ ਨੇ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਅਵਾਰਡ ਅਤੇ ਭਾਰਤ ਸਰਕਾਰ ਨੇ ਪਦਮਸ੍ਰੀ ਤੇ ਅਰਜਨਾ ਅਵਾਰਡ ਨਾਲ ਸਨਮਾਨਿਆ।

ਕਰਤਾਰ ਹੋਰੀਂ ਪੰਜ ਭਰਾ ਹਨ। ਤਿੰਨ ਭਰਾਵਾਂ ਨੇ ਕੁਸ਼ਤੀ ਨੂੰ ਪੇਸ਼ੇ ਵਜੋਂ ਅਪਨਾਇਆ। ਗੁਰਚਰਨ ਸਿੰਘ ਕੁਸ਼ਤੀ ਦਾ ਕੋਚ ਹੈ ਤੇ ਸਰਵਣ ਸਿੰਘ ਕੁਸ਼ਤੀ ਦਾ ਨੈਸ਼ਨਲ ਚੈਂਪੀਅਨ। ਉਨ੍ਹਾਂ ਦਾ ਭਤੀਜਾ ਰਣਧੀਰ ਸਿੰਘ ਧੀਰਾ ਕੁਸ਼ਤੀ ਦਾ ਜੂਨੀਅਰ ਵਰਲਡ ਚੈਂਪੀਅਨ ਤੇ ਅਰਜਨਾ ਅਵਾਰਡੀ ਹੈ। ਕਰਤਾਰ ਸਿੰਘ ਦਾ ਵਿਆਹ 1985 ਵਿਚ ਬੀਬੀ ਗੁਰਿੰਦਰ ਕੌਰ ਨਾਲ ਹੋਇਆ ਸੀ ਤੇ ਉਨ੍ਹਾਂ ਦੇ ਇਕ ਬੇਟਾ ਤੇ ਦੋ ਬੇਟੀਆਂ ਹਨ। ਉਨ੍ਹਾਂ ਦਾ ਪੱਕਾ ਟਿਕਾਣਾ ਜਲੰਧਰ ਹੈ।

ਉਹ ਮਿੱਟੀ ਦੇ ਅਖਾੜੇ ਤੇ ਗੱਦੇ ਦੀਆਂ ਕੁਸ਼ਤੀਆਂ ਦਾ ਮਾਹਿਰ ਹੈ। ਉਸ ਨੇ ਪਿੰਡਾਂ ਦੀਆਂ ਛਿੰਝਾਂ ਦੇ ਅਖਾੜਿਆਂ ਤੋਂ ਕੁਸ਼ਤੀ ਮੁਕਾਬਲੇ ਸ਼ੁਰੂ ਕੀਤੇ ਸਨ ਤੇ ਰਵਾਇਤੀ ਦਾਅ ਢਾਕ ਮਾਰਨਾ, ਹਫਤਾ ਚਾੜ੍ਹਨਾ, ਧੋਬੀ ਪਾਟ, ਨਕਾਲ, ਬਗਲ ਡੁੱਬ, ਗਾਧਾਲੋਟ, ਪੁੱਠੀ ਸਿੱਧੀ ਸਾਲਤੋ ਤੇ ਮੋੜਾ ਮਾਰਨ ਦੀ ਮੁਹਾਰਤ ਹਾਸਲ ਕੀਤੀ ਸੀ। ਬਾਅਦ ਵਿਚ ਉਸ ਨੇ ਗੱਦੇ ਦੇ ਦਾਅ ਭਾਰਦਵਾਜ, ਪੱਟ ਖਿਚਣਾ, ਫਿਤਲੇ ਤੇ ਟੰਗੀ ਆਦਿ ਵੀ ਸਿੱਖੇ ਤੇ ਰਵਾਂ ਕੀਤੇ।

ਕਰਤਾਰ ਨੇ 1973 ਤੋਂ 2013 ਤਕ ਕੁਲ ਦੁਨੀਆਂ ਗਾਹੀ ਹੈ ਤੇ ਸੈਂਕੜੇ ਕੁਸ਼ਤੀਆਂ ਲੜੀਆਂ ਹਨ। ਕਿਸੇ ਪਹਿਲਵਾਨ ਵੱਲੋਂ ਏਨਾ ਲੰਮਾ ਸਮਾਂ ਸਰਗਰਮ ਪਹਿਲਵਾਨ ਰਹਿਣ ਦਾ ਇਹ ਅਨੋਖਾ ਰਿਕਾਰਡ ਹੈ। ਉਹਦੇ ਗਰਾਈਂ ਤੇ ਪ੍ਰਸਿੱਧ ਪੰਜਾਬੀ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਉਹਦੀ ਜੀਵਨੀ ਲਿਖੀ ਹੈ-ਕੁਸ਼ਤੀ ਦਾ ਧਰੂ ਤਾਰਾ। ਉਹਨੂੰ ਪੜ੍ਹਨ ਨਾਲ ਪਹਿਲਵਾਨ ਦੇ ਪਿਛੋਕੜ, ਪਰਿਵਾਰ, ਜੁੱਸੇ ਤੇ ਮਨ ਦੀਆਂ ਅਨੇਕਾਂ ਪਰਤਾਂ ਦੇ ਦਰਸ਼ਨ ਹੁੰਦੇ ਹਨ। ਉਹ ਪੰਜਾਬੀਆਂ ਦਾ ਮਾਣ ਹੈ ਤੇ ਭਾਰਤ ਦੀ ਸ਼ਾਨ।

## ਔਰਤ ਦਾ ਸੰਤਾਪ

ਮੁਲਕਾਂ ਵਿਚ ਅਸੀਂ ਹਾਲੇ ਇਹੋ ਜਿਹੇ ਸੁਧਾਰਾਂ ਬਾਰੇ ਸੋਚ ਵੀ ਨਹੀਂ ਸਕਦੇ। ਸਾਡੇ ਮੁਲਕਾਂ ਵਿਚ ਉਹ ਦਿਨ ਹਾਲੇ ਪਤਾ ਨਹੀਂ ਕਦੋਂ ਆਵੇ ਜਦੋਂ ਔਰਤ ਨੂੰ ਮਰਦ ਦੇ ਬਰਾਬਰ ਦੇ ਹੱਕ ਮਿਲਣ, ਜਦੋਂ ਬਲਾਤਕਾਰ ਬੰਦ ਹੋ ਜਾਣ, ਜਦੋਂ ਔਰਤਾਂ ਨੂੰ ਪਿਆਰ ਅਤੇ ਸਤਿਕਾਰ ਦੀ ਨਿਗ੍ਹਾ ਨਾਲ ਦੇਖਿਆ ਜਾਵੇ ਅਤੇ ਜਦੋਂ ਔਰਤਾਂ ਬਗੈਰ ਕਿਸੇ ਡਰ ਦੇ ਬਾਹਰ ਤੁਰ ਫਿਰ ਸਕਣ।

ਅਸੀਂ ਬਹੁਤ ਆਸਾਨੀ ਨਾਲ ਗਰਭਪਾਤ ਕਰਨ ਵਾਲੇ ਮਾਪਿਆਂ ਨੂੰ ਕੋਸ ਸਕਦੇ ਹਾਂ, ਮੁਜਰਮ ਠਹਿਰਾ ਸਕਦੇ ਹਾਂ ਅਤੇ ਨਿੰਦ ਸਕਦੇ ਹਾਂ ਪਰ ਥੋੜ੍ਹਾ ਡੂੰਘਾਈ ਵਿਚ ਸੋਚਣ ਦੀ ਲੋੜ ਹੈ। ਇਸ ਦਰਦਨਾਕ ਜੁਰਮ ਦੇ ਕੀ ਕਾਰਨ ਹਨ? ਇਹੀ ਜੋ ਇਸ ਲੇਖ ਵਿਚ ਬਿਆਨ ਕੀਤੇ ਹਨ। ਜਦੋਂ ਤੱਕ ਔਰਤ ਇਹ ਸੰਤਾਪ ਭੋਗਦੀ ਹੈ ਅਤੇ ਜਦੋਂ ਤੱਕ ਅਸੀਂ ਔਰਤ ਨੂੰ ਮਰਦ ਦੇ ਬਰਾਬਰ ਦਾ ਪਿਆਰ-ਸਤਿਕਾਰ ਨਹੀਂ ਦਿੰਦੇ, ਉਦੋਂ ਤੱਕ ਗ਼ਰੀਬ ਮਾਂ-ਪਿਉ ਲੜਕੀਆਂ ਜੰਮਣ ਤੋਂ ਗੁਰੇਜ਼ ਕਰਨ ਤੋਂ ਕਿਵੇਂ ਰੋਕੇ ਜਾ ਸਕਣਗੇ? ਅਨਪੜ੍ਹ ਤਾਂ ਕੀ, ਬਹੁਤ ਸਾਰੇ ਪੜ੍ਹੇ-ਲਿਖੇ ਮਾਪੇ ਵੀ ਬੱਚੀਆਂ ਦਾ ਗਰਭਪਾਤ ਕਰਦੇ ਹਨ। ਇਸ ਜੁਰਮ ਨੂੰ ਰੋਕਣ ਲਈ ਸਮਾਜ ਨੂੰ ਬਦਲਣ ਦੀ ਲੋੜ ਹੈ। ਸਮਾਜ ਦੇ ਟੁੱਟੇ ਹੋਏ ਰੀਤੀ-ਰਿਵਾਜ ਬਦਲਣ ਦੀ ਲੋੜ ਹੈ। ਸਾਨੂੰ ਆਪਣੀਆਂ ਕਦਰਾਂ ਕੀਮਤਾਂ ਅਤੇ ਇਖ਼ਲਾਕ ਉਚਾ ਉਠਾਉਣ ਦੀ ਲੋੜ ਹੈ। ਮਾਂ-ਪਿਉ ਦਾ ਫ਼ਰਜ਼ ਹੈ ਕਿ ਉਹ ਆਪਣੇ ਲੜਕਿਆਂ ਨੂੰ ਔਰਤਾਂ ਦਾ ਸਤਿਕਾਰ ਕਰਨਾ ਸਿਖਾਉਣ। ਜਦੋਂ ਔਰਤ ਨੂੰ ਮਰਦ ਦੇ ਬਰਾਬਰ ਦੇ ਅਧਿਕਾਰ, ਪਿਆਰ ਅਤੇ ਸਤਿਕਾਰ ਮਿਲ ਗਏ, ਬੱਚੀਆਂ ਨੂੰ ਗਰਭ ਵਿਚ ਮਾਰਨ ਦਾ ਪਾਪ ਜ਼ਰੂਰ ਰੁਕ ਜਾਵੇਗਾ।



ਫਿਲਮ 'ਨਾਬਰ' ਵਿਚ ਅਦਾਕਾਰ ਹਰਦੀਪ ਗਿੱਲ

# ਨਾਬਰ: ਮਾਣ ਸੱਚੇ ਇਸ਼ਕ ਦਾ ਹੈ ਹੁਨਰ ਦੀ ਦਾਅਵਾ ਵੀ

ਕਲਾਕਾਰ ਕਈ ਸਮਿਆਂ, ਥਾਂਵਾਂ, ਵਿਚਾਰਾਂ, ਮੌਕਿਆਂ, ਸ਼ਖ਼ਸੀਅਤਾਂ ਅਤੇ ਤਜਰਬਿਆਂ ਨੂੰ ਸੰਵਾਦੀ ਮੰਚ ਉੱਤੇ ਲਿਆ ਕੇ ਆਪਣੇ ਸਮਕਾਲੀਆਂ ਦੀ ਬਾਤ ਪਾਉਂਦਾ ਹੈ। ਸਮਕਾਲੀ ਮਸਲਿਆਂ ਅਤੇ ਨਿੱਜੀ ਤਰਾਸਦੀਆਂ ਦੀਆਂ ਤੰਦਾਂ ਸਮਾਜਕ ਰੁਝਾਨ ਵਿਚੋਂ ਫੜਦਾ ਹੈ। ਇਸ ਰੁਝਾਨ ਦੀ ਚਾਲਕ ਸ਼ਕਤੀਆਂ ਦਾ ਖੁਰਾ ਨੱਪਦਾ ਹੈ। ਨਿੱਜੀ ਪੱਧਰ ਦੀਆਂ ਲੜਾਈਆਂ ਵਿਚੋਂ



**ਦਲਜੀਤ ਅਮੀ**
**ਫੋਨ: 91-97811-21873**

ਸਮਾਜਕ ਲੜਾਈ ਦੀ ਲੋੜ ਨੂੰ ਉਜਾਗਰ ਕਰਦਾ ਹੈ। ਜਦੋਂ 'ਨਾਬਰ' ਵਿਚ ਬਾਬਾ ਫ਼ਰੀਦ, ਬਾਬਾ ਗੋਬਿੰਦ ਅਤੇ ਬਾਬੂ ਰਜਬ ਅਲੀ ਦਾ 800 ਸਾਲਾਂ ਦਾ ਤਜਰਬਾ ਕਿਸੇ ਪਿਉ ਦੀ ਅੰਦਰ ਦੀ ਥਾਹ ਪਾਉਣ ਦਾ ਸਬੱਬ ਬਣਦਾ ਹੈ ਤਾਂ ਰਾਜੀਵ ਕੁਮਾਰ ਦੀ ਕਲਾਕਾਰੀ ਆਪਣੇ ਜਲੌਅ ਵਿਚ ਹੁੰਦੀ ਹੈ। ਪਰਵਾਸ ਦੀ 'ਖ਼ੁਸ਼ਹਾਲੀ' ਦਾ ਇਸ਼ਤਿਹਾਰ ਬਣਿਆ ਗਾਇਕ ਪੇਂਡੂ ਘਰ ਦੀ ਚੂਲ ਹਿਲਾਉਂਦਾ ਹੈ। ਇਕੱਲਾ ਪੁੱਤ ਪਰਦੇਸ ਦੇ ਰਾਹ ਵਿਚ ਕਤਲ ਹੁੰਦਾ ਹੈ ਤਾਂ ਪਿਉ ਹੀ ਜਾਣਦਾ ਹੈ। ਅੰਦਰ ਖੌਰੂ ਪੈਂਦਾ ਹੈ ਅਤੇ ਇਨਸਾਫ਼ ਦੀ ਲੜਾਈ ਓਪਰੀ ਧਰਤੀ ਉੱਤੇ ਦ੍ਰਿੜਤਾ ਨਾਲ ਲੜੀ ਜਾਣੀ ਹੈ। ਬਾਪੂ ਸੁਰਜਣ ਸਿੰਘ ਦੇ ਇਸ ਕਹੇ-ਅਣਕਹੇ ਨੂੰ ਹਰਦੀਪ ਗਿੱਲ ਪਰਦੇ ਉੱਤੇ ਸਹਿਜਤਾ ਨਾਲ ਉਤਾਰ ਦਿੰਦਾ ਹੈ। ਇਕੱਲੇ ਪੁੱਤ ਦੀ ਅਣਮੰਨੇ ਮਨ ਨਾਲ ਹਮਾਇਤ ਕਰ ਕੇ ਉਸ ਨੂੰ ਵਿਦੇਸ਼ ਤੋਰਨ ਵਾਲੀ ਮਾਂ ਉਸ ਦੇ ਵਿਆਹ ਦੀ ਉਡੀਕ ਵਿਚ ਸ਼ਗਨਾਂ ਦੇ ਗੀਤ ਗਾਉਂਦੀ ਹੈ। ਜਦੋਂ ਪੁੱਤ ਦੀਆਂ ਅਸਥੀਆਂ ਘਰ ਪੁੱਜਦੀਆਂ ਹਨ ਤਾਂ ਮਾਂ ਦਾ ਸੁਫ਼ਨਾ ਟੁੱਟਦਾ ਹੈ ਅਤੇ ਉਸ ਨੂੰ ਘੁਮੇਰ ਆਉਂਦੀ ਹੈ। ਉਹ ਹੋਣੀ ਤੋਂ ਮੁਨਕਰ ਹੋ ਜਾਂਦੀ ਹੈ ਅਤੇ ਬੇਸੁਧੀ ਵਿਚ ਆਪਣੇ-ਆਪ ਨਾਲ ਗੱਲ ਕਰਦੀ ਹੋਈ ਤਰਾਸਦੀ ਨੂੰ ਉਘਾੜਦੀ ਹੈ। ਹਰਵਿੰਦਰ ਕੌਰ ਬਬਲੀ ਨੇ ਸ਼ਿੰਦਰ ਕੌਰ ਦੇ ਇਸ ਕਿਰਦਾਰ ਨੂੰ ਆਪਣੇ ਕਲਬੂਤ ਨਾਲ ਇੱਕ-ਮਿੱਕ ਕਰ ਦਿੱਤਾ ਹੈ।

ਪੁੱਤ ਦੀਆਂ ਅਸਥੀਆਂ ਦੁਆਲੇ ਅੱਡ-ਅੱਡ ਪਾਸੇ ਮੂੰਹ ਕਰੀਂ ਖੜ੍ਹੇ ਮਾਪਿਆਂ ਦੇ ਦੁਆਲੇ ਕੈਮਰਾ ਘੁੰਮਦਾ ਹੈ। ਮਾਪਿਆਂ ਨੂੰ ਘੁਮੇਰ ਆਉਂਦੀ ਹੈ। 'ਨਾਬਰ' ਇਸੇ ਘੁਮੇਰ ਨੂੰ ਉਲਟਾ ਚੱਕਰ ਦੇਣ ਦੀ ਕਹਾਣੀ ਹੈ ਜੋ ਪੰਜਾਬੀ ਬੰਦੇ ਦੇ ਪਿੰਡੇ ਉੱਤੇ ਖੇਡੀ ਜਾ ਰਹੀ ਹੈ। ਮਾਂ ਹੋਣੀ ਤੋਂ ਮੁਨਕਰ ਹੋ ਕੇ ਪੁੱਤ ਦੀ ਉਡੀਕ ਕਰਦੀ ਹੈ ਅਤੇ ਪਿਉ ਡਾਢਿਆਂ ਨਾਲ ਦੋ-ਚਾਰ ਹੋਣ ਦਾ ਫ਼ੈਸਲਾ ਕਰਦਾ ਹੈ। ਇਸ ਤੋਂ ਬਾਅਦ ਵਿਛੋੜੇ ਦੇ ਦਰਦ ਅਤੇ ਇਨਸਾਫ਼ ਦੀ ਲੋੜ ਵਿਚੋਂ ਬਾਹਰਮੁਖੀ ਅਤੇ ਅੰਦਰਮੁਖੀ ਲੜਾਈ ਸ਼ੁਰੂ ਹੁੰਦੀ ਹੈ। ਪਿਉ ਬਾਹਰਮੁਖੀ ਅਤੇ ਮਾਂ ਅੰਦਰਮੁਖੀ ਲੜਾਈ ਦੀ ਨੁਮਾਇੰਦਗੀ ਕਰਦੇ ਹਨ ਪਰ ਇਸ ਲੜਾਈ ਵਿਚ ਨਿਖੇੜਾ ਕਰਨਾ ਮੁਸ਼ਕਿਲ ਹੈ। ਰਿਸ਼ਤੇਦਾਰਾਂ ਦੀ ਮਤਲਬਖ਼ੋਰੀ ਰਾਹੀਂ ਮਾਂ ਬਾਹਰਮੁਖੀ ਲੜਾਈ ਨਾਲ ਦੋ-ਚਾਰ ਹੁੰਦੀ ਹੈ ਅਤੇ ਪਿਉ ਵਿਕਦੀ ਜ਼ਮੀਨ ਦੇ ਨਾਲ-ਨਾਲ ਪੁੱਤ ਦੇ ਯਾਰਾਂ ਰਾਹੀਂ ਆਪਣੇ-ਆਪ ਦੀ ਥਾਹ ਪਾਉਂਦਾ ਹੈ।

ਫ਼ਿਲਮ ਦੇ ਇਤਿਹਾਸ ਵਿਚ ਬਹੁਤ ਸਾਰੀਆਂ ਫ਼ਿਲਮਾਂ ਪਿਉ-ਪੁੱਤ ਦੇ ਰਿਸ਼ਤੇ ਦੁਆਲੇ ਬੁਣੀਆਂ ਗਈਆਂ ਹਨ। ਮਾਰੇ ਗਏ ਪੁੱਤਾਂ ਨੂੰ ਲੱਭਦੀਆਂ ਮਾਂਵਾਂ ਦੀਆਂ ਦੋ ਫ਼ਿਲਮਾਂ ਦਾ ਜ਼ਿਕਰ ਕਰਨਾ ਬਣਦਾ ਹੈ: ਬ੍ਰਾਜ਼ੀਲੀ ਫ਼ਿਲਮ 'ਜ਼ੂਜ਼ੂ ਏਂਜਲ' ਅਤੇ ਬੰਗਾਲੀ ਫ਼ਿਲਮ 'ਹਜ਼ਾਰ ਚੁਰਾਸੀ ਕੀ ਮਾਂ' ਵਿਚ ਬੋਲੀ ਅਤੇ ਸਮੇਂ-ਸਥਾਨ ਤੋਂ ਬਿਨਾਂ ਕੁਝ ਵੀ ਵੱਖ ਨਹੀਂ ਲੱਗਦਾ। 'ਨਾਬਰ' ਇਸੇ ਕੜੀ ਦੀ ਫ਼ਿਲਮ ਹੈ।

ਪਿਉ-ਪੁੱਤ ਦਾ ਰਿਸ਼ਤਾ ਅਣਕਹੇ ਮੋਹ ਅਤੇ ਨਿੱਤ ਦੇ ਟਕਰਾਅ ਰਾਹੀਂ ਜੀਵਿਆ ਜਾਂਦਾ ਹੈ। ਸੁਰਜਣ ਸਿੰਘ ਦਾ ਪੁੱਤ ਕਰਮਾ ਵਿਦੇਸ਼ ਜਾਣ ਦੀ ਅੜੀ ਪੁਗਾ ਗਿਆ ਅਤੇ ਪਿਉ ਉਸ ਦੇ ਕਾਤਲਾਂ ਦੀ ਭਾਲ ਵਿਚੋਂ ਧਰਵਾਸ ਧਰਦਾ ਹੈ। ਮੁੰਬਈ ਵਿਚ ਕਰਮਾ ਆਪਣੇ ਯਾਰਾਂ ਨਾਲ ਬਾਪੂ ਦੀਆਂ ਗੱਲਾਂ ਕਰਦਾ ਹੈ। ਕਦੇ ਬਿਆਨ ਨਾ ਕੀਤੀਆਂ ਗੱਲਾਂ ਪੁੱਤ ਦੇ ਯਾਰ ਤੋਂ ਸੁਣ ਕੇ ਸੁਰਜਣ ਸਿੰਘ ਦਾ ਮੋਹ ਉਛਾਲੇ ਖਾਂਦਾ ਹੈ। ਕਰਮੇ ਦਾ ਯਾਰ ਆਪਣੇ ਪਿਉ ਨੂੰ ਹਿਰਖ ਨਾਲ ਛੱਡ ਆਇਆ ਹੈ ਅਤੇ ਹੁਣ ਉਸ ਤੋਂ ਹਿਰਖ ਅਤੇ ਮੋਹ ਵਿਚਲਾ ਨਿਖੇੜਾ ਨਹੀਂ ਕੀਤਾ ਜਾਂਦਾ। ਇਸ ਮੁਲਾਕਾਤ ਵਿਚ ਪਿਉ-ਪੁੱਤ ਦੇ ਮੋਹ ਦੀ ਬਾਤ ਹੱਡ-ਬੀਤੀ ਤੋਂ ਜੱਗ-ਬੀਤੀ ਤੱਕ ਦਾ ਸਫ਼ਰ ਤੈਅ ਕਰਦੀ ਹੈ।

'ਨਾਬਰ' ਵਿਚੋਂ ਹਦਾਇਤਕਾਰ ਰਾਜੀਵ ਦੀ ਸ਼ਖ਼ਸੀਅਤ ਦਾ ਹਰ ਪੱਖ ਝਲਕਦਾ ਹੈ। ਹਰਦੀਪ ਨੇ ਪਰਦੇ ਉੱਤੇ ਪੀੜ ਨਾਲ ਲਬਰੇਜ ਦ੍ਰਿੜਤਾ ਜਿਉਂਦੀ ਕਰ ਦਿੱਤੀ ਅਤੇ ਹਰਵਿੰਦਰ ਬਬਲੀ ਝੱਲ ਦੀਆਂ ਪਰਤਾਂ ਉਧੇੜ ਕੇ ਹੌਲ ਪਾ ਦਿੰਦੀ ਹੈ। 'ਨਾਬਰ' ਰਾਹੀਂ ਸਾਡੇ ਸਮਿਆਂ ਦੀ ਵਿਵੇਕੀ ਸੁਰ



ਰਾਜੀਵ ਸ਼ਰਮਾ

ਪਹਿਲੀ ਵਾਰ ਕਿਸੇ ਪੰਜਾਬੀ ਫ਼ਿਲਮ ਵਿਚ ਪਰਦਾਪੇਸ਼ ਹੋਈ ਹੈ। ਇਸ ਫ਼ਿਲਮ ਦੇ ਨਿਭਾਅ ਵਿਚ ਉਹ ਮੈਕਲੌਡਗੰਜ, ਚਮਕੌਰ ਸਾਹਿਬ, ਮੁੰਬਈ ਅਤੇ ਫਤਿਹਗੜ੍ਹ ਸਾਹਿਬ ਨੂੰ ਆਪਣੇ ਕਿਰਦਾਰਾਂ ਦੇ ਆਲੇ-ਦੁਆਲੇ ਲਪੇਟ ਦਿੰਦਾ ਹੈ। ਭੀੜ ਭਰੀਆਂ ਅਣਜਾਣੀਆਂ ਪਰ ਚੇਤਿਆਂ ਵਿਚ ਵਸੀਆਂ ਇਤਿਹਾਸਕ ਸਾਂਝ ਵਾਲੀਆਂ ਥਾਂਵਾਂ ਉੱਤੇ ਆਸਰਾ ਭਾਲਦਾ ਸੁਰਜਣ ਸਿੰਘ ਜਦੋਂ ਹੱਥੀਂ ਨਲਕਾ ਗੇੜ ਕੇ ਪਾਣੀ ਪੀਂਦਾ ਹੈ ਤਾਂ ਸੰਭਵ ਅਤੇ ਅਸੰਭਵ ਦੀ ਦੁਮੇਲ ਉੱਤੇ ਮਿਲਦੀਆਂ ਹੱਦਾਂ ਉਸ ਦੇ ਗੇੜ ਵਿਚ ਆਉਂਦੀਆਂ ਜਾਪਦੀਆਂ ਹਨ। ਜਦੋਂ ਇਹੋ ਪਿਉ ਖ਼ੌਫ਼ ਅਤੇ ਸ਼ਸ਼ੋਪੰਜ ਵਿਚ ਫਸੇ ਯੁੱਧਵੀਰ ਕੋਲ ਪੁੱਜਦਾ ਹੈ ਤਾਂ ਕਿਰਤ ਵਿਚ ਰੁੱਝਿਆ ਇੱਕ ਹੋਰ ਬਾਪ ਕਾਠ ਉੱਤੇ ਸਿੱਧੀਆਂ ਲਕੀਰਾਂ ਵਾਹ ਰਿਹਾ ਹੈ। ਇਹੋ ਲਕੀਰਾਂ ਉਸ ਦੀ ਜ਼ਿੰਦਗੀ ਦਾ ਸਿੱਧਾ-ਸਾਦਾ ਮੰਤਰ ਹਨ ਜੋ ਹੱਕ-ਸੱਚ ਦੀ ਬੋਲੀ ਜਾਣਦੀਆਂ ਹਨ। ਜਦੋਂ ਇਸ ਬਾਪ ਦੀ ਸਾਦਗੀ ਪੁੱਤ ਦੀ ਹੌਸਲਾਅਫ਼ਜਾਈ ਕਰਦੀ ਹੈ ਤਾਂ ਦੂਜੇ ਪਿਉ ਦੀ ਤਾਕਤ ਦੂਣ-ਸਵਾਈ ਹੁੰਦੀ ਹੈ। ਰਾਜੀਵ ਜਾਣਦਾ ਹੈ ਕਿ ਉਸ ਨੇ ਪੰਜਾਬੀ ਦਰਸ਼ਕਾਂ ਨੂੰ ਕੀ ਯਾਦ ਕਰਵਾਉਣਾ ਹੈ। ਨੌਰਾ ਰਿਚਰਡ ਦਾ ਅੰਧਰੇਟੇ ਵਿਚਲਾ ਘਰ, ਗਿਆਨੀ ਗੁਰਦਿੱਤ ਸਿੰਘ ਦੀ ਕਿਤਾਬ 'ਮੇਰਾ ਪਿੰਡ' ਅਤੇ ਪਾਸ਼ ਦੀ ਕਵਿਤਾ ਸਹਿਜੇ ਹੀ ਕਹਾਣੀ ਦਾ ਹਿੱਸਾ ਬਣ ਜਾਂਦੀਆਂ ਹਨ।

ਫ਼ਿਲਮ ਦਾ ਵਧੇਰੇ ਘਟਨਾਕ੍ਰਮ ਕੁਵੇਲੇ ਵਾਪਰਦਾ ਹੈ। ਫ਼ਿਲਮ ਵਿਚ ਧੁੱਪ ਨਹੀਂ ਹੈ। ਕੁਵੇਲੇ ਦੀ ਇਸ ਕਹਾਣੀ ਦਾ ਬਹੁਤ ਅਹਿਮ ਕਾਂਡ ਸਿਖ਼ਰ ਦੁਪਹਿਰੇ ਨਹਿਰ ਦੇ ਪੁਲ ਉੱਤੇ ਵਾਪਰਦਾ ਹੈ। ਪੁਲ ਹੇਠੋਂ ਮਣਾਂ-ਮੂੰਹੀਂ ਪਾਣੀ ਵਗ ਰਿਹਾ ਹੈ ਅਤੇ ਇਨਸਾਫ਼ ਦੀ ਲੜਾਈ ਲੜ ਰਿਹਾ ਪਿਉ ਅਡੋਲ ਖੜੋਤਾ ਹੈ। ਪਿਉ ਨੂੰ 'ਵਗਦੀ ਗੰਗਾ ਵਿਚ ਹੱਥ ਧੋਣ' ਦੀ ਪੇਸ਼ਕਸ਼ ਹੁੰਦੀ ਹੈ। ਅਮੀਰੀ, ਸਿਆਸੀ ਸਰਪ੍ਰਸਤੀ ਅਤੇ ਗੁੰਡਾ-ਤਾਕਤ ਦੀ ਕਾਰ ਸਵਾਰ ਲਾਣਾ ਪਿਉ ਨੂੰ ਜਰਕਾਉਣ ਲਈ ਸੁਰ ਉੱਚੀ ਕਰਦਾ ਹੈ। ਖੁੱਸੇ ਪੁੱਤ ਦੀ ਕੀਮਤ ਖੇਤਾਂ ਨਾਲ ਨਹੀਂ ਉਤਾਰੀ ਜਾ ਸਕਦੀ, ਭਾਵੇਂ ਖੇਤਾਂ ਦਾ ਖੁੱਸਣਾ ਘੱਟ ਸੋਗ਼ਵਾਰ ਨਹੀਂ ਹੈ। ਕਿਰਤੀ ਦਾ ਮੁੜ੍ਹਕਾ ਅਤੇ ਪਿਉ ਦਾ ਸਮਾਜਕ ਸੂਝ ਦੀ ਸਾਣ ਉੱਤੇ ਚੜ੍ਹਿਆ ਮੋਹ, ਸਿਦਕਦਿਲੀ ਨਾਲ ਮਜ਼ਬੂਤ ਜੋਟੀ ਪਾਉਂਦਾ ਹੈ। ਇਨ੍ਹਾਂ ਹਾਲਾਤ ਵਿਚ ਵਗਦੇ ਪਾਣੀ ਦੇ ਉਪਰਲੇ ਪੁਲ ਉਤੋਂ ਪਿਉ ਜਰਵਾਣਿਆਂ ਦੀ ਹਾਠ ਨੂੰ ਚੀਰ ਕੇ ਲੰਘ ਜਾਂਦਾ ਹੈ। ਇਹ ਪਿਉ ਅਦਾਲਤੀ ਜਿੱਤ ਨੂੰ ਪਹਿਲਾਂ ਪੜਾਅ ਕਰਾਰ ਦਿੰਦਾ ਹੈ ਅਤੇ ਲੜਾਈ ਦੇ ਅਗਲੇ ਪੜਾਅ ਦੀ ਨਿਸ਼ਾਨਦੇਹੀ ਕਰਦਾ ਹੈ।

ਰਾਜੀਵ ਨੇ ਕੁਵੇਲੇ ਦੀ ਕਹਾਣੀ ਦਿਨ-ਦਿਹਾੜੇ ਪਰਦਾਪੇਸ਼ ਕੀਤੀ ਹੈ। ਉਸ ਨੇ ਇਸ਼ਕ ਅਤੇ ਹੁਨਰ ਦੀ ਦਾਅਵੇਦਾਰੀ ਨਾਲ ਪੰਜਾਬੀ ਫ਼ਿਲਮ ਸਨਅਤ ਦੇ ਸਾਰੇ ਮੰਤਰ ਸਵਾਲਾਂ ਦੇ ਘੇਰੇ ਵਿਚ ਲਿਆ ਦਿੱਤੇ ਹਨ। ਮੰਡੀ, ਮੁਨਾਫ਼ੇ, ਹਾਸੇ-ਠੱਠੇ ਅਤੇ ਮਨੋਰੰਜਨ ਦੇ ਕਸੁੱਸਰੇ ਵਿਚ ਰਾਜੀਵ ਨੇ ਵਿਵੇਕ ਦਾ ਘਣਛਾਂਵਾਂ ਬੂਟਾ ਲਗਾਇਆ ਹੈ। ਇਹ ਕੁਵੇਲੀਂ ਬਾਤ ਨੂੰ ਵੇਲੇ ਸਿਰ ਸੁਣ ਲੈਣ ਦਾ ਸੱਦਾ ਹੈ। ਕਵੀ ਸ਼ਮਸ਼ੇਰ ਬਹਾਦਰ ਸਿੰਘ ਦੀ ਸਤਰ ਹੈ, "ਮਸਲਾ ਯੇਹ ਨਹੀਂ ਕਿ ਵੋ ਕਿਤਨਾ ਆਗੇ ਜਾ ਪਾਏ, ਮਸਲਾ ਯੇਹ ਹੈ ਕਿ ਜੋ ਮੁੱਦਾ ਉਨਹੋ ਨੇ ਉਠਾਇਆ, ਵੋਹ ਕਿਤਨਾ ਕਾਬਲੇ-ਗੌਰ ਹੈ।" ਪੰਜਾਬ ਦੇ ਦਰਦਮੰਦ ਫ਼ਿਲਮਸਾਜ਼ ਦੀ ਸਿਦਕਦਿਲੀ ਨਾਲ ਸਮਕਾਲੀ ਦੌਰ ਦੀ ਬਾਤ ਪਈ ਹੈ ਜੋ ਸੰਗਤ ਨਾਲ ਸੰਜੀਦਾ ਸੰਵਾਦ ਸ਼ੁਰੂ ਕਰੇਗੀ।

# ਸਾਡੇ ਸਮਿਆਂ ਵਿਚ 'ਨਾਬਰ' ਦਾ ਹੋਣਾ




ਪੰਜਾਬ ਦਾ ਬਿਹਤਰੀਨ ਅਦਾਕਾਰ ਹਰਦੀਪ ਗਿੱਲ ਪੰਜਾਬ ਦੇ ਪੇਂਡੂ ਬਾਪੂ ਦਾ ਭੂਗੋਲ ਤਨ-ਮਨ 'ਤੇ ਉੱਕਰਦਾ ਹੈ। ਹਰਵਿੰਦਰ ਕੌਰ ਬਬਲੀ ਤਾਂਬੇ ਰੰਗੀ ਅਤੇ ਫ਼ਿਕਰਾਂ ਗ੍ਰਸੀ ਪੰਜਾਬਣ ਨੂੰ ਸਾਕਾਰ ਕਰਦੀ ਹੈ। ਦੋਹਾਂ ਦੀ ਜੋਟੀ ਹੁਨਰਮੰਦ ਹਦਾਇਤਕਾਰ ਰਾਜੀਵ ਕੁਮਾਰ ਨਾਲ ਪੈਂਦੀ ਹੈ ਤਾਂ 'ਨਾਬਰ' ਦਰਦਮੰਦੀ ਦਾ ਮੰਚ ਬਣਦੀ ਹੈ। ਪਾਸ਼ 'ਯੁੱਧ ਅਤੇ ਸ਼ਾਂਤੀ' ਕਵਿਤਾ ਵਿਚ ਲੜਨ ਦੀ ਲੋੜ ਦਾ ਅਹਿਸਾਸ ਕਰਾਉਂਦਾ ਹੈ। ਉਹ ਲੜਾਈ ਨੂੰ ਟਾਲਣ ਵਾਲਿਆਂ ਨਾਲ ਸੰਵਾਦ ਰਚਾਉਂਦਾ ਹੈ ਜਿਨ੍ਹਾਂ ਨੇ "ਹੰਭੇ ਹੋਏ ਪਿਉ ਨੂੰ ਅੰਨ ਖਾਣੇ ਬੁੜ੍ਹੇ ਦਾ ਨਾਂ ਦਿੱਤਾ ... ਫ਼ਿਕਰਾਂ ਗ੍ਰਸੀ ਤੀਵੀਂ ਨੂੰ ਚੁੜੇਲ ਦਾ ਸਾਇਆ ਕਿਹਾ।" ਲਾਜ਼ਮੀ ਲੜਾਈ ਦੀ ਕੋਈ ਤੰਦ 'ਨਾਬਰ' ਨਾਲ ਜੁੜੀ ਹੋਈ ਹੈ। 'ਨਾਬਰ' ਦਾ ਹੰਭਿਆ ਹੋਇਆ ਬੁੜ੍ਹਾ, ਚੁੜੇਲ ਦੇ ਸਾਏ ਦੀ ਪੈੜ ਲੱਭਣ ਤੁਰ ਪਿਆ। ਗੱਭਰੂ ਪੁੱਤ ਦੀ ਮੌਤ ਦਾ ਉਹ ਸਾਇਆ ਜੋ ਸਕਿਆਂ ਦੇ ਚਿਹਰਿਆਂ ਉੱਤੇ ਸੀ। ਪੈੜ ਲੱਭਣ ਦਾ ਸਫ਼ਰ ਬਾਪੂ ਨੂੰ ਮੁਨਾਫ਼ੇ ਲਈ ਹਾਬੜੇ ਦਲਾਲਾਂ ਤੋਂ ਹੁੰਦਾ ਹੋਇਆ ਮੌਜੂਦਾ ਸਿਆਸੀ ਨਿਜ਼ਾਮ ਦਾ ਖ਼ਾਸਾ ਸਮਝਾ ਗਿਆ। ਅੰਤ ਵਿਚ ਉਹ ਨਿੱਜੀ ਲੜਾਈ ਤੋਂ ਪਾਰ ਸਮੂਹਕ ਲੜਾਈ ਦਾ ਹਿੱਸਾ ਬਣਨ ਦਾ ਇਸ਼ਾਰਾ ਦਿੰਦਾ ਹੈ। ਸੱਤ ਗੰਢਾਂ ਵਾਲੇ ਮਾਰੂ ਨਦੀਨ (ਮੋਥਰੇ) ਨੂੰ ਜੜ੍ਹੋਂ ਪੁੱਟਣ ਲਈ ਬਾਪੂ ਦਾ ਇਕੱਲਾ ਕਿਰਸਾਨੀ ਹੁਨਰ ਕੰਮ ਨਹੀਂ ਆਉਣਾ। ਮਨੁੱਖਘਾਤੀ ਨਿਜ਼ਾਮ ਰੂਪੀ ਮੋਥਰੇ ਨੂੰ ਜੜ੍ਹੋਂ ਪੁੱਟਣ ਲਈ ਬੜੇ ਸਖ਼ਤ ਹੱਥਾਂ ਦੀ ਲੋੜ ਹੈ। ਉੱਪਰੋਂ ਮੋਥਰਾ ਵੀ ਮਣਾਂ-ਮੂੰਹੀਂ ਹੈ, ਇਸ ਕਰ ਕੇ ਹੱਥ ਵੀ ਵਧੇਰੇ ਚਾਹੀਦੇ ਹਨ। ਮਾਂ ਛਿੰਦੋ (ਹਰਵਿੰਦਰ ਕੌਰ ਬਬਲੀ) ਦੀ ਬਦਹਵਾਸੀ ਨੂੰ ਦਰਦਮੰਦ ਕੁੜੀ ਮਨਜੀਤ (ਕਰਮੇ ਦੀ ਹਾਣੀ)) ਦੂਰ ਕਰਦੀ ਹੈ। ਇਸੇ ਨੂੰ ਕਹਿੰਦੇ ਹਨ ਕਿ ਬੰਦਾ ਹੀ ਬੰਦੇ ਦਾ ਦਾਰੂ ਹੁੰਦਾ ਹੈ। ਕਰਮਾ ਬਾਹਰਲੇ ਮੁਲਕ ਭੇਜਣ ਵਾਲੇ ਦਲਾਲਾਂ ਹੱਥੋਂ ਕਤਲ ਹੋਇਆ। ਦਲਾਲਾਂ ਦੀ ਪੁਸ਼ਤਪਨਾਹੀ ਸਿਆਸਤਦਾਨ ਕਰਦਾ ਹੈ। ਕਤਲ ਹੋਏ ਗੱਭਰੂ ਵਿਚ ਉਸ ਜਵਾਨੀ ਦੀ ਰੂਹ ਹੈ ਜੋ ਆਪਣੇ ਮੁਲਕ ਵਿਚ ਕਿਰਤ ਦੀ ਨਿਰਾਦਰੀ ਦੇਖਦੀ ਹੈ। ਉਹ ਬਾਹਰਲੇ ਮੁਲਕਾਂ ਵਿਚ ਜਾ ਕੇ ਚੰਗੇ ਭਾਅ ਵਿਚ ਕਿਰਤ ਵੇਚਣ ਦਾ ਸੁਪਨਾ ਬੁਣਦੇ ਹਨ। ਫ਼ਿਲਮ ਵਿਚ ਪੇਸ਼ ਹੁੰਦਾ ਸਿਆਸੀ ਕਿਰਦਾਰ ਦੋਹਰਾ ਦੋਸ਼ੀ ਬਣਦਾ ਹੈ। ਪਹਿਲਾਂ ਉਹ ਸਾਡੇ ਮੁਲਕ ਵਿਚ ਰੁਜ਼ਗਾਰ ਦਾ ਰਾਹ ਬੰਦ ਕਰਦਾ ਹੈ। ਫਿਰ ਉਹ ਬਿਹਤਰ ਜ਼ਿੰਦਗੀ ਦੀ ਭਾਲ ਵਿਚ ਪਰਦੇਸੀ ਹੁੰਦੇ ਗੱਭਰੂਆਂ ਦੀ ਹਿਜਰਤ ਦਾ ਮੁੱਲ ਵੱਟਦਾ ਹੈ। ਸਿਆਸੀ ਚੌਧਰ ਬਰਕਰਾਰ ਰੱਖਣ ਲਈ ਮੁੰਡੇ ਦੇ ਕਤਲ ਦੀ ਕੀਮਤ ਲਾਉਂਦਾ ਹੈ। ਉਹਨੂੰ ਲਾਸ਼ਾਂ ਦੇ ਢੇਰ ਉੱਤੇ ਬੈਠ ਕੇ ਕਤਲ ਹੋਏ ਮੁੰਡਿਆਂ ਨੂੰ ਪੁੱਤ ਆਖਣ ਦਾ ਵਲ ਹੈ। ਸ਼ਾਇਦ ਇਹੀ ਹੁਨਰ ਉਹਨੇ ਸਿੱਖਿਆ ਹੈ ਅਤੇ ਸਮੇਂ ਦੇ ਨਾਲ ਨਿਖ਼ਾਰਿਆ ਵੀ ਹੈ। ਬੇਸ਼ੱਕ ਉਹ ਮਨੁੱਖ ਖ਼ਿਲਾਫ਼ ਭੁਗਤਦੇ ਪ੍ਰਬੰਧ ਦਾ ਛੋਟਾ ਜਿਹਾ ਹਿੱਸਾ ਹੋਵੇ ਪਰ ਉਹ ਪ੍ਰਬੰਧ ਦਾ ਅਣਥੱਕ ਅਤੇ ਵਫ਼ਾਦਾਰ ਪੁਰਜ਼ਾ ਹੈ। ਉਹਦੀ ਵਫ਼ਾਦਾਰੀ ਸਿਰਫ਼ ਆਪਣੀ ਜਮਾਤ ਨਾਲ ਹੈ। ਚਿੱਟਾ ਕੁੜਤਾ ਪਜਾਮਾ, ਵਾਹੀ-ਸੰਵਾਰੀ ਦਾੜ੍ਹੀ ਅਤੇ ਪੋਚਵੀਂ ਪੱਗ ਬੰਨ੍ਹ ਕੇ ਉਹ 'ਦਾਨਾ' ਬੰਦਾ ਦਿਸਦਾ ਹੈ। ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਸਹੁੰਆਂ ਦੀ ਸਿਆਸਤ ਕਰਦਾ ਹੈ। ਅਜਿਹਾ ਬੰਦਾ ਪੰਜਾਬ ਦਾ ਤਾਨਾਸ਼ਾਹੀ ਅਤੇ ਫ਼ਰੇਬੀ ਕਿਰਦਾਰ ਹੈ। ਅਜਿਹੇ 'ਦਾਨਿਆਂ' ਨੇ ਹੀ ਪੰਜਾਬ ਨੂੰ ਵਾਹਣੀਂ ਪਾ ਕੇ ਰੱਖਿਆ ਹੋਇਆ ਹੈ।



ਇਹ ਫ਼ਿਲਮ ਇਨ੍ਹਾਂ 'ਦਾਨਿਆਂ' ਨੂੰ ਸ਼ਰੇਆਮ ਬੇਪਰਦ ਕਰ ਕੇ ਪੰਜਾਬ ਦੇ ਦਾਨਿਆਂ ਦੀ ਨਿਸ਼ਾਨਦੇਹੀ ਕਰਦੀ ਹੈ। ਬਾਬਾ ਫਰੀਦ, ਗੁਰੂ ਗੋਬਿੰਦ ਸਿੰਘ, ਪਾਸ਼ ਅਤੇ ਬਾਬੂ ਰਜਬ ਅਲੀ ਦੀਆਂ ਰਚਨਾਵਾਂ ਇਸ ਨਿਸ਼ਾਨਦੇਹੀ ਨੂੰ ਪੁਖ਼ਤਾ ਕਰਦੀਆਂ ਹਨ। ਪੰਜਾਬ ਦਾ ਦਾਨਾ ਬੰਦਾ ਪਾਸ਼ ਦੇ ਸ਼ਬਦਾਂ ਵਿਚ 'ਨਿੱਕ-ਸੁਕ ਸਾਂਭਦਾ ਹਫ਼ਿਆ ਹੋਇਆ ਬੰਦਾ' ਹੈ। ਕਰਮੇ ਦੇ ਮਾਂ-ਪਿਉ ਉਨ੍ਹਾਂ ਜੀਆਂ ਦੀ ਨੁਮਾਇੰਦਗੀ ਕਰਦੇ ਹਨ ਜਿਨ੍ਹਾਂ ਦੇ ਧੀ-ਪੁੱਤ ਹਰ ਰੋਜ਼ ਕਤਲ ਹੁੰਦੇ ਹਨ। ਕਾਰਨ ਸੜਕ ਹਾਦਸਿਆਂ ਤੋਂ ਲੈ ਕੇ ਆਰਥਿਕ ਤੰਗੀ ਤੱਕ ਕੁਝ ਵੀ ਹੋਵੇ; ਹਾਦਸਿਆਂ ਦੀ ਅਮੁੱਕ ਲੜੀ ਰਾਜਤੰਤਰ ਦੇ ਕਰੂਰ ਖ਼ਾਸੇ ਦਾ ਪ੍ਰਗਟਾਵਾ ਹੈ। ਬਾਪੂ ਇਸੇ ਖ਼ਾਸੇ ਦੀ ਥਾਹ ਪਾਉਂਦਾ ਹੈ। ਫ਼ਿਲਮ ਵਿਚ ਸੰਘਰਸ਼ ਦੋ ਪੱਧਰ ਉੱਤੇ ਲੜਿਆ ਜਾ ਰਿਹਾ ਹੈ। ਇੱਕ ਇਨਸਾਫ਼ ਦੀ ਲੜਾਈ ਹੈ ਅਤੇ ਦੂਜੇ ਪੱਧਰ ਉੱਤੇ ਪਿੱਛੇ ਰਹਿ ਗਏ ਜੀਆਂ ਦੀ ਮੁੜ-ਬਹਾਲੀ ਦਾ ਸੰਘਰਸ਼ ਹੈ। ਤਰਾਸਦੀ ਪੈਦਾ ਕਰਨ ਲਈ ਕਸੂਰਵਾਰ ਨਿਜ਼ਾਮ ਅਤੇ ਉਹਦੀ ਢਾਂਚਾਗਤ ਹਿੰਸਾ ਦੇ ਖ਼ਿਲਾਫ਼ ਲੜਾਈ ਕਹਾਣੀ ਦੀ ਅਣਕਹੀ ਤੰਦ ਹੈ। ਸੁਰਜਣ ਸਿੰਘ (ਹਰਦੀਪ ਗਿੱਲ) ਅਤੇ ਕਰਮੇ ਦੇ ਯਾਰ ਇਨਸਾਫ਼ ਲਈ ਲੜ ਰਹੇ ਲੋਕਾਂ ਦੀ ਨੁਮਾਇੰਦਗੀ ਕਰਦੇ ਹਨ। ਮਾਂ ਛਿੰਦੋ ਅਤੇ ਮਨਜੀਤ ਹਿੰਸਾ ਦੇ ਝੰਬੇ ਜੀਆਂ ਦੀ ਬਹਾਲੀ ਦੇ ਸੰਘਰਸ਼ ਦੇ ਨੁਮਾਇੰਦੇ ਹਨ। ਮਾਂ ਪੁੱਤ ਦੀ ਮੌਤ ਦੇ ਸਦਮੇ 'ਚ ਝੱਲੀ ਹੋ ਜਾਂਦੀ ਹੈ ਪਰ ਮਨਜੀਤ (ਗੀਤਾਂਜਲੀ ਗਿੱਲ) ਆਪਾ ਸਾਂਭਦੀ ਹੋਈ ਮਾਂ ਦੀ ਤਾਕਤ ਬਣਦੀ ਹੈ। ਉਹ ਜਿਉਂਦੇ ਜਾਗਦੇ ਅਤੇ ਜ਼ਿੰਮੇਵਾਰ ਜੀਆਂ ਵਾਂਗ ਨਿਰਮਲ (ਜਤਿੰਦਰ ਸ਼ਰਮਾ) ਨਾਲ ਵਿਆਹ ਕਰਵਾਉਣ ਦਾ ਫ਼ੈਸਲਾ ਕਰਦੀ ਹੈ। ਦੋਵੇਂ ਜੀਅ ਮਿਲ ਕੇ ਮਾਂ ਦੀ ਬਹਾਲੀ ਦਾ ਸਬੱਬ ਬਣਦੇ ਹਨ। ਹਦਾਇਤਕਾਰ ਦੋਵਾਂ ਸੰਘਰਸ਼ਾਂ ਨੂੰ ਬਰਾਬਰ ਸਿਰਜਦਾ ਹੈ। ਕਹਾਣੀ ਅਤੇ ਦ੍ਰਿਸ਼ਾਂ ਦਾ ਨਿਭਾਅ ਹਦਾਇਤਕਾਰ ਦਾ ਹਾਸਲ ਹੈ ਜੋ ਫ਼ਿਲਮ-ਕਲਾ ਉੱਤੇ ਉਸਦੀ ਹੁਨਰਮੰਦ ਪਕੜ ਦਾ ਸਬੂਤ ਹੈ। ਬਾਈ ਰਾਜੀਵ ਮੁਕਾਮੀ ਥਾਂਵਾਂ ਅਤੇ ਮਾਹੌਲ ਨੂੰ ਬਾਰੀਕੀ ਵਿਚ ਫੜਦਾ ਹੈ। ਕਲਾ ਦੀ ਸਿਰਜਣਾ ਵਿਚ ਬਾਰੀਕ ਪਰ ਕਲਾਤਮਕ ਛੋਹਾਂ ਹੁੰਦੀਆਂ ਹਨ ਜੋ ਕਿਰਤ ਨੂੰ ਅਮੀਰ ਬਣਾਉਂਦੀਆਂ ਹਨ। ਪੁੱਤ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਗਵਾਹ ਲੱਭਣਾ ਅਹਿਮ ਕਨੂੰਨੀ ਨੁਕਤਾ ਹੈ। ਗਵਾਹ ਲੱਭਣ ਦੀ ਭੱਜ-ਦੌੜ ਸਿਰੇ ਉੱਤੇ ਪਹੁੰਚੀ ਹੋਈ ਹੈ। ਬਾਜ਼ਾਰ ਵਿਚ ਘੁੰਮਦੇ ਸੁਰਜਣ ਸਿੰਘ ਨੂੰ ਦੁਕਾਨ ਦਿਖਾਈ ਦਿੰਦੀ ਹੈ ਜਿਹਦੇ ਬਾਹਰ 'ਕਰਮਾ ਹੇਅਰ ਡਰੈਸਰ' ਲਿਖਿਆ ਹੈ। ਅਦਾਕਾਰ ਹਰਦੀਪ ਗਿੱਲ ਦੁਕਾਨ ਵੱਲ ਇੰਝ ਦੇਖਦਾ ਹੈ ਜਿਵੇਂ ਸ਼ੀਸ਼ਿਆਂ ਤੋਂ ਪਾਰ ਉਹਦਾ ਪੁੱਤ ਕਰਮਾ ਬੈਠਾ ਹੋਵੇ। ਕਹਾਣੀ ਦੇ ਜਿਸ ਮੁਕਾਮ ਉੱਤੇ ਕੁਝ ਪਲਾਂ ਦਾ ਇਹ ਦ੍ਰਿਸ਼ ਆਉਂਦਾ ਹੈ, ਉਹ ਦਰਸ਼ਕ ਦੀ ਸੰਵੇਦਨਾ ਨੂੰ ਝੰਜੋੜ ਸੁੱਟਦਾ ਹੈ। ਆਮ ਤੌਰ ਉੱਤੇ ਵਿਸ਼ਾ ਮੁਖੀ ਫ਼ਿਲਮਾਂ ਬਣਾਉਣ ਵਾਲਿਆਂ ਸਿਰ ਦੋਸ਼ ਲਾਇਆ ਜਾਂਦਾ ਹੈ ਕਿ ਉਹ ਰੂਪਕੀ ਜਾਂ ਤਕਨੀਕੀ ਪੱਖ ਵੱਲ ਵਧੇਰੇ ਧਿਆਨ ਨਹੀਂ ਦਿੰਦੇ। ਉਂਝ, ਰੂਪਕੀ ਜਾਂ ਤਕਨੀਕੀ ਪੱਖ ਨਾਲ ਜੁੜੀਆਂ ਧਾਰਨਾਵਾਂ ਬਹਿਸ ਦਾ ਮੁੱਦਾ ਹਨ। ਫ਼ਿਲਮ ਕਲਾ ਦੀ ਚਾਲੂ ਵਿਆਕਰਨ ਦੇ ਮੁਤਾਬਕ ਵੀ ਇਹ ਫ਼ਿਲਮ ਅਖਾਉਤੀ ਚੰਗੀ ਤਕਨੀਕੀ ਫ਼ਿਲਮ ਦੇ ਬਰਾਬਰ ਮੜਿੱਕ ਸਕਦੀ ਹੈ। ਫ਼ਿਲਮ ਕਲਾ ਦੀ ਚਾਲੂ ਵਿਆਕਰਨ ਵਿਚ ਪਟਕਥਾ, ਅਦਾਕਾਰੀ ਅਤੇ ਤਕਨੀਕੀ ਪੱਖ ਸ਼ਾਮਲ ਹੁੰਦੇ ਹਨ।

ਫ਼ਿਲਮ ਦੇ ਮੁੱਢ ਵਿਚ ਆਇਆ ਗੀਤ 'ਸੂਰਮੇ ਪੰਜ ਪਿਸਤੌਲਾਂ ਵਾਲੇ' ਕਹਾਣੀ-ਨਿਭਾਅ ਦੇ ਪ੍ਰਸੰਗ ਵਿਚ ਵਾਧੂ ਲੱਗਿਆ। ਜੇ ਇਹ ਗੀਤ ਰੱਖਣਾ ਲਾਜ਼ਮੀ ਸੀ ਤਾਂ ਫ਼ਿਲਮ ਕਾਮਿਆਂ ਦੀ ਨਾਮ-ਸੂਚੀ ਨਾਲ ਪੇਸ਼ ਕੀਤਾ ਜਾ ਸਕਦਾ ਸੀ। ਫ਼ਿਲਮ ਦੀ ਇਸ਼ਤਿਹਾਰਬਾਜ਼ੀ ਵਿਚ ਵਰਤੇ ਗਏ ਪੋਸਟਰ ਨੂੰ 'ਦਿਲ ਖਿੱਚਵਾਂ' ਬਣਾਉਣ ਲਈ 'ਨੈਵਰ ਡੇਅਰ ਅ ਫਾਰਮਰ' ਲਿਖਿਆ ਹੈ। ਇਹਦੇ ਵਿਚੋਂ 'ਜੱਟ ਨਾਲ ਪੰਗਾ ਨਾ ਲਵੋ' ਦੀ ਬੂਅ ਆਉਂਦੀ ਹੈ। ਇਹ ਵਿਚਾਰ ਬਾਈ ਰਾਜੀਵ ਦਾ ਨਹੀਂ ਹੋਵੇਗਾ। ਇਹ ਤਾਂ ਇਸ਼ਤਿਹਾਰਬਾਜ਼ੀ ਦੀ ਮਸ਼ਕ ਦੌਰਾਨ ਜੋੜਿਆ ਗਿਆ ਹੋਵੇਗਾ। ਅੰਤ ਵਿਚ ਇਹੀ ਕਹਾਂਗਾ ਕਿ ਇਸ ਫ਼ਿਲਮ ਦਾ ਵੱਡੇ ਪੱਧਰ ਉੱਤੇ ਪਰਦਾਪੇਸ਼ ਹੋਣਾ ਚੰਗੇ ਵਿਸ਼ਿਆਂ ਉੱਤੇ ਬਣਨ ਵਾਲੀਆਂ ਘੱਟ ਖਰਚੇ ਦੀਆਂ ਫ਼ਿਲਮਾਂ ਲਈ ਚੰਗਾ ਸੁਨੇਹਾ ਹੈ।







Listen for free:
1. Punjabi Radio USA LIVE!
2. Gurbani Radio
3. Non-Stop Punjabi Songs
4. Non-Stop Hindi Songs

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

DOWNLOAD THE NEW FREE IPHONE and ANDROID APP (Search for "Punjabi Radio USA" in App store and Google Play)

# KHALSA
## INSURANCE AGENCY, INC.

**WE NOW INSURE IN 33 STATES**

**LARGEST INDEPENDENT INSURANCE BROKERS**
**REPRESENTING OVER 100 A+ RATED COMPANIES**




**TAXI-CABS LIMOUSINES**
**COMMERCIAL AUTO**

CALL TO CHECK OUR LOWEST RATES FOR
**AUTO • HOME • HEALTH • LIFE**

WWW.KHALSAINSURANCE.COM

LICENSED IN : Alabama • Arkansas • Arizona • California • Colorado • Connecticut • DC • Georgia • Florida • Idaho • Iowa • Indiana • Illinois • Kansas • Louisiana • Maryland • Mississippi Michigan • Minnesota • Nevada • New Jersey • New York • New Mexico • Oregon • Ohio • Oklahoma • Pennsylvania • Texas • Utah • Virginia • Vermont • Washington • Wisconsin

3750 McKee Road, Suite A • San Jose, CA 95127 • Fax 408.493.4552 California License # 0F89805

**408-272-2500 • 1-800-954-5409**

# Syan Video Production, Inc.



ਰਾਜਿੰਦਰ ਸਿੰਘ

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights
Call Toll Free: 1-800-RAJ-SYAN
(with 17 years Experienced)

**Call:734-261-0936 or 734-890-1767**

e-mail: raj@syanvideo.com or visit at: www.syanvideo.com

# H K TRANSPORT INC

*Division of HK Incorporated*

1401 West Ray St, Indianapolis, IN 46221
Ph: 317-408-3211, web: www.hktransportinc.com

## ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ



ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਨਵੇਂ ਨਕੋਰ ਟਰੇਲਰ ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰ ਲਈ |
|---|---|
| 92% ਫਲੈਟ ਡਿਸਪੈਚ | 42 ਸੈਂਟ ਤੱਕ ਪ੍ਰਤੀ ਮੀਲ |
| 30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | 95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| ਨਵੇਂ ਨਕੋਰ ਟਰੇਲਰ | ਨਵੇਂ ਨਕੋਰ ਟਰੇਲਰ |
| ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | ਵਧੀਆ ਅਤੇ ਸਾਫ ਸੁਥਰੇ ਟਰੱਕ |
| ਹਰ 15 ਦਿਨ ਬਾਅਦ ਅਦਾਇਗੀ | ਹਰ 15 ਦਿਨ ਪਿਛੋਂ ਤਨਖਾਹ |

*ਲੋੜੀਂਦੀ ਯੋਗਤਾ:*

■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ ■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

**ਸੰਪਰਕ ਕਰੋ: ਫੋਨ 317-408-3211**

ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# Spiceland Truck Plaza

5809 S. State Road 3, Spiceland, IN 47385 (Exit 123 off I-70)



ਤਾਜ਼ਾ ਪੰਜਾਬੀ ਖਾਣਾ ਖਾਣ ਲਈ ਪੰਜਾਬੀ ਢਾਬਾ

## ਪੰਜਾਬੀਆਂ ਦਾ ਆਪਣਾ ਟਰੱਕ ਸਟਾਪ

*24 ਘੰਟੇ 7 ਦਿਨ ਖੁੱਲ੍ਹਾ*

Guaranteed 100% pure diesel no bio diesel.
100% ਪਿਓਰ ਡੀਜ਼ਲ, ਕੋਈ ਬਾਇਓ ਡੀਜ਼ਲ ਨਹੀਂ

## ਹਰ ਗੈਲਨ 'ਤੇ 10 ਸੈਂਟ ਬਚਾਓ, ਖਰਚ ਘਟਾਓ, ਪੈਸੇ ਬਚਾਓ




**Ph: 765-987-1000**